

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.

CENTURY 21 SCHEETZ
RAYD@C21Scheetz.com



Twenty-Fourth Year of Publication · ਨਿਊਯਾਰਕ ਐਡੀਸ਼ਨ · Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 39; September 30, 2023 · 20451 N. Plum Grove Rd., Palatine, IL 60074 · Ph:847-359-0746, Fax:847-705-9388


# ਕੈਨੇਡਾ-ਭਾਰਤ ਵਿਵਾਦ: 'ਵਿਸ਼ਵ ਗੁਰੂ' ਦੀ ਪਰਖ ਦਾ ਵੇਲਾ

**ਚੰਡੀਗੜ੍ਹ:** ਕੈਨੇਡਾ ਵਿਚ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਬਾਰੇ ਹੋ ਰਹੇ ਇਕ ਤੋਂ ਬਾਅਦ ਇਕ ਖੁਲਾਸਿਆਂ ਪਿੱਛੋਂ ਭਾਰਤ ਸਰਕਾਰ ਕਸੂਤੀ ਘਿਰਦੀ ਨਜ਼ਰ ਆ ਰਹੀ ਹੈ। ਭਾਰਤ ਉਤੇ ਜਿਥੇ ਕੌਮਾਂਤਰੀ ਦਬਾਅ ਲਗਾਤਾਰ ਵਧ ਰਿਹਾ ਹੈ, ਉਥੇ ਮੁਲਕ (ਭਾਰਤ) ਵਿਚ ਵੀ ਇਸ 'ਸਾਜ਼ਿਸ਼' ਤੋਂ ਪਰਦਾ ਚੁੱਕਣ ਦੀ ਮੰਗ ਜ਼ੋਰ ਫੜਨ ਲੱਗੀ ਹੈ। ਉਧਰ, ਅਮਰੀਕਾ ਨੇ ਮੁੜ ਦੁਹਰਾਇਆ ਹੈ ਕਿ ਸੱਚ ਨੂੰ ਸਾਹਮਣੇ ਲਿਆਏ ਬਿਨਾ ਨਹੀਂ ਸਰਨਾ, ਨਿੱਝਰ ਦੇ ਕਤਲ ਦੇ ਮਾਮਲੇ 'ਚ ਕੈਨੇਡਾ ਦੀ ਜਾਂਚ ਅੱਗੇ ਵਧਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂ.ਐਨ. ਵਿਚ ਵੀ ਇਸ ਮੁੱਦੇ ਨੂੰ ਖੁੱਲ੍ਹ ਕੇ ਚੁੱਕਿਆ ਹੈ।

ਇਸੇ ਦੌਰਾਨ ਪਿਛਲੇ ਕੁਝ ਮਹੀਨਿਆਂ ਵਿਚ ਵੱਖ-ਵੱਖ ਮੁਲਕਾਂ ਵਿਚ ਖਾਲਿਸਤਾਨ ਦੀ ਮੰਗ ਨੂੰ ਲੈ ਕੇ ਸਰਗਰਮ ਸਿੱਖ ਆਗੂਆਂ ਦੀਆਂ ਹੱਤਿਆਵਾਂ ਪਿੱਛੇ ਵੀ ਭਾਰਤ ਦਾ ਹੱਥ ਹੋਣ ਦੀ ਚਰਚਾ ਤੇਜ਼ ਹੋ ਗਈ ਹੈ। ਪਾਕਿਸਤਾਨ ਵਿਚ ਪਰਮਜੀਤ ਸਿੰਘ ਪੰਜਵੜ ਅਤੇ ਯੂ.ਕੇ. ਵਿਚ ਅਵਤਾਰ ਸਿੰਘ ਖੰਡਾ ਦੀ ਮੌਤ ਬਾਰੇ ਸਥਿਤੀ ਸਪਸ਼ਟ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਹੁਣ ਇਹ ਖੁਫੀਆ ਜਾਣਕਾਰੀ ਵੀ ਸਾਹਮਣੇ ਆ ਗਈ ਹੈ ਕਿ ਨਿੱਝਰ ਦੀ ਹੱਤਿਆ ਪਿੱਛੋਂ ਕਈ ਹੋਰ ਸਰਗਰਮ ਖਾਲਿਸਤਾਨੀਆਂ ਦੀ ਹੱਤਿਆ ਦੀ ਵੀ ਤਿਆਰੀ ਸੀ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਨਿੱਝਰ ਦੀ ਹੱਤਿਆ ਬਾਰੇ ਅਮਰੀਕਾ ਨੇ ਕੈਨੇਡਾ ਨੂੰ ਖੁਫੀਆ ਜਾਣਕਾਰੀ ਮੁਹੱਈਆ ਕਰਵਾਈ ਸੀ।

ਅਮਰੀਕੀ ਸੂਹੀਆ ਏਜੰਸੀ ਐਫ.ਬੀ.ਆਈ. ਨੇ ਇਸ ਹੱਤਿਆ ਪਿੱਛੋਂ ਮੁਲਕ ਵਿਚ ਰਹਿੰਦੇ ਕੁਝ ਸਿੱਖ ਆਗੂਆਂ ਕੋਲ ਪਹੁੰਚ ਕਰ ਕੇ ਚੌਕਸ ਕੀਤਾ ਸੀ। ਅਜਿਹੇ ਖੁਲਾਸਿਆਂ ਪਿੱਛੋਂ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਵਿਚ ਰੋਹ ਹੈ। ਕੈਨੇਡਾ ਸਣੇ ਹੋਰ ਕਈ ਮੁਲਕਾਂ ਵਿਚ ਵੱਸਦੇ ਸਿੱਖਾਂ ਵੱਲੋਂ ਜਿਥੇ ਭਾਰਤੀ ਕੌਂਸਲਖਾਨਿਆਂ ਨੂੰ ਘੇਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਉਥੇ ਭਾਰਤ ਵਿਚ ਵੀ ਰੋਸ ਵਧ ਰਿਹਾ ਹੈ। ਅਕਾਲੀ ਦਲ (ਅੰਮ੍ਰਿਤਸਰ) ਨੇ ਪਹਿਲੀ ਅਕਤੂਬਰ ਨੂੰ ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਲੈ ਕੇ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੱਕ ਕੌਮੀ ਇਨਸਾਫ ਮਾਰਚ ਕਰਨ ਦਾ ਐਲਾਨ ਕੀਤਾ। ਪੰਜਾਬ ਦੀਆਂ ਸਿਆਸੀ ਧਿਰਾਂ ਵੀ ਜ਼ੋਰ-ਸ਼ੋਰ ਨਾਲ ਮੰਗ ਕਰਨ ਲੱਗੀਆਂ ਹਨ ਕਿ ਮੋਦੀ ਸਰਕਾਰ ਟਰੂਡੋ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਸਪਸ਼ਟ ਕਰੇ। ਸਿੱਖ ਜਥੇਬੰਦੀਆਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਦੇਸ਼ ਵਿਦੇਸ਼ ਦੇ ਸਿੱਖਾਂ ਨਾਲ ਸਬੰਧਤ ਅਜਿਹੇ ਮਾਮਲਿਆਂ ਸਬੰਧੀ ਸੁਹਿਰਦ ਪਹੁੰਚ ਅਪਣਾਵੇ ਅਤੇ ਸਿੱਖਾਂ ਅੰਦਰ ਬੇਵਿਸ਼ਵਾਸੀ ਵਾਲਾ ਮਾਹੌਲ ਨਾ ਬਣਨ ਦੇਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਮਾਮਲੇ ਨੂੰ ਸੰਜੀਦਾ ਵਿਚਾਰ ਦੇ ਏਜੰਡੇ 'ਤੇ ਲਿਆਉਣਾ ਚਾਹੀਦਾ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਵੱਲੋਂ ਲਾਏ ਗਏ ਇਲਜ਼ਾਮਾਂ ਬਾਰੇ ਭਾਰਤ ਸਰਕਾਰ ਆਪਣੀ ਸਥਿਤੀ ਸਪਸ਼ਟ ਕਰੇ ਅਤੇ ਸਮੁੱਚੇ ਸੰਸਾਰ ਵਿਚ ਵਸਦੇ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਵੀ ਯਕੀਨੀ ਬਣਾਵੇ।

ਜਾਣਕਾਰੀ ਮਿਲੀ ਹੈ ਕਿ ਭਾਵੇਂ 'ਵਿਸ਼ਵ ਗੁਰੂ' ਦਾ ਦਮ ਭਰਨ ਵਾਲੇ ਨਰਿੰਦਰ ਮੋਦੀ ਨੇ ਇਸ ਮਸਲੇ ਉਤੇ ਚੁੱਪ ਧਾਰੀ ਹੋਈ ਹੈ ਪਰ ਭਾਰਤ ਨੇ ਅੰਦਰੋਂ ਅੰਦਰੀ ਅਮਰੀਕਾ ਸਣੇ ਹੋਰਨਾਂ ਮੁਲਕਾਂ ਤੱਕ ਪਹੁੰਚ ਕੀਤੀ ਹੈ। ਇਨ੍ਹਾਂ ਮੁਲਕਾਂ ਤੱਕ ਰਸਾਈ ਦਾ ਮੁੱਖ ਮੰਤਵ ਟਰੂਡੋ ਨੂੰ ਆਪਣੇ ਦੋਸ਼ਾਂ ਨੂੰ ਆਲਮੀ ਪੱਧਰ 'ਤੇ ਪ੍ਰਚਾਰਨ ਤੋਂ ਰੋਕਣਾ ਹੈ। ਭਾਰਤੀ ਕੂਟਨੀਤਕਾਂ ਨੇ ਯੂ.ਕੇ., ਫਰਾਂਸ ਤੇ ਜਰਮਨੀ ਤੱਕ ਪਹੁੰਚ ਕਰਦਿਆਂ ਸਾਫ ਕਰ ਦਿੱਤਾ ਕਿ ਕੈਨੇਡਾ ਜਦੋਂ ਤੱਕ ਉਪਰੋਕਤ ਦੋਸ਼ਾਂ ਸਬੰਧੀ ਪੁਖਤਾ ਜਾਣਕਾਰੀ ਮੁਹੱਈਆ ਨਹੀਂ ਕਰਵਾਉਂਦਾ, ਉਦੋਂ ਤੱਕ ਇਸ ਮਾਮਲੇ ਵਿਚ ਸਹਿਯੋਗ ਕਰਨਾ ਸੰਭਵ ਨਹੀਂ ਹੈ।

ਅਮਰੀਕਾ ਨੇ ਹਾਲਾਂਕਿ ਲੰਘੇ ਦਿਨ ਕਿਹਾ ਸੀ ਕਿ ਉਹ ਨਿੱਝਰ ਦੀ ਹੱਤਿਆ ਵਿਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਨੂੰ ਲੈ ਕੇ ਕੈਨੇਡਾ ਵੱਲੋਂ ਕੀਤੇ ਯਤਨਾਂ ਦੀ ਹਮਾਇਤ ਕਰਦਾ ਹੈ। ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੂਲੀਵਾਨ ਨੇ ਕਿਹਾ ਕਿ ਕਿਸੇ ਵੀ ਮੁਲਕ ਨੂੰ ਅਜਿਹੀਆਂ ਸਰਗਰਮੀਆਂ ਲਈ 'ਵਿਸ਼ੇਸ਼ ਛੋਟ' ਨਹੀਂ ਦਿੱਤੀ ਜਾ ਸਕਦੀ।

ਉਧਰ, ਟਰੂਡੋ ਸਰਕਾਰ 'ਚ ਮੰਤਰੀ ਤੇ ਸਾਬਕਾ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਕਿ ਪ੍ਰਧਾਨ ਮੰਤਰੀ (ਟਰੂਡੋ) ਨੇ ਨਿੱਝਰ ਹੱਤਿਆ ਮਾਮਲੇ ਵਿਚ ਭਾਰਤ 'ਤੇ ਜਨਤਕ ਤੌਰ ਉਤੇ ਦੋਸ਼ ਲਾਏ ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਇਹ ਕਹਾਣੀ ਜਲਦੀ ਹੀ ਮੀਡੀਆ ਰਾਹੀਂ ਬਾਹਰ ਆਉਣ ਵਾਲੀ ਹੈ। ਅਮਰੀਕਾ ਦੇ ਉਘੇ ਅਖਬਾਰ 'ਦਿ ਨਿਊਯਾਰਕ ਟਾਈਮਜ਼' ਨੇ ਸੂਤਰਾਂ ਦੇ ਹਵਾਲੇ ਨਾਲ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਨਿੱਝਰ ਦੀ ਜੂਨ ਵਿਚ ਸਰੀ ਦੇ ਇਕ ਗੁਰਦੁਆਰੇ ਦੇ ਬਾਹਰ ਹੋਈ ਹੱਤਿਆ ਮਾਮਲੇ ਵਿਚ ਅਮਰੀਕਾ ਨੇ ਕੈਨੇਡਾ ਨੂੰ ਖੁਫੀਆ

*(ਬਾਕੀ ਸਫਾ 6 'ਤੇ)*





## ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਮਤਾ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਪਾਸ ਕੀਤੇ ਵਿਸ਼ੇਸ਼ ਮਤੇ ਵਿਚ ਕਿਹਾ ਗਿਆ ਕਿ ਕਿਸੇ ਵੀ ਦੇਸ਼ ਦੀ ਸੰਸਦ ਵਿਚ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਗਿਆ ਬਿਆਨ ਆਮ ਨਹੀਂ ਸਮਝਿਆ ਜਾ ਸਕਦਾ। ਮਤੇ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਭਾਰਤੀ ਏਜੰਸੀਆਂ 'ਤੇ ਲਗਾਏ ਦੋਸ਼ਾਂ ਦੀ ਸਚਾਈ ਲੋਕਾਂ ਸਾਹਮਣੇ ਰੱਖਣ ਦੀ ਮੰਗ ਕੀਤੀ ਗਈ। ਇਸ ਸਮੁੱਚੇ ਵਰਤਾਰੇ ਵਿਚ ਮੀਡੀਆ ਅਤੇ ਸੋਸ਼ਲ ਮੀਡੀਆ ਮੰਚਾਂ 'ਤੇ ਸਿੱਖ ਅਤੇ ਪੰਜਾਬ ਵਿਰੋਧੀ ਨਫਰਤੀ ਕੂੜ ਪ੍ਰਚਾਰ ਦੀ ਵੀ ਨਿਖੇਧੀ ਕੀਤੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਕੀਤੇ ਕੌਮਾਂਤਰੀ ਸਿੱਖ ਸਲਾਹਕਾਰ ਬੋਰਡ ਦੀ ਮੀਟਿੰਗ ਵਿੱਚ ਸਮੁੱਚੇ ਵਿਸ਼ਵ ਦੇ ਸਿੱਖਾਂ ਨੂੰ ਸੰਗਠਤ ਕਰਨ ਲਈ ਵਿਸ਼ੇਸ਼ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

## ਭਾਰਤੀ-ਕੈਨੇਡੀਅਨ ਭਾਈਚਾਰਾ ਨਿਰਾਸ਼

**ਚੰਡੀਗੜ੍ਹ:** ਭਾਰਤ ਸਰਕਾਰ ਵੱਲੋਂ ਕੈਨੇਡਾ ਵਿਚ ਵੀਜ਼ਾ ਸੇਵਾਵਾਂ ਮੁਅੱਤਲ ਕਰਨ ਦੇ ਐਲਾਨ ਮਗਰੋਂ ਭਾਰਤੀ-ਕੈਨੇਡੀਅਨ ਭਾਈਚਾਰਾ ਨਿਰਾਸ਼ ਹੈ। ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਨੂੰ ਭਾਰਤ ਵਿਚ ਵਾਪਸ ਆਉਣ ਦਾ ਡਰ ਸਤਾਉਣ ਲੱਗਿਆ ਹੈ।

ਆਉਣ ਵਾਲੇ ਮਹੀਨਿਆਂ ਵਿਚ ਕੈਨੇਡਾ ਜਾਣ ਦੀ ਯੋਜਨਾ ਬਣਾ ਰਹੇ ਸੰਭਾਵੀ ਵਿਦਿਆਰਥੀ ਵੀ ਚਿੰਤਾ ਵਿਚ ਹਨ। 2021 ਦੀ ਕੈਨੇਡੀਅਨ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਭਾਰਤੀ ਮੂਲ ਦੇ ਵਿਅਕਤੀ ਦੇਸ਼ ਦੀ ਆਬਾਦੀ ਦਾ ਲਗਭਗ 3.7 ਫੀਸਦ ਬਣਦੇ ਹਨ ਜਦਕਿ ਸਿੱਖ-ਕੈਨੇਡੀਅਨ ਲਗਭਗ 2 ਫੀਸਦ ਬਣਦੇ ਹਨ। ਕੈਨੇਡਾ ਵਿਚ ਲਗਭਗ 8,00,000 ਦਾਖਲ ਹੋਏ ਕੌਮਾਂਤਰੀ ਵਿਦਿਆਰਥੀਆਂ ਦੀ ਮਹੱਤਵਪੂਰਨ ਗਿਣਤੀ ਹੈ। ਕੈਨੇਡਾ ਦੇ ਅੰਕੜਿਆਂ ਅਨੁਸਾਰ, ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਵਾਲੇ ਇਨ੍ਹਾਂ ਕੌਮਾਂਤਰੀ ਪਾੜ੍ਹਿਆਂ ਵਿਚੋਂ 40 ਫੀਸਦ ਭਾਰਤ ਤੋਂ ਹਨ। ਬਹੁਤ ਸਾਰੇ ਲੋਕ ਨਵੰਬਰ ਤੋਂ ਜਨਵਰੀ ਦੇ ਵਿਚਕਾਰ ਵਿਆਹਾਂ ਅਤੇ ਡਾਕਟਰੀ ਇਲਾਜ ਆਦਿ ਲਈ ਭਾਰਤ ਆਉਂਦੇ ਹਨ।

ਭਾਰਤ ਅਤੇ ਕੈਨੇਡਾ ਦਰਮਿਆਨ ਵਧੇ ਤਣਾਅ ਦੇ ਮੱਦੇਨਜ਼ਰ ਆਗਾਮੀ ਜਨਵਰੀ ਵਿਚ ਕੈਨੇਡਾ ਜਾਣ ਲਈ ਵੀਜ਼ਾ ਪ੍ਰਵਾਨਗੀਆਂ ਦੀ ਉਡੀਕ ਕਰ ਰਹੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਚਿੰਤਤ ਹਨ। ਦੋਵਾਂ ਦੇਸ਼ਾਂ ਨੇ ਨਾਗਰਿਕਾਂ ਨੂੰ ਯਾਤਰਾ ਪ੍ਰਤੀ ਸਾਵਧਾਨ ਰਹਿਣ ਲਈ ਐਡਵਾਇਜ਼ਰੀ ਜਾਰੀ ਕਰਨ ਮਗਰੋਂ ਮਾਪਿਆਂ ਦੀ ਚਿੰਤਾ ਵਧ ਗਈ ਹੈ। ਵਿਦਿਆਰਥੀਆਂ ਦੇ ਮਾਪਿਆਂ ਦਾ ਖਦਸ਼ਾ ਹੈ ਕਿ ਅਜਿਹੇ ਹਾਲਾਤ ਵਿਚ ਵੀਜ਼ਾ ਰੱਦ ਹੋ ਸਕਦਾ ਹੈ।


**One stop shop for all your taxi needs**

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* Medallion transfers
* Accident claims
* Taxi Stand Facility available



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਪੰਜਾਬ ਸਰਕਾਰ ਵੱਲੋਂ ਬੇਰੁਜ਼ਗਾਰਾਂ ਦੀਆਂ ਜੇਬਾਂ ਫਰੋਲਣ ਉਤੇ ਹੀ ਜ਼ੋਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਭਾਰੀ ਫੀਸਾਂ ਕਾਰਨ ਸਰਕਾਰੀ ਨੌਕਰੀ ਲੈਣ ਦੇ ਚਾਹਵਾਨ ਨੌਜਵਾਨਾਂ ਦੀ ਜੇਬ ਖਾਲੀ ਹੋ ਰਹੀ ਹੈ ਜਦਕਿ ਸਰਕਾਰੀ ਖਜ਼ਾਨੇ ਨੂੰ ਇਹ ਰਾਸ ਆ ਰਿਹਾ ਹੈ। ਪੰਜਾਬ ਵਿਚ ਅਰਜ਼ੀ ਫੀਸ ਸਭ ਤੋਂ ਵੱਧ ਹੈ। ਮਿਸਾਲ ਵਜੋਂ ਐਸ.ਐਸ.ਐਸ. ਬੋਰਡ ਪੰਜਾਬ ਦੀ ਪਟਵਾਰੀ ਦੀ ਭਰਤੀ ਲਈ ਅਰਜ਼ੀ ਫੀਸ ਜਨਰਲ ਕੈਟਾਗਰੀ ਲਈ ਇਕ ਹਜ਼ਾਰ ਰੁਪਏ ਹੈ ਜਦੋਂ ਕਿ ਇਹੋ ਫੀਸ ਹਰਿਆਣਾ ਵਿਚ 50 ਅਤੇ ਰਾਜਸਥਾਨ ਵਿਚ 450 ਰੁਪਏ ਹੈ। ਫਾਰੈਸਟ ਗਾਰਡ ਦੀ ਭਰਤੀ ਲਈ ਅਰਜ਼ੀ ਫੀਸ ਪੰਜਾਬ ਵਿਚ ਹਜ਼ਾਰ ਰੁਪਏ ਹੈ ਅਤੇ ਹਰਿਆਣਾ ਵਿਚ 150 ਤੋਂ ਇਲਾਵਾ ਰਾਜਸਥਾਨ ਵਿਚ 450 ਰੁਪਏ ਹੈ। ਆਬਕਾਰੀ ਇੰਸਪੈਕਟਰ ਦੀ ਭਰਤੀ ਲਈ ਪੰਜਾਬ ਵਿਚ ਹਜ਼ਾਰ ਰੁਪਏ ਹੈ ਜਦੋਂਕਿ ਹਰਿਆਣਾ ਵਿਚ 150 ਅਤੇ ਰਾਜਸਥਾਨ ਵਿਚ 300 ਰੁਪਏ ਹੈ।




ਸੁਬਾਰਡੀਨੇਟ ਸਰਵਿਸ ਸਿਲੈਕਸ਼ਨ (ਐਸ.ਐਸ.ਐਸ.) ਬੋਰਡ ਨੇ ਸਾਲ 2016 ਤੋਂ ਹੁਣ ਤੱਕ ਬੇਰੁਜ਼ਗਾਰਾਂ ਤੋਂ ਅਰਜ਼ੀ ਫੀਸ ਦੇ ਰੂਪ ਵਿਚ 53.91 ਕਰੋੜ ਰੁਪਏ ਇਕੱਠੇ ਕੀਤੇ ਹਨ। ਇਸ ਸਮੇਂ ਦੌਰਾਨ ਬੋਰਡ ਨੇ 12,308 ਅਸਾਮੀਆਂ ਉਤੇ ਭਰਤੀ ਕੀਤੀ ਹੈ ਜਿਸ ਵਿਚੋਂ 7934 ਅਸਾਮੀਆਂ ਦੀ ਭਰਤੀ ਸਿਰੇ ਲੱਗ ਗਈ ਹੈ ਜਦਕਿ ਬਾਕੀ 4374 ਦੀ ਭਰਤੀ ਵਿਚਾਰ ਅਧੀਨ ਹੈ।

ਪੰਜਾਬ 'ਚ ਬੇਰੁਜ਼ਗਾਰਾਂ ਨੇ ਕਾਫੀ ਰੌਲਾ ਵੀ ਪਾਇਆ ਹੈ ਕਿ ਅਰਜ਼ੀ ਫੀਸ ਬਾਕੀ ਸੂਬਿਆਂ ਦੀ ਤਰਜ਼ 'ਤੇ ਰੱਖੀ ਜਾਵੇ। ਐਸ.ਐਸ.ਐਸ. ਬੋਰਡ ਨੇ 200 ਫਾਰੈਸਟ ਗਾਰਡਾਂ ਦੀ ਭਰਤੀ ਦੌਰਾਨ 5.05 ਕਰੋੜ ਰੁਪਏ ਦੀ ਕਮਾਈ ਕੀਤੀ। ਇਵੇਂ 710 ਮਾਲ ਪਟਵਾਰੀ ਭਰਤੀ ਕੀਤੇ ਗਏ, ਜਿਸ ਲਈ 1.18 ਲੱਖ ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ। ਬੋਰਡ ਨੂੰ ਇਕੱਲੀ ਅਰਜ਼ੀ ਫੀਸ ਵਜੋਂ 5.50 ਕਰੋੜ ਰੁਪਏ ਦੀ ਆਮਦਨ ਹੋਈ। ਇਸੇ ਤਰ੍ਹਾਂ 107 ਆਬਕਾਰੀ ਇੰਸਪੈਕਟਰ ਭਰਤੀ ਕਰਨ ਲਈ ਬੇਰੁਜ਼ਗਾਰਾਂ ਤੋਂ 3.44 ਕਰੋੜ ਰੁਪਏ ਇਕੱਠੇ ਕੀਤੇ ਹਨ।

ਵਿਲੇਜ ਡਿਵੈਲਪਮੈਂਟ ਆਰਗੇਨਾਈਜ਼ਰਾਂ ਦੀਆਂ 792 ਅਸਾਮੀਆਂ ਦੀ ਭਰਤੀ ਲਈ ਅਰਜ਼ੀ ਫੀਸ ਵਜੋਂ 2.88 ਕਰੋੜ ਰੁਪਏ ਦੀ ਆਮਦਨ ਹੋਈ। ਵਿਭਾਗੀ ਰੂਲਾਂ ਵਿਚ ਸੋਧ ਕੀਤੇ ਜਾਣ ਕਰਕੇ ਇਸ ਭਰਤੀ 'ਤੇ ਰੋਕ ਲੱਗੀ ਹੋਈ ਹੈ। ਪੰਜਾਬ ਸਰਕਾਰ ਨੇ ਹੁਣ ਨਵੀਂ ਸ਼ਰਤ ਲਾ ਦਿੱਤੀ ਹੈ ਕਿ ਜੇ ਕੋਈ ਭਰਤੀ ਰੱਦ ਹੁੰਦੀ ਹੈ ਤਾਂ ਅਰਜ਼ੀ ਫੀਸ ਮੋੜਨਯੋਗ ਨਹੀਂ ਹੋਵੇਗੀ। ਐਸ.ਐਸ.ਐਸ. ਬੋਰਡ ਨੇ 112 ਆਂਗਣਵਾੜੀ ਸੁਪਰਵਾਈਜ਼ਰਾਂ ਦੀ ਭਰਤੀ ਲਈ ਅਰਜ਼ੀ ਫੀਸ ਵਜੋਂ 2.90 ਕਰੋੜ ਰੁਪਏ ਇਕੱਠੇ ਕੀਤੇ ਜਦੋਂ ਕਿ 15 ਸੁਪਰਵਾਈਜ਼ਰਾਂ ਦੀ ਭਰਤੀ ਹਾਲੇ ਵੀ ਫਸੀ ਹੋਈ ਹੈ। ਕਾਂਗਰਸ ਸਰਕਾਰ ਸਮੇਂ ਜਦੋਂ ਐਸ.ਐਸ.ਐਸ. ਬੋਰਡ ਵੱਲੋਂ ਮਾਲ ਪਟਵਾਰੀ, ਜ਼ਿਲ੍ਹੇਦਾਰ ਅਤੇ ਨਹਿਰੀ ਪਟਵਾਰੀਆਂ ਦੀਆਂ ਕੁੱਲ 1152 ਅਸਾਮੀਆਂ ਭਰੀਆਂ ਜਾਣੀਆਂ ਸਨ ਤਾਂ ਇਸ ਭਰਤੀ ਵਿਚ ਬੋਰਡ ਨੂੰ 12.01 ਕਰੋੜ ਰੁਪਏ ਦੀ ਕਮਾਈ ਹੋਈ ਸੀ।

ਬੋਰਡ ਨੇ ਮਗਰੋਂ 1327 ਡਰਾਈਵਰ/ਅਪਰੇਟਰ ਅਤੇ ਫਾਇਰਮੈਨ ਦੀਆਂ ਅਸਾਮੀਆਂ ਲਈ 3.69 ਕਰੋੜ ਦੀ ਆਮਦਨ ਕਰ ਲਈ, ਜਦਕਿ ਫਾਇਰਮੈਨਾਂ ਦੀ ਲਿਖਤੀ ਪ੍ਰੀਖਿਆ ਪਹਿਲੀ ਅਕਤੂਬਰ 2023 ਨੂੰ ਹੋਣੀ ਹੈ। ਮੌਜੂਦਾ ਸਰਕਾਰ ਨੇ ਐਸ.ਐਸ.ਐਸ. ਬੋਰਡ ਰਾਹੀਂ ਹੁਣ ਤੱਕ ਵੱਖ-ਵੱਖ ਤਰ੍ਹਾਂ ਦੀਆਂ 1563 ਅਸਾਮੀਆਂ 'ਤੇ ਭਰਤੀ ਮੁਕੰਮਲ ਕੀਤੀ ਹੈ।

### ਭਰਤੀ ਦੇ ਬਹੁਤੇ ਮਾਮਲੇ ਲਟਕੇ

**ਚੰਡੀਗੜ੍ਹ:** ਬੇਰੁਜ਼ਗਾਰਾਂ ਦਾ ਕਹਿਣਾ ਹੈ ਕਿ ਬਹੁਤੇ ਮਾਮਲੇ ਤਾਂ ਅਦਾਲਤਾਂ ਵਿਚ ਵਿਚਾਰ ਅਧੀਨ ਹਨ ਅਤੇ ਲੰਮਾ ਸਮਾਂ ਲਟਕੇ ਰਹਿੰਦੇ ਹਨ। ਐਸ.ਐਸ.ਐਸ. ਬੋਰਡ ਤੋਂ ਇਲਾਵਾ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਦੀ ਅਰਜ਼ੀ ਫੀਸ ਵੀ ਜ਼ਿਆਦਾ ਹੋਣ ਦਾ ਕਈ ਵਾਰ ਮੁੱਦਾ ਉਠ ਚੁੱਕਿਆ ਹੈ। ਦੂਜੇ ਪਾਸੇ ਬੋਰਡ ਅਧਿਕਾਰੀਆਂ ਦੀ ਦਲੀਲ ਹੈ ਕਿ ਬੇਰੁਜ਼ਗਾਰਾਂ ਦੀ ਲਿਖਤੀ ਪ੍ਰੀਖਿਆ ਅਤੇ ਬਾਕੀ ਪ੍ਰਬੰਧਾਂ ਲਈ ਅਤੇ ਕੰਪਿਊਟਰੀਕਰਨ 'ਤੇ ਕਾਫੀ ਪੈਸਾ ਖਰਚ ਹੁੰਦਾ ਹੈ। ਇਹ ਫੀਸ ਕਿਸੇ ਕਮਾਈ ਲਈ ਨਹੀਂ ਬਲਕਿ ਇੰਤਜ਼ਾਮਾਂ ਦੇ ਖਰਚੇ ਵਜੋਂ ਲਈ ਜਾਂਦੀ ਹੈ।

# ਮਾਨ ਸਰਕਾਰ ਨੇ 25 ਦਿਨਾਂ 'ਚ 7660 ਨਿਯੁਕਤੀ ਪੱਤਰਾਂ ਦਾ ਨਵਾਂ ਰਿਕਾਰਡ ਬਣਾਇਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਦੇ ਸੈਕਟਰ-35 ਸਥਿਤ ਮਿਊਂਸਿਪਲ ਭਵਨ ਵਿਚ ਸੂਬੇ ਦੇ ਬਿਜਲੀ, ਸਿੱਖਿਆ, ਜੰਗਲਾਤ ਤੇ ਹੋਰ ਵਿਭਾਗਾਂ 'ਚ ਭਰਤੀ 427 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ। ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 25 ਦਿਨਾਂ 'ਚ 7660 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇਣ ਦਾ ਨਵਾਂ ਰਿਕਾਰਡ ਬਣਾਇਆ ਹੈ।

ਇਸ ਮੌਕੇ ਉਨ੍ਹਾਂ ਕਿਹਾ ਕਿ 'ਅਸੀਂ ਆਪਣੇ ਪੁਰਖਿਆਂ, ਜਿਹੜੇ 'ਰਾਜ ਨਹੀਂ ਸੇਵਾ' ਕਰ ਗਏ, ਦੇ ਕਰਜ਼ੇ ਮੋੜ ਰਹੇ ਹਾਂ।'' ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦਾ ਪਿਛਲੇ ਖਜ਼ਾਨਾ ਮੰਤਰੀ ਕਹਿੰਦੇ ਰਹੇ ਕਿ ਸੂਬੇ ਦਾ ਖ਼ਜ਼ਾਨਾ ਖਾਲੀ ਹੈ। ਇਸੇ ਕਰਕੇ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਨੂੰ ਜਾ ਰਹੇ ਹਨ। ਮਾਨ ਨੇ ਆਖਿਆ, ''ਅਸੀਂ ਕਦੇ ਨਹੀਂ ਕਿਹਾ ਕਿ ਖ਼ਜ਼ਾਨਾ ਖਾਲੀ ਹੈ। ਅਸੀਂ ਮੁਫ਼ਤ ਬਿਜਲੀ ਦਾ ਵਾਅਦਾ ਕੀਤਾ ਸੀ, ਪਹਿਲੀ ਜੁਲਾਈ 2022 ਤੋਂ ਮੁਫ਼ਤ ਬਿਜਲੀ ਸ਼ੁਰੂ ਕਰ ਦਿੱਤੀ ਸੀ ਪਰ ਅਸੀਂ ਕਦੇ ਵੀ ਪਾਵਰਕੌਮ ਦਾ ਰੁਪਇਆ ਨਹੀਂ ਰੋਕਿਆ।''

ਮੁੱਖ ਮੰਤਰੀ ਨੇ ਕਿਹਾ, ''ਮੇਰੇ ਤੋਂ ਪਹਿਲਾਂ ਵਾਲੇ ਮੁੱਖ ਮੰਤਰੀ ਪਾਵਰਕੌਮ ਦਾ 9020 ਕਰੋੜ ਰੁਪਏ ਕਰਜ਼ੇ ਦਾ ਛੱਡ ਗਏ। ਅਸੀਂ 1804-1804 ਕਰੋੜ ਰੁਪਏ ਦੀਆਂ ਕਿਸ਼ਤਾਂ ਕਰਕੇ



ਕਰਜ਼ੇ ਮੋੜ ਰਹੇ ਹਨ।'' ਉਨ੍ਹਾਂ ਕਿਹਾ ਕਿ ਹੋਰਨਾਂ ਵਿਭਾਗਾਂ ਦੇ ਕਰਜ਼ੇ ਦੀ ਅਦਾਇਗੀ ਵੀ ਕੀਤੀ ਜਾ ਰਹੀ ਹੈ। ਨਵੇਂ ਭਰਤੀ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇ ਰਹੀ ਹੈ ਅਤੇ ਹਰ ਸਮੇਂ ਲੋਕ ਹਿੱਤ ਵਿਚ ਕੰਮ ਕਰ ਰਹੀ ਹੈ ਜਦਕਿ ਪਿਛਲੀਆਂ ਸਰਕਾਰਾਂ ਨੇ ਸਿਰਫ ਆਪਣੇ ਘਰ ਭਰਨ ਦਾ ਕੰਮ ਕੀਤਾ ਹੈ।

ਜਦਕਿ 'ਆਪ' ਸਰਕਾਰ ਲੋਕਾਂ ਹਰ ਮਹੀਨੇ 300 ਯੂਨਿਟ ਮੁਫ਼ਤ ਦੇ ਰਹੀ ਹੈ, ਉਸ ਦੀ ਸਾਰੀ ਅਦਾਇਗੀ ਪਾਵਰਕੌਮ ਨੂੰ ਕੀਤੀ ਜਾ ਚੁੱਕੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਮਦਦ ਕਰ ਰਹੀ ਹੈ ਅਤੇ ਨੌਜਵਾਨਾਂ ਦੇ ਨਵੇਂ-ਨਰੋਏ ਵਿਚਾਰਾਂ ਨੂੰ ਦਿਸ਼ਾ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਜਿਸ ਲਈ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ। ਮਾਨ ਨੇ ਸੂਬਾ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਨੀਤੀ ਦਾ ਹਵਾਲਾ ਦਿੰਦਿਆਂ ਨਵੇਂ ਭਰਤੀ ਨੌਜਵਾਨਾਂ ਨੂੰ ਸੂਬੇ 'ਚ ਸੁਚਾਰੂ ਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਲੋਕਾਂ ਲਈ ਕੰਮ ਕਰ ਰਹੇ ਸਾਰੇ ਅਧਿਕਾਰੀਆਂ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ।

# ਚਿੱਟੇ ਦੇ ਕਾਰੋਬਾਰੀਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਕਾਰਵਾਈ ਵਿਚ ਤੇਜ਼ੀ

**ਪਟਿਆਲਾ:** ਚਿੱਟੇ ਦੇ ਕਾਰੋਬਾਰ ਜ਼ਰੀਏ ਬਣਾਈਆਂ ਜਾਇਦਾਦਾਂ ਜ਼ਬਤ ਕਰਨ ਦੀਆਂ ਕਾਰਵਾਈਆਂ 'ਚ ਪੁਲਿਸ ਨੇ ਹੋਰ ਤੇਜ਼ੀ ਲਿਆਂਦੀ ਹੈ। ਤਸਕਰਾਂ 'ਤੇ ਦਬਾਅ ਵਧਾਉਣ ਦੀ ਇਸ ਰਣਨੀਤੀ ਤਹਿਤ ਪਟਿਆਲਾ ਪੁਲਿਸ ਨੇ ਮੁੜ ਰਾਜਗੜ੍ਹ ਦੀ ਇਕ ਮਹਿਲਾ ਨਸ਼ਾ ਤਸਕਰ ਦੀ 33.27 ਲੱਖ ਦੀ ਜਾਇਦਾਦ ਜ਼ਬਤ ਕੀਤੀ ਹੈ।

ਪੁਲਿਸ ਵੱਲੋਂ ਕੁਝ ਦਿਨਾਂ 'ਚ ਹੀ ਪੰਜ ਕਰੋੜ ਤੋਂ ਵੱਧ ਦੀ ਜਾਇਦਾਦ ਜ਼ਬਤ ਕੀਤੀ ਜਾ ਚੁੱਕੀ ਹੈ। ਉਂਜ ਇਸ ਦੀ ਬਾਜ਼ਾਰੀ ਕੀਮਤ ਕਰੀਬ 100 ਕਰੋੜ ਰੁਪਏ ਹੈ। ਇਸ ਮੁਹਿੰਮ 'ਚ ਪਟਿਆਲਾ ਪੁਲਿਸ ਪੰਜਾਬ ਭਰ ਵਿਚੋਂ ਮੋਹਰੀ ਰਹੀ ਹੈ। ਇਸ ਜ਼ਿਲ੍ਹੇ 'ਚ ਸਭ ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਚੁੱਕੀਆਂ ਹਨ ਤੇ ਸੱਤ ਹੋਰਾਂ ਖਿਲਾਫ਼ ਵੀ ਕਾਰਵਾਈ ਦੀ ਤਿਆਰੀ ਹੈ। ਇਹ ਕਾਰਵਾਈ ਐਸ.ਐਸ.ਪੀ. ਵਰੁਣ ਸ਼ਰਮਾ ਦੀ ਅਗਵਾਈ ਹੇਠ ਕੀਤੀ ਗਈ ਹੈ। ਇਹ ਕਾਰਵਾਈ ਐਸ.ਪੀ. ਹਰਵੀਰ ਅਟਵਾਲ ਤੇ ਸੌਰਵ ਜਿੰਦਲ ਦੀ ਦੇਖ-ਰੇਖ ਅਤੇ ਡੀ.ਐਸ.ਪੀ. ਨੇਹਾ ਅਗਰਵਾਲ ਅਤੇ ਪਸਿਆਣਾ ਦੇ ਥਾਣਾ ਮੁਖੀ ਕਰਨਬੀਰ ਸੰਧੂ ਵੱਲੋਂ ਕੀਤੀ ਗਈ ਹੈ।

ਇਸ ਮੌਕੇ ਨਸ਼ਾ ਤਸਕਰ ਮਹਿਲਾ ਦੇ ਘਰ ਦੇ ਬਾਹਰ ਜਾਇਦਾਦ ਜ਼ਬਤ ਕਰਨ ਦੇ ਹੁਕਮਾਂ ਦੀ ਕਾਪੀ ਵੀ ਚਿਪਕਾ ਦਿੱਤੀ ਗਈ ਹੈ।



ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਖਿਲਾਫ਼ ਮੁਹਿੰਮ ਦਾ ਐਲਾਨ ਆਜ਼ਾਦੀ ਦਿਹਾੜੇ ਮੌਕੇ ਪਟਿਆਲਾ ਤੋਂ ਕੀਤਾ ਗਿਆ ਸੀ ਜਿਸ ਤੋਂ ਬਾਅਦ ਪਟਿਆਲਾ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਵਿਚ ਤੇਜ਼ੀ ਲਿਆ ਦਿੱਤੀ ਹੈ। ਹਰਿਆਣਾ ਨਾਲ ਖੇਤਰ ਲੱਗਦਾ ਹੋਣ ਕਰ ਕੇ ਪਟਿਆਲਾ ਵਿਚ ਇੰਟਰਸਟੇਟ ਨਾਕਿਆਂ ਦੀ ਗਿਣਤੀ ਤੇ ਸਮਾਂ ਵਧਾ ਦਿੱਤਾ ਗਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਐਸ.ਐਸ.ਪੀ. ਵਰੁਣ ਸ਼ਰਮਾ ਵੱਲੋਂ ਨਸ਼ਿਆਂ ਖਿਲਾਫ਼ ਨਿੱਤਰਨ ਵਾਲੇ ਲੋਕਾਂ ਤੋਂ ਵੀ ਫੀਡਬੈਕ ਲਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਐਸ.ਐਸ.ਪੀ. ਵੱਲੋਂ ਰਾਤ ਵੇਲੇ ਵੀ ਇਨ੍ਹਾਂ ਨਾਕਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਕਈ ਨਸ਼ਾ ਤਸਕਰਾਂ ਖਿਲਾਫ ਮੁਹਿੰਮ ਵਿਚ ਉਨ੍ਹਾਂ ਆਪ ਵੀ ਅਗਵਾਈ ਕੀਤੀ।

# ਪੰਜ ਸਾਲਾ ਵਿਧਾਇਕੀ ਦੌਰਾਨ ਜਾਇਦਾਦਾਂ ਬਣਾਉਣ 'ਚ ਹੀ ਜੁਟੀ ਰਹੀ ਸਤਿਕਾਰ ਕੌਰ ਗਹਿਰੀ?

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਦੀ ਪੜਤਾਲ ਮੁਤਾਬਕ ਕਾਂਗਰਸ ਦੀ ਸਾਬਕਾ ਵਿਧਾਇਕਾ ਅਤੇ ਮੌਜੂਦਾ ਭਾਜਪਾ ਨੇਤਾ ਸਤਿਕਾਰ ਕੌਰ ਗਹਿਰੀ ਵੱਲੋਂ ਵਿਧਾਇਕਾ ਚੁਣੇ ਜਾਣ ਤੋਂ ਬਾਅਦ ਕਾਂਗਰਸ ਦੇ ਸ਼ਾਸਨ ਦੌਰਾਨ ਸੂਬੇ ਵਿਚ ਕਈ ਥਾਵਾਂ ਉਤੇ ਮਹਿੰਗੀਆਂ ਜਾਇਦਾਦਾਂ ਖਰੀਦੀਆਂ ਗਈਆਂ। ਵਿਜੀਲੈਂਸ ਮੁਤਾਬਕ ਇਸ ਬੀਬੀ ਅਤੇ ਉਸ ਦੇ ਪਤੀ ਕੋਲ ਮਹਿੰਗੀਆਂ ਕਾਰਾਂ ਅਤੇ ਅਸਲਾ ਵੀ ਹੈ, ਜਿਸ ਦੀ ਖਰੀਦ ਵੀ ਇਸੇ ਸਮੇਂ ਦੌਰਾਨ ਹੋਈ। ਵਿਧਾਇਕਾ ਵੱਲੋਂ ਜ਼ਿਆਦਾਤਰ ਜ਼ਮੀਨ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡਾਂ ਵਿਚ ਹੀ ਖਰੀਦੀ ਗਈ।

ਵਿਜੀਲੈਂਸ ਵੱਲੋਂ ਜਿਨ੍ਹਾਂ ਜਾਇਦਾਦਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਉਸ ਮੁਤਾਬਕ ਸਤਿਕਾਰ ਕੌਰ ਗਹਿਰੀ ਨੇ ਆਪਣੇ ਨਾਮ 'ਤੇ ਸੰਨੀ ਐਨਕਲੇਵ ਵਿੱਚ 51 ਲੱਖ 46 ਹਜ਼ਾਰ 400 ਰੁਪਏ ਖ਼ਰਚ ਕੇ 20 ਜੂਨ 2018 ਨੂੰ ਰਿਹਾਇਸ਼ੀ ਕੋਠੀ ਖਰੀਦੀ। ਫਿਰੋਜ਼ਪੁਰ ਦੇ ਪਿੰਡ ਆਲੇ ਵਾਲਾ ਵਿੱਚ ਕ੍ਰਿਸ਼ਨਾ ਐਨਕਲੇਵ ਵਿੱਚ 22 ਮਈ 2019 ਨੂੰ ਰਿਹਾਇਸ਼ੀ ਕੋਠੀ ਆਪਣੇ ਪਤੀ ਜਸਮੇਲ ਸਿੰਘ ਦੇ ਨਾਮ 'ਤੇ 15 ਲੱਖ 15 ਹਜ਼ਾਰ






600 ਰੁਪਏ 'ਚ ਖਰੀਦੀ। ਇਸ ਕੋਠੀ 'ਤੇ 53 ਲੱਖ 21 ਹਜ਼ਾਰ 572 ਰੁਪਏ ਖਰਚੇ ਗਏ। ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਗੁਰੂਹਰਸਹਾਏ ਦੇ ਪਿੰਡ ਫਤਹਿਗੜ੍ਹ ਵਿੱਚ ਆਪਣੇ ਪਤੀ ਜਸਮੇਲ ਸਿੰਘ ਦੇ ਨਾਮ 'ਤੇ 72 ਹਜ਼ਾਰ 280 ਰੁਪਏ ਵਿਚ 18 ਮਈ 2021 ਨੂੰ ਜ਼ਮੀਨ ਖਰੀਦੀ ਗਈ। ਇਸ ਜ਼ਮੀਨ ਵਿਚ 47 ਲੱਖ 2 ਹਜ਼ਾਰ 980 ਰੁਪਏ ਖ਼ਰਚ ਕਰਕੇ ਰਿਹਾਇਸ਼ੀ ਕੋਠੀ ਬਣਾਈ ਗਈ। ਕੋਠੀ ਦੇ ਪਿੱਛੇ ਬਣੇ ਕੈਟਲ ਸ਼ੈੱਡ 'ਤੇ 3 ਲੱਖ 86 ਹਜ਼ਾਰ ਰੁਪਏ ਖਰਚੇ ਗਏ। ਫਿਰੋਜ਼ਪੁਰ ਦੇ ਪਿੰਡ ਆਲੇ ਵਾਲਾ ਦੇ ਕ੍ਰਿਸ਼ਨਾ ਐਨਕਲੇਵ ਵਿਚ 17 ਜਨਵਰੀ 2020 ਨੂੰ 3 ਲੱਖ 41 ਹਜ਼ਾਰ ਰੁਪਏ 'ਚ ਪਲਾਟ ਖਰੀਦਿਆ ਗਿਆ। ਇਸ ਪਲਾਟ ਵਿਚ ਬਣਾਏ ਮਕਾਨ 'ਤੇ 7 ਲੱਖ 53 ਹਜ਼ਾਰ ਰੁਪਏ ਖਰਚੇ ਗਏ। ਜ਼ਿਲ੍ਹਾ ਫਿਰੋਜ਼ਪੁਰ, ਤਹਿਸੀਲ ਗੁਰੂਹਰਸਹਾਏ ਦੇ ਪਿੰਡ ਫਤਹਿਗੜ੍ਹ ਵਿਚ 16 ਕਨਾਲ ਵਾਹੀਯੋਗ ਜ਼ਮੀਨ ਆਪਣੇ ਪਤੀ ਦੇ ਨਾਮ 'ਤੇ 28 ਦਸੰਬਰ 2017 ਨੂੰ ਖਰੀਦੀ ਗਈ। ਇਸ 'ਤੇ 9 ਲੱਖ 63 ਹਜ਼ਾਰ ਰੁਪਏ ਖਰਚ ਕੀਤੇ।

ਜ਼ਿਲ੍ਹਾ ਫਿਰੋਜ਼ਪੁਰ, ਤਹਿਸੀਲ ਗੁਰੂਹਰਸਹਾਏ ਦੇ ਪਿੰਡ ਜੰਡ ਵਾਲਾ ਵਿਚ 6 ਮਾਰਚ 2018 ਨੂੰ 14 ਕਨਾਲ 17 ਮਰਲੇ 1 ਸਰਸਾਹੀ ਵਾਹੀਯੋਗ ਜ਼ਮੀਨ ਆਪਣੇ ਪਤੀ ਜਸਮੇਲ ਸਿੰਘ ਦੇ ਨਾਂ 'ਤੇ ਖਰੀਦੀ, ਜਿਸ 'ਤੇ 9 ਲੱਖ 63 ਹਜ਼ਾਰ 700 ਰੁਪਏ ਖਰਚ ਕੀਤੇ ਗਏ। ਤਹਿਸੀਲ ਗੁਰੂਹਰਸਹਾਏ ਦੇ ਪਿੰਡ ਜੰਡ ਵਾਲਾ ਵਿਚ 6 ਮਾਰਚ 2018 ਨੂੰ ਵਾਹੀਯੋਗ ਜ਼ਮੀਨ ਆਪਣੇ ਪਤੀ ਦੇ ਨਾਮ 'ਤੇ 8 ਲੱਖ 94 ਹਜ਼ਾਰ 610 ਰੁਪਏ 'ਚ ਖਰੀਦੀ। ਤਹਿਸੀਲ ਗੁਰੂਹਰਸਹਾਏ ਦੇ ਪਿੰਡ ਫਤਹਿਗੜ੍ਹ ਗਹਿਰੀ ਵਿਚ 21 ਜਨਵਰੀ ਨੂੰ 11 ਕਨਾਲ ਵਾਹੀਯੋਗ ਜ਼ਮੀਨ ਆਪਣੇ ਪਤੀ ਦੇ ਨਾਮ 'ਤੇ ਖਰੀਦੀ। ਇਸੇ ਪਿੰਡ ਵਿਚ 29 ਦਸੰਬਰ 2020 ਨੂੰ 47 ਕਨਾਲ 8 ਮਰਲੇ ਵਾਹੀਯੋਗ ਜ਼ਮੀਨ 6 ਲੱਖ 63 ਹਜ਼ਾਰ 580 ਰੁਪਏ ਅਤੇ 23 ਕਨਾਲ 4.5 ਮਰਲੇ ਜ਼ਮੀਨ 18 ਮਈ 2021 ਨੂੰ ਆਪਣੇ ਪਤੀ ਦੇ ਨਾਮ 'ਤੇ 28 ਲੱਖ 55 ਹਜ਼ਾਰ 150 ਰੁਪਏ 'ਚ ਖਰੀਦੀ। ਇਸੇ ਦਿਨ ਇਸੇ ਪਿੰਡ ਵਿਚ 10 ਕਨਾਲ 9 ਮਰਲੇ ਹੋਰ ਜ਼ਮੀਨ ਆਪਣੇ ਪਤੀ ਦੇ ਨਾਮ 'ਤੇ ਖਰੀਦੀ।

ਵਿਜੀਲੈਂਸ ਮੁਤਾਬਕ ਸਤਿਕਾਰ ਕੌਰ ਗਹਿਰੀ ਸਾਬਕਾ ਵਿਧਾਇਕਾ ਅਤੇ ਉਸ ਦੇ ਪਤੀ ਜਸਮੇਲ ਸਿੰਘ ਵੱਲੋਂ 32.50 ਗ੍ਰਾਮ ਸੋਨਾ ਖਰੀਦਿਆ ਗਿਆ। ਇਕ ਮਹਿੰਦਰਾ ਸਕਾਰਪੀਓ, ਇਨੋਵਾ, ਬੀ.ਐਮ.ਡਬਲਿਊ. ਕਾਰ ਅਤੇ ਟਰੈਕਟਰ ਵੀ ਇਸੇ ਸਮੇਂ ਦੌਰਾਨ ਖਰੀਦਿਆ ਗਿਆ। ਸਤਿਕਾਰ ਕੌਰ ਅਤੇ ਉਸ ਦੇ ਪਤੀ ਵੱਲੋਂ ਆਪਣੇ ਨਾਮ 'ਤੇ 32 ਬੋਰ ਪਿਸਟਲ, ਪਤੀ ਜਸਮੇਲ ਸਿੰਘ ਦੇ ਨਾਮ 'ਤੇ ਦੋ 315 ਬੋਰ ਰਾਈਫਲ ਅਤੇ ਦੋ 32 ਬੋਰ ਪਿਸਤੌਲ ਖਰੀਦੇ ਗਏ ਹਨ।

# ਭਗਵੰਤ ਮਾਨ ਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਮੁੜ ਮਿਹਣੋ-ਮਿਹਣੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਰਮਿਆਨ ਕੁਝ ਸਮੇਂ ਦੀ ਚੁੱਪ ਮਗਰੋਂ ਮੁੜ ਠੰਢੀ ਜੰਗ ਸ਼ੁਰੂ ਹੋ ਗਈ ਹੈ। ਭਗਵੰਤ ਮਾਨ ਨੇ ਕੇਂਦਰ ਸਰਕਾਰ ਤੋਂ ਪੇਂਡੂ ਵਿਕਾਸ ਫੰਡ ਰਿਲੀਜ਼ ਕਰਾਏ ਜਾਣ ਦੀ ਮੰਗ ਵਾਲਾ ਪੱਤਰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਲਿਖ ਕੇ ਨਵੇਂ ਸਿਰਿਓਂ ਸਿਆਸੀ ਘੇਰਾਬੰਦੀ ਕਰਨ ਦਾ ਦਾਅ ਚੱਲਿਆ ਹੈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਮੋੜਵਾਂ ਪੱਤਰ ਲਿਖ ਕੇ ਅਸਿੱਧੇ ਤਰੀਕੇ ਨਾਲ ਪੰਜਾਬ ਸਿਰ ਚੜ੍ਹ ਰਹੇ ਕਰਜ਼ੇ ਦਾ ਮੁੱਦਾ ਚੁੱਕਿਆ ਹੈ। ਭਗਵੰਤ ਮਾਨ ਨੇ ਪੱਤਰ ਲਿਖ ਕੇ ਪੰਜਾਬ ਦੇ ਦਿਹਾਤੀ ਵਿਕਾਸ ਫੰਡਾਂ ਦੇ 5637 ਕਰੋੜ ਦੇ ਬਕਾਏ ਰਿਲੀਜ਼ ਕਰਵਾਉਣ ਲਈ ਰਾਜਪਾਲ ਤੋਂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਪਹੁੰਚ ਕਰਨ ਦੀ ਮੰਗ ਕੀਤੀ ਸੀ।



## ਆਰ.ਡੀ.ਐਫ. ਦਾ ਮਸਲਾ ਕੇਂਦਰ ਕੋਲ ਉਠਾਉਣ 'ਚ ਅਸਫਲ ਰਹੇ ਮੁੱਖ ਮੰਤਰੀ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੇਂਡੂ ਵਿਕਾਸ ਫੰਡਾਂ (ਆਰ.ਡੀ.ਐਫ.) ਦਾ ਮੁੱਦਾ ਸਮੇਂ ਸਿਰ ਕੇਂਦਰ ਸਰਕਾਰ ਕੋਲ ਉਠਾਉਣ 'ਚ ਅਸਫਲ ਰਹਿਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਨਿਖੇਧੀ ਕੀਤੀ ਹੈ। ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਰਾਜਪਾਲ ਪੁਰੋਹਿਤ ਤੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਕੋਲੋਂ ਕਰੋੜਾਂ ਰੁਪਏ ਦੀ ਰੁਕੀ ਹੋਈ ਆਰ.ਡੀ.ਐਫ. ਤੇ ਹੋਰ ਰਕਮ ਜਾਰੀ ਕਰਨ ਲਈ ਦਖਲ ਦੇਣ ਦੀ ਮੰਗ ਕੀਤੀ ਹੈ ਪਰ ਉਹ ਆਰ.ਡੀ.ਐਫ. ਤੇ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ 'ਚ ਸ਼ਾਮਲ ਨਹੀਂ ਹੋਏ ਕਿਉਂਕਿ ਉਹ ਕਿਸੇ ਹੋਰ ਸੂਬੇ 'ਚ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਸਨ। ਬਾਜਵਾ ਨੇ ਕਿਹਾ ਕਿ ਇਸ ਤੋਂ ਪਹਿਲਾਂ 'ਆਪ' ਸਰਕਾਰ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਤੇ ਕੇਂਦਰ 'ਤੇ ਮਾਰਕੀਟ ਫੀਸ ਤੇ ਆਰ.ਡੀ.ਐਫ. ਦੀ ਅਦਾਇਗੀ ਕਰਨ ਤੋਂ ਇਨਕਾਰ ਕਰਨ ਦਾ ਦੋਸ਼ ਲਾਇਆ ਸੀ।

ਰਾਜਪਾਲ ਨੇ ਮੁੱਖ ਮੰਤਰੀ ਨੂੰ ਜਵਾਬੀ ਪੱਤਰ ਲਿਖਿਆ ਹੈ, ਜਿਸ ਵਿਚ ਕਿਹਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਪਾਬੰਦ ਹਨ ਅਤੇ ਉਨ੍ਹਾਂ ਨੂੰ ਮੀਡੀਆ ਰਿਪੋਰਟਾਂ ਤੋਂ ਪਤਾ ਲੱਗਿਆ ਹੈ ਕਿ ਤੁਹਾਡੇ ਵੱਲੋਂ ਰਾਜ ਭਵਨ ਤੱਕ ਪਹੁੰਚ ਕਰਨ ਤੋਂ ਪਹਿਲਾਂ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਗਈ ਹੈ। ਇਸ ਮੁੱਦੇ 'ਤੇ ਕੁਝ ਵੀ ਕਰਨ ਤੋਂ ਪਹਿਲਾਂ ਸਿਖਰਲੀ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਕਰਨਾ ਉਚਿਤ ਹੋਵੇਗਾ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਜੁਲਾਈ ਮਹੀਨੇ ਵਿਚ ਸੁਪਰੀਮ ਕੋਰਟ 'ਚ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਵਾਉਣ ਵਾਸਤੇ ਪਟੀਸ਼ਨ ਪਾਈ ਸੀ। ਇਸੇ ਦੌਰਾਨ ਰਾਜਪਾਲ ਨੇ ਪੰਜਾਬ ਸਰਕਾਰ ਨੂੰ ਅਸਿੱਧੇ ਤੌਰ 'ਤੇ ਨਿਸ਼ਾਨੇ 'ਤੇ ਲੈਂਦਿਆਂ ਪੱਤਰ ਵਿਚ ਲਿਖਿਆ ਹੈ ਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਪੰਜਾਬ ਦਾ ਕਰਜ਼ਾ ਕਰੀਬ 50 ਹਜ਼ਾਰ ਕਰੋੜ ਵਧ ਗਿਆ ਹੈ। ਉਨ੍ਹਾਂ ਲਿਖਿਆ ਕਿ ਕਰਜ਼ੇ ਦੀ ਇਸ ਵੱਡੀ ਰਕਮ ਦੀ ਵਰਤੋਂ ਦੇ ਵੇਰਵੇ ਦਿੱਤੇ ਜਾਣ ਤਾਂ ਜੋ ਉਹ ਪ੍ਰਧਾਨ ਮੰਤਰੀ ਨੂੰ ਯਕੀਨ ਦਿਵਾ ਸਕਣ ਕਿ ਪੈਸੇ ਦੀ ਵਰਤੋਂ ਸਹੀ ਹੋਈ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲ ਦਿਹਾਤੀ ਵਿਕਾਸ ਫੰਡਾਂ ਦੇ 5637 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਪੰਜਾਬ ਸਰਕਾਰ ਨੇ ਇਹ ਰਾਸ਼ੀ ਹਾਸਲ ਕਰਨ ਲਈ ਕੇਂਦਰ ਤੱਕ ਕਈ ਵਾਰੀ ਪਹੁੰਚ ਕੀਤੀ ਸੀ ਪਰ ਕੇਂਦਰ ਨੇ ਕੋਈ ਹੱਥ ਪੱਲਾ ਨਹੀਂ ਫੜਾਇਆ। ਤਕਨੀਕੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਰਾਜਪਾਲ ਨੇ ਕਰਜ਼ੇ ਦੀ ਵਰਤੋਂ 'ਤੇ ਵੀ ਸਵਾਲ ਚੁੱਕੇ ਹਨ। ਪੰਜਾਬ ਸਰਕਾਰ ਲਈ ਕਰਜ਼ਿਆਂ ਦੇ ਵੇਰਵੇ ਰਾਜਪਾਲ ਨਾਲ ਸਾਂਝੇ ਕਰਨੇ ਔਖ ਵਾਲੀ ਗੱਲ ਹੋ ਸਕਦੀ ਹੈ। ਰਾਜਪਾਲ ਹੁਣ ਕਰਜ਼ੇ ਦੇ ਮਾਮਲੇ 'ਤੇ ਸਰਕਾਰ ਨੂੰ ਸਿਆਸੀ ਤੌਰ 'ਤੇ ਹਲੂਣਾ ਦੇਣਾ ਚਾਹੁੰਦੇ ਹਨ। ਇਹ ਪੱਤਰ ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਅੰਦਰੋਂ ਅੰਦਰੀ ਰੁਕੀ ਹੋਈ ਜੰਗ ਨੂੰ ਮੁੜ ਤੀਲ੍ਹਾ ਲਾ ਸਕਦਾ ਹੈ।

ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਸਿਆਸੀ ਤਾਅਨੇ-ਮਿਹਣੇ ਲੰਮੇ ਸਮੇਂ ਤੋਂ ਚੱਲ ਰਹੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਰਿਸ਼ਤਿਆਂ 'ਚ ਮਿਠਾਸ ਬਣਨੀ ਸ਼ੁਰੂ ਹੋ ਗਈ ਸੀ। ਦੋਵੇਂ ਧਿਰਾਂ ਨੇ ਇਕ ਤਰੀਕੇ ਨਾਲ ਚੁੱਪ ਵੱਟੀ ਹੋਈ ਸੀ ਪਰ ਹੁਣ ਇਸ ਪੱਤਰ ਨੇ ਰਾਜ ਭਵਨ ਨੂੰ ਮੁੜ ਸਿਆਸੀ ਹੁੱਜ ਮਾਰ ਦਿੱਤੀ ਹੈ। ਭਗਵੰਤ ਮਾਨ ਦਾ ਗਿਲਾ ਰਿਹਾ ਹੈ ਕਿ ਰਾਜਪਾਲ ਸੂਬੇ ਦੇ ਭਖਦੇ ਮੁੱਦਿਆਂ ਨੂੰ ਕੇਂਦਰ ਕੋਲ ਨਹੀਂ ਉਠਾਉਂਦੇ ਹਨ ਜਦਕਿ ਰਾਜਪਾਲ ਇਹੋ ਆਖਦੇ ਆ ਰਹੇ ਹਨ ਕਿ ਮੁੱਖ ਮੰਤਰੀ ਨੇ ਕਦੇ ਵੀ ਸੂਬਾਈ ਮੁੱਦਿਆਂ ਨੂੰ ਲੈ ਕੇ ਉਨ੍ਹਾਂ ਨਾਲ ਰਾਬਤਾ ਨਹੀਂ ਬਣਾਇਆ।

ਜਦੋਂ ਕਾਂਗਰਸ ਸਰਕਾਰ ਸੀ ਤਾਂ ਉਦੋਂ ਕੇਂਦਰ ਨੇ ਪੁਰਾਣੇ ਦਿਹਾਤੀ ਵਿਕਾਸ ਫੰਡਾਂ ਦਾ ਹਿਸਾਬ-ਕਿਤਾਬ ਮੰਗਿਆ ਸੀ ਜੋ ਦੇ ਦਿੱਤਾ ਗਿਆ ਸੀ। ਕੇਂਦਰ ਸਰਕਾਰ ਨੇ ਮੁੜ ਨਵਾਂ ਅੜਿੱਕਾ ਖੜ੍ਹਾ ਕਰਦਿਆਂ ਪੰਜਾਬ ਪੇਂਡੂ ਵਿਕਾਸ ਐਕਟ 1987 ਵਿਚ ਸੋਧ ਕੀਤੇ ਜਾਣ ਦੀ ਸ਼ਰਤ ਲਗਾ ਦਿੱਤੀ ਸੀ। ਪੰਜਾਬ ਸਰਕਾਰ ਨੇ ਇਸ ਐਕਟ ਵਿਚ ਸੋਧ ਵੀ ਕਰ ਦਿੱਤੀ ਸੀ ਪਰ ਇਸ ਦੇ ਬਾਵਜੂਦ ਬਕਾਏ ਜਾਰੀ ਨਹੀਂ ਕੀਤੇ ਗਏ। ਮੁੱਖ ਮੰਤਰੀ ਨੇ ਹਵਾਲਾ ਦਿੱਤਾ ਹੈ ਕਿ ਪੰਜਾਬ ਪੇਂਡੂ ਵਿਕਾਸ ਐਕਟ 1987 ਦੀ ਧਾਰਾ 7 ਦੇ ਅਨੁਸਾਰ ਪੰਜਾਬ ਪੇਂਡੂ ਵਿਕਾਸ ਬੋਰਡ ਨੂੰ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ 'ਤੇ 3 ਫੀਸਦੀ ਫੀਸ ਦਾ ਭੁਗਤਾਨ ਕੀਤਾ ਜਾਂਦਾ ਹੈ।

# ਹੜ੍ਹਾਂ ਦਾ ਮੁਆਵਜ਼ਾ: ਸਰਕਾਰ ਨੇ ਕਿਸਾਨਾਂ ਦੇ ਖਾਤਿਆਂ ਵਿਚ 119 ਕਰੋੜ ਪਾਏ

**ਚੰਡੀਗੜ੍ਹ:** ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ 'ਚ ਹੜ੍ਹਾਂ ਕਰਕੇ ਨੁਕਸਾਨੀ ਗਈ ਫਸਲਾਂ ਦੇ ਮੁਆਵਜ਼ੇ ਵਜੋਂ 23 ਸਤੰਬਰ ਤੱਕ 119 ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਪਾਈ ਜਾ ਚੁੱਕੀ ਹੈ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਝੋਨੇ ਦੀ ਖਰਾਬ ਹੋਈ ਪਨੀਰੀ ਤੇ ਹੋਰ ਫਸਲਾਂ ਦੇ ਖਰਾਬੇ ਲਈ ਕਿਸਾਨਾਂ ਨੂੰ ਰਾਹਤ ਰਾਸ਼ੀ ਵਜੋਂ ਦੇਣ ਲਈ 188.62 ਕਰੋੜ ਰੁਪਏ ਮਾਲ ਵਿਭਾਗ ਨੂੰ ਜਾਰੀ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਜੁਲਾਈ ਮਹੀਨੇ 'ਚ ਹੜ੍ਹਾਂ ਦੇ ਖਤਰੇ ਦੀਆਂ ਰਿਪੋਰਟਾਂ ਮਿਲਦੇ ਸਾਰ ਹੀ 33.50 ਕਰੋੜ ਰੁਪਏ ਅਗੇਤੀ ਰਾਹਤ ਵਜੋਂ ਜਾਰੀ ਕਰ ਦਿੱਤੇ ਗਏ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਡੀਸੀ ਗਿਰਦਾਵਰੀ ਰਿਪੋਰਟਾਂ ਦੇ ਹਿਸਾਬ ਨਾਲ ਕਿਸਾਨਾਂ ਨੂੰ ਰਾਹਤ ਰਾਸ਼ੀ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਪ੍ਰਭਾਵਿਤ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਹੁਣ ਤੱਕ 49.73 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਪਾਈ ਜਾ ਚੁੱਕੀ ਹੈ। ਸੰਗਰੂਰ ਜ਼ਿਲ੍ਹੇ ਦੇ ਕਿਸਾਨਾਂ ਨੂੰ 15.56 ਕਰੋੜ, ਫਿਰੋਜ਼ਪੁਰ 'ਚ 10.27 ਕਰੋੜ, ਜਲੰਧਰ 'ਚ 8.24 ਕਰੋੜ, ਤਰਨ ਤਾਰਨ 'ਚ 15.02 ਕਰੋੜ, ਮਾਨਸਾ 'ਚ 6.46 ਕਰੋੜ, ਫਾਜ਼ਿਲਕਾ 'ਚ 10.27 ਕਰੋੜ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਕਿਸਾਨਾਂ ਦੇ ਬੈਂਕ ਖਾਤਿਆਂ 'ਚ 1.39 ਕਰੋੜ ਰੁਪਏ ਮੁਆਵਜ਼ਾ ਰਾਸ਼ੀ ਪਾਈ ਜਾ ਚੁੱਕੀ ਹੈ।

# ਪਾਕਿਸਤਾਨ ਨਾਲ ਵਪਾਰ ਲਈ ਹੁਸੈਨੀਵਾਲਾ ਲਾਂਘਾ ਖੋਲ੍ਹਣ ਦੀ ਮੰਗ ਜ਼ੋਰ ਫੜਨ ਲੱਗੀ

**ਫਿਰੋਜ਼ਪੁਰ:** ਕਿਰਤੀ ਕਿਸਾਨ ਯੂਨੀਅਨ ਵੱਲੋਂ ਹੁਸੈਨੀਵਾਲਾ ਸਰਹੱਦ ਉੱਤੇ ਰੈਲੀ ਕਰਕੇ ਇਸ ਸਰਹੱਦ ਨੂੰ ਵਪਾਰ ਲਈ ਖੋਲ੍ਹਣ ਦੀ ਮੰਗ ਕੀਤੀ ਗਈ। ਇਸ ਦੌਰਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀ ਉਪਜ ਸਣੇ ਹੋਰ ਵਰਗਾਂ ਨੂੰ ਵੀਜ਼ਾ ਸ਼ਰਤਾਂ ਖਤਮ ਕਰਕੇ ਪਾਸਪੋਰਟ 'ਤੇ ਸਿੱਧਾ ਵਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ।



ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਬਾਸਮਤੀ ਦੀ ਬਰਾਮਦ 'ਤੇ 1200 ਡਾਲਰ ਪ੍ਰਤੀ ਟਨ ਦੀ ਲਾਈ ਸ਼ਰਤ ਨੂੰ ਵਾਪਸ ਲਿਆ ਜਾਵੇ। ਰੈਲੀ ਵਿਚ ਭਾਰਤੀ ਕਿਸਾਨ ਯੂਨੀਅਨ (ਡਕੌਂਦਾ), ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ, ਫੋਕਲੋਰ ਰਿਸਰਚ ਅਕੈਡਮੀ ਨਾਲ ਜੁੜੇ ਬੁੱਧੀਜੀਵੀ ਅਤੇ ਲੇਖਕਾਂ ਤੋਂ ਇਲਾਵਾ ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੀ ਅਗਵਾਈ ਹੇਠ ਮੁਲਾਜ਼ਮ ਵਰਗ ਵੀ ਸ਼ਾਮਲ ਸੀ।


ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਦੇਸ਼ ਦੇ ਹੁਕਮਰਾਨਾਂ ਨੂੰ ਭਾਰਤ ਪਾਕਿਸਤਾਨ ਵਿਚਾਲੇ ਦੁਸ਼ਮਣੀ ਦੀ ਅੱਗ ਬਾਲਣ ਦੀ ਥਾਂ ਦੋਸਤਾਨਾ ਰਿਸ਼ਤਿਆਂ ਨੂੰ ਉਸਾਰਨ ਵੱਲ ਅੱਗੇ ਵਧਣਾ ਚਾਹੀਦਾ ਹੈ। ਇਸ ਸਾਂਝ ਨੂੰ ਉਸਾਰਨ ਵਿਚ ਭਾਰਤ ਪਾਕਿਸਤਾਨ ਵਪਾਰ ਮਹੱਤਵਪੂਰਨ ਕੜੀ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਦੇਸ਼ਾਂ ਵਿਚਕਾਰ 1.35 ਅਰਬ ਡਾਲਰ ਦੇ ਕਰੀਬ ਰਕਮ ਦਾ ਵਪਾਰ ਹੋ ਰਿਹਾ ਹੈ ਪਰ ਇਹ ਵਪਾਰ ਅਡਾਨੀ ਦੀ ਮੁੰਦਰਾ ਬੰਦਰਗਾਹ ਤੋਂ ਸਮੁੰਦਰੀ ਰਸਤੇ ਰਾਹੀਂ ਹੁੰਦਾ ਹੈ। ਆਗੂ ਜਸਵਿੰਦਰ ਸਿੰਘ ਝਬੇਲਵਾਲੀ ਅਤੇ ਡਾ. ਸਖਚੈਨ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਸੁਧਾਰਨ ਲਈ ਹੁਸੈਨੀਵਾਲਾ ਲਾਂਘਾ ਸੰਜੀਵਨੀ ਬੂਟੀ ਦਾ ਕੰਮ ਕਰ ਸਕਦਾ ਹੈ ਤੇ ਇਸ ਨੂੰ ਖੁੱਲ੍ਹਵਾਉਣ ਲਈ ਪੰਜਾਬ ਸਰਕਾਰ ਨੂੰ ਚਾਰਾਜੋਈ ਕਰਨੀ ਚਾਹੀਦੀ ਹੈ।

# ਏਸ਼ਿਆਡ ਖਿਡਾਰੀਆਂ ਲਈ 4.64 ਕਰੋੜ ਰੁਪਏ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਪਣੀ ਨਵੀਂ ਖੇਡ ਨੀਤੀ ਅਨੁਸਾਰ ਪੰਜਾਬ ਦੇ 58 ਖਿਡਾਰੀਆਂ ਨੂੰ ਏਸ਼ਿਆਈ ਖੇਡਾਂ ਲਈ ਹੁਣ ਤੱਕ ਦੀ ਕੀਤੀ ਤਿਆਰੀ ਵਾਸਤੇ 4.64 ਕਰੋੜ ਰੁਪਏ ਦੀ ਨਗਦ ਰਾਸ਼ੀ ਜਾਰੀ ਕੀਤੀ ਹੈ। ਦੱਸ ਦਈਏ ਕਿ ਚੀਨ ਦੇ ਸ਼ਹਿਰ ਹਾਂਗਜ਼ੂ ਵਿਚ ਏਸ਼ਿਆਈ ਖੇਡਾਂ 'ਚ ਹਿੱਸਾ ਲੈਣ ਗਏ ਦੇਸ਼ ਦੇ 653 ਮੈਂਬਰੀ ਖੇਡ ਦਲ ਵਿਚ 48 ਖਿਡਾਰੀ ਪੰਜਾਬ ਦੇ ਹਨ। ਇਸ ਤੋਂ ਇਲਾਵਾ 10 ਪੰਜਾਬੀ ਖਿਡਾਰੀ ਪੈਰਾ ਏਸ਼ੀਅਨ ਗੇਮਜ਼ 'ਚ ਹਿੱਸਾ ਲੈਣਗੇ, ਜੋ ਅਗਲੇ ਮਹੀਨੇ 22 ਤੋਂ 28 ਅਕਤੂਬਰ ਤੱਕ ਹਾਂਗਜ਼ੂ 'ਚ ਹੀ ਹੋਣੀਆਂ ਹਨ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਖਿਡਾਰੀਆਂ ਨੂੰ ਫਿਲਹਾਲ ਏਸ਼ਿਆਈ ਖੇਡਾਂ ਲਈ 8-8 ਲੱਖ ਰੁਪਏ ਦਿੱਤੇ ਗਏ ਹਨ, ਜਦੋਂਕਿ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ ਜਿੱਤਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਕ੍ਰਮਵਾਰ ਇਕ ਕਰੋੜ, 75 ਲੱਖ ਤੇ 50 ਲੱਖ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।

# ਪੰਜਾਬ ਵਿਧਾਨ ਸਭਾ ਨੂੰ ਕਾਗਜ਼ ਮੁਕਤ ਕਰਨ ਦੀ ਸ਼ੁਰੂਆਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਦੀ ਸ਼ੁਰੂਆਤ ਤੋਂ ਬਾਅਦ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਕਦਮ ਜਿੱਥੇ ਵਿਧਾਇਕਾਂ ਦੀ ਕਾਰਜਕੁਸ਼ਲਤਾ ਵਿਚ ਵਾਧਾ ਕਰੇਗਾ, ਉਥੇ ਜਵਾਬਦੇਹੀ ਵੀ ਤੈਅ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ, ਦੇਸ਼ ਦੀ ਪਹਿਲੀ ਅਜਿਹੀ ਵਿਧਾਨ ਸਭਾ ਹੈ ਜਿਸ ਨੇ ਦੇਸ਼ ਵਿਚ ਵੱਖ-ਵੱਖ ਐਪਲੀਕੇਸ਼ਨਾਂ ਦੀ ਸ਼ੁਰੂਆਤ ਕਰਕੇ ਅਤਿ-ਆਧੁਨਿਕ ਪ੍ਰਣਾਲੀ ਲਾਗੂ ਕੀਤੀ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਣਾਲੀ ਵਿਧਾਨ ਸਭਾ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਏਗੀ। ਵਿਧਾਨ ਸਭਾ ਸਦਨ ਦੀ ਕਾਰਵਾਈ ਨੂੰ ਲਾਈਵ ਕਰਨ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਇਹ ਕਦਮ ਇਸ ਲਈ ਚੁੱਕਿਆ ਹੈ ਤਾਂ ਕਿ ਲੋਕਾਂ ਨੂੰ ਇਸ ਦਾ ਪੂਰਾ ਫਾਇਦਾ ਮਿਲ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਵਿਧਾਨ ਸਭਾ ਦਾ ਕੰਮਕਾਜ ਪੂਰੀ ਤਰ੍ਹਾਂ ਕਾਗਜ਼-ਰਹਿਤ ਹੋ ਜਾਵੇਗਾ। ਨੇਵਾ ਪ੍ਰੋਜੈਕਟ ਤਹਿਤ ਵੱਖ-ਵੱਖ ਫੈਸਲਿਆਂ ਅਤੇ ਦਸਤਾਵੇਜ਼ਾਂ ਦੀ ਸਥਿਤੀ ਦਾ ਪਤਾ ਲਾਉਣਾ ਅਤੇ ਜਾਣਕਾਰੀ ਸਾਂਝੀ ਕਰਨਾ ਆਸਾਨ ਹੋਵੇਗਾ ਜਿਸ ਨਾਲ ਪਾਰਦਰਸ਼ਤਾ ਵਧੇਗੀ। ਇਸ ਐਪਲੀਕੇਸ਼ਨ ਰਾਹੀਂ ਸਦਨ ਵਿਚ ਵਿਧਾਨ ਸਭਾ ਦੇ ਮੈਂਬਰਾਂ ਦੀ ਹਾਜ਼ਰੀ ਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਇਸ ਐਪਲੀਕੇਸ਼ਨ ਰਾਹੀਂ ਜਾਣਕਾਰੀ ਹਾਸਲ ਕਰ ਸਕਣਗੇ। ਮੁੱਖ ਮੰਤਰੀ ਨੇ ਵਿਧਾਨ ਸਭਾ ਦੀ ਵੈੱਬਸਾਈਟ ਅਤੇ ਨੇਵਾ ਬਰੋਸ਼ਰ ਜਾਰੀ ਕਰਨ ਦੇ ਨਾਲ-ਨਾਲ ਪੰਜਾਬ ਵਿਧਾਨ ਸਭਾ ਦੇ ਡਿਜੀਟਲ ਵਿੰਗ ਦਾ ਉਦਘਾਟਨ ਵੀ ਕੀਤਾ।


# ਮੂਸੇਵਾਲਾ ਕਤਲ: ਮੁਲਜ਼ਮਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ



**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਮਾਨਸਾ ਅਦਾਲਤ ਵਿਚ ਲਾਰੈਂਸ ਬਿਸ਼ਨੋਈ ਸਮੇਤ 24 ਮੁਲਜ਼ਮਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ ਜਦਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਪੁਲਿਸ ਰਿਮਾਂਡ 'ਤੇ ਹੋਣ ਕਾਰਨ ਪੇਸ਼ੀ ਨਹੀਂ ਭੁਗਤ ਸਕਿਆ। ਜਾਣਕਾਰੀ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਮਾਮਲੇ 'ਚ ਅਗਲੀ ਸੁਣਵਾਈ 5 ਅਕਤੂਬਰ ਨੂੰ ਹੋਵੇਗੀ। ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਜਦੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਵੀ ਇਸ ਮਾਮਲੇ ਵਿਚ ਪੇਸ਼ੀ ਭੁਗਤੀ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਤੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਪੇਸ਼ੀ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੂੰ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ ਤੇ ਆਸ ਹੈ ਕਿ ਇਨਸਾਫ ਜ਼ਰੂਰ ਮਿਲੇਗਾ। ਐਸ.ਆਈ.ਟੀ. ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਤੇ ਜੱਗੂ ਭਗਵਾਨਪੁਰੀਆ ਸਮੇਤ 31 ਵਿਰੁੱਧ ਦੋ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ।

# ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਖਿਲਾਫ ਰੋਹ; ਨਿਆਂ ਢਾਂਚੇ ‘ਤੇ ਸਵਾਲ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦਿੱਲੀ ਦੇ ਸੁਲਤਾਨਪੁਰੀ ‘ਚ ਸੁਰਜੀਤ ਸਿੰਘ ਦੇ ਕਤਲ ਮਾਮਲੇ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਬਰੀ ਕਰਨ ਦੇ ਫੈਸਲੇ ਨੂੰ ਸਿੱਖਾਂ ਨਾਲ ਕਾਨੂੰਨੀ ਬੇਇਨਸਾਫੀ ਕਰਾਰ ਦਿੱਤਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਨੂੰ ਆਖਿਆ ਕਿ ਇਸ ਫੈਸਲੇ ਖਿਲਾਫ ਉੱਚ ਅਦਾਲਤ ਵਿਚ ਕਾਨੂੰਨੀ ਚਾਰਾਜੋਈ ਕੀਤੀ ਜਾਵੇ।





ਉਨ੍ਹਾਂ ਕਿਹਾ ਕਿ ਨਵੰਬਰ 1984 ਦਾ ਸਿੱਖ ਕਤਲੇਆਮ ਸਿੱਖਾਂ ਲਈ ਨਾ-ਭੁੱਲਣਯੋਗ ਹੈ ਪਰ ਦੁੱਖ ਦੀ ਗੱਲ ਹੈ ਕਿ 39 ਸਾਲ ਬਾਅਦ ਵੀ ਦੇਸ ਦੀਆਂ ਅਦਾਲਤਾਂ ਦੋਸ਼ੀਆਂ ਨੂੰ ਸਜ਼ਾਵਾਂ ਤੇ ਪੀੜਤਾਂ ਨੂੰ ਇਨਸਾਫ ਨਹੀਂ ਦੇ ਸਕੀਆਂ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਸੁਰਜੀਤ ਸਿੰਘ ਦੇ ਕਤਲ ਮਾਮਲੇ ਵਿਚ ਅਦਾਲਤ ਨੇ ‘ਸ਼ੱਕ ਦਾ ਲਾਭ’ ਦਿੰਦਿਆਂ ਬਰੀ ਕਰ ਦਿੱਤਾ ਹੈ, ਜਦੋਂਕਿ ਚਾਹੀਦਾ ਇਹ ਸੀ ਕਿ ਅਦਾਲਤ ਸੱਜਣ ਕੁਮਾਰ ਨੂੰ ਆਪਣੇ ਬੇਗੁਨਾਹ ਹੋਣ ਦੇ ਪੁਖਤਾ ਸਬੂਤ ਦੇਣ ਲਈ ਕਹਿੰਦੀ।

ਉਨ੍ਹਾਂ ਕਿਹਾ ਕਿ ਅਕਸਰ ਹਜੂਮ ਦੁਆਰਾ ਕੀਤੇ ਕਤਲੇਆਮ ਦੇ ਮਾਮਲਿਆਂ ਵਿਚ ਦੋਸ਼ੀਆਂ ਦੇ ਖਿਲਾਫ ਬਹੁਤ ਸਾਰੇ ਮੌਕੇ ਦੇ ਸਬੂਤ, ਹਾਲਾਤ, ਗਵਾਹ ਅਤੇ ਸੁਰਾਗ ਹੂ-ਬ-ਹੂ ਇਕੱਠੇ ਕਰਨੇ ਪੀੜਤਾਂ ਲਈ ਔਖੇ ਹੁੰਦੇ ਹਨ ਪਰ ਅਜਿਹੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਮਾਮਲਿਆਂ ਵਿਚ ਨਿਆਂਪਾਲਿਕਾ ਨੂੰ ਪੂਰਾ-ਪੂਰਾ ਇਨਸਾਫ ਕਰਨ ਲਈ ਪੀੜਤ ਧਿਰ ‘ਤੇ ਪੁਖਤਾ ਸਬੂਤ ਜੁਟਾਉਣ ਦਾ ਦਬਾਅ ਬਣਾਉਣ ਦੀ ਬਜਾਏ ਦੋਸ਼ੀਆਂ ਨੂੰ ਆਪਣੀ ਬੇਗੁਨਾਹੀ ਸਾਬਤ ਕਰਨ ਦੇ ਪੁਖਤਾ ਸਬੂਤ ਦੇਣ ਲਈ ਆਖਣਾ ਚਾਹੀਦਾ ਹੈ ਤਾਂ ਜੋ ‘ਸ਼ੱਕ ਦਾ ਲਾਭ’ ਲੈ ਕੇ ਕੋਈ ਵੀ ਦੋਸ਼ੀ ਬਚ ਨਾ ਸਕੇ।

ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਬਰੀ ਕਰਨ ਦੇ ਫੈਸਲੇ ਤੋਂ ਬਾਅਦ ਇਨਸਾਫਪਸੰਦ ਲੋਕਾਂ ਅਤੇ ਬੇਇਨਸਾਫੀ ਦੇ ਪੀੜਤਾਂ ਦੇ ਮਨ ਵਿਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਜੇਕਰ ਦੋਸ਼ੀਆਂ ਨੂੰ ਅਦਾਲਤਾਂ ‘ਸ਼ੱਕ ਦੇ ਲਾਭ’ ਦੇ ਆਧਾਰ ‘ਤੇ ਬਰੀ ਕਰ ਸਕਦੀਆਂ ਹਨ ਤਾਂ ਫਿਰ ਇਹ ਦੱਸਣਾ ਕਿਸ ਦੀ ਜ਼ਿੰਮੇਵਾਰੀ ਹੈ ਕਿ ਮਨੁੱਖਤਾ ਦੇ ਅਜਿਹੇ ਕਤਲੇਆਮ ਦੇ ਦੋਸ਼ੀ ਕੌਣ ਹਨ? ਜਥੇਦਾਰ ਨੇ ਆਖਿਆ ਕਿ ਜਦੋਂ ਕਿਸੇ ਪੀੜਤ ਧਿਰ ਨੂੰ ਦਹਾਕਿਆਂ ਦੇ ਮੁਸ਼ਕਲਾਂ ਭਰੇ ਸੰਘਰਸ਼ ਤੋਂ ਬਾਅਦ ਵੀ ਇਨਸਾਫ ਨਾ ਮਿਲੇ ਤਾਂ ਪੀੜਤਾਂ ਨੂੰ ਡੂੰਘੀ ਮਾਨਸਿਕ ਸੱਟ ਵੱਜਣਾ ਸੁਭਾਵਿਕ ਹੈ। ਉਨ੍ਹਾਂ ਨੇ ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਆਖਿਆ ਹੈ ਕਿ ਉਹ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਅਦਾਲਤ ਦੇ ਫੈਸਲੇ ਖਿਲਾਫ ਉੱਚ ਅਦਾਲਤ ਵਿਚ ਕਾਨੂੰਨੀ ਚਾਰਾਜੋਈ ਕਰਨ।

## ਧਰਮ ਨਿਰਪੱਖਤਾ ਲਈ ਕਾਲਾ ਦਿਨ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 1984 ਦੇ ਸਿੱਖ ਨਸਲਕੁਸ਼ੀ ਕੇਸਾਂ ਵਿਚ ਤਿੰਨ ਸਿੱਖਾਂ ਦੇ ਕਤਲ ਕੇਸ ਵਿਚ ਸੱਜਣ ਕੁਮਾਰ ਦੀ ਰਿਹਾਈ, ਘੱਟ ਗਿਣਤੀਆਂ ਤੇ ਧਰਮ ਨਿਰਪੱਖਤਾ ਲਈ ਕਾਲਾ ਦਿਨ ਹੈ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਨਾਲ ਕੌਮ ਦੇ ਜ਼ਖ਼ਮਾਂ ‘ਤੇ ਲੂਣ ਛਿੜਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਅਦਾਲਤ ਵਿਚ ਕੇਸ ਸਾਬਤ ਕਰਨ ਵਿਚ ਜੋ ਕੋਈ ਵੀ ਅਯੋਗ ਸਾਬਤ ਹੋਇਆ ਹੈ, ਉਸ ਨੂੰ ਇਸ ਦੀ ਜਵਾਬਦੇਹੀ ਦੇਣੀ ਪਵੇਗੀ। ਸ੍ਰੀ ਬਾਦਲ ਨੇ ਸਿੱਖ ਕੌਮ ਨੂੰ ਭਰੋਸਾ ਦੁਆਇਆ ਕਿ ਅਕਾਲੀ ਦਲ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਵਿਚ ਮਦਦ ਕਰਦਾ ਰਹੇਗਾ।

# ਸ਼੍ਰੋਮਣੀ ਕਮੇਟੀ ਹਰਿਆਣਾ ‘ਚ ਧਰਮ ਪ੍ਰਚਾਰ ਲਹਿਰ ਤੇਜ਼ ਕਰੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਰਿਆਣਾ ਵਿਚ ਧਰਮ ਪ੍ਰਚਾਰ ਦੀ ਲਹਿਰ ਨੂੰ ਹੋਰ ਜ਼ੋਰਦਾਰ ਤਰੀਕੇ ਨਾਲ ਚਲਾਇਆ ਜਾਵੇਗਾ ਅਤੇ ਸਿੱਖ ਮਿਸ਼ਨ ਕੇਂਦਰ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਉਹ ਹਰਿਆਣਾ ਦੇ ਕੁਰੂਕਸ਼ੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਗੁਰਮਤਿ ਸਮਾਗਮ ਦੌਰਾਨ ਸੰਬੋਧਨ ਕਰ ਰਹੇ ਸਨ।



ਸ੍ਰੀ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਵਿਚ ਧਰਮ ਪ੍ਰਚਾਰ ਦੀ ਲਹਿਰ ਜ਼ੋਰਦਾਰ ਤਰੀਕੇ ਨਾਲ ਜਾਰੀ ਰੱਖੀ ਜਾਵੇਗੀ। ਉਨ੍ਹਾਂ ਨੇ ਹਰਿਆਣਾ ਦੀ ਗੁਰਦੁਆਰਾ ਕਮੇਟੀ ਉਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵੱਲੋਂ ਬਣਾਈ ਵੱਖਰੀ ਹਰਿਆਣਾ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੀ ਮਲਕੀਅਤ ਵਾਲੇ ਸਿੱਖ ਮਿਸ਼ਨ ਦੇ ਕਾਰਜਾਂ ਨੂੰ ਬਾਹਰ ਕਰ ਦਿੱਤਾ ਗਿਆ ਪਰ ਸਿੱਖ ਸੰਸਥਾ ਵੱਲੋਂ ਆਪਣੇ ਪੱਧਰ ‘ਤੇ ਮੁੜ ਪ੍ਰਬੰਧ ਕਰ ਕੇ ਸਿੱਖੀ ਪ੍ਰਚਾਰ ਨੂੰ ਵਿਧੀਵਤ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਸਿੱਖ ਸ਼ਕਤੀ ਇਕੱਠੀ ਰਹੇ, ਇਸੇ ਕਰ ਕੇ ਸਾਰਾ ਜ਼ੋਰ ਸਿੱਖ ਸੰਸਥਾਵਾਂ ਨੂੰ ਤੋੜਨ ਅਤੇ ਸਿੱਖਾਂ ਨੂੰ ਵੰਡਣ ਵਿਚ ਲੱਗਿਆ ਹੋਇਆ ਹੈ।

# ਸ਼੍ਰੋਮਣੀ ਕਮੇਟੀ ਸਿੰਘ ਸਭਾ ਲਹਿਰ ਬਾਰੇ ਪੁਸਤਕ ਛਾਪੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਥਾਨਕ ਖਾਲਸਾ ਕਾਲਜ ਵਿਚ ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਸਿੰਘ ਸਭਾ ਲਹਿਰ ਸਬੰਧੀ ਹਰ ਪੱਖ ਤੋਂ ਮੌਲਿਕ ਖੋਜ ਕਾਰਜ ਕਰਵਾ ਕੇ ਇਸ ਦੇ ਇਤਿਹਾਸ ਬਾਰੇ ਇਕ ਪੁਸਤਕ ਛਾਪੇਗੀ, ਜਿਸ ਵਿਚ ਲਹਿਰ ਨਾਲ ਸਬੰਧਤ ਹਰ ਕੌਮੀ ਨਾਇਕ ਬਾਰੇ ਵਿਸਥਾਰਤ ਜਾਣਕਾਰੀ ਅਤੇ ਸਿੰਘ ਸਭਾ ਦੇ ਪਿਛੋਕੜ, ਇਤਿਹਾਸ, ਕਾਰਜ ਅਤੇ ਪ੍ਰਾਪਤੀਆਂ ਦਾ ਜ਼ਿਕਰ ਸ਼ਾਮਲ ਹੋਵੇਗਾ।




ਵਿਸ਼ੇਸ਼ ਸੈਮੀਨਾਰ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਫੈਸਲੇ ਬਾਰੇ ਐਲਾਨ ਕੀਤਾ। ਇਸ ਸੈਮੀਨਾਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਇਲਾਵਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਸੰਬੋਧਨ ਕੀਤਾ, ਜਦਕਿ ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਦੇਹਰਾਦੂਨ ਅਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਖੋਜ ਪਰਚੇ ਪੜ੍ਹੇ ਗਏ। ਸ੍ਰੀ ਧਾਮੀ ਨੇ ਕਿਹਾ ਕਿ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਉਸ ਵੇਲੇ ਦੀਆਂ ਸਿੱਖ ਚੁਣੌਤੀਆਂ ਨੂੰ ਵੇਖਦਿਆਂ ਆਪਣੀ ਤਾਕਤ ਦਾ ਅਹਿਸਾਸ ਕੀਤਾ ਅਤੇ ਇਕ ਰਣਨੀਤੀ ਤਹਿਤ ਹਾਲਾਤਾਂ ਦਾ ਮੁਕਾਬਲਾ ਕਰ ਕੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਪਰ ਅੱਜ ਸਿੱਖ ਸਮਾਜ ਆਪਣੀ ਪਛਾਣ ਅਤੇ ਸਿਧਾਂਤਕ ਪਰਪੱਕਤਾ ਤੋਂ ਪਾਸੇ ਜਾ ਰਿਹਾ ਹੈ। ਇਕ ਸਾਜ਼ਿਸ਼ ਤਹਿਤ ਸਿੱਖਾਂ ਨੂੰ ਇਤਿਹਾਸ, ਮਰਿਆਦਾ ਅਤੇ ਸਿਧਾਂਤਾਂ ਤੋਂ ਦੂਰ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੰਘ ਸਭਾ ਲਹਿਰ ਤੇ ਗੁਰਦੁਆਰਾ ਸੁਧਾਰ ਲਹਿਰ ਵਾਂਗ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦਾ ਇਕਜੁੱਟਤਾ ਨਾਲ ਮੁਕਾਬਲਾ ਕਰਨਾ ਸਮੇਂ ਦੀ ਮੁੱਖ ਲੋੜ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲੀ ਅਕਤੂਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਤਾਬਦੀ ਦੇ ਮੁੱਖ ਸਮਾਗਮ ਮੌਕੇ ਦੇਸ਼ ਭਰ ਦੀਆਂ ਸਿੰਘ ਸਭਾਵਾਂ ਨੂੰ ਸੱਦੇ ਭੇਜ ਕੇ ਇਕੱਠਾ ਕੀਤਾ ਜਾਵੇਗਾ ਤਾਂ ਜੋ ਕੌਮ ਅੰਦਰ ਕ੍ਰਾਂਤੀ ਲਿਆਉਣ ਵਾਲੀ ਇਸ ਲਹਿਰ ਦੀ ਸ਼ਤਾਬਦੀ ਇਤਿਹਾਸਕ ਹੋ ਨਿਬੜੇ।

## ਦੋ ਲੜਕੀਆਂ ਦਾ ਆਨੰਦ ਕਾਰਜ ਕਰਵਾਉਣ ਵਾਲੇ ਗ੍ਰੰਥੀ ਦੀਆਂ ਸੇਵਾਵਾਂ ‘ਤੇ ਰੋਕ

**ਅੰਮ੍ਰਿਤਸਰ:** ਬਠਿੰਡਾ ਦੇ ਇਕ ਗੁਰਦੁਆਰੇ ਵਿਚ ਦੋ ਕੁੜੀਆਂ ਦਾ ਆਨੰਦ ਕਾਰਜ ਕਰਵਾਉਣ ਦੀ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਮਾਮਲੇ ਵਿਚ ਗੁਰਦੁਆਰੇ ਦੇ ਮੁੱਖ ਗ੍ਰੰਥੀ, ਗ੍ਰੰਥੀ, ਰਾਗੀ ਜਥੇ ਦੇ ਮੈਂਬਰਾਂ ਦੀਆਂ ਸੇਵਾਵਾਂ ਅਤੇ ਗੁਰਦੁਆਰਾ ਕਮੇਟੀ ਦੇ ਸਾਰੇ ਕੰਮਕਾਜਾਂ ‘ਤੇ ਤੁਰਤ ਰੋਕ ਲਾ ਦਿੱਤੀ ਹੈ।



ਇਹ ਮਾਮਲਾ ਬਠਿੰਡਾ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਕੈਨਾਲ ਕਲੋਨੀ ਨਾਲ ਸਬੰਧਤ ਹੈ, ਜਿਥੇ 18 ਸਤੰਬਰ ਨੂੰ ਦੋ ਲੜਕੀਆਂ ਦੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਨੰਦ ਕਾਰਜ ਕਰਵਾਏ ਗਏ। ਜਾਣਕਾਰੀ ਅਨੁਸਾਰ ਇਸ ਮਾਮਲੇ ਦੀ ਸ਼ਿਕਾਇਤ ਸ੍ਰੀ ਅਕਾਲ ਤਖ਼ਤ ਵਿਖੇ ਪੁੱਜੀ ਸੀ, ਜਿਸ ਦਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਨੋਟਿਸ ਲੈਂਦਿਆਂ ਇਸ ਆਨੰਦ ਕਾਰਜ ਵਿਚ ਸ਼ਾਮਲ ਗੁਰਦੁਆਰੇ ਦੇ ਮੁੱਖ ਗ੍ਰੰਥੀ ਹਰਦੇਵ ਸਿੰਘ, ਗ੍ਰੰਥੀ ਅਜੈਬ ਸਿੰਘ, ਰਾਗੀ ਸਿਕੰਦਰ ਸਿੰਘ, ਤਬਲਾ ਵਾਦਕ ਸਤਨਾਮ ਸਿੰਘ ਅਤੇ ਗੁਰਦੁਆਰਾ ਕਮੇਟੀ ਦੇ ਸਾਰੇ ਕੰਮਕਾਜ ‘ਤੇ ਤੁਰਤ ਰੋਕ ਲਾਉਣ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੋ ਕੁੜੀਆਂ ਦਾ ਵਿਆਹ ਸਿੱਖ ਰਹਿਤ ਮਰਿਆਦਾ ਦੇ ਉਲਟ ਹੈ ਅਤੇ ਗੈਰ-ਕੁਦਰਤੀ ਵੀ ਹੈ। ਉਨ੍ਹਾਂ ਨੇ ਸੰਸਾਰ ਭਰ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗ੍ਰੰਥੀ, ਰਾਗੀ ਅਤੇ ਪ੍ਰਚਾਰਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਗੈਰ ਕੁਦਰਤੀ ਰੁਝਾਨ ਨੂੰ ਧਿਆਨ ਵਿਚ ਰੱਖਦਿਆਂ ਸੁਚੇਤ ਰਹਿਣ ਅਤੇ ਸਿੱਖ ਰਹਿਤ ਮਰਿਆਦਾ ਖ਼ਿਲਾਫ਼ ਕੋਈ ਕਾਰਜ ਨਾ ਕਰਨ। ਉਨ੍ਹਾਂ ਕਿਹਾ ਕਿ ਇਸ ਘਟਨਾ ਬਾਰੇ ਇਕ ਧਾਰਮਿਕ ਸਬ-ਕਮੇਟੀ ਬਣਾ ਕੇ ਜਲਦੀ ਇਸ ਮਾਮਲੇ ਦਾ ਨਿਪਟਾਰਾ ਕੀਤਾ ਜਾਵੇਗਾ।

# ਪੰਜ ਰੋਜ਼ਾ ਬਾਬਾ ਫਰੀਦ ਆਗਮਨ ਪੁਰਬ ਉਤਸ਼ਾਹ ਨਾਲ ਸਮਾਪਤ

**ਫਰੀਦਕੋਟ:** ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ ਦੀ ਯਾਦ ਵਿਚ ਪੰਜ ਰੋਜ਼ਾ ਆਗਮਨ ਪੁਰਬ ਨਗਰ ਕੀਰਤਨ ਤੋਂ ਬਾਅਦ ਸਮਾਪਤ ਹੋ ਗਿਆ। ਇਸ ਮੌਕੇ ਸੂਬੇ ਭਰ ਵਿਚੋਂ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ। ਇਤਿਹਾਸਿਕ ਟਿੱਲਾ ਬਾਬਾ ਫ਼ਰੀਦ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਗੋਦੜੀ ਸਾਹਿਬ ਤੱਕ ਪੁੱਜੇ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ।

ਨਗਰ ਕੀਰਤਨ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਫ਼ਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਡਿਪਟੀ ਕਮਿਸ਼ਨਰ ਵਨੀਤ ਕੁਮਾਰ ਨੇ ਵੀ ਸ਼ਮੂਲੀਅਤ ਕੀਤੀ। ਮੇਲੇ ਦੀ ਦੇਖ ਰੇਖ ਕਰ ਰਹੇ ਮਹੀਪਇੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਸੰਗਤਾਂ ਦੇ ਵੱਡੇ ਇਕੱਠ ਕਾਰਨ ਨਗਰ ਕੀਰਤਨ ਗੁਰਦੁਆਰਾ ਗੋਦੜੀ ਸਾਹਿਬ ਦੋ ਘੰਟੇ ਦੇਰੀ ਨਾਲ ਪੁੱਜਾ। ਇਸ ਮੌਕੇ ਇਲਾਕੇ ਦੀਆਂ ਧਾਰਮਿਕ, ਸਮਾਜ ਸੇਵੀ ਅਤੇ ਹੋਰ ਸੰਸਥਾਵਾਂ ਨੇ ਲੰਗਰ ਲਾਏ।

ਇਸ ਮੌਕੇ ਫ਼ਰੀਦਕੋਟ-ਕੋਟਕਪੂਰਾ ਰੋਡ ‘ਤੇ ਵਿਸ਼ੇਸ਼ ਤੌਰ ‘ਤੇ ਇਕ ਬਾਜ਼ਾਰ ਸਜਿਆ ਜਿਸ ਵਿਚ ਲੋਕਾਂ ਨੇ ਖਰੀਦਦਾਰੀ ਕੀਤੀ। ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਤੇਜ ਮੀਂਹ ਪਿਆ, ਇਸ ਦੇ ਬਾਵਜੂਦ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਸ਼ਮੂਲੀਅਤ ਨਹੀਂ ਕਰ ਸਕੇ ਪਰ ਉਨ੍ਹਾਂ ਨੇ ਲੋਕਾਂ ਨੂੰ ਆਗਮਨ ਪੁਰਬ ਦੀ ਵਧਾਈ ਭੇਜੀ ਹੈ। ਗੁਰਦੁਆਰਾ ਗੋਦੜੀ ਸਾਹਿਬ ਵਿਚ ਨਗਰ ਕੀਰਤਨ ਪਹੁੰਚਣ ਤੋਂ ਬਾਅਦ ਅਰਦਾਸ ਨਾਲ ਆਗਮਨ ਪੁਰਬ ਸਮਾਪਤ ਹੋ ਗਿਆ।

# ਮੈਡੀਕਲ ਕਾਲਜ ਮਾਮਲਾ: ਸੁਖਬੀਰ ਬਾਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਪੁਤਲੇ ਫੂਕੇ

**ਸੰਗਰੂਰ:** ਸੰਘਰਸ਼ ਕਮੇਟੀ ਮੈਡੀਕਲ ਕਾਲਜ ਅਤੇ ਹਸਪਤਾਲ ਮਸਤੂਆਣਾ ਸਾਹਿਬ ਦੇ ਸੱਦੇ ‘ਤੇ ਇਲਾਕੇ ਦੇ ਸੈਕੜੇ ਲੋਕਾਂ ਵੱਲੋਂ ਇਥੇ ਦਿੱਲੀ-ਲੁਧਿਆਣਾ ਹਾਈਵੇਅ ‘ਤੇ ਸਥਿਤ ਭਗਵਾਨ ਮਹਾਵੀਰ ਚੌਕ ਵਿਚ ਆਵਾਜਾਈ ਠੱਪ ਕਰਕੇ ਧਰਨਾ ਦਿੱਤਾ ਗਿਆ ਅਤੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਪੁਤਲੇ ਫੂਕਦਿਆਂ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ‘ਚ ਵੱਖ-ਵੱਖ ਕਿਸਾਨ ਜਥੇਬੰਦੀਆਂ ਨਾਲ ਸਬੰਧਤ ਕਿਸਾਨ ਅਤੇ ਬੀਬੀਆਂ ਵੀ ਸ਼ਾਮਲ ਸਨ। ਪ੍ਰਦਰਸ਼ਨਕਾਰੀਆਂ ਵੱਲੋਂ ਐਸ.ਜੀ.ਪੀ.ਸੀ. ਅਤੇ ਅਕਾਲੀ ਦਲ ‘ਤੇ ਮਸਤੂਆਣਾ ਸਾਹਿਬ ਵਿਖੇ ਬਣਨ ਵਾਲੇ ਮੈਡੀਕਲ ਕਾਲਜ ਦੇ ਰਾਹ ਵਿਚ ਅੜਿੱਕਾ ਪਾਉਣ ਦਾ ਦੋਸ਼ ਲਾਇਆ।



ਸੰਘਰਸ਼ ਕਮੇਟੀ ਦੇ ਸੱਦੇ ਉਤੇ ਸੈਂਕੜੇ ਲੋਕ ਅਤੇ ਬੀਬੀਆਂ ਟਰੈਕਟਰ-ਟਰਾਲੀਆਂ ਭਰ ਕੇ ਸਥਾਨਕ ਭਗਵਾਨ ਮਹਾਵੀਰ ਚੌਕ ਵਿਚ ਪੁੱਜੇ, ਜਿਥੇ ਆਵਾਜਾਈ ਠੱਪ ਕਰਦਿਆਂ ਸ੍ਰੀ ਧਾਮੀ ਅਤੇ ਸ੍ਰੀ ਬਾਦਲ ਦੇ ਪੁਤਲੇ ਫੂਕੇ ਅਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਸਤੂਆਣਾ ਸਾਹਿਬ ਵਿਖੇ ਸੰਤ ਬਾਬਾ ਅਤਰ ਸਿੰਘ ਦੀ ਯਾਦ ਵਿਚ ਮੈਡੀਕਲ ਕਾਲਜ ਬਣਾਇਆ ਜਾਣਾ ਹੈ, ਜਿਸ ਸਬੰਧੀ ਗੁਰਦੁਆਰਾ ਅੰਗੀਠਾ ਸਾਹਿਬ ਵੱਲੋਂ 25 ਏਕੜ ਜ਼ਮੀਨ ਕਾਲਜ ਲਈ ਦਿੱਤੀ ਗਈ ਹੈ। ਐਸ.ਜੀ.ਪੀ.ਸੀ. ਅਤੇ ਅਕਾਲੀ ਦਲ ਵੱਲੋਂ ਮੈਡੀਕਲ ਕਾਲਜ ਦੀ ਉਸਾਰੀ ਦੇ ਰਾਹ ਵਿਚ ਅੜਿੱਕਾ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਾਰੀਆਂ ਧਿਰਾਂ ਵਿਚ 25 ਏਕੜ ਜ਼ਮੀਨ ਨੂੰ ਅਦਾਲਤੀ ਕੇਸ ‘ਚੋਂ ਬਾਹਰ ਰੱਖਣ ਬਾਰੇ ਸਹਿਮਤੀ ਦੇ ਦਿੱਤੀ ਸੀ ਪਰ ਐਸ.ਜੀ.ਪੀ.ਸੀ. ਇਸ ਸਹਿਮਤੀ ਤੋਂ ਪਿੱਛੇ ਹਟ ਗਈ ਹੈ, ਜਿਸ ਕਾਰਨ ਇਲਾਕੇ ਦੇ ਲੋਕਾਂ ‘ਚ ਰੋਸ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਇਲਾਕੇ ਦੇ ਲੋਕਾਂ ਵੱਲੋਂ ਬੱਸ ਸਟੈਂਡ ਮਸਤੂਆਣਾ ਸਾਹਿਬ ਵਿਖੇ ਪੱਕਾ ਮੋਰਚਾ ਲੱਗਿਆ ਹੋਇਆ ਹੈ, ਜੋ ਕਿ ਮੈਡੀਕਲ ਕਾਲਜ ਦੀ ਉਸਾਰੀ ਸ਼ੁਰੂ ਹੋਣ ਤੱਕ ਲਗਾਤਾਰ ਜਾਰੀ ਰਹੇਗਾ।

# ਨਿਊਯਾਰਕ 'ਕਬੱਡੀ-ਕੱਪ 2023' ਹੋਵੇਗਾ ਧਮਾਕੇਦਾਰ

**ਨਿਊਯਾਰਕ:** ਇੱਥੇ 7 ਅਕਤੂਬਰ ਦਿਨ ਸ਼ਨਿਚਰਵਾਰ ਨੂੰ 'ਸਮੋਕੀ ਪਾਰਕ' ਵਿਖੇ ਕਬੱਡੀ ਕੱਪ ਦੀਆਂ ਪੂਰੀਆਂ ਰੌਣਕਾਂ ਲੱਗਣਗੀਆਂ। ਚੋਟੀ ਦੇ ਖਿਡਾਰੀ ਇਸ ਖੇਡ ਮੇਲੇ ਵਿਚ ਆਪਣੀਆਂ ਪਕੜਾਂ ਤੇ ਜੁੱਸੇ ਵਿਖਾਉਣਗੇ। ਲੜਕਿਆਂ ਦੀਆਂ ਟੀਮਾਂ ਤੋਂ ਇਲਾਵਾ ਅਮਰੀਕਾ ਤੇ ਮੈਕਸੀਕੋ ਦੀਆਂ ਗੋਰੀਆਂ ਲੜਕੀਆਂ ਦੇ ਦਿਲ ਖਿੱਚਵੇਂ ਮੁਕਾਬਲੇ ਵੀ ਹੋਣਗੇ। 21 ਸਾਲ ਤੋਂ ਘੱਟ ਲੜਕਿਆਂ ਦਾ ਕਬੱਡੀ-ਮੈਚ ਵੀ ਮੰਨੋਰੰਜਨ ਭਰਪੂਰ ਹੋਵੇਗਾ। ਗੱਭਰੂਆਂ ਦੇ ਡੌਲਿਆਂ ਦੀ ਤਾਕਤ ਪਰਖਣ ਲਈ ਰੱਸਾਕਸ਼ੀ ਵੀ ਹੋਵੇਗੀ। ਇਹ ਜਾਣਕਾਰੀ ਸ. ਮਹਿੰਦਰ ਸਿੰਘ ਸਿੱਧੂ ਨੇ ਦਿੰਦਿਆਂ ਦੱਸਿਆ ਕਿ ਇਹ ਬੜਾ ਚੰਗਾ ਹੈ ਕਿ ਸਾਰੇ ਕਲੱਬ ਇਕੱਠੇ ਹੋ ਕੇ ਵੱਡੇ ਕਬੱਡੀ-ਕੱਪ ਦਾ ਇਤਿਹਾਸ ਰਚਣਗੇ।

ਕਬੱਡੀ ਦੇ ਨਜ਼ਾਰੇ ਮਾਨਣ ਲਈ ਬਲੀਚਰ ਲਾਏ ਜਾਣਗੇ। ਔਰਤਾਂ, ਬੱਚਿਆਂ ਤੇ ਪਰਿਵਾਰਾਂ ਲਈ ਬੈਠਣ ਦੇ ਵਧੀਆਂ ਪ੍ਰਬੰਧ ਹੋਣਗੇ। ਨਿਊਯਾਰਕ ਵਾਸੀ ਵੀ ਖੁਸ਼ ਹਨ ਕਿ ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ, ਐਨ ਵਾਈ ਸੀ ਕਬੱਡੀ ਕਲੱਬ, ਨਿਊਯਾਰਕ ਮੈਟਰੋ ਕਬੱਡੀ ਕਲੱਬ ਤੇ ਮਾਲਵਾ ਬ੍ਰਦਰਜ਼ ਸਪੋਰਟਸ ਐਸੋਸੀਏਸ਼ਨ ਇਕ ਮੰਚ 'ਤੇ ਇਕੱਠੇ ਹਨ। ਨਿਊਯਾਰਕ ਦੇ ਸਮੂਹ ਗੁਰੂ-ਘਰਾਂ, ਜਥੇਬੰਦੀਆਂ, ਖੇਡ-ਕਲੱਬਾਂ ਤੇ ਖੇਡ-ਪ੍ਰੇਮੀਆਂ ਦਾ ਪੂਰਨ ਸਹਿਯੋਗ ਹੈ। ਹੋਰ ਜਾਣਕਾਰੀ ਲਈ ਬਿਲਵਿੰਦਰ ਸਿੰਘ ਵਿਰਕ ਨਾਲ 516-503-9494, ਹੈਰੀ ਪਵਾਰ-347-675-2717, ਰਵੀ ਸੰਧੂ-347-613-5445 ਤੇ ਗੁਰਮੀਤ ਸਿੰਘ ਬੁੱਟਰ ਨਾਲ 516-209-7902 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***-ਇਕਬਾਲ ਸਿੰਘ ਜੱਬੋਵਾਲੀਆ***

# ਵਿਸ਼ਵ ਕਬੱਡੀ ਕੱਪ ਸਫਲ ਬਣਾਉਣ 'ਚ ਦੂੱਲੇ ਤੇ ਤੀਰਥ ਦਾ ਅਹਿਮ ਯੋਗਦਾਨ: ਗਾਖਲ

**ਵੈਨਕੂਵਰ:** ਇੱਥੇ ਕਰਵਾਏ ਇਕ ਸਮਾਗਮ ਦੌਰਾਨ ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਗਾਖਲ



ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਕਬੱਡੀ ਦੇ ਵਰਲਡ ਸੁਪਰ ਸਟਾਰ ਦੁੱਲਾ ਸੁਰਖਪੁਰੀਆ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਇਸ ਮੌਕੇ ਕਲੱਬ ਦੇ ਮੈਂਬਰ ਦਲਵਿੰਦਰ ਸਿੰਘ ਪੱਡਾ ਤੋਂ ਇਲਾਵਾ ਹੋਰ ਸਾਥੀ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਇਹ ਸਨਮਾਨ ਕਲੱਬ ਅਤੇ ਗਾਖਲ ਗਰੁੱਪ ਨੇ 17 ਸਤੰਬਰ ਦੇ ਯੂਨੀਅਨ ਸਿਟੀ ਵਿਖੇ ਹੋਏ ਵਰਲਡ ਕਬੱਡੀ ਕੱਪ ਮੌਕੇ ਕਰਨਾ ਸੀ ਪਰ ਦੁੱਲਾ ਕਿਸੇ ਕਾਰਨ ਨਹੀਂ ਪਹੁੰਚ ਸਕਿਆ, ਇਸ ਲਈ ਉਸਨੂੰ ਕੈਨੇਡਾ ਵਿਚ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ। ਸ. ਗਾਖਲ ਨੇ ਕਿਹਾ ਕਿ ਦੁੱਲਾ ਸੁਰਖਪੁਰੀਆ ਤੇ ਤੀਰਥ ਗਾਖਲ ਸਾਡੇ ਵਿਸ਼ਵ ਕਬੱਡੀ ਕੱਪ ਨੂੰ ਸਫਲ ਬਣਾਉਣ 'ਚ ਵੱਡਾ ਯੋਗਦਾਨ ਪਾਉਂਦੇ ਆਏ ਹਨ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਜਨਰਲ ਸਕੱਤਰ ਐਸ ਅਸ਼ੋਕ ਭੌਰਾ ਨੇ ਦੁੱਲੇ ਨੂੰ ਮੁਬਾਰਕਬਾਦ ਦਿੱਤੀ।

# ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਵੱਲੋਂ ਡਾ. ਨਬੀਲਾ ਰਹਿਮਾਨ ਦਾ ਸਨਮਾਨ

**ਸਰੀ (ਹਰਦਮ ਮਾਨ):** ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਲਹਿੰਦੇ ਪੰਜਾਬ ਤੋਂ ਆਈ ਨਾਮਵਰ ਅਦੀਬ ਅਤੇ ਯੂਨੀਵਰਸਿਟੀ ਆਫ ਝੰਗ ਦੀ ਵਾਈਸ ਚਾਂਸਲਰ ਡਾ. ਨਬੀਲਾ ਰਹਿਮਾਨ ਦੇ ਸਨਮਾਨ ਵਿਚ ਵਿਸ਼ੇਸ਼ ਸਮਾਗਮ ਰਚਾਇਆ ਗਿਆ ਜਿਸ ਵਿਚ ਸਰੀ, ਵੈਨਕੂਵਰ ਦੀਆਂ ਉਘੀਆਂ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ-ਰਵਾਂ ਜੈਤੇਗ ਸਿੰਘ ਅਨੰਤ ਨੇ ਡਾ. ਨਬੀਲਾ ਰਹਿਮਾਨ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਨਾਲ ਆਪਣੀ ਪਿਛਲੇ ਦਸ ਸਾਲਾਂ ਦੀ ਸਾਂਝ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਡਾ. ਨਬੀਲਾ ਰਹਿਮਾਨ ਲਹਿੰਦੇ ਪੰਜਾਬ ਵਿਚ ਉਸ ਸੰਸਥਾ ਦੇ ਮੁਖੀ ਹਨ ਜਿਹੜੀ ਸਭ ਤੋਂ ਪਹਿਲਾਂ ਬਣੀ ਸੀ ਅਤੇ ਜਿੱਥੇ ਪੰਜਾਬੀ ਸਭ ਤੋਂ ਪਹਿਲਾਂ ਲਾਗੂ ਹੋਈ ਸੀ, ਪੰਜਾਬ ਯੂਨੀਵਰਸਿਟੀ ਲਾਹੌਰ ਉਸ ਤੋਂ ਬਾਅਦ ਵਿਚ ਬਣੀ। ਇਸ ਸੰਸਥਾ ਦੇ ਅਖੀਰਲੇ ਮੁਖੀ ਡਾ. ਮੋਹਨ ਸਿੰਘ ਦੀਵਾਨਾ ਸਨ। ਡਾ. ਨਬੀਲਾ ਰਹਿਮਾਨ ਦੀ ਰਹਿਨੁਮਾਈ ਹੇਠ ਪੰਜਾਬੀ ਵਿਚ ਪੀਐਚਡੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਨੇ ਜਪੁਜੀ ਸਾਹਿਬ ਨੂੰ ਸਿਲੇਬਸ ਵਿਚ ਲਾਗੂ ਕਰਵਾਇਆ ਅਤੇ ਗੁਰੂ ਗਰੰਥ ਉੱਪਰ ਸਟੱਡੀ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਪੰਜਾਬ ਯੂਨੀਵਰਸਿਟੀ ਵਿਚ ਗੁਰੂ ਨਾਨਕ ਚੇਅਰ ਦੀ ਸਥਾਪਨਾ ਵਿਚ ਇਨ੍ਹਾਂ ਦਾ ਬੜਾ ਵੱਡਾ ਹੱਥ ਰਿਹਾ ਹੈ। ਸਿੱਖ ਵਿਚਾਰਧਾਰਾ ਉੱਪਰ ਇਨ੍ਹਾਂ ਦੀ ਬਹੁਤ ਪਕੜ ਹੈ। ਡਾ. ਨਬੀਲਾ ਰਹਿਮਾਨ ਨੇ ਕਿਹਾ ਕਿ ਪਾਕਿਸਤਾਨ ਵਿਚ ਪੰਜਾਬੀਆਂ ਲਈ ਆਪਣੀ ਸ਼ਨਾਖ਼ਤ ਦਾ ਮਸਲਾ ਬਹੁਤ ਸੰਗੀਨ ਹੈ। ਉੱਥੇ ਪੰਜਾਬੀ ਬੋਲਣ ਜਾਂ ਪੜ੍ਹਨ ਵਾਲੇ ਨੂੰ ਕੋਈ ਵਿਸ਼ੇਸ਼ ਮਹੱਤਤਾ ਨਹੀਂ ਦਿੱਤੀ ਜਾਂਦੀ। ਬ੍ਰਿਟਿਸ਼ ਰਾਜ ਸਮੇਂ ਪੰਜਾਬੀ ਨਾਲ ਜੋ ਵਿਹਾਰ ਕੀਤਾ ਜਾਂਦਾ ਸੀ, ਪਾਕਿਸਤਾਨ ਤੋਂ ਬਾਅਦ ਵੀ ਪੰਜਾਬੀ ਪ੍ਰਤੀ ਅੰਗਰੇਜ਼ਾਂ ਵਾਲੀ ਪਾਲਸੀ ਕਈ ਦਹਾਕੇ ਕਾਇਮ ਰਹੀ। ਪੰਜਾਬ ਅਤੇ ਪੰਜਾਬੀ ਦੀ ਗੱਲ ਕਰਨ ਵਾਲੇ ਨੂੰ ਦੇਸ਼ ਅਤੇ ਧਰਮ ਵਿਰੋਧੀ ਸਮਝਿਆ ਜਾਂਦਾ ਸੀ। ਫਿਰ ਇਕ ਵਕਤ ਆਇਆ ਕਿ ਦੁਨੀਆਂ ਭਰ ਦੀਆਂ ਯੋਜਨਾਵਾਂ ਬਦਲੀਆਂ। ਪਾਕਿਸਤਾਨ ਵਿਚ ਵੀ ਗਿਆਨ ਦੀ ਲੋੜ ਪਈ ਤਾਂ ਉਸ ਸਮੇਂ ਬਾਬਾ ਫਰੀਦ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਿਸ ਸ਼ਾਹ ਦਾ ਚੇਤਾ ਆਇਆ ਅਤੇ ਫੇਰ ਪੰਜਾਬੀ ਦੀ ਥੋੜ੍ਹੀ ਜਿਹੀ ਵੁੱਕਤ ਪਈ। ਪਰ ਫੇਰ ਵੀ ਇਸ ਦੌਰਾਨ ਪੰਜਾਬੀ ਸਭਿਆਚਾਰ ਨੂੰ ਸੱਟ ਮਾਰਨ ਲਈ ਫਿਲਮਾਂ ਰਾਹੀਂ ਪੰਜਾਬੀਆਂ ਦੇ ਨਾਂਹ-ਪੱਖੀ ਕਿਰਦਾਰਾਂ ਨੂੰ ਜਾਣਬੁੱਝ ਕੇ ਉਭਾਰਿਆ ਗਿਆ ਅਤੇ ਪੰਜਾਬੀਆਂ ਨੂੰ ਉਜੱਡ ਜਾਂ ਜਾਹਿਲ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਅਜਿਹੇ ਹਾਲਾਤ ਵਿਚ ਵੀ ਪੰਜਾਬੀ ਦੇ ਮੁੱਦਈ ਆਪਣੀ ਆਵਾਜ਼ ਉਠਾਉਂਦੇ ਰਹੇ।

ਪੰਜਾਬੀ ਦੀ ਤਾਜ਼ਾ ਸਥਿਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਹੁਣ ਗੁਰੂ ਗਰੰਥ ਸਾਹਿਬ, ਜਪੁਜੀ ਸਾਹਿਬ ਕਾਲਜਾਂ ਦੇ ਸਿਲੇਬਸ ਵਿਚ ਲਾਗੂ ਕੀਤੇ ਗਏ ਹਨ। ਗੁਰੂ ਨਾਨਕ ਚੇਅਰ ਪੰਜਾਬੀ ਵਿਭਾਗ ਵਿਚ ਸਥਾਪਿਤ ਕੀਤੀ ਗਈ ਹੈ। ਅਸੀਂ ਸਾਹਿਤਕ ਇਤਿਹਾਸ, ਧਾਰਮਿਕ ਇਤਿਹਾਸ, ਮਨੁੱਖਤਾਵਾਦੀ ਸੋਚ, ਪਿਆਰ ਨੂੰ ਫੈਲਾਉਣ ਦਾ ਚਾਰਾ ਕਰ ਰਹੇ ਹਾਂ। ਅਸੀਂ ਹੁਣ ਕਹਿ ਰਹੇ ਕਿ 'ਸਰਹੱਦਾਂ ਦੇ ਬੂਹੇ ਤੁਸੀਂ ਖੋਲ੍ਹੋ, ਸੋਚਾਂ ਦੇ ਬੂਹੇ ਅਸੀਂ ਖੋਲ੍ਹਾਂਗੇ'।

ਇਸ ਗੱਲਬਾਤ ਸਮੇਂ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਅਤੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ, ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ ਸਰੀ ਦੇ ਬਾਨੀ ਪ੍ਰਧਾਨ ਜਗਤਾਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਨਿਊ ਵੈਸਟਮਿਨਸਟਰ ਦੇ ਪ੍ਰਧਾਨ ਹਰਭਜਨ ਸਿੰਘ ਅਟਵਾਲ, ਪ੍ਰਸਿੱਧ ਰੇਡੀਓ, ਟੀਵੀ ਹੋਸਟ ਹਰਪ੍ਰੀਤ ਸਿੰਘ, ਖਾਲਸਾ ਸਕੂਲ ਦੇ ਗਿਆਨੀ ਕੁਲਵਿੰਦਰ ਸਿੰਘ, ਲਖਬੀਰ ਸਿੰਘ ਖੰਗੂੜਾ, ਬਹੁਪੱਖੀ ਸਾਹਿਤਕਾਰ ਬਿੱਕਰ ਸਿੰਘ ਖੋਸਾ, ਕਵਿੱਤਰੀ ਹਰਸ਼ਰਨ ਕੌਰ, ਸ਼ਾਇਰ ਹਰਦਮ ਸਿੰਘ ਮਾਨ ਅਤੇ ਜਰਨੈਲ ਸਿੰਘ ਸਿੱਧੂ ਮੌਜੂਦ ਸਨ।

ਇਸ ਮੌਕੇ ਹਾਜ਼ਰ ਲੇਖਕਾਂ ਵੱਲੋਂ ਆਪਣੀਆਂ ਪੁਸਤਕਾਂ ਡਾ. ਨਬੀਲਾ ਰਹਿਮਾਨ ਨੂੰ ਭੇਟ ਕੀਤੀਆਂ ਗਈਆਂ ਅਤੇ ਗਿਆਨੀ ਗੁਰਦਿੱਤ ਸਿੰਘ ਬਾਰੇ ਵੱਡ ਆਕਾਰੀ ਸੰਪਾਦਿਤ ਪੁਸਤਕ ਉਨ੍ਹਾਂ ਨੂੰ ਜੈਤੇਗ ਸਿੰਘ ਅਨੰਤ ਵੱਲੋਂ ਦਿੱਤੀ ਗਈ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਪਲੇਕ ਅਤੇ ਸ਼ਾਲ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮਾਣ ਸਨਮਾਨ, ਪਿਆਰ ਸਤਿਕਾਰ ਲਈ ਡਾ. ਨਬੀਲਾ ਰਹਿਮਾਨ ਨੇ ਜੈਤੇਗ ਸਿੰਘ ਅਨੰਤ ਅਤੇ ਸਭਨਾਂ ਸ਼ਖ਼ਸੀਅਤਾਂ ਦਾ ਸ਼ੁਕਰੀਆ ਅਦਾ ਕੀਤਾ।

# Matrimonials

## ਲੜਕੀ ਦੀ ਲੋੜ ਹੈ

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028

36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com

34-37

Sikh family looking for a USA or Canada match for their 83 born son, 5'10" completed his Civil Engineering diploma. Never married. He is in India, and has his own property. Has family in the USA. Please whatapp: 262-960-7366. Serious inquiries only.

34-37

## ਲੜਕੇ ਦੀ ਲੋੜ ਹੈ

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai Family looking for a suitable match for their daughter U.S. citizen, 26 years, 5'6". Study of Bachelor Science in final year dental student, Persuing DMD degree. Family & siblings are US Citizens. Please Contact us at: 516-510-9744

39-42

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

Sikh family belongs to Ludhiana Punjab, looking for a US or Canadian Citizen match for their daughter, 35, 5'9'' divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.

34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਪ ਸਰਕਾਰ ਨੇ ਡੇਢ ਵਰ੍ਹੇ 'ਚ ਚੁੱਕੇ ਕਰਜ਼ੇ ਦਾ ਦਿੱਤਾ ਲੇਖਾ-ਜੋਖਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਹ ਹਜ਼ਾਰ ਕਰੋੜ ਦੇ ਕਰਜ਼ੇ ਦਾ ਲੇਖਾ-ਜੋਖਾ ਪੇਸ਼ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨੇ ਡੇਢ ਵਰ੍ਹੇ ਦੇ ਕਾਰਜਕਾਲ ਦੌਰਾਨ ਕਰੀਬ 47,109 ਕਰੋੜ ਦਾ ਕਰਜ਼ਾ ਚੁੱਕਿਆ ਹੈ, ਜਿਸ ਵਿਚੋਂ 57 ਫ਼ੀਸਦੀ ਰਕਮ ਤਾਂ ਪਿਛਲੀਆਂ ਸਰਕਾਰਾਂ ਵੱਲੋਂ ਚੁੱਕੇ ਕਰਜ਼ੇ ਦੇ ਵਿਆਜ ਵਜੋਂ ਤਾਰੀ ਗਈ ਹੈ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸਰਕਾਰ ਤੋਂ ਪੰਜਾਬ ਸਿਰ ਚੜ੍ਹੇ 50 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਤਫ਼ਸੀਲ ਅਤੇ ਇਸ ਕਰਜ਼ੇ ਦੀ ਵਰਤੋਂ ਦਾ ਵਿਸਥਾਰ ਮੰਗਿਆ ਸੀ। ਵਿਰੋਧੀ ਧਿਰਾਂ ਨੇ ਵੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਸੀ।

ਵਿੱਤ ਮੰਤਰੀ ਚੀਮਾ ਨੇ ਮੀਡੀਆ ਕੋਲ ਇਹ ਤੱਥ ਨਸ਼ਰ ਕੀਤੇ ਹਨ ਕਿ ਇਹ ਕਰਜ਼ਾ ਕਿੱਥੇ ਕਿੱਥੇ ਵਰਤਿਆ ਗਿਆ ਹੈ। ਚੀਮਾ ਨੇ ਰਾਜਪਾਲ ਅਤੇ ਵਿਰੋਧੀ ਧਿਰਾਂ 'ਤੇ ਤਿੱਖੇ ਹਮਲੇ ਵੀ ਕੀਤੇ। ਉਨ੍ਹਾਂ ਦੱਸਿਆ ਕਿ ਲੰਘੇ ਡੇਢ ਸਾਲ ਦੌਰਾਨ 50 ਹਜ਼ਾਰ ਕਰੋੜ ਦਾ ਨਹੀਂ ਬਲਕਿ 47,109 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਗਿਆ ਹੈ ਜਿਸ 'ਚੋਂ 27,106 ਕਰੋੜ ਰੁਪਏ ਤਾਂ ਪੁਰਾਣੇ ਕਰਜ਼ ਦੇ ਵਿਆਜ ਵਜੋਂ ਮੋੜੇ ਗਏ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੌਰਾਨ 32,448 ਕਰੋੜ ਅਤੇ ਚਲੰਤ ਵਰ੍ਹੇ 2023 ਤੋਂ 31 ਅਗਸਤ 2023 ਤੱਕ 14,661 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਵਿੱਤੀ ਮੰਤਰੀ ਨੇ 47,109 ਕਰੋੜ ਦੇ ਕਰਜ਼ੇ ਦੇ ਜਵਾਬ ਵਜੋਂ 48,530 ਕਰੋੜ ਦੇ ਤੱਥ ਪੇਸ਼ ਕੀਤੇ।

ਉਨ੍ਹਾਂ ਦੱਸਿਆ ਕਿ ਇਸ ਕਰਜ਼ੇ 'ਚੋਂ 10,208 ਕਰੋੜ ਰੁਪਏ ਪੂੰਜੀਗਤ ਖ਼ਰਚੇ 'ਤੇ ਲਾਏ ਗਏ ਹਨ ਅਤੇ ਇਸੇ ਤਰ੍ਹਾਂ ਪੰਜਾਬ ਰਾਜ ਸਹਿਕਾਰੀ ਖੇਤੀ ਵਿਕਾਸ ਬੈਂਕ ਅਤੇ ਪਨਸਪ ਦੇ 1148 ਕਰੋੜ ਦੇ ਕਰਜ਼ੇ ਨੂੰ ਵੀ ਸਹਿਣ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਦੇ ਬਿਜਲੀ ਸਬਸਿਡੀ ਵਜੋਂ 2556 ਕਰੋੜ ਦੇ ਬਕਾਏ ਨੂੰ ਵੀ ਤਾਰਿਆ ਗਿਆ ਹੈ। ਇਵੇਂ ਹੀ ਗੰਨਾ ਕਾਸ਼ਤਕਾਰਾਂ ਦੇ 1008 ਕਰੋੜ, ਕੇਂਦਰੀ ਸਪਾਂਸਰਡ ਸਕੀਮਾਂ ਦੇ 1750 ਕਰੋੜ ਅਤੇ ਪੇਂਡੂ ਵਿਕਾਸ ਫ਼ੰਡ ਦੇ 798 ਕਰੋੜ ਰੁਪਏ ਤਾਰੇ ਗਏ ਹਨ।

## ਦਿੱਲੀ ਕਮੇਟੀ ਦੇ ਵਫ਼ਦ ਵੱਲੋਂ ਅਮਿਤ ਸ਼ਾਹ ਨਾਲ ਮੁਲਾਕਾਤ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠਲੇ ਵਫ਼ਦ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਬਾਰੇ ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਵਫ਼ਦ ਨਾਲ ਅਮਿਤ ਸਾਹ ਦੀ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਚੱਲ ਰਹੇ ਕੇਸਾਂ ਬਾਰੇ ਚਰਚਾ ਹੋਈ। ਵਫ਼ਦ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਸੱਜਣ ਕੁਮਾਰ ਨੂੰ ਇਕ ਕੇਸ ਵਿਚ ਬਰੀ ਕਰ ਦਿੱਤੇ ਜਾਣ ਨਾਲ ਸਿੱਖਾਂ ਦੇ ਮਨ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵਫ਼ਦ ਨੇ ਗੁਰਦੁਆਰਾ ਡਾਂਗਮਾਰ ਸਾਹਿਬ, ਗੁਰਦੁਆਰਾ ਗਿਆਨ ਗੋਦੜੀ ਸਾਹਿਬ ਤੇ ਸ਼ਿਲਾਂਗ ਦੇ ਸਿੱਖਾਂ ਬਾਰੇ ਕੇਂਦਰੀ ਗ੍ਰਹਿ ਮੰਤਰੀ ਨਾਲ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰੀ ਨੇ ਤਸੱਲੀਬਖ਼ਸ਼ ਜਵਾਬ ਦਿੱਤੇ ਤੇ ਭਰੋਸਾ ਦਿੱਤਾ ਕਿ ਇਨ੍ਹਾਂ ਮਸਲਿਆਂ ਬਾਰੇ ਜਲਦੀ ਹੀ ਕਾਰਵਾਈ ਕੀਤੀ ਜਾਵੇਗੀ।

## ਆੜ੍ਹਤੀਆਂ ਵੱਲੋਂ ਐਫ.ਸੀ.ਆਈ. ਦੇ ਬਾਈਕਾਟ ਦਾ ਐਲਾਨ

**ਮੋਗਾ:** ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੀ ਸੂਬਾ ਪੱਧਰੀ ਰੈਲੀ ਵਿਚ ਝੋਨੇ ਦੇ ਸੀਜ਼ਨ ਦੌਰਾਨ ਕੇਂਦਰੀ ਖਰੀਦ ਏਜੰਸੀ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਦੇ ਬਾਈਕਾਟ ਦਾ ਫੈਸਲਾ ਕੀਤਾ ਗਿਆ ਹੈ। ਇਹ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ 11 ਅਕਤੂਬਰ ਨੂੰ ਸੂਬੇ ਭਰ 'ਚ ਅਨਾਜ ਮੰਡੀਆਂ ਬੰਦ ਰੱਖੀਆਂ ਜਾਣਗੀਆਂ।

ਇਸ ਮੌਕੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਵਿਜੈ ਕਾਲੜਾ ਨੇ ਕਿਹਾ ਕਿ ਐਫ.ਸੀ.ਆਈ. ਚਾਰ ਸਾਲਾਂ ਤੋਂ ਆੜ੍ਹਤੀਆਂ ਦਾ ਸ਼ੋਸ਼ਣ ਕਰ ਰਹੀ ਹੈ। ਉਨ੍ਹਾਂ ਦੇ ਈ.ਪੀ.ਐਫ. ਦੀ ਰਾਸ਼ੀ 35 ਕਰੋੜ ਰੋਕੀ ਹੋਈ ਹੈ। ਜੇ ਸਰਕਾਰ ਨੇ ਕਮਿਸ਼ਨ ਏਜੰਟਾਂ ਦੀਆਂ ਚਾਰ ਨੁਕਾਤੀ ਮੰਗਾਂ ਨਾ ਮੰਨੀਆਂ ਤਾਂ 3 ਅਕਤੂਬਰ ਨੂੰ ਐਸੋਸੀਏਸ਼ਨ ਚੰਡੀਗੜ੍ਹ ਵਿਚ ਐਫ.ਸੀ.ਆਈ. ਦੇ ਖੇਤਰੀ ਦਫ਼ਤਰ ਦੇ ਬਾਹਰ ਧਰਨਾ ਦੇਵੇਗੀ ਤੇ 11 ਅਕਤੂਬਰ ਤੋਂ ਪੰਜਾਬ ਭਰ ਦੀਆਂ ਮੰਡੀਆਂ 'ਚ ਹੜਤਾਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਫ.ਸੀ.ਆਈ. ਨੇ ਮਜ਼ਦੂਰਾਂ ਦੇ ਨਾਮ ਉੱਤੇ ਕਮਿਸ਼ਨ ਏਜੰਟਾਂ ਤੋਂ ਅੱਧਾ ਹਿੱਸਾ ਕੱਟ ਲਿਆ ਹੈ ਜਦੋਂਕਿ ਕਮਿਸ਼ਨ ਏਜੰਟਾਂ ਕੋਲ ਕੋਈ ਪੱਕੀ ਲੇਬਰ ਨਹੀਂ ਹੈ ਤੇ ਉਹ ਈ.ਪੀ.ਐਫ. ਦੇ ਦਾਇਰੇ ਵਿੱਚ ਨਹੀਂ ਆਉਂਦੇ ਹਨ, ਫਿਰ ਵੀ ਉਨ੍ਹਾਂ ਤੋਂ ਇਹ ਰਕਮ ਕੱਟੀ ਜਾ ਰਹੀ ਹੈ। ਇਹ ਕੇਂਦਰੀ ਏਜੰਸੀ ਸੂਬੇ ਦੀਆਂ ਮੰਡੀਆਂ ਵਿਚੋਂ ਝੋਨੇ ਦੀ ਖਰੀਦ 10 ਫ਼ੀਸਦੀ ਕਰਦੀ ਹੈ ਜਦੋਂਕਿ ਸੂਬੇ ਦੀਆਂ ਖਰੀਦ ਏਜੰਸੀਆਂ 90 ਫ਼ੀਸਦੀ ਖਰੀਦ ਕਰਦੀਆਂ ਹਨ ਪਰ ਉਹ ਈ.ਪੀ.ਐੱਫ. ਫੰਡ ਨਹੀਂ ਕੱਟਦੀਆਂ।

## ਭਾਜਪਾ ਦੇ ਬਾਗੀਆਂ ਨੂੰ ਘੂਰਿਆ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨੇ ਸੂਬਾਈ ਸੰਗਠਨ ਵਿਚ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦਾ ਵਿਰੋਧ ਕਰ ਰਹੇ ਟਕਸਾਲੀ ਭਾਜਪਾ ਆਗੂਆਂ ਨੂੰ ਸਖ਼ਤੀ ਨਾਲ ਕਾਬੂ ਕਰਨ ਦੇ ਸੰਕੇਤ ਦਿੱਤੇ ਹਨ। ਪਾਰਟੀ ਵੱਲੋਂ ਸੂਬਾਈ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਵਿਚ ਕਾਂਗਰਸ ਛੱਡ ਕੇ ਭਗਵੇ ਰੰਗ 'ਚ ਰੰਗੇ ਸਿਆਸੀ ਆਗੂਆਂ ਨੂੰ ਅਹੁਦੇ ਦੇਣ ਤੋਂ ਪਾਰਟੀ ਦੇ ਇਕ ਵਰਗ 'ਚ ਨਾਰਾਜ਼ਗੀ ਪਾਈ ਜਾ ਰਹੀ ਹੈ। ਇਸੇ ਨਾਰਾਜ਼ਗੀ ਦੇ ਚਲਦਿਆਂ ਟਕਸਾਲੀ ਆਗੂਆਂ ਦੇ ਇਕ ਧੜੇ ਨੇ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਵਿਚ ਮੀਟਿੰਗ ਸੱਦੀ। ਭਾਜਪਾ ਦਫ਼ਤਰ 'ਤੇ ਤਾਇਨਾਤ ਸੁਰੱਖਿਆ ਅਮਲੇ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਪਾਰਟੀ ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਮੀਟਿੰਗ ਕਰਨ ਆ ਰਹੇ ਕਿਸੇ ਵੀ ਟਕਸਾਲੀ ਆਗੂ ਨੂੰ ਦਫ਼ਤਰ ਦੇ ਨੇੜੇ ਨਾ ਫਟਕਣ ਦਿੱਤਾ ਜਾਵੇ। ਇਸ ਧੜੇ ਦੀ ਅਗਵਾਈ ਕਰਨ ਵਾਲੇ ਆਗੂ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਸੀਨੀਅਰ ਆਗੂਆਂ ਦੀਆਂ ਹਦਾਇਤਾਂ 'ਤੇ ਟਕਸਾਲੀ ਆਗੂਆਂ ਨੂੰ ਪਾਰਟੀ ਦਫ਼ਤਰ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ। ਸ੍ਰੀ ਗਰੇਵਾਲ ਨੇ ਕਿਹਾ ਕਿ ਜਲਦੀ ਹੀ ਭਵਿੱਖ ਦੀ ਰਣਨੀਤੀ ਉਲੀਕੀ ਜਾਵੇਗੀ।

## ਚੀਨੀ ਰਾਜਦੂਤ ਵੱਲੋਂ ਰਿਸ਼ਤੇ ਮਜ਼ਬੂਤ ਕਰਨ ਦਾ ਸੱਦਾ

**ਕੋਲਕਾਤਾ:** ਅਰੁਣਾਚਲ ਪ੍ਰਦੇਸ਼ ਰਾਜ ਨਾਲ ਸਬੰਧਤ ਭਾਰਤ ਦੇ ਤਿੰਨ ਵੁਸ਼ੂ ਖਿਡਾਰੀਆਂ ਨੂੰ ਏਸ਼ਿਆਈ ਖੇਡਾਂ ਲਈ ਚੀਨ ਵੱਲੋਂ ਵੀਜ਼ਾ ਨਾ ਦੇਣ 'ਤੇ ਖੜ੍ਹੇ ਹੋਏ ਵਿਵਾਦ ਦਰਮਿਆਨ ਚੀਨੀ ਰਾਜਦੂਤ ਝਾ ਲੀਯੂ ਨੇ ਇੱਥੇ ਦੁਵੱਲੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਕੋਲਕਾਤਾ ਵਿਚ ਚੀਨ ਦੇ ਕੌਂਸਲ ਜਨਰਲ ਲੀਯੂ ਨੇ ਕਿਹਾ ਕਿ ਵਰਤਮਾਨ 'ਚ ਦੋਵਾਂ ਮੁਲਕਾਂ ਦੇ ਰਿਸ਼ਤੇ 'ਲਗਭਗ ਸਥਿਰ ਹਨ ਤੇ ਦੋਵਾਂ ਦੇਸ਼ਾਂ ਦੇ ਆਗੂ ਸੰਵਾਦ ਤੇ ਗੱਲਬਾਤ ਕਾਇਮ ਰੱਖ ਰਹੇ ਹਨ।' 'ਪੀਪਲਜ਼ ਰਿਪਬਲਿਕ ਆਫ ਚਾਈਨਾ' ਦੀ ਸਥਾਪਨਾ ਦੀ 74ਵੀਂ ਵਰ੍ਹੇਗੰਢ ਮੌਕੇ ਲੀਯੂ ਨੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਿਹਾ, 'ਚੀਨ ਦੋਵਾਂ ਮੁਲਕਾਂ ਦੇ ਆਗੂਆਂ ਵਿਚਾਲੇ ਬਣੀ ਮਹੱਤਵਪੂਰਨ ਸਹਿਮਤੀ ਨੂੰ ਲਾਗੂ ਕਰਨ ਲਈ ਭਾਰਤ ਨਾਲ ਮਿਲ ਕੇ ਕੰਮ ਕਰਨਾ ਚਾਹੁੰਦਾ ਹੈ, ਇਸ ਦੇ ਨਾਲ ਹੀ ਉਹ ਸੰਵਾਦ ਤੇ ਗੱਲਬਾਤ ਨੂੰ ਮਜ਼ਬੂਤ ਕਰਨ, ਦਖਲਅੰਦਾਜੀ ਦੀਆਂ ਮੁਸ਼ਕਲਾਂ ਤੋਂ ਪਾਰ ਪਾਉਣ ਤੇ ਸਥਾਈ ਤੌਰ 'ਤੇ ਦੁਵੱਲੇ ਰਿਸ਼ਤਿਆਂ ਦੇ ਵਿਕਾਸ ਨੂੰ ਹੁਲਾਰਾ ਦੇਣ ਦਾ ਚਾਹਵਾਨ ਹੈ।' ਲੀਯੂ ਨੇ ਨਾਲ ਹੀ ਕਿਹਾ ਕਿ ਚੀਨ ਆਲਮੀ ਸ਼ਾਂਤੀ ਦੇ ਨਿਰਮਾਤਾ, ਆਲਮੀ ਵਿਕਾਸ ਦੇ ਹਿੱਸੇਦਾਰ ਤੇ ਇਕ ਵਿਆਪਕ ਦ੍ਰਿਸ਼ਟੀਕੋਣ ਨਾਲ ਕੌਮਾਂਤਰੀ ਵਿਵਸਥਾ ਦੇ ਰਾਖੇ ਵਜੋਂ ਗੁਆਂਢੀ ਮੁਲਕ ਭਾਰਤ ਸਣੇ ਸਾਰੀਆਂ ਧਿਰਾਂ ਮਿਲ ਕੇ ਕੰਮ ਕਰਨ ਦਾ ਚਾਹਵਾਨ ਹੈ।

## ਭਾਰਤੀ ਕੌਂਸਲਖਾਨਿਆਂ ਬਾਹਰ ਪ੍ਰਦਰਸ਼ਨ

**ਟੋਰਾਂਟੋ:** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਖਾਲਿਸਤਾਨ ਸਮਰਥਕਾਂ ਨੇ ਵੈਨਕੂਵਰ, ਓਟਵਾ ਅਤੇ ਟੋਰਾਂਟੋ ਵਿਚ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਰੈਲੀਆਂ ਕੀਤੀਆਂ। ਵੈਨਕੂਵਰ ਵਿਚ ਪ੍ਰਦਰਸ਼ਨਕਾਰੀ ਭਾਰਤ ਦੇ ਕੌਂਸਲ ਜਨਰਲ ਦੇ ਬਾਹਰ ਇਕੱਠੇ ਹੋਏ ਤੇ ਨਾਅਰੇਬਾਜ਼ੀ ਕੀਤੀ। ਟੋਰਾਂਟੋ ਅਤੇ ਓਟਵਾ ਵਿਚ ਵੀ ਭਾਰਤੀ ਹਾਈ ਕਮਿਸ਼ਨ ਦੇ ਸਾਹਮਣੇ ਪ੍ਰਦਰਸ਼ਨ ਕਰਦਿਆਂ ਭਾਰਤ ਨੂੰ ਨਿੱਝਰ ਦੇ ਕਤਲ ਦੀ ਜਾਂਚ ਵਿਚ ਕੈਨੇਡੀਅਨ ਸਰਕਾਰ ਨਾਲ ਸਹਿਯੋਗ ਕਰਨ ਦਾ ਸੱਦਾ ਦਿੱਤਾ।

## ਅਦਾਕਾਰਾ ਵਹੀਦਾ ਰਹਿਮਾਨ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੇਣ ਦਾ ਐਲਾਨ

**ਨਵੀਂ ਦਿੱਲੀ:** ਆਪਣੇ ਵੇਲੇ ਦੀ ਮਹਾਨ ਅਦਾਕਾਰਾ ਵਹੀਦਾ ਰਹਿਮਾਨ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਇਸ ਸਾਲ ਦਾਦਾ ਸਾਹਿਬ ਫਾਲਕੇ ਐਵਾਰਡ ਲਈ ਚੁਣਿਆ ਗਿਆ ਹੈ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਇਸ ਦਾ ਐਲਾਨ ਕੀਤਾ। ਵਹੀਦਾ ਰਹਿਮਾਨ ਨੂੰ ਪਿਆਸਾ, ਸੀ.ਆਈ.ਡੀ, ਗਾਈਡ, ਕਾਗ਼ਜ਼ ਕੇ ਫੂਲ, ਖਾਮੋਸ਼ੀ ਅਤੇ ਤ੍ਰਿਸ਼ੂਲ ਵਰਗੀਆਂ ਫਿਲਮਾਂ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਹੈ। 85 ਸਾਲਾ ਅਦਾਕਾਰਾ ਨੇ 1955 ਵਿਚ ਤੇਲਗੂ ਫਿਲਮਾਂ ਰੋਜੁਲੂ ਮਰਾਏ ਅਤੇ ਜੈਸਿਮਹਾ ਨਾਲ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਆਪਣੀ ਹਿੰਦੀ ਸਿਨੇਮਾ ਦੀ ਸ਼ੁਰੂਆਤ ਸੀ.ਆਈ.ਡੀ. ਨਾਲ ਕੀਤੀ, ਜੋ 1956 ਵਿਚ ਦੇਵ ਆਨੰਦ ਨਾਲ ਸੀ। ਪੰਜ ਦਹਾਕਿਆਂ ਤੋਂ ਵੱਧ ਦੇ ਕਰੀਅਰ ਵਿਚ ਉਨ੍ਹਾਂ ਨੇ ਕਈ ਭਾਸ਼ਾਵਾਂ ਵਿਚ 90 ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ ਹੈ। ਉਨ੍ਹਾਂ ਨੂੰ ਰੇਸ਼ਮਾ ਅਤੇ ਸ਼ੇਰਾ (1971) ਵਿਚ ਕੌਮੀ ਫਿਲਮ ਪੁਰਸਕਾਰ ਮਿਲਿਆ। ਉਹ ਪਦਮਸ੍ਰੀ ਅਤੇ ਪਦਮ ਭੂਸ਼ਨ ਪ੍ਰਾਪਤ ਕਰ ਚੁੱਕੀ ਹੈ।

## ਕੈਨੇਡਾ-ਭਾਰਤ ਵਿਵਾਦ: 'ਵਿਸ਼ਵ ਗੁਰੂ' ਦੀ ਪਰਖ ਦਾ ਵੇਲਾ

*(ਪਹਿਲੇ ਸਫੇ ਦੀ ਬਾਕੀ)*

ਜਾਣਕਾਰੀ ਮੁਹੱਈਆ ਕਰਵਾਈ ਸੀ। ਹਾਲਾਂਕਿ ਓਟਵਾ ਨੇ ਜਿਹੜੀ ਜਾਣਕਾਰੀ ਇਕੱਤਰ ਕੀਤੀ ਸੀ, ਉਹ ਵਧੇਰੇ ਠੋਸ ਸੀ ਤੇ ਉਸੇ ਦੇ ਅਧਾਰ 'ਤੇ ਕੈਨੇਡਾ ਨੇ ਭਾਰਤ 'ਤੇ ਦੋਸ਼ ਲਾਏ ਹਨ।

ਇਹ ਵੀ ਜਾਣਕਾਰੀ ਹੈ ਕਿ ਫਾਈਵ ਆਈਜ਼ ਇੰਟੈਲੀਜੈਂਸ ਸ਼ੇਅਰਿੰਗ ਨੈੱਟਵਰਕ ਵਿਚ ਸ਼ਾਮਲ ਮੈਂਬਰ ਮੁਲਕਾਂ- ਅਮਰੀਕਾ, ਯੂਕੇ, ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਨੇ ਮੋਦੀ ਕੋਲ ਨਿੱਝਰ ਦੀ ਹੱਤਿਆ ਦਾ ਮਸਲਾ ਰੱਖਿਆ ਸੀ। ਰੋਜ਼ਨਾਮਚੇ ਨੇ ਕਿਹਾ ਕਿ ਕੈਨੇਡਾ ਨੇ ਫਾਈਵ ਆਈਜ਼ ਵਿਚਲੇ ਆਪਣੇ ਭਾਈਵਾਲਾਂ ਨੂੰ ਅਪੀਲ ਕੀਤੀ ਸੀ ਕਿ ਉਹ ਇਹ ਮਸਲਾ ਸਿੱਧੇ ਤੌਰ ਉਤੇ ਮੋਦੀ ਨਾਲ ਵਿਚਾਰਨ। ਟਰੂਡੋ ਦੀ ਅਪੀਲ ਮਗਰੋਂ ਆਗੂਆਂ ਨੇ ਜੀ-20 ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਕੋਲ ਫਿਕਰ ਜਤਾਇਆ ਸੀ।

ਕੈਨੇਡਾ ਦੇ ਰੱਖਿਆ ਮੰਤਰੀ ਬਿਲ ਬਲੇਅਰ ਨੇ ਹੱਤਿਆ ਨਾਲ ਜੁੜੇ ਘਟਨਾਕ੍ਰਮ ਮਗਰੋਂ ਭਾਰਤ ਵੱਲੋਂ ਚੁੱਕੇ ਗਏ ਕਦਮਾਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ ਜਿਸ 'ਚ ਨਵੀਂ ਦਿੱਲੀ ਵੱਲੋਂ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਬੰਦ ਕਰਨਾ ਵੀ ਸ਼ਾਮਲ ਹੈ। ਭਾਰਤ ਨੇ ਹਾਲ ਹੀ ਵਿਚ ਕੈਨੇਡਾ ਨੂੰ ਆਪਣਾ ਡਿਪਲੋਮੈਟਿਕ ਸਟਾਫ ਘਟਾਉਣ ਲਈ ਵੀ ਕਿਹਾ ਸੀ।

ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ 'ਚ ਜੂਨ ਵਿਚ ਹੋਈ ਹਰਦੀਪ ਨਿੱਝਰ ਦੀ ਹੱਤਿਆ ਦੇ ਮਾਮਲੇ 'ਤੇ ਭਾਰਤ-ਕੈਨੇਡਾ ਵਿਚਾਲੇ ਕੂਟਨੀਤਕ ਤਣਾਅ ਸਿਖਰਾਂ ਉਤੇ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੱਤਿਆ ਦੀ ਸਾਜ਼ਿਸ਼ ਵਿਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਦੋਵਾਂ ਮੁਲਕਾਂ ਨੇ ਇਕ-ਦੂਜੇ ਦੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ। ਭਾਰਤ ਨੇ ਕੈਨੇਡਾ ਦੇ ਦੋਸ਼ਾਂ ਨੂੰ 'ਬੇਤੁਕੇ ਤੇ ਪ੍ਰੇਰਿਤ' ਕਰਾਰ ਦਿੱਤਾ ਸੀ।

## ਲੰਡਾ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਖਾਲਿਸਤਾਨੀ ਲਖਬੀਰ ਸਿੰਘ ਸੰਧੂ ਉਰਫ ਲੰਡਾ ਦੇ ਸਾਥੀਆਂ ਦੇ 48 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਇਸ ਦੌਰਾਨ ਕਈ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ। ਲੰਡਾ ਅਤੇ ਹਰਵਿੰਦਰ ਸਿੰਘ ਸੰਧੂ ਉਰਫ ਰਿੰਦਾ ਉਤੇ ਭਾਰਤ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੀਆਂ ਦਹਿਸ਼ਤੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਭਾਰਤ ਵੱਲੋਂ ਵਿਦੇਸ਼ਾਂ ’ਚ ਬੈਠੇ ਖਾਲਿਸਤਾਨੀਆਂ ‘ਤੇ ਹੋਰ ਸਖਤੀ ਦੀ ਤਿਆਰੀ




**ਨਵੀਂ ਦਿੱਲੀ:** ਐਨ.ਆਈ.ਏ. ਵੱਲੋਂ ਅਤਿਵਾਦੀ ਐਲਾਨੇ ਗਏ ਗੁਰਪਤਵੰਤ ਸਿੰਘ ਪੰਨੂ ਦੀ ਜਾਇਦਾਦ ਜ਼ਬਤ ਕੀਤੇ ਜਾਣ ਤੋਂ ਬਾਅਦ ਭਾਰਤ ਸਰਕਾਰ ਨੇ ਹੁਣ ਏਜੰਸੀਆਂ ਨੂੰ ਅਜਿਹੇ ਹੋਰਾਂ ਅਨਸਰਾਂ ਦੀ ਸੰਪਤੀ ਦੀ ਸ਼ਨਾਖ਼ਤ ਕਰਨ ਲਈ ਕਿਹਾ ਹੈ ਜੋ ਭਾਰਤ ਨੂੰ ਲੋੜੀਂਦੇ ਹਨ ਤੇ ਬਾਹਰਲੇ ਮੁਲਕਾਂ ਵਿਚ ਬੈਠੇ ਹਨ।

ਮਾਮਲੇ ਨਾਲ ਜੁੜੇ ਸੂਤਰਾਂ ਮੁਤਾਬਕ ਸਰਕਾਰ ਨੇ ਏਜੰਸੀਆਂ ਨੂੰ ਬਾਹਰ ਬੈਠੇ ਅਜਿਹੇ ਅਨਸਰਾਂ ਦੀ ਜਾਇਦਾਦ ਦੀ ਸੂਚੀ ਬਣਾਉਣ ਲਈ ਕਹਿ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਏਜੰਸੀਆਂ ਨੂੰ ਅਮਰੀਕਾ, ਬਰਤਾਨੀਆ, ਕੈਨੇਡਾ ਤੇ ਆਸਟਰੇਲੀਆ ਵਿਚ ਰਹਿ ਰਹੇ ਖਾਲਿਸਤਾਨੀ ਲੋਕਾਂ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਦੇ ‘ਓਵਰਸੀਜ ਸਿਟੀਜ਼ਨਸ਼ਿਪ ਆਫ ਇੰਡੀਆ’ (ਓ.ਸੀ.ਆਈ.) ਕਾਰਡ ਰੱਦ ਕਰਨ ਬਾਰੇ ਕਿਹਾ ਹੈ ਤਾਂ ਕਿ ਉਹ ਭਾਰਤ ਨਾ ਆ ਸਕਣ। ਸੂਤਰਾਂ ਮੁਤਾਬਕ ਇਸ ਕਦਮ ਨਾਲ ਸਰਕਾਰ ਇਨ੍ਹਾਂ ਨੂੰ ਭਾਰਤ ਤੋਂ ਮਿਲਦੀ ਵਿੱਤੀ ਮਦਦ ਬੰਦ ਕਰਨਾ ਚਾਹੁੰਦੀ ਹੈ ਤੇ ਨਾਲ ਹੀ ਇਨ੍ਹਾਂ ਦਾ ਭਾਰਤ ਵਿਚ ਦਾਖਲਾ ਰੋਕਣਾ ਚਾਹੁੰਦੀ ਹੈ। ਸੂਤਰਾਂ ਮੁਤਾਬਕ ਸਰਕਾਰ ਨੇ ਅਮਰੀਕਾ, ਬਰਤਾਨੀਆ, ਕੈਨੇਡਾ, ਯੂ.ਏ.ਈ., ਪਾਕਿਸਤਾਨ ਤੇ ਹੋਰ ਮੁਲਕਾਂ ਵਿਚ ਫਰਾਰ ਹੋਏ 19 ਜਣਿਆਂ ਦੀ ਸੂਚੀ ਤਿਆਰ ਕੀਤੀ ਹੈ। ਇਸ ਵਿਚ ਬਰਤਾਨੀਆ ਬੈਠਾ ਪਰਮਜੀਤ ਸਿੰਘ ਪੰਮਾ, ਪਾਕਿਸਤਾਨ ’ਚ ਬੈਠਾ ਵਧਾਵਾ ਸਿੰਘ ਬੱਬਰ ਉਰਫ ਚਾਚਾ, ਕੁਲਵੰਤ ਸਿੰਘ ਮੁਠੱਡਾ (ਬਰਤਾਨੀਆ), ਜੇ.ਐੱਸ ਧਾਲੀਵਾਲ (ਅਮਰੀਕਾ), ਸੁਖਪਾਲ ਸਿੰਘ (ਬਰਤਾਨੀਆ), ਹਰੀਤ ਸਿੰਘ ਉਰਫ ਰਾਣਾ ਸਿੰਘ (ਅਮਰੀਕਾ), ਸਰਬਜੀਤ ਸਿੰਘ ਬੇਨੂਰ (ਬਰਤਾਨੀਆ), ਕੁਲਵੰਤ ਸਿੰਘ (ਬਰਤਾਨੀਆ), ਹਰਜਾਪ ਸਿੰਘ (ਅਮਰੀਕਾ), ਰਣਜੀਤ ਸਿੰਘ ਨੀਟਾ (ਪਾਕਿਸਤਾਨ), ਗੁਰਮੀਤ ਸਿੰਘ ਉਰਫ ਬੱਗਾ, ਗੁਰਪ੍ਰੀਤ ਸਿੰਘ ਉਰਫ ਬਾਗੀ (ਬਰਤਾਨੀਆ), ਜਸਮੀਨ ਸਿੰਘ ਹਕੀਮਜਾਦਾ (ਯੂ.ਏ.ਈ.), ਗੁਰਜੰਟ ਸਿੰਘ ਢਿੱਲੋਂ (ਆਸਟਰੇਲੀਆ), ਜਸਬੀਰ ਸਿੰਘ ਰੋਡੇ (ਯੂਰਪ ਤੇ ਕੈਨੇਡਾ), ਅਮਰਦੀਪ ਸਿੰਘ ਪੁਰੇਵਾਲ (ਅਮਰੀਕਾ), ਜਤਿੰਦਰ ਸਿੰਘ ਗਰੇਵਾਲ (ਕੈਨੇਡਾ) ਦਪਿੰਦਰ ਜੀਤ (ਬਰਤਾਨੀਆ) ਤੇ ਐੱਸ ਹਿੰਮਤ ਸਿੰਘ (ਅਮਰੀਕਾ) ਸ਼ਾਮਲ ਹਨ।

ਸੂਤਰਾਂ ਮੁਤਾਬਕ ਇਨ੍ਹਾਂ ਦੀ ਸੰਪਤੀ ਯੂ.ਏ.ਪੀ.ਏ. ਦੀ ਧਾਰਾ 33(5) ਤਹਿਤ ਜ਼ਬਤ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸੁਰੱਖਿਆ ਏਜੰਸੀਆਂ ਨੇ 11 ਜਣਿਆਂ ਦੀ ਸ਼ਨਾਖ਼ਤ ਕੀਤੀ ਸੀ, ਜਿਨ੍ਹਾਂ ਬਾਰੇ ਮੰਨਿਆ ਜਾ ਰਿਹਾ ਸੀ ਕਿ ਇਹ ਗੈਂਗਸਟਰ ਤੇ ਅਤਿਵਾਦੀ ਹਨ, ਤੇ ਇਸ ਵੇਲੇ ਕੈਨੇਡਾ, ਅਮਰੀਕਾ ਤੇ ਪਾਕਿਸਤਾਨ ਵਿਚ ਬੈਠੇ ਹਨ। ਸ਼ੱਕ ਜ਼ਾਹਿਰ ਕੀਤਾ ਗਿਆ ਸੀ ਕਿ ਇਨ੍ਹਾਂ ਵਿਚੋਂ 8 ਜਣੇ ਕੈਨੇਡਾ ਤੋਂ ਸਰਗਰਮੀਆਂ ਕਰ ਰਹੇ ਹਨ।

ਇਸ ਸੂਚੀ ਵਿਚ ਹਰਵਿੰਦਰ ਸੰਧੂ ਉਰਫ ਰਿੰਦਾ (ਪਾਕਿਸਤਾਨ), ਲਖਬੀਰ ਸਿੰਘ ਉਰਫ ਲੰਡਾ, ਸੁਖਦੂਲ ਸਿੰਘ ਉਰਫ ਸੁੱਖਾ ਦੁਨੇਕੇ (ਜੋ ਕਿ ਤਿੰਨ ਦਿਨ ਪਹਿਲਾਂ ਮਾਰਿਆ ਗਿਆ ਸੀ), ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ, ਰਮਨਦੀਪ ਸਿੰਘ ਉਰਫ ਰਮਨ ਜੱਜ, ਚਰਨਜੀਤ ਸਿੰਘ ਉਰਫ ਰਿੰਕੂ ਬੀਹਲਾ, ਸਨਾਵਰ ਢਿੱਲੋਂ ਤੇ ਗੁਰਪਿੰਦਰ ਸਿੰਘ ਉਰਫ ਬਾਬਾ ਡੱਲਾ ਸ਼ਾਮਲ ਹਨ। ਸੂਚੀ ਵਿਚ ਗੈਂਗਸਟਰ-ਦਹਿਸ਼ਤਗਰਦ ਗੌਰਵ ਪਟਿਆਲ ਲੱਕੀ ਤੇ ਅਨਮੋਲ ਬਿਸ਼ਨੋਈ ਦਾ ਨਾਂ ਵੀ ਹੈ ਤੇ ਮੰਨਿਆ ਜਾ ਰਿਹਾ ਹੈ ਕਿ ਇਹ ਅਮਰੀਕਾ ਵਿਚ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਇਸ ਕਾਰਵਾਈ ਨਾਲ ਭਾਰਤ ਵਿਚ ਇਨ੍ਹਾਂ ਦੀਆਂ ਸਰਗਰਮੀਆਂ ਰੋਕਣਾ ਚਾਹੁੰਦੀ ਹੈ ਤਾਂ ਕਿ ਇਹ ਇੱਥੇ ਹੋਰਾਂ ਨੌਜਵਾਨਾਂ ਨੂੰ ਗੁਮਰਾਹ ਕਰ ਕੇ ਆਪਣੇ ਨਾਲ ਨਾ ਜੋੜ ਸਕਣ, ਤੇ ਨੌਜਵਾਨ ਕੱਟੜਵਾਦ ਦੇ ਰਾਹ ਪੈਣ ਤੋਂ ਬਚ ਸਕਣ। ਸੂਤਰਾਂ ਦਾ ਕਹਿਣਾ ਹੈ ਕਿ ਪੰਨੂ ਕੇਸ ਵਿਚ ਐਨ.ਆਈ.ਏ. ਦੀ ਜਾਂਚ ‘ਚ ਖੁਲਾਸਾ ਹੋਇਆ ਹੈ ਕਿ ‘ਸਿੱਖਸ ਫਾਰ ਜਸਟਿਸ‘ ਸੰਗਠਨ ਸਾਈਬਰਸਪੇਸ ਦੀ ਵਰਤੋਂ ਕਰ ਕੇ ਨੌਜਵਾਨਾਂ ਨੂੰ ਕੱਟੜਵਾਦ ਵੱਲ ਤੋਰਨ ਤੇ ਅਪਰਾਧ ਕਰਨ ਲਈ ਭੜਕਾ ਰਿਹਾ ਹੈ। ਦੱਸਣਯੋਗ ਹੈ ਕਿ ‘ਸਿੱਖਸ ਫਾਰ ਜਸਟਿਸ‘ ਉਤੇ ਭਾਰਤ ਵਿਚ ਪਾਬੰਦੀ ਹੈ।

## ਕੈਨੇਡਾ ਨੇ ਕੋਈ ਖਾਸ ਜਾਣਕਾਰੀ ਸਾਂਝੀ ਨਹੀਂ ਕੀਤੀ: ਭਾਰਤ

**ਨਵੀਂ ਦਿੱਲੀ:** ਕੈਨੇਡਾ ਵੱਲੋਂ ਇਸ ਮਾਮਲੇ ਵਿਚ ਕੋਈ ਸੂਚਨਾ ਭਾਰਤ ਨਾਲ ਸਾਂਝੀ ਕੀਤੇ ਜਾਣ ਬਾਰੇ ਪੁੱਛਣ ‘ਤੇ ਨਵੀਂ ਦਿੱਲੀ ਵਿਚ ਵਿਦੇਸ਼ ਮੰਤਰਾਲੇ ਨੇ ਕਿਹਾ, ‘ਕੈਨੇਡਾ ਨੇ ਇਸ ਮਾਮਲੇ ‘ਤੇ ਉਦੋਂ ਜਾਂ ਉਸ ਤੋਂ ਪਹਿਲਾਂ ਜਾਂ ਬਾਅਦ ਵਿਚ ਕੋਈ ਖਾਸ ਜਾਣਕਾਰੀ ਸਾਂਝੀ ਨਹੀਂ ਕੀਤੀ। ਤੁਸੀਂ ਜਾਣਦੇ ਹੋ, ਜਿਵੇਂ ਅਸੀਂ ਪਹਿਲਾਂ ਵੀ ਕਿਹਾ ਹੈ ਤੇ ਸਪੱਸ਼ਟ ਕੀਤਾ ਹੈ ਕਿ ਅਸੀਂ ਕਿਸੇ ਵੀ ਵਿਸ਼ੇਸ਼ ਸੂਚਨਾ ਉਤੇ ਵਿਚਾਰ ਕਰਨ ਲਈ ਤਿਆਰ ਹਾਂ।‘ ਗੌਰਤਲਬ ਹੈ ਕਿ ਟਰੂਡੋ ਦੇ ਦੋਸ਼ਾਂ ਮਗਰੋਂ ਦੋਵਾਂ ਮੁਲਕਾਂ ਦਰਮਿਆਨ ਕੂਟਨੀਤਕ ਟਕਰਾਅ ਸਿਖਰਾਂ ‘ਤੇ ਹੈ।

## ਭਾਰਤ ਨੇ ਕੈਨੇਡਾ ਵਿਚ ਵੀਜ਼ਾ ਸੇਵਾਵਾਂ ਰੋਕੀਆਂ

**ਨਵੀਂ ਦਿੱਲੀ:** ਕੂਟਨੀਤਕ ਟਕਰਾਅ ਦਰਮਿਆਨ ਭਾਰਤ ਨੇ ਕੈਨੇਡਾ ਵਿਚ ਆਪਣੀਆਂ ਵੀਜ਼ਾ ਸੇਵਾਵਾਂ ਆਰਜ਼ੀ ਤੌਰ ‘ਤੇ ਮੁਅੱਤਲ ਕਰ ਦਿੱਤੀਆਂ ਹਨ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨ ਤੇ ਕੌਂਸੁਲੇਟਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਵੀਜ਼ਾ ਅਰਜ਼ੀਆਂ ਦੇ ਅਮਲ ਵਿਚ ਮੁਸ਼ਕਲਾਂ ਆ ਰਹੀਆਂ ਸਨ, ਜਿਸ ਕਰਕੇ ਸੇਵਾਵਾਂ ਨੂੰ ਮੁਅੱਤਲ ਕਰਨਾ ਪਿਆ ਹੈ। ਇਸ ਦੌਰਾਨ ਭਾਰਤ ਨੇ ਕੈਨੇਡਾ ਨੂੰ ਨਵੀਂ ਦਿੱਲੀ ਵਿਚ ਆਪਣੀ ਕੂਟਨੀਤਕ ਮੌਜੂਦਗੀ ਘਟਾਉਣ ਲਈ ਕਿਹਾ ਹੈ।

## ਰੂਸੀ ਵਿਦੇਸ਼ ਮੰਤਰੀ ਵੱਲੋਂ ਸੰਯੁਕਤ ਰਾਸ਼ਟਰ ‘ਚ ਪੱਛਮੀ ਮੁਲਕਾਂ ਦੀ ਨਿਖੇਧੀ

**ਸੰਯੁਕਤ ਰਾਸ਼ਟਰ:** ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਦਿੱਤੇ ਭਾਸ਼ਣ ‘ਚ ਅਮਰੀਕਾ ਤੇ ਹੋਰਾਂ ਪੱਛਮੀ ਮੁਲਕਾਂ ਦੀ ਸਖਤ ਨਿਖੇਧੀ ਕੀਤੀ, ਪਰ ਉਨ੍ਹਾਂ ਯੂਕਰੇਨ ‘ਚ ਆਪਣੇ ਮੁਲਕ ਵੱਲੋਂ ਛੇੜੀ ਜੰਗ ਦਾ ਜ਼ਿਕਰ ਨਹੀਂ ਕੀਤਾ। ਰੂਸੀ ਆਗੂ ਨੇ ਕਿਹਾ, ‘ਅਮਰੀਕਾ ਤੇ ਇਸ ਦੇ ਪੱਛਮੀ ਸਾਥੀ ਲਗਾਤਾਰ ਟਕਰਾਅ ਨੂੰ ਸ਼ਹਿ ਦੇ ਰਹੇ ਹਨ, ਜਿਸ ਨਾਲ ਮਨੁੱਖਤਾ ਨਕਲੀ ਢੰਗ ਨਾਲ ਵੰਡੀ ਜਾ ਰਹੀ ਹੈ ਤੇ ਨਵੀਆਂ ਧੜੇਬੰਦੀਆਂ ਬਣ ਰਹੀਆਂ ਹਨ। ਇਸ ਨਾਲ ਕੁਝ ਹਾਸਲ ਨਹੀਂ ਹੋ ਰਿਹਾ। ਅਸਲ ਵਿਚ ਬਹੁ-ਧਰੁਵੀ ਆਲਮੀ ਢਾਂਚੇ ਦੀ ਸਥਾਪਤੀ ਨੂੰ ਰੋਕਣ ਲਈ, ਅਮਰੀਕਾ ਤੇ ਇਸ ਦੇ ਸਾਥੀ ਦੇਸ਼, ਜੋ ਹੋ ਸਕਦਾ ਹੈ, ਕਰ ਰਹੇ ਹਨ।‘ ਸਰਗੇਈ ਨੇ ਕਿਹਾ ਕਿ ‘ਅਮਰੀਕਾ ਤੇ ਪੱਛਮੀ ਦੇਸ਼ ਫਿੱਕੇ ਪੈ ਰਹੇ ਤਾਕਤ ਦੇ ਕੌਮਾਂਤਰੀ ਢਾਂਚੇ ਦੇ ‘ਆਪੂੰ ਰਾਖੇ ਬਣੇ ਹੋਏ ਹਨ’, ਤੇ ਰੂਸ ਇਨ੍ਹਾਂ ਦੀ ਭੂਮਿਕਾ ਨੂੰ ਸਿਰੇ ਤੋਂ ਨਕਾਰਦਾ ਹੈ’। ਉਨ੍ਹਾਂ ਕਿਹਾ ਕਿ ਇਹ ਦੇਸ਼ ਦੁਨੀਆ ਨੂੰ ਆਪਣੇ ਵੱਲੋਂ ਬਣਾਏ ਨੇਮਾਂ ਮੁਤਾਬਕ ਚਲਾਉਣਾ ਚਾਹੁੰਦੇ ਹਨ। ਰੂਸੀ ਵਿਦੇਸ਼ ਮੰਤਰੀ ਨੇ ਆਪਣੇ ਭਾਸ਼ਣ ਵਿਚ 1991 ਵਿਚ ਸੋਵੀਅਤ ਸੰਘ ਦੇ ਟੁੱਟਣ ਦਾ ਵੀ ਜ਼ਿਕਰ ਕੀਤਾ, ਤੇ ਅਸਿੱਧੇ ਰੂਪ ਵਿਚ ਪੱਛਮੀ ਮੁਲਕਾਂ ਵੱਲੋਂ ਯੂਕਰੇਨ ਨੂੰ ਦਿੱਤੀ ਜਾ ਰਹੀ ਮਦਦ ਵੱਲ ਵੀ ਇਸ਼ਾਰਾ ਕੀਤਾ।

## ਮੋਦੀ ਸਰਕਾਰ ਆਰਥਚਾਰਾ ਸੰਭਾਲਣ ਵਿਚ ਨਾਕਾਮ: ਕਾਂਗਰਸ



**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਸਾਰੇ ਹੀ ਖੇਤਰਾਂ ਵਿਚ ਆਰਥਿਕਤਾ ਨੂੰ ਸੰਭਾਲਣ ਵਿਚ ਨਾਕਾਮ ਰਹੀ ਹੈ ਅਤੇ ਕਿਉਂਕਿ ਉਹ ਬੇਰੁਜ਼ਗਾਰੀ ਤੇ ਮਹਿੰਗਾਈ ਵਧਣ ਜਿਹੇ ਮਸਲੇ ਹੱਲ ਕਰਨ ‘ਚ ਅਯੋਗ ਹੈ, ਇਸ ਲਈ ਉਹ ਅੰਕੜਿਆਂ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੀ ਹੈ।

ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਸੰਸਦ ਦਾ ਵਿਸ਼ੇਸ਼ ਸੈਸ਼ਨ ਵੀ ਮੁਕੰਮਲ ਹੋ ਗਿਆ ਹੈ। ਇਹ ਸਪੱਸ਼ਟ ਹੈ ਕਿ ਮੋਦੀ ਸਰਕਾਰ ਦੇਸ਼ ਦਾ ਧਿਆਨ ਅਹਿਮ ਮੁੱਦਿਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਨ੍ਹਾਂ ਵਿਚ ਅਡਾਨੀ ਘੁਟਾਲਾ, ਜਾਤੀ ਆਧਾਰਿਤ ਜਨਗਣਨਾ ਅਤੇ ਖਾਸ ਤੌਰ ‘ਤੇ ਵਧਦੀ ਬੇਰੁਜ਼ਗਾਰੀ, ਵਧਦੀ ਨਾਬਰਾਬਰੀ ਤੇ ਆਰਥਿਕ ਸੰਕਟ ਸ਼ਾਮਲ ਹੈ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮੋਦੀ ਸਰਕਾਰ ਅੰਕੜੇ ਲੁਕਾਉਂਦੀ ਹੈ ਪਰ ਅਸਲੀਅਤ ਇਹ ਹੈ ਕਿ ਦੇਸ਼ ਦੀ ਵਧੇਰੇ ਜਨਤਾ ਦੁੱਖੀ ਹੈ। ਰਮੇਸ਼ ਨੇ ਦਾਅਵਾ ਕੀਤਾ ਕਿ ਪਿਛਲੇ ਹਫਤੇ ਸਾਹਮਣੇ ਆਈਆਂ ਕੁਝ ਤੱਥ ਆਧਾਰਿਤ ਰਿਪੋਰਟਾਂ ਨੂੰ ਵੀ ਦਬਾਇਆ ਜਾ ਰਿਹਾ ਹੈ।

## ਭਾਰਤ-ਅਮਰੀਕੀ ਜਲ ਸੈਨਾਵਾਂ ਵੱਲੋਂ ਸਹਿਯੋਗ ਵਧਾਉਣ ਬਾਰੇ ਚਰਚਾ



**ਨਵੀਂ ਦਿੱਲੀ:** ਜਲ ਸੈਨਾ ਮੁਖੀ ਐਡਮਿਰਲ ਆਰ. ਹਰੀ ਕੁਮਾਰ ਨੇ ਅਮਰੀਕਾ ਦੀ ਚਾਰ ਦਿਨਾਂ ਯਾਤਰਾ ਦੌਰਾਨ ਤੇਜੀ ਨਾਲ ਵਧਦੀ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਵਿਚ ਦੁਵੱਲੇ ਸਮੁੰਦਰੀ ਸੁਰੱਖਿਆ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ ‘ਤੇ ਪ੍ਰਮੁੱਖਤਾ ਨਾਲ ਗੱਲਬਾਤ ਕੀਤੀ। ਜਲ ਸੈਨਾ ਮੁਖੀ ਨੇ 25ਵੀਂ ਕੌਮਾਂਤਰੀ ਸਮੁੰਦਰੀ ਸ਼ਕਤੀ ਗੋਸ਼ਟੀ (ਆਈ.ਐਸ.ਐਸ.) ਵਿਚ ਹਿੱਸਾ ਲੈਣ ਲਈ 19 ਤੋਂ 22 ਸਤੰਬਰ ਤੱਕ ਅਮਰੀਕਾ ਦਾ ਦੌਰਾ ਕੀਤਾ।

ਭਾਰਤੀ ਜਲ ਸੈਨਾ ਦੇ ਬੁਲਾਰੇ ਕਮਾਂਡਰ ਵਿਵੇਕ ਮਧਵਾਲ ਨੇ ਕਿਹਾ, ‘‘ਜਲ ਸੈਨਾ ਮੁਖੀ ਦੀ ਅਮਰੀਕਾ ਫੇਰੀ ਕਾਰਨ ਦੁਵੱਲਾ ਸਹਿਯੋਗ ਮਜ਼ਬੂਤ ਕਰਨ ਦੇ ਨਾਲ ਹੀ ਹਿੰਦ-ਪ੍ਰਸ਼ਾਂਤ ਖੇਤਰ ਵਿਚ ਵੱਖ-ਵੱਖ ਸਾਂਝੇਦਾਰਾਂ ਨਾਲ ਭਾਈਵਾਲੀ ਲਈ ਜਲ ਸੈਨਾ ਦੇ ਉੱਚ ਪੱਧਰ ’ਤੇ ਗੱਲਬਾਤ ਕਰਨ ਦਾ ਅਹਿਮ ਮੌਕਾ ਮਿਲਿਆ।’’

ਅਮਰੀਕੀ ਜਲ ਸੈਨਾ ਨੇ ਖੁੱਲ੍ਹੇ ਤੇ ਨਿਯਮ ਆਧਾਰਿਤ ਹਿੰਦ-ਪ੍ਰਸ਼ਾਂਤ ਦੇ ਸਾਂਝੇ ਨਜ਼ਰੀਏ ਤਹਿਤ ਕੰਮ ਕਰਨ ਲਈ ਹਮਖਿਆਲੀ ਜਲ ਸੈਨਾਵਾਂ ਦਰਮਿਆਨ ਸਹਿਯੋਗ ਵਧਾਉਣ ਦੇ ਉਦੇਸ਼ ਨਾਲ ਨਿਊਪੋਰਟ ਦੇ ਰੋਡ ਆਈਲੈਂਡ ਵਿਚ ‘ਯੂਐੱਸ ਨੇਵਲ ਵਾਰ ਕਾਲਜ’ ਵਿਚ ਇਸ ਸੰਮੇਲਨ ਦੀ ਮੇਜ਼ਬਾਨੀ ਕੀਤੀ ਸੀ।

ਐਡਮਿਰਲ ਹਰੀ ਕੁਮਾਰ ਨੇ ਇਸ ਸੰਮੇਲਨ ਵਿਚ ਹਿੱਸਾ ਲੈਣ ਤੋਂ ਇਲਾਵਾ ਅਮਰੀਕਾ, ਆਸਟਰੇਲੀਆ, ਮਿਸਰ, ਫਿਜੀ, ਇਜਰਾਈਲ, ਇਟਲੀ, ਜਾਪਾਨ, ਕੀਨੀਆ, ਪੇਰੂ, ਸਾਊਦੀ ਅਰਬ, ਸਿੰਗਾਪੁਰ ਅਤੇ ਬਰਤਾਨੀਆ ਸਮੇਤ ਵੱਖ-ਵੱਖ ਦੇਸ਼ਾਂ ਦੇ ਆਪਣੇ ਹਮਰੁਤਬਾ ਨਾਲ ਵੀ ਦੁਵੱਲੀਆਂ ਮੀਟਿੰਗਾਂ ਕੀਤੀਆਂ।

# ਨਿੱਝਰ ਮਾਮਲਾ: ਕੈਨੇਡਾ ਨੂੰ ਅਮਰੀਕਾ ਤੋਂ ਮਿਲੀ ਸੀ ਖੁਫੀਆ ਜਾਣਕਾਰੀ



**ਵਾਸ਼ਿੰਗਟਨ:** ਅਮਰੀਕੀ ਅਖਬਾਰ ‘ਦਿ ਨਿਊ ਯਾਰਕ ਟਾਈਮਜ਼’ ਨੇ ਸੂਤਰਾਂ ਦੇ ਹਵਾਲੇ ਨਾਲ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਵਿਚ ਸਰੀ (ਕੈਨੇਡਾ) ਦੇ ਇਕ ਗੁਰਦੁਆਰੇ ਦੇ ਬਾਹਰ ਹੋਈ ਹੱਤਿਆ ਦੇ ਮਾਮਲੇ ਵਿਚ ਅਮਰੀਕਾ ਨੇ ਕੈਨੇਡਾ ਨੂੰ ਖੁਫੀਆ ਜਾਣਕਾਰੀ ਮੁਹੱਈਆ ਕਰਵਾਈ ਸੀ। ਹਾਲਾਂਕਿ ਕੈਨੇਡਾ ਨੇ ਜਿਹੜੀ ਜਾਣਕਾਰੀ (ਗੱਲਬਾਤ) ਇਕੱਠੀ ਕੀਤੀ ਹੈ, ਉਹ ਵਧੇਰੇ ਠੋਸ ਹੈ ਤੇ ਉਸੇ ਦੇ ਅਧਾਰ ’ਤੇ ਕੈਨੇਡਾ ਨੇ ਭਾਰਤ ’ਤੇ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਦੇ ਦੋਸ਼ ਲਾਏ ਹਨ।

ਭਾਰਤ ਹਾਲਾਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਦੋਸ਼ਾਂ ਨੂੰ ‘ਬੇਬੁਨਿਆਦ’ ਤੇ ‘ਪ੍ਰੇਰਿਤ’ ਦੱਸ ਕੇ ਖਾਰਜ ਕਰ ਚੁੱਕਾ ਹੈ। ਇਹ ਖਬਰ ਉਦੋਂ ਪ੍ਰਕਾਸ਼ਿਤ ਹੋਈ ਜਦ ਕੈਨੇਡਾ ਵਿਚ ਅਮਰੀਕਾ ਦੇ ਇਕ ਚੋਟੀ ਦੇ ਡਿਪਲੋਮੈਟ ਨੇ ਪੁਸ਼ਟੀ ਕੀਤੀ ਕਿ, ‘ਫਾਈਵ ਆਈਜ ਦੇ ਭਾਈਵਾਲਾਂ ਵਿਚਾਲੇ ਖੁਫੀਆ ਜਾਣਕਾਰੀ ਸਾਂਝੀ ਕੀਤੀ ਗਈ ਸੀ’, ਜਿਸ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੰਸਦ ਵਿਚ ਇਕ ਖਾਲਿਸਤਾਨੀ ਵੱਖਵਾਦੀ ਦੀ ਕੈਨੇਡਾ ਦੀ ਧਰਤੀ ਉਤੇ ਹੋਈ ਹੱਤਿਆ ਵਿਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦਾ ਦੋਸ਼ ਲਾਉਣ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਭਾਰਤ ਨੇ 2020 ਵਿਚ ਨਿੱਝਰ ਨੂੰ ਦਹਿਸ਼ਤਗਰਦ ਐਲਾਨਿਆ ਸੀ।

ਅਮਰੀਕਾ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਕੈਨੇਡਾ ਦਾ ਜਾਂਚ ਵਿਚ ਸਹਿਯੋਗ ਕਰੇ। ‘ਨਿਊ ਯਾਰਕ ਟਾਈਮਜ਼’ ਨੇ ਅਣਪਛਾਤੇ ਅਧਿਕਾਰੀਆਂ ਦੇ ਹਵਾਲੇ ਨਾਲ ਲਿਖਿਆ, ‘ਹੱਤਿਆ ਤੋਂ ਬਾਅਦ ਅਮਰੀਕੀ ਖੁਫੀਆ ਏਜੰਸੀਆਂ ਨੇ ਕੈਨੇਡੀਅਨ ਏਜੰਸੀਆਂ ਦੇ ਅਧਿਕਾਰੀਆਂ ਨੂੰ ਅਜਿਹੀ ਜਾਣਕਾਰੀ ਉਪਲਬਧ ਕਰਵਾਈ ਜਿਸ ਨਾਲ ਕੈਨੇਡਾ ਨੂੰ ਇਹ ਸਿੱਟਾ ਕੱਢਣ ਵਿਚ ਮਦਦ ਮਿਲੀ ਕਿ ਇਸ ਵਿਚ ਭਾਰਤ ਦਾ ਹੱਥ ਸੀ।’ ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ ਅਜਿਹਾ ਜਾਪਦਾ ਹੈ ਕਿ ਕੈਨੇਡਾ ਦੇ ਅਧਿਕਾਰੀਆਂ ਨੇ ਭਾਰਤੀ ਡਿਪਲੋਮੈਟਾਂ ਦੀ ਗੱਲਬਾਤ ਉਤੇ ਨਜ਼ਰ ਰੱਖੀ ਸੀ ਤੇ ਇਹੀ ਉਹ ‘ਸਬੂਤ’ ਹੈ ਜਿਸ ਨਾਲ ਭਾਰਤ ਦੀ ਇਸ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਸੰਕੇਤ ਮਿਲਦਾ ਹੈ। ਕੈਨੇਡਾ ਵਿਚ ਅਮਰੀਕਾ ਦੇ ਰਾਜਦੂਤ ਡੇਵਿਡ ਕੋਹੇਨ ਨੇ ਸੀ.ਟੀ.ਵੀ. ਨਿਊਜ ਚੈਨਲ ਨੂੰ ਦਿੱਤੇ ਇਕ ਇੰਟਰਵਿਊ ਵਿਚ ਕਿਹਾ, ‘ਫਾਈਵ ਆਈਜ ਭਾਈਵਾਲਾਂ ਵਿਚਾਲੇ ਖੁਫੀਆ ਜਾਣਕਾਰੀ ਸਾਂਝੀ ਕੀਤੀ ਗਈ ਸੀ’, ਜਿਸ ਦੇ ਅਧਾਰ ਉਤੇ ਟਰੂਡੋ ਨੇ ਭਾਰਤ ਸਰਕਾਰ ’ਤੇ ਇਕ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿਚਾਲੇ ‘ਸੰਭਾਵੀ’ ਲਿੰਕ ਦੇ ਦੋਸ਼ਾਂ ਬਾਰੇ ਜਨਤਕ ਤੌਰ ’ਤੇ ਬਿਆਨ ਦਿੱਤਾ।

## ਐਫ.ਬੀ.ਆਈ. ਨੇ ਅਮਰੀਕੀ ਸਿੱਖਾਂ ਨੂੰ ਵੀ ਕੀਤਾ ਸੀ ਚੌਕਸ

**ਵਾਸ਼ਿੰਗਟਨ:** ‘ਦਿ ਇੰਟਰਸੈਪਟ’ ਵਿਚ ਛਪੀ ਇਕ ਰਿਪੋਰਟ ਮੁਤਾਬਕ ਹਰਦੀਪ ਨਿੱਝਰ ਦੀ ਕੈਨੇਡਾ ਵਿਚ ਹੋਈ ਹੱਤਿਆ ਤੋਂ ਬਾਅਦ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਨੇ ਅਮਰੀਕਾ ਵਿਚਲੇ ਕਈ ਸਿੱਖ ਆਗੂਆਂ ਨੂੰ ਮਿਲ ਕੇ ਉਨ੍ਹਾਂ ਨੂੰ ਚੌਕਸ ਕੀਤਾ ਸੀ। ਏਜੰਸੀ ਨੇ ਉਨ੍ਹਾਂ ਨੂੰ ‘ਜਾਨ ਦੇ ਖਤਰੇ ਬਾਰੇ ਚਿਤਾਵਨੀ ਦਿੱਤੀ ਸੀ’। ‘ਅਮੈਰੀਕਨ ਸਿੱਖ ਕਾਕਸ ਕਮੇਟੀ’ ਦੇ ਕੋਆਰਡੀਨੇਟਰ ਤੇ ਸਿਆਸੀ ਕਾਰਕੁਨ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਸ ਨੂੰ ਤੇ ਦੋ ਹੋਰ ਸਿੱਖ ਅਮਰੀਕੀਆਂ ਨੂੰ ਕੈਲੀਫੋਰਨੀਆ ਤੋਂ ਫੋਨ ਆਏ ਸਨ ਤੇ ਨਿੱਝਰ ਦੀ ਮੌਤ ਤੋਂ ਬਾਅਦ ਐਫ.ਬੀ.ਆਈ. ਉਨ੍ਹਾਂ ਨੂੰ ਮਿਲਣ ਵੀ ਆਈ ਸੀ। ਕੈਲੀਫੋਰਨੀਆ ਦੇ ਹੀ ਇਕ ਗਰੁੱਪ ‘ਇਨਸਾਫ’ ਦੇ ਕੋ-ਡਾਇਰੈਕਟਰ ਸੁਖਮਨ ਧਾਮੀ ਨੇ ਦੱਸਿਆ ਕਿ ਪੂਰੇ ਅਮਰੀਕਾ ’ਚ ਸਿੱਖਾਂ ਨੂੰ ਪੁਲਿਸ ਨੇ ਸੰਭਾਵੀ ਖਤਰਿਆਂ ਬਾਰੇ ਚਿਤਾਵਨੀ ਦਿੱਤੀ ਸੀ।

# ਪੰਜਾਬ ਨੂੰ ਕਰਜ਼ਈ ਕਰਨ ਦੇ ਮਸਲੇ 'ਤੇ ਸਿਆਸੀ ਧਿਰਾਂ ਨੇ ਇਕ-ਦੂਜੇ ਨੂੰ ਘੇਰਿਆ

**ਚੰਡੀਗੜ੍ਹ:** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਪੰਜਾਬ ਸਿਰ ਚੜ੍ਹੇ 50 ਹਜ਼ਾਰ ਕਰੋੜ ਦੇ ਕਰਜ਼ੇ ਉਤੇ ਉਂਗਲ ਧਰੇ ਜਾਣ ਮਗਰੋਂ ਪੰਜਾਬ ਦੀ ਸਿਆਸਤ ਭਖ ਗਈ ਹੈ। ਵਿਰੋਧੀ ਧਿਰਾਂ ਦੇ ਆਗੂਆਂ ਨੇ 'ਆਪ' ਸਰਕਾਰ ਨੂੰ ਇਸ ਮਾਮਲੇ 'ਤੇ ਘੇਰਨਾ ਸ਼ੁਰੂ ਕਰ ਦਿੱਤਾ ਹੈ ਜਦਕਿ ਮੌਜੂਦਾ ਸਰਕਾਰ ਨੇ ਪੰਜਾਬ 'ਤੇ ਚੜ੍ਹੇ ਕਰਜ਼ੇ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਦੱਸਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਸਿਰ ਕਰਜ਼ਾ ਵਿਰਾਸਤ ਵਿਚ ਮਿਲਿਆ ਹੈ ਅਤੇ 'ਰਾਜ ਨਹੀਂ ਸੇਵਾ' ਵਾਲਿਆਂ ਨੇ ਇਹ ਕਰਜ਼ਾ ਦਿੱਤਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਪੁਰਾਣੇ ਕਰਜ਼ੇ ਦਾ ਮੂਲ ਅਤੇ ਵਿਆਜ ਵੀ ਭਰ ਰਹੀ ਹੈ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਪੰਜਾਬ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਹੀ ਪੰਜਾਬ 'ਤੇ ਕਰਜ਼ਾ ਚੜ੍ਹਾਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਰਾਜਪਾਲ ਕੇਂਦਰ ਤੋਂ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਾਉਣਗੇ ਤਾਂ ਪੰਜਾਬ ਸਰਕਾਰ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਲੈ ਲਵੇਗੀ। ਦੇਖਿਆ ਜਾਵੇ ਤਾਂ 'ਆਪ' ਸਰਕਾਰ ਨੇ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦੇ ਅੰਕੜੇ ਤੋਂ ਇਨਕਾਰ ਤਾਂ ਨਹੀਂ ਕੀਤਾ ਹੈ ਪਰ ਇਸ ਦਾ ਠੀਕਰਾ ਪੁਰਾਣੀਆਂ ਸਰਕਾਰਾਂ ਸਿਰ ਭੰਨਿਆ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਕਰਜ਼ੇ ਬਾਰੇ ਸੁਆਲਾਂ ਦੇ ਜੁਆਬ ਹੁਣ ਮੁੱਖ ਮੰਤਰੀ ਨੂੰ ਦੇਣੇ ਚਾਹੀਦੇ ਹਨ। ਕਰਜ਼ੇ ਦੇ ਅੰਕੜੇ ਤੋਂ ਸਾਫ ਹੈ ਕਿ ਪੰਜਾਬ ਵਿੱਤੀ ਸੰਕਟ ਵਿਚ ਹੈ। ਉਨ੍ਹਾਂ ਕਿਹਾ ਕਿ ਮੁਫ਼ਤਖ਼ੋਰੀ ਦੀ ਸਿਆਸਤ ਅਤੇ ਕੁਰੱਪਸ਼ਨ ਇਸ ਕਰਜ਼ੇ ਦੀ ਦੇਣ ਹੈ।



ਉਨ੍ਹਾਂ ਕਿਹਾ ਕਿ ਪਾਵਰਕੌਮ ਦੇ ਸਿਰ 'ਤੇ 18 ਹਜ਼ਾਰ ਕਰੋੜ ਦਾ ਕਰਜ਼ਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਤੇ ਇਸ ਦੇ ਆਸ ਪਾਸ 25 ਹਜ਼ਾਰ ਏਕੜ ਜ਼ਮੀਨ 'ਤੇ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਪਰ ਕਿਸੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਸੁਆਲ ਕੀਤਾ ਕਿ ਆਬਕਾਰੀ ਤੇ ਮਾਈਨਿੰਗ ਦੀ ਆਮਦਨ ਵਿਚ ਵਾਧਾ ਕਰਨ ਦਾ ਕੀਤਾ ਦਾਅਵਾ ਕਿੱਥੇ ਗਿਆ। ਉਨ੍ਹਾਂ ਕਿਹਾ ਕਿ ਕੇਬਲ ਮਾਫ਼ੀਆ ਦਾ ਏਕਾਧਿਕਾਰ ਖ਼ਤਮ ਕਰਨ ਲਈ ਹੁਣ ਸਰਕਾਰ ਨੂੰ ਕੌਣ ਰੋਕ ਰਿਹਾ ਹੈ। ਸਿੱਧੂ ਨੇ ਕਿਹਾ ਕਿ ਸੱਤਾ ਵਿਚ ਬੈਠੇ ਲੋਕਾਂ ਵੱਲੋਂ ਵੋਟ ਬੈਂਕ ਦੀ ਸਿਆਸਤ ਕਰਕੇ ਪੰਜਾਬ ਨੂੰ ਕਰਜ਼ੇ ਦੀ ਦਲਦਲ ਵਿਚ ਧੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਵਿੱਤੀ ਸਥਿਰਤਾ ਬਾਰੇ ਜੁਆਬ ਦੇਣੇ ਚਾਹੀਦੇ ਹਨ। ਚੇਤੇ ਰਹੇ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਬੀਤੇ ਦਿਨੀਂ ਰਾਜਪਾਲ ਤੋਂ ਮੰਗ ਕੀਤੀ ਸੀ ਕਿ ਪੰਜਾਬ ਸਰਕਾਰ ਵੱਲੋਂ ਲਏ ਗਏ 50 ਹਜ਼ਾਰ ਕਰੋੜ ਦੇ ਕਰਜ਼ੇ ਦਾ ਸਪੈਸ਼ਲ ਆਡਿਟ ਹੋਣਾ ਚਾਹੀਦਾ ਹੈ।

ਸਾਂਝੇ ਪੰਜਾਬ ਉਤੇ ਸਾਲ 1952 ਵਿਚ ਕਰੀਬ 78.31 ਕਰੋੜ ਰੁਪਏ ਦਾ ਕਰਜ਼ਾ ਸੀ ਜੋ ਸਾਲ 1964 ਵਿਚ ਵਧ ਕੇ 350 ਕਰੋੜ ਰੁਪਏ ਹੋ ਗਿਆ ਸੀ। ਪੰਜਾਬੀ ਸੂਬਾ ਬਣਨ ਮਗਰੋਂ ਜਦੋਂ ਪੰਜਾਬ ਵਿਚ ਕਰੀਬ ਡੇਢ ਦਹਾਕਾ ਕਾਲਾ ਦੌਰ ਰਿਹਾ ਤਾਂ ਉਸ ਸਮੇਂ ਦੌਰਾਨ ਪੰਜਾਬ ਵਿਚ ਆਮਦਨ ਨੂੰ ਵੱਡਾ ਖੋਰਾ ਲੱਗਿਆ ਅਤੇ ਸਰਕਾਰ ਨੂੰ ਕਰੀਬ 38 ਹਜ਼ਾਰ ਕਰੋੜ ਦਾ ਕਰਜ਼ਾ ਚੁੱਕਣਾ ਪਿਆ। ਕੇਂਦਰ ਸਰਕਾਰ ਨੇ ਦੋ ਕਿਸ਼ਤਾਂ ਵਿਚ 6772 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਵੀ ਕਰ ਦਿੱਤਾ ਸੀ। ਉਸ ਮਗਰੋਂ ਸਾਲ 2007-08 ਵਿਚ ਪੰਜਾਬ ਸਿਰ ਕਰਜ਼ਾ 55,982 ਕਰੋੜ, 2017-18 ਵਿਚ ਇਹ ਕਰਜ਼ਾ ਵਧ ਕੇ 1.82 ਲੱਖ ਕਰੋੜ ਹੋ ਗਿਆ ਸੀ। 'ਆਪ' ਹਕੂਮਤ ਦੇ ਆਉਣ ਸਮੇਂ ਇਹ ਕਰਜ਼ਾ 2.82 ਲੱਖ ਕਰੋੜ ਹੋ ਗਿਆ। ਹੁਣ ਤੱਕ ਇਹ ਕਰਜ਼ਾ ਸਵਾ ਤਿੰਨ ਲੱਖ ਕਰੋੜ ਨੇੜੇ ਪਹੁੰਚ ਗਿਆ ਹੈ।

### ਸਰਕਾਰ ਰੋਜ਼ਾਨਾ ਸੌ ਕਰੋੜ ਦਾ ਕਰਜ਼ਾ ਚੁੱਕ ਰਹੀ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਰੋਜ਼ਾਨਾ ਔਸਤਨ 100 ਕਰੋੜ ਰੁਪਏ ਦਾ ਕਰਜ਼ਾ ਚੁੱਕ ਰਹੀ ਹੈ ਅਤੇ ਅਪਰੈਲ ਤੋਂ ਜੁਲਾਈ ਤੱਕ ਦੇ ਚਾਰ ਮਹੀਨਿਆਂ ਵਿਚ 11,718 ਕਰੋੜ ਕਰਜ਼ਾ ਚੁੱਕਿਆ ਗਿਆ ਹੈ। ਹਰ ਪੰਜਾਬੀ ਸਿਰ ਕਰਜ਼ਾ ਚੜ੍ਹ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 12 ਹਜ਼ਾਰ ਕਰੋੜ ਦੇ ਕਰਜ਼ੇ 'ਚੋਂ 900 ਕਰੋੜ ਰੁਪਏ ਹੀ ਉਸਾਰੀ ਦੇ ਕੰਮ ਵਿਚ ਲਾਏ ਹਨ। ਚਲੰਤ ਵਿੱਤੀ ਸਾਲ ਦੇ ਅਖੀਰ ਤੱਕ ਸਰਕਾਰ ਨੇ 35 ਹਜ਼ਾਰ ਕਰੋੜ ਰੁਪਏ ਹੋਰ ਚੁੱਕ ਲੈਣਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਆਪਣੇ ਪੰਜ ਸਾਲਾਂ ਵਿਚ ਨਵਾਂ ਪੌਣੇ ਦੋ ਲੱਖ ਕਰੋੜ ਦਾ ਕਰਜ਼ਾ ਹੋਰ ਚਾੜ੍ਹ ਦੇਣਾ ਹੈ।

### ਪੰਜਾਬ ਦੇ ਕਰਜ਼ੇ ਦਾ ਮੁੱਦਾ ਨਾ ਉਭਾਰਨ ਰਾਜਪਾਲ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਚਕਾਰ ਤਲਖ਼ੀ ਵਧਦੀ ਜਾ ਰਹੀ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸਰਕਾਰ ਨੂੰ ਲਿਖੇ ਪੱਤਰ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਰਾਜਪਾਲ ਨੂੰ ਪੰਜਾਬ ਦੇ ਕਰਜ਼ੇ ਦੀ ਗੱਲ ਨਹੀਂ ਕਰਨੀ ਚਾਹੀਦੀ, ਕਿਉਂਕਿ ਪਿਛਲੀ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰ ਨੇ ਮੌਜੂਦਾ ਸਰਕਾਰ ਨੂੰ 3 ਲੱਖ ਕਰੋੜ ਰੁਪਏ ਦਾ ਕਰਜ਼ਾ ਵਿਰਾਸਤ ਵਿਚ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੂੰ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਵੱਲੋਂ ਪੰਜਾਬ 'ਤੇ ਥੋਪੇ ਗਏ ਕਰੀਬ 3 ਲੱਖ ਕਰੋੜ ਰੁਪਏ ਦੇ ਕਰਜ਼ੇ ਕਰਕੇ ਹਜ਼ਾਰਾਂ ਕਰੋੜ ਰੁਪਏ ਵਿਆਜ ਵਜੋਂ ਅਦਾ ਕਰਨੇ ਪੈ ਰਹੇ ਹਨ।

## ਸੜਕਾਂ ਤੇ ਪਟੜੀਆਂ ਕਿਸਾਨੀ ਲਈ ਖਤਰਾ ਕਰਾਰ

**ਕੁਰਾਲੀ:** ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਪਿੰਡ ਪੜਿਆਲਾ ਵਿਚ ਸੜਕੀ ਪ੍ਰੋਜੈਕਟ ਖ਼ਿਲਾਫ ਲਗਾਏ ਧਰਨੇ ਵਿਚ ਸ਼ਮੂਲੀਅਤ ਕੀਤੀ। ਸ੍ਰੀ ਰਾਜੇਵਾਲ ਨੇ ਕਿਹਾ ਕਿ ਇਹ ਸੜਕਾਂ ਤੇ ਰੇਲਵੇ ਲਾਈਨਾਂ ਪੰਜਾਬ ਦੀ ਖੇਤੀ ਅਤੇ ਜ਼ਮੀਨਾਂ 'ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣ ਦੀ ਕੇਂਦਰ ਦੀ ਗਿਣੀ ਮਿੱਥੀ ਸਾਜ਼ਿਸ਼ ਹੈ। ਸੜਕਾਂ ਤੋਂ ਇਲਾਵਾ ਨਵੀਆਂ ਰੇਲਵੇ ਲਾਈਨਾਂ ਵੀ ਪੰਜਾਬ ਵਿਚ ਵਿਛਾਈਆਂ ਜਾ ਰਹੀਆਂ ਹਨ ਜਦਕਿ ਲੁਧਿਆਣਾ ਤੋਂ ਮੁੰਬਈ ਤੱਕ ਰੇਲਵੇ ਲਾਈਨ ਵਿਛਾਈ ਵੀ ਜਾ ਚੁੱਕੀ ਹੈ।

ਸ੍ਰੀ ਬਲਬੀਰ ਸਿੰਘ ਰਾਜੇਵਾਲ ਕਿਸਾਨਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਭਾਵੇਂ ਕਿਸਾਨ ਸੰਘਰਸ਼ ਅੱਗੇ ਝੁਕਦਿਆਂ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਸਨ ਪਰ ਹੁਣ ਮੋਦੀ ਸਰਕਾਰ ਇਹ ਕਾਨੂੰਨ ਨਵੇਂ ਢੰਗ ਨਾਲ ਲਿਆਉਣ ਦੀ ਤਿਆਰੀ ਵਿਚ ਹੈ।

## ਭਾਰਤੀ ਪਾੜ੍ਹਿਆਂ ਲਈ ਵਿਦੇਸ਼ 'ਚ ਡਾਕਟਰੀ ਦਾ ਰਾਹ ਪੱਧਰਾ

**ਨਵੀਂ ਦਿੱਲੀ:** ਭਾਰਤ ਵਿਚ ਮੈਡੀਕਲ ਵਿਸ਼ੇ ਵਿਚ ਗਰੈਜੂਏਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਹੁਣ ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਮੁਲਕਾਂ ਵਿਚ ਇਲਾਜ ਜਾਂ ਪੋਸਟ-ਗਰੈਜੂਏਸ਼ਨ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ ਕਿਉਂਕਿ ਭਾਰਤ ਦੇ ਨੈਸ਼ਨਲ ਮੈਡੀਕਲ ਕਮਿਸ਼ਨ (ਐਨ.ਐਮ.ਸੀ.) ਨੂੰ ਵਰਲਡ ਫੈਡਰੇਸ਼ਨ ਫਾਰ ਮੈਡੀਕਲ ਐਜੂਕੇਸ਼ਨ (ਡਬਲਿਊ.ਐਫ.ਐਮ.ਈ.) ਨੇ ਮਾਨਤਾ ਦੇ ਦਿੱਤੀ ਹੈ। ਸਿਹਤ ਮੰਤਰਾਲੇ ਨੇ ਦੱਸਿਆ ਕਿ ਮੌਜੂਦਾ ਸਮੇਂ ਐਨ.ਐਮ.ਸੀ. ਵੱਲੋਂ ਚਲਾਏ ਜਾਂਦੇ ਸਾਰੇ 706 ਮੈਡੀਕਲ ਕਾਲਜ ਹੁਣ ਡਬਲਿਊ.ਐਫ.ਐਮ.ਈ. ਤੋਂ ਮਾਨਤਾ ਪ੍ਰਾਪਤ ਹੋਣਗੇ, ਜਦਕਿ ਅਗਲੇ 10 ਸਾਲ ਵਿਚ ਸਥਾਪਤ ਕੀਤੇ ਜਾਣ ਵਾਲੇ ਨਵੇਂ ਮੈਡੀਕਲ ਕਾਲਜਾਂ ਨੂੰ ਵੀ ਇਹ ਮਾਨਤਾ ਮਿਲੇਗੀ। ਐਨ.ਐਮ.ਸੀ. ਵਿਚ ਨੈਤਿਕਤਾ ਅਤੇ ਮੈਡੀਕਲ ਰਜਿਸਟਰੇਸ਼ਨ ਬੋਰਡ



ਦੇ ਮੈਂਬਰ ਡਾ. ਯੋਗੇਂਦਰ ਮਲਿਕ ਨੇ ਦੱਸਿਆ, "ਇਸ ਮਾਨਤਾ ਨਾਲ ਸਾਡੇ ਵਿਦਿਆਰਥੀਆਂ ਨੂੰ ਦੁਨੀਆ ਵਿਚ ਕਿਤੇ ਵੀ ਕਰੀਅਰ ਬਣਾਉਣ ਦਾ ਮੌਕਾ ਮਿਲੇਗਾ ਅਤੇ ਨਾਲ ਹੀ ਵਿਸ਼ਵ ਪੱਧਰੀ ਮਾਨਤਾ ਮਿਲਣ ਨਾਲ ਭਾਰਤ ਕੌਮਾਂਤਰੀ ਵਿਦਿਆਰਥੀਆਂ ਲਈ ਪਸੰਦੀਦਾ ਸਥਾਨ ਬਣੇਗਾ।" ਮਾਨਤਾ ਤਹਿਤ ਐਨ.ਐਮ.ਸੀ. ਨੂੰ ਅਧਿਕਾਰਕ ਤੌਰ 'ਤੇ ਮਾਨਤਾ ਪੱਤਰ ਅਤੇ ਪ੍ਰਮਾਣ ਪੱਤਰ ਦਿੱਤਾ ਜਾਵੇਗਾ।

## ਆਬਕਾਰੀ ਵਿਭਾਗ 'ਚ ਤਿੰਨ ਹਜ਼ਾਰ ਕਰੋੜ ਮਾਲੀਆ ਵਧਿਆ: ਚੀਮਾ

**ਪਟਿਆਲਾ:** ਪੰਜਾਬ ਦੇ ਵਿੱਤ ਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਪਿਛਲੀਆਂ ਸਰਕਾਰਾਂ ਖਜਾਨਾ ਖਾਲੀ ਹੋਣ ਦਾ ਰਾਗ ਅਲਾਪਦੀਆਂ ਰਹੀਆਂ ਹਨ। 'ਆਪ' ਸਰਕਾਰ ਨੂੰ ਖਜਾਨੇ ਦਾ ਚਾਰਜ ਤਰਸਯੋਗ ਹਾਲਤ 'ਚ ਮਿਲਿਆ ਹੋਣ ਦੇ ਬਾਵਜੂਦ ਵੀ ਉਨ੍ਹਾਂ ਕਦੇ ਅਕਾਲੀਆਂ ਤੇ ਕਾਂਗਰਸੀਆਂ ਵਾਂਗ ਰੌਲਾ ਨਹੀਂ ਪਾਇਆ ਬਲਕਿ 'ਆਪ' ਸਰਕਾਰ ਨੇ ਆਉਂਦਿਆਂ ਹੀ ਪਿਛਲੀਆਂ ਸਰਕਾਰਾਂ ਵੱਲੋਂ ਖਜਾਨੇ 'ਚ ਬਣਾਈਆਂ ਚੋਰ ਮੋਰੀਆਂ ਬੰਦ ਕੀਤੀਆਂ ਜਿਸ ਨਾਲ ਕੇਵਲ ਆਬਕਾਰੀ ਤੇ ਕਰ ਵਿਭਾਗ ਤੋਂ ਹੀ ਪੰਜਾਬ ਸਰਕਾਰ ਦਾ 3000 ਕਰੋੜ ਰੁਪਏ ਸਾਲਾਨਾ ਮਾਲੀਆ ਵਧਿਆ।

ਸਰਕਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਤਾਂ ਸਿਰਫ ਹਾਲੇ ਇਕ ਵਿਭਾਗ ਦੀ ਸਥਿਤੀ ਦੱਸੀ ਹੈ ਜਦਕਿ ਕਈ ਹੋਰ ਵਿਭਾਗਾਂ ਰਾਹੀਂ ਵੀ ਸਰਕਾਰ ਦਾ ਮਾਲੀਆ ਵਧਿਆ ਹੈ। ਉਨ੍ਹਾਂ ਦੀ ਸਰਕਾਰ ਨੇ ਜਿੱਥੇ ਸਿੱਖਿਆ ਅਤੇ ਸਿਹਤ ਦੇ ਖੇਤਰ ਲਈ ਰਿਕਾਰਡ ਬਜਟ ਦਿੱਤਾ ਹੈ ਉਥੇ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਲਾਨਾ ਗਰਾਂਟ 'ਚ ਵਾਧਾ ਕੀਤਾ ਹੈ।



## ਮੰਡੀ ਬੋਰਡ ਦੇ ਗੈਸਟ ਹਾਊਸਾਂ ਨੂੰ ਸਮਾਰਟ ਬਣਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਮੰਡੀ ਬੋਰਡ ਨੇ ਸੂਬੇ ਵਿਚ ਬੋਰਡ ਦੇ ਗੈਸਟ ਹਾਊਸਾਂ ਨੂੰ ਸਮਾਰਟ ਬਣਾਉਣ ਲਈ ਤਿਆਰੀ ਖਿੱਚ ਲਈ ਹੈ। ਬੋਰਡ ਵੱਲੋਂ ਆਪਣੇ ਸਾਰੇ 32 ਗੈਸਟ ਹਾਊਸਾਂ ਦੇ ਨਵੀਨੀਕਰਨ ਲਈ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ, ਜਿਸ ਨੂੰ ਜਲਦ ਹੀ ਅਮਲੀ ਰੂਪ ਦਿੱਤਾ ਜਾਵੇਗਾ। ਮੰਡੀ ਬੋਰਡ ਦੇ 32 ਵਿਚੋਂ ਕਰੀਬ ਅੱਧੀ ਦਰਜਨ ਗੈਸਟ ਹਾਊਸਾਂ 'ਤੇ ਪੁਲਿਸ ਅਤੇ ਹੋਰਾਂ ਲੋਕਾਂ ਵੱਲੋਂ ਕਬਜ਼ੇ ਕੀਤੇ ਗਏ ਸਨ, ਜਿਨ੍ਹਾਂ ਨੂੰ ਬੋਰਡ ਨੇ ਖਾਲੀ ਕਰਵਾ ਲਿਆ ਹੈ। ਇਨ੍ਹਾਂ ਨੂੰ ਹੁਣ ਆਮ ਲੋਕ ਵੀ ਨਵੀਨੀਕਰਨ ਉਪਰੰਤ ਕਿਰਾਏ 'ਤੇ ਲੈ ਸਕਣਗੇ। ਗੌਰਤਲਬ ਹੈ ਕਿ ਪੰਜਾਬ ਮੰਡੀ ਬੋਰਡ ਦੇ ਸੂਬੇ ਵਿਚ ਕੁੱਲ 32 ਗੈਸਟ ਹਾਊਸ ਹਨ ਅਤੇ ਹਰੇਕ ਗੈਸਟ ਹਾਊਸ ਵਿਚ 8 ਤੋਂ 10 ਕਮਰੇ ਹਨ, ਜੋ ਕਿ ਪਿਛਲੇ ਲੰਬੇ ਸਮੇਂ ਤੋਂ ਵਰਤੋਂ ਵਿਚ ਨਾ ਆਉਣ ਕਾਰਨ ਖੰਡਰ ਬਣਦੇ ਜਾ ਰਹੇ ਹਨ। ਗੈਸਟ ਹਾਊਸਾਂ ਦੀ ਖਸਤਾ ਹਾਲਤ ਦੇਖਦੇ ਹੋਏ ਹੀ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਇਨ੍ਹਾਂ ਦਾ ਸੁਧਾਰ ਕਰ ਕੇ ਸਮਾਰਟ ਬਣਾਉਣ ਦੀ ਤਿਆਰੀ ਵਿੱਢੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਗੈਸਟ ਹਾਊਸਾਂ ਦੀ ਬੁਕਿੰਗ ਵੀ ਆਨਲਾਈਨ ਕਰ ਦਿੱਤੀ ਜਾਵੇਗੀ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਗੈਸਟ ਹਾਊਸਾਂ ਦਾ ਸੁਧਾਰ ਕਰਨ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਗੈਸਟ ਹਾਊਸਾਂ ਦੇ ਨਵੀਨੀਕਰਨ ਲਈ ਵਿਭਾਗ ਵੱਲੋਂ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ, ਉਸ ਤੋਂ ਬਾਅਦ ਕੰਮ ਸ਼ੁਰੂ ਹੋਵੇਗਾ।

## ਸਕੂਲ ਆਫ ਐਮੀਨੈਂਸ ਉਤੇ ਸ਼ਬਦੀ ਜੰਗ ਹੋਰ ਤਿੱਖੀ ਹੋਈ

**ਚੰਡੀਗੜ੍ਹ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਾਬਕਾ ਮੰਤਰੀ ਪਰਗਟ ਸਿੰਘ ਦਰਮਿਆਨ 'ਸਕੂਲ ਆਫ ਐਮੀਨੈਂਸ' ਦੇ ਮੁੱਦੇ 'ਤੇ ਸ਼ਬਦੀ ਜੰਗ ਭਖ ਗਈ ਹੈ। ਵਿਰੋਧੀ ਆਗੂਆਂ ਵੱਲੋਂ ਕੁਝ ਦਿਨਾਂ ਤੋਂ ਛੇਹਰਟਾ ਦੇ 'ਸਕੂਲ ਆਫ ਐਮੀਨੈਂਸ' ਨੂੰ ਲੈ ਕੇ ਸਵਾਲ ਚੁੱਕੇ ਜਾ ਰਹੇ ਸਨ। ਸਕੂਲ ਸਿੱਖਿਆ ਮੰਤਰੀ ਬੈਂਸ ਨੇ ਛੇਹਰਟਾ ਦੇ 'ਸਕੂਲ ਆਫ ਐਮੀਨੈਂਸ' ਦੇ ਪੁਰਾਣੇ ਹਾਲ ਦਾ ਵੇਰਵਾ ਦਿੰਦਿਆਂ ਵਿਰੋਧੀ ਧਿਰ ਦੇ ਆਗੂਆਂ ਨੂੰ ਖੁੱਲ੍ਹੀ ਚੁਣੌਤੀ ਵੀ ਦੇ ਦਿੱਤੀ ਹੈ। ਬੈਂਸ ਨੇ ਅਕਾਲੀ ਅਤੇ ਕਾਂਗਰਸੀ ਆਗੂਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਵਿਰੋਧੀ ਆਗੂ ਮਾਰਚ 2022 ਤੋਂ ਪਹਿਲਾਂ ਦਾ ਸਿੱਖਿਆ ਬਾਰੇ ਆਪਣਾ ਇਕ ਵੀ ਟਵੀਟ ਦਿਖਾਉਣ।

ਸਾਬਕਾ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਬੈਂਸ ਦੀ ਚੁਣੌਤੀ ਕਬੂਲ ਕੀਤੀ ਹੈ। ਪਰਗਟ ਸਿੰਘ ਨੇ ਕਿਹਾ ਕਿ ਉਹ ਇਕੱਲੇ ਟਵੀਟ ਹੀ ਨਹੀਂ ਦਿਖਾਉਣਗੇ ਬਲਕਿ ਉਹ ਸਕੂਲ ਵੀ ਦਿਖਾਉਣਗੇ, ਜਿਹੜੇ ਕਾਂਗਰਸ ਰਾਜ ਦੌਰਾਨ ਸਮਾਰਟ ਬਣੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ 2022 ਤੋਂ ਪਹਿਲਾਂ ਕੌਮੀ ਪੱਧਰ 'ਤੇ ਰੇਟਿੰਗ ਵਿਚ ਪਹਿਲੇ ਨੰਬਰ 'ਤੇ ਆਏ ਹਨ। ਪਤਾ ਲੱਗਾ ਹੈ ਕਿ ਪਰਗਟ ਸਿੰਘ ਆਉਂਦੇ ਦਿਨਾਂ ਵਿਚ ਸਕੂਲੀ ਸਿੱਖਿਆ ਵਿਚ ਲੰਘੇ ਪੰਜ ਵਰ੍ਹਿਆਂ ਵਿਚ ਹੋਏ ਕੰਮਾਂ ਬਾਰੇ ਵੇਰਵੇ ਪੇਸ਼ ਕਰਨਗੇ। ਅਮਰਿੰਦਰ ਸਰਕਾਰ ਸਮੇਂ ਪੰਜਾਬ ਵਿਚ ਵੱਡੀ ਪੱਧਰ 'ਤੇ ਸਮਾਰਟ ਸਕੂਲ ਬਣੇ ਸਨ। ਕਰੋਨਾ ਮਹਾਮਾਰੀ ਦੌਰਾਨ ਸਰਕਾਰੀ ਸਕੂਲਾਂ ਵਿਚ ਦਾਖ਼ਲੇ ਵੀ ਵਧੇ ਸਨ। ਮੌਜੂਦਾ 'ਆਪ' ਸਰਕਾਰ ਨੇ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚ 117 'ਸਕੂਲ ਆਫ਼ ਐਮੀਨੈਂਸ' ਬਣਾਉਣ ਦਾ ਐਲਾਨ ਕੀਤਾ ਹੈ। ਪ੍ਰਿੰਸੀਪਲਾਂ ਨੂੰ ਸਿੰਗਾਪੁਰ ਤੋਂ ਸਿਖਲਾਈ ਦਿਵਾਉਣ ਦੀ ਮੁਹਿੰਮ ਵਿੱਢੀ ਹੋਈ ਹੈ ਅਤੇ ਮੁੱਖ ਅਧਿਆਪਕਾਂ ਨੂੰ ਅਹਿਮਦਾਬਾਦ ਤੋਂ ਸਿਖਲਾਈ ਦਿਵਾਈ ਜਾ ਰਹੀ ਹੈ। ਸਿਖਲਾਈ ਪ੍ਰੋਗਰਾਮ ਲਈ 20 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।



ਸਿੱਖਿਆ ਮੰਤਰੀ ਬੈਂਸ ਨੇ ਆਖਿਆ ਹੈ ਕਿ ਪਹਿਲਾਂ ਸਰਕਾਰੀ ਸਕੂਲਾਂ ਦਾ ਬੁਰਾ ਹਾਲ ਸੀ ਅਤੇ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਲਈ ਕੁਝ ਨਹੀਂ ਕੀਤਾ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਅਕਾਲੀ-ਭਾਜਪਾ ਦੇ 10 ਵਰ੍ਹਿਆਂ ਦੌਰਾਨ ਸਿੱਖਿਆ ਖੇਤਰ ਵਿਚ ਹੋਏ ਕੰਮਾਂ ਦੀ ਸੂਚੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਉਨ੍ਹਾਂ ਦਰਜਨਾਂ 'ਵਰਸਿਟੀਆਂ ਬਣਾਏ ਜਾਣ ਤੋਂ ਇਲਾਵਾ ਮੈਰੀਟੋਰੀਅਸ ਸਕੂਲ ਬਣਾਏ ਜਾਣ ਦੇ ਵੇਰਵੇ ਦਿੱਤੇ ਹਨ।

## ਨਸ਼ੇ ਨਾਲ ਮੌਤ

**ਪਾਇਲ:** ਰਾੜਾ ਸਾਹਿਬ ਦੇ 23 ਸਾਲਾ ਅਮਨਦੀਪ ਸ਼ਰਮਾ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ। ਅਮਨ ਦੀ ਮਾਤਾ ਨੇ ਦੱਸਿਆ ਕਿ ਉਸ ਦਾ ਬੇਟਾ ਛੋਟੀ ਉਮਰ ਵਿਚ ਨਸ਼ੇ ਕਰਨ ਲੱਗ ਪਿਆ ਸੀ। ਉਹ ਰੋਜ਼ਾਨਾ ਦੀ ਤਰ੍ਹਾਂ ਆਪਣੇ ਦੋਸਤਾਂ ਨਾਲ ਬਾਹਰੋਂ ਘੁੰਮ ਕੇ ਆਇਆ ਜਿਸ ਨੇ ਕਾਫੀ ਨਸ਼ਾ ਕੀਤਾ ਹੋਇਆ ਸੀ। ਉਹ ਘਰ ਆ ਕੇ ਸੌਂ ਗਿਆ। ਉਨ੍ਹਾਂ ਸਵੇਰ ਵੇਲੇ ਆਪਣੇ ਲੜਕੇ ਦੀ ਕੋਈ ਹਰਕਤ ਨਾ ਦੇਖੀ ਤਾਂ ਡਾਕਟਰ ਨੂੰ ਬੁਲਾਇਆ ਜਿਸ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਵਿਦੇਸ਼ ਪੁੱਜ ਕੇ 277 ਲਾੜੀਆਂ ਮੁੱਕਰੀਆਂ; 29 ਖਿਲਾਫ ਕੇਸ ਦਰਜ



**ਚੰਡੀਗੜ੍ਹ:** ਐਨ.ਆਰ.ਆਈ. ਪੁਲਿਸ ਥਾਣਿਆਂ 'ਚ ਬੈਂਡ ਗਰਲਜ਼ ਦੇ ਨਿੱਤ ਨਵੇਂ ਕੇਸ ਆ ਰਹੇ ਹਨ। ਲੰਘੇ ਸੱਤ ਵਰ੍ਹਿਆਂ 'ਚ ਇਨ੍ਹਾਂ ਥਾਣਿਆਂ 'ਚ 277 ਕੇਸ ਅਜਿਹੇ ਪੁੱਜੇ ਹਨ ਜਿਨ੍ਹਾਂ ਵਿਚ ਬੈਂਡ ਗਰਲਜ਼ ਨੇ ਖ਼ੁਦ ਵਿਦੇਸ਼ ਪੁੱਜਣ ਲਈ ਲਾੜੇ ਦੇ ਪਰਿਵਾਰ ਤੋਂ ਰੱਜ ਕੇ ਖਰਚਾ ਕਰਾਇਆ ਪਰ ਮੁੜ ਸਮਝੌਤੇ ਦੇ ਪਤੀਆਂ ਨਾਲੋਂ ਨਾਤਾ ਤੋੜ ਲਿਆ। ਵੇਰਵਿਆਂ ਅਨੁਸਾਰ ਪੰਜਾਬ ਵਿਚ 15 ਐਨ.ਆਰ.ਆਈ. ਪੁਲਿਸ ਥਾਣੇ ਹਨ, ਜਿਨ੍ਹਾਂ ਵਿਚ ਜਨਵਰੀ 2017 ਤੋਂ ਅਗਸਤ 2023 ਤੱਕ 277 ਪਰਿਵਾਰਾਂ ਨੇ ਸ਼ਿਕਾਇਤਾਂ ਕੀਤੀਆਂ ਹਨ ਕਿ ਉਨ੍ਹਾਂ ਨੂੰ ਬੈਂਡ ਗਰਲਜ਼ ਨੇ ਠੱਗ ਲਿਆ ਹੈ। ਐਨ.ਆਰ.ਆਈ. ਥਾਣਿਆਂ ਵਿਚ ਬਹੁਤੇ ਕੇਸ ਤਾਂ ਰਜ਼ਾਮੰਦੀ ਨਾਲ ਨਿਬੇੜ ਦਿੱਤੇ ਗਏ ਹਨ। ਪੁਲਿਸ ਨੇ ਬੈਂਡ ਗਰਲਜ਼ 'ਤੇ 29 ਕੇਸ ਵੀ ਦਰਜ ਕੀਤੇ ਹਨ। ਆਮ ਥਾਣਿਆਂ 'ਚ ਜਿਹੜੇ ਕੇਸ ਦਰਜ ਹੋਏ ਹਨ, ਉਨ੍ਹਾਂ ਦੀ ਗਿਣਤੀ ਇਸ ਤੋਂ ਵੀ ਕਿਤੇ ਜ਼ਿਆਦਾ ਹੈ।

ਐਨ.ਆਰ.ਆਈ. ਥਾਣਾ ਲੁਧਿਆਣਾ (ਸਿਟੀ) 'ਚ ਇਨ੍ਹਾਂ ਸੱਤ ਸਾਲਾਂ ਦੌਰਾਨ ਸਭ ਤੋਂ ਵੱਧ 150 ਸ਼ਿਕਾਇਤਾਂ ਪੁੱਜੀਆਂ ਜਿਨ੍ਹਾਂ ਵਿਚੋਂ ਪੰਜ ਪੁਲਿਸ ਕੇਸ ਵੀ ਦਰਜ ਕੀਤੇ ਗਏ। ਮੋਗਾ ਦੇ ਐਨ.ਆਰ.ਆਈ. ਥਾਣੇ ਵਿਚ 19, ਮੁਹਾਲੀ ਥਾਣੇ ਵਿਚ 16, ਬਠਿੰਡਾ ਵਿਚ 15, ਅੰਮ੍ਰਿਤਸਰ ਵਿਚ 13 ਅਤੇ ਫ਼ਿਰੋਜ਼ਪੁਰ ਥਾਣੇ ਵਿਚ 12 ਸ਼ਿਕਾਇਤਾਂ ਪੁੱਜੀਆਂ। ਇਨ੍ਹਾਂ ਥਾਣਿਆਂ ਵਿਚ ਵਰ੍ਹਾ 2022 ਦੌਰਾਨ ਸਭ ਤੋਂ ਵੱਧ 62 ਸ਼ਿਕਾਇਤਾਂ ਪੁੱਜੀਆਂ ਹਨ ਜਿਨ੍ਹਾਂ ਦਾ ਸਬੰਧ ਨਿਰੋਲ ਬੈਂਡ ਗਰਲਜ਼ ਨਾਲ ਸੀ। ਠੱਗੇ ਕਈ ਘਰਾਂ ਦੀ ਅਜਿਹੀ ਕਹਾਣੀ ਹੈ, ਜਿੱਥੇ ਨਾਲੇ ਜ਼ਮੀਨ ਚਲੀ ਗਈ, ਨਾਲੇ ਜੀਅ ਚਲੇ ਗਏ। ਇਨ੍ਹਾਂ ਪਰਿਵਾਰਾਂ ਨੇ ਕਰਜ਼ੇ ਚੁੱਕ ਕੇ ਅਤੇ ਜ਼ਮੀਨਾਂ ਜਾਇਦਾਦਾਂ ਵੇਚ ਕੇ ਇਕ ਤਰੀਕੇ ਨਾਲ ਜੂਆ ਖੇਡਿਆ ਜੋ ਰਾਸ ਨਹੀਂ ਆਇਆ। ਸਮਰਾਲਾ ਦੇ ਪਿੰਡ ਗੋਸਲਾਂ ਦੇ ਇੱਕ ਨੌਜਵਾਨ ਨੂੰ ਜਦੋਂ ਆਪਣੇ ਨਾਲ ਵੱਜੀ ਠੱਗੀ ਦਾ ਇਲਮ ਹੋਇਆ, ਉਹ ਜ਼ਿੰਦਗੀ ਤੋਂ ਹੀ ਹੱਥ ਧੋ ਬੈਠਾ। ਲੁਧਿਆਣਾ ਦੇ ਇਕ ਥਾਣੇਦਾਰ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਵਾਸਤੇ ਇਕ ਬੈਂਡ ਗਰਲ ਲੱਭੀ, ਕਰਜ਼ਾ ਚੁੱਕ ਕੇ ਤੇ ਪਲਾਟ ਵੇਚ ਕੇ ਨੂੰਹ ਦੀ ਸਾਰੀ ਪੜ੍ਹਾਈ ਦਾ ਖ਼ਰਚਾ ਕੀਤਾ। ਵਿਦੇਸ਼ ਜਾ ਕੇ ਨੂੰਹ ਨੇ ਫ਼ੋਨ ਚੁੱਕਣਾ ਬੰਦ ਕਰ ਦਿੱਤਾ। ਥਾਣੇਦਾਰ ਨੇ ਹੁਣ ਨੂੰਹ 'ਤੇ ਪਰਚਾ ਦਰਜ ਕਰਾਇਆ ਹੈ। ਇਸੇ ਤਰ੍ਹਾਂ ਫ਼ਰੀਦਕੋਟ ਦੇ ਪਿੰਡ ਕੰਮੇਆਣਾ ਦੇ ਇਕ ਪਰਿਵਾਰ ਨਾਲ ਹੋਈ ਹੈ। ਇੱਥੇ ਦੇ ਪੁਲਿਸ ਦੇ ਇਕ ਥਾਣੇਦਾਰ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਵਾਸਤੇ ਬੈਂਡ ਵਾਲੀ ਕੁੜੀ ਲੱਭੀ। ਕੁੜੀ ਦਾ ਸਾਰਾ ਖਰਚਾ ਚੁੱਕਿਆ। ਇਹ ਪਰਿਵਾਰ ਵੀ ਠੱਗੀ ਖਾ ਬੈਠਾ ਹੈ। ਖ਼ੁਦ ਥਾਣੇਦਾਰ ਵੀ ਇਸ ਦੁਨੀਆ 'ਚੋਂ ਰੁਖ਼ਸਤ ਹੋ ਚੁੱਕਾ ਹੈ ਅਤੇ ਉਸ ਦਾ ਲੜਕਾ ਵੀ ਕਿਸੇ ਪਾਸੇ ਦਾ ਨਹੀਂ ਰਿਹਾ।

ਦੱਸ ਦਈਏ ਕਿ ਜਿਨ੍ਹਾਂ ਲੋੜਵੰਦ ਘਰਾਂ ਦੀਆਂ ਕੁੜੀਆਂ ਦੇ ਲੋੜੀਂਦੇ ਆਈਲਟਸ ਪ੍ਰੀਖਿਆ 'ਚੋਂ ਚੰਗੇ ਬੈਂਡ ਆ ਜਾਂਦੇ ਹਨ, ਉਨ੍ਹਾਂ ਨਾਲ ਮੁੰਡੇ ਵਾਲਾ ਪਰਿਵਾਰ ਇਕ ਸਮਝੌਤੇ ਤਹਿਤ ਕੁੜੀ ਦੀ ਪੜ੍ਹਾਈ ਦਾ ਸਮੁੱਚਾ ਖ਼ਰਚਾ ਚੁੱਕਦਾ ਹੈ, ਬਦਲੇ ਵਿਚ ਲੜਕੀ ਨੇ ਵਿਆਹ ਕਰਾ ਕੇ ਲੜਕੇ ਨੂੰ ਵਿਦੇਸ਼ ਵਿਚ ਪੱਕਾ ਕਰਾਉਣਾ ਹੁੰਦਾ ਹੈ।

## 331 ਪਰਵਾਸੀ ਪੰਜਾਬੀਆਂ ਨੂੰ ਭਗੌੜੇ ਐਲਾਨਿਆ

**ਚੰਡੀਗੜ੍ਹ:** ਪਤਨੀਆਂ ਨੂੰ ਛੱਡ ਕੇ ਭੱਜੇ ਪਤੀ ਹੁਣ ਪੰਜਾਬ ਮੁੜਨ ਜੋਗੇ ਨਹੀਂ ਰਹੇ ਕਿਉਂਕਿ ਪੰਜਾਬ ਪੁਲਿਸ ਨੇ ਇਨ੍ਹਾਂ ਨੂੰ 'ਭਗੌੜੇ' ਐਲਾਨ ਦਿੱਤਾ ਹੈ। ਐਨ.ਆਰ.ਆਈ. ਥਾਣਿਆਂ 'ਚ ਧੋਖਾਧੜੀ ਜਾਂ ਵਿਆਹ ਸਬੰਧੀ ਝਗੜੇ ਬਾਰੇ ਦਰਜ ਹੋਏ ਕੇਸਾਂ 'ਚੋਂ 331 ਪਰਵਾਸੀ ਪੰਜਾਬੀਆਂ ਨੂੰ ਭਗੌੜੇ ਐਲਾਨਿਆ ਹੋਇਆ ਹੈ, ਜਿਨ੍ਹਾਂ 'ਚੋਂ 255 ਭਗੌੜੇ ਵੱਖ-ਵੱਖ ਮੁਲਕਾਂ ਵਿਚ ਬੈਠੇ ਹਨ। ਇਨ੍ਹਾਂ ਭਗੌੜਿਆਂ 'ਚ 65 ਐਨ.ਆਰ.ਆਈ. ਔਰਤਾਂ ਵੀ ਸ਼ਾਮਲ ਹਨ, ਜਿਨ੍ਹਾਂ ਨੇ ਆਪਣਿਆਂ ਨਾਲ ਧੋਖਾ ਕੀਤਾ ਹੈ। ਇਸ ਵੇਲੇ 147 ਭਗੌੜੇ ਵਿਦੇਸ਼ਾਂ 'ਚ ਬੈਠੇ ਹਨ, ਜਿਨ੍ਹਾਂ ਨੇ ਆਪਣੇ ਜੀਵਨ ਸਾਥੀਆਂ ਨਾਲ ਧੋਖਾ ਕੀਤਾ ਹੈ। ਵੇਰਵਿਆਂ ਅਨੁਸਾਰ ਵਿਦੇਸ਼ਾਂ 'ਚ ਬੈਠੇ 59 ਭਗੌੜੇ ਉਹ ਹਨ, ਜਿਨ੍ਹਾਂ ਨੇ ਆਪਣਿਆਂ ਨਾਲ ਵਿੱਤੀ ਠੱਗੀ ਮਾਰੀ ਹੈ। ਕੁੱਲ 331 ਪਰਵਾਸੀ ਭਗੌੜਿਆਂ 'ਚੋਂ 287 ਨੂੰ ਤਾਂ ਗੰਭੀਰ ਜੁਰਮ ਵਿੱਚ ਅਦਾਲਤਾਂ ਨੇ ਭਗੌੜੇ ਐਲਾਨਿਆ ਹੈ।

## ਬਿਜਲੀ ਮੁਆਫੀ ਲਈ ਧਾਂਦਲੀ ਕਰਨ ਵਾਲੇ 25 ਮੁਲਾਜ਼ਮ ਬਰਖ਼ਾਸਤ

**ਪਟਿਆਲਾ:** 'ਆਪ' ਸਰਕਾਰ ਵੱਲੋਂ ਬਿਜਲੀ ਦੀ ਘਰੇਲੂ ਖਪਤ ਸਬੰਧੀ 600 ਯੂਨਿਟਾਂ ਤੱਕ ਦਿੱਤੀ ਗਈ ਮੁਫ਼ਤ ਸੁਵਿਧਾ ਹਾਸਲ ਕਰਨ ਲਈ ਕੁਝ ਖਪਤਕਾਰਾਂ ਵੱਲੋਂ ਮੀਟਰ ਰੀਡਰਾਂ ਅਤੇ ਹੋਰ ਅਧਿਕਾਰੀਆਂ ਦੇ ਨਾਲ ਮਿਲ ਕੇ ਧਾਂਦਲੀਆਂ ਕਰਨ ਦੇ ਮਾਮਲੇ ਵੀ ਸਾਹਮਣੇ ਆਉਣ ਲੱਗੇ ਹਨ। ਪਾਵਰਕੌਮ ਵੱਲੋਂ ਅਜਿਹੀਆਂ ਗੜਬੜੀਆਂ ਕਰਨ ਵਾਲੇ 22 ਮੀਟਰ ਰੀਡਰਾਂ ਸਣੇ ਇਕ ਜ਼ੋਨਲ ਮੈਨੇਜਰ ਅਤੇ ਦੋ ਸਰਕਲ ਮੈਨੇਜਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ। ਪਾਵਰਕੌਮ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਾਵਰਕੌਮ ਦੇ ਐਨਫੋਰਸਮੈਂਟ ਵਿੰਗ ਵੱਲੋਂ ਕੀਤੀ ਗਈ ਜਾਂਚ ਦੌਰਾਨ ਅਜਿਹੀ ਕਾਰਵਾਈ ਦਾ ਸਾਹਮਣਾ ਕਰਨ ਵਾਲੇ ਇਹ ਮੁਲਾਜ਼ਮ ਲੁਧਿਆਣਾ ਅਤੇ ਜਲੰਧਰ ਸਰਕਲਾਂ ਨਾਲ ਸਬੰਧਤ ਹਨ। ਇੱਕ ਪ੍ਰਾਈਵੇਟ ਬਿਲਿੰਗ ਕੰਪਨੀ ਨਾਲ ਸਬੰਧਤ ਇਹ ਧਾਂਦਲੀਆਂ ਅਪਰੈਲ 2022 ਤੋਂ ਜੁਲਾਈ 2023 ਤੱਕ ਦੇ ਸਮੇਂ ਦੀਆਂ ਹਨ। ਯੂਨਿਟ ਘੱਟ ਰਿਕਾਰਡ ਕਰ ਕੇ ਬਿਜਲੀ ਖਪਤ ਨੂੰ 600 ਤੋਂ ਘੱਟ ਰੱਖਦੇ ਹੋਏ ਖਪਤਕਾਰਾਂ ਨੂੰ ਬਿਜਲੀ ਮੁਆਫ਼ੀ ਦਵਾਈ ਗਈ ਹੈ। ਇਸ ਗਲਤੀ ਕਾਰਨ ਕੰਪਨੀ ਵੱਲੋਂ ਮੀਟਰ ਰੀਡਰ ਨਵਜੀਤ ਸਿੰਘ ਅਤੇ ਬੌਬੀ ਸ਼ਰਮਾ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ। ਪਾਵਰਕੌਮ ਵੱਲੋਂ ਖਪਤਕਾਰਾਂ ਨੂੰ ਅਸਲ ਖਪਤ ਮੁਤਾਬਕ ਬਣਦਾ ਬਿਜਲੀ ਬਿੱਲ ਜਾਰੀ ਕੀਤਾ ਜਾ ਚੁੱਕਾ ਹੈ।

## ਬੁਲੇਟ ਟਰੇਨ: ਹੁਣ ਮਹਿਜ਼ ਦੋ ਘੰਟਿਆਂ ਦਾ ਹੋਵੇਗਾ ਦਿੱਲੀ-ਅੰਮ੍ਰਿਤਸਰ ਸਫਰ



**ਮੁਹਾਲੀ:** ਦਿੱਲੀ ਤੋਂ ਅੰਮ੍ਰਿਤਸਰ ਤੱਕ ਚੱਲਣ ਵਾਲੀ ਹਾਈ ਸਪੀਡ ਰੇਲ ਗੱਡੀ ਦੀ ਤਜਵੀਜ਼ਸ਼ੁਦਾ ਨਵੀਂ ਰੇਲਵੇ ਲਾਈਨ ਲਈ ਸਰਵੇ ਦਾ ਕੰਮ ਜੰਗੀ ਪੱਧਰ ਉਤੇ ਜਾਰੀ ਹੈ। ਇਸ ਲਾਈਨ 'ਤੇ ਬੁਲੇਟ ਟਰੇਨ ਚੱਲੇਗੀ ਜੋ ਦਿੱਲੀ ਤੋਂ ਅੰਮ੍ਰਿਤਸਰ ਤੱਕ ਦੇ 465 ਕਿਲੋਮੀਟਰ ਦੇ ਸਫ਼ਰ ਨੂੰ ਮਹਿਜ਼ ਦੋ ਘੰਟੇ ਵਿੱਚ ਪੂਰਾ ਕਰੇਗੀ। ਇਹ ਰੇਲ ਚੰਡੀਗੜ੍ਹ ਸਣੇ 15 ਸਟੇਸ਼ਨਾਂ 'ਤੇ ਰੁਕੇਗੀ।

ਇਸ ਗੱਡੀ ਦੀ ਵੱਧ ਤੋਂ ਵੱਧ ਸਪੀਡ 350 ਕਿਲੋਮੀਟਰ ਪ੍ਰਤੀ ਘੰਟਾ, ਅਪਰੇਸ਼ਨਲ ਸਪੀਡ 320 ਕਿਲੋਮੀਟਰ ਪ੍ਰਤੀ ਘੰਟਾ ਅਤੇ ਐਵਰੇਜ ਸਪੀਡ 250 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ। ਰੇਲ ਗੱਡੀ ਵਿਚ 750 ਯਾਤਰੀ ਸਫ਼ਰ ਕਰ ਸਕਣਗੇ। ਇਸ ਗੱਡੀ ਲਈ ਕੱਢੀ ਜਾਣ ਵਾਲੀ ਰੇਲਵੇ ਲਾਈਨ ਧਰਤੀ ਤੋਂ 18 ਫੁੱਟ ਉੱਚੀ ਹੋਵੇਗੀ ਅਤੇ ਇਸ ਦੀ ਚੌੜਾਈ 60 ਤੋਂ 65 ਫੁੱਟ ਹੋਵੇਗੀ। ਇਸ ਰੇਲਵੇ ਲਾਈਨ ਵਿਚ ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤੱਕ ਆਉਣ ਵਾਲੇ 343 ਪਿੰਡਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ, ਜਿਨ੍ਹਾਂ ਵਿਚ ਦਿੱਲੀ ਦੇ 22, ਹਰਿਆਣਾ ਦੇ 135 ਅਤੇ ਪੰਜਾਬ ਦੇ 186 ਪਿੰਡ ਸ਼ਾਮਲ ਹੋਣਗੇ। ਪੰਜਾਬ ਦੇ ਮੁਹਾਲੀ ਜ਼ਿਲ੍ਹੇ ਦੇ 39, ਜਲੰਧਰ ਦੇ 49, ਲੁਧਿਆਣਾ ਦੇ 37, ਅੰਮ੍ਰਿਤਸਰ ਦੇ 22, ਫ਼ਤਹਿਗੜ੍ਹ ਸਾਹਿਬ ਦੇ 25, ਕਪੂਰਥਲਾ ਦੇ 12 ਅਤੇ ਤਰਨ ਤਾਰਨ ਤੇ ਰੂਪਨਗਰ ਜ਼ਿਲ੍ਹਿਆਂ ਦਾ ਇਕ-ਇਕ ਪਿੰਡ ਇਸ ਪ੍ਰੋਜੈਕਟ ਵਿਚ ਸ਼ਾਮਲ ਕੀਤਾ ਗਿਆ ਹੈ। ਆਈ.ਆਈ.ਐਮ.ਆਰ. ਏਜੰਸੀ ਵੱਲੋਂ ਨਵੀਂ ਰੇਲਵੇ ਲਾਈਨ ਵਿੱਚ ਆਉਂਦੇ ਪਿੰਡਾਂ ਦੇ ਕਿਸਾਨਾਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ। ਇਸ ਰੇਲਵੇ ਲਾਈਨ ਲਈ ਜ਼ਮੀਨ ਐਕੁਆਇਰ ਕਰਨ ਦਾ ਕੰਮ ਅਗਲੇ ਦੋ ਸਾਲਾਂ ਦੌਰਾਨ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਹ ਰੇਲਵੇ ਲਾਈਨ ਮੁਹਾਲੀ ਜ਼ਿਲ੍ਹੇ ਦੀ ਡੇਰਾਬੱਸੀ ਸਬ ਡਿਵੀਜ਼ਨ ਦੇ 24 ਪਿੰਡਾਂ ਵਿਚੋਂ ਲੰਘੇਗੀ। ਮੁਹਾਲੀ ਤਹਿਸੀਲ ਦੇ ਨੌਂ ਪਿੰਡਾਂ ਬਾਕਰਪੁਰ, ਰੁੜਕਾ, ਕੰਬਾਲਾ, ਚਿੱਲਾ, ਰਾਏਪੁਰ ਖੁਰਦ, ਦੁਰਾਲੀ, ਸਨੇਟਾ, ਰਾਏਪੁਰ ਕਲਾਂ, ਸ਼ਾਮਪੁਰ ਦੀ ਜ਼ਮੀਨ ਇਸ ਪ੍ਰੋਜੈਕਟ ਅਧੀਨ ਗ੍ਰਹਿਣ ਕੀਤੀ ਜਾਵੇਗੀ। ਇਸ ਤਹਿਤ ਖਰੜ ਤਹਿਸੀਲ ਦੇ ਛੇ ਪਿੰਡ ਭਰਤਪੁਰ, ਗਿੱਦੜਪੁਰ, ਚੂਹੜ ਮਾਜਰਾ, ਮੱਛਲੀ ਕਲਾਂ, ਟੋਡਰ ਮਾਜਰਾ ਅਤੇ ਮਜਾਤ ਦੀ ਜ਼ਮੀਨ ਆਵੇਗੀ।

## ਨੌਕਰੀਓਂ ਕੱਢੇ ਸਹਾਇਕ ਪ੍ਰੋਫੈਸਰਾਂ ਨੂੰ ਹਾਈ ਕੋਰਟ ਤੋਂ ਰਾਹਤ

**ਫ਼ਿਰੋਜ਼ਪੁਰ:** ਆਰ.ਐਸ.ਡੀ. ਕਾਲਜ ਦੀ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਕਾਲਜ ਦੇ ਤਿੰਨ ਸਹਾਇਕ ਪ੍ਰੋਫ਼ੈਸਰਾਂ ਨੂੰ ਨੌਕਰੀ ਤੋਂ ਫਾਰਗ ਕਰਨ ਦੇ 51 ਦਿਨ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ੈਸਲਾ ਸੁਣਾਇਆ ਹੈ। ਹਾਈ ਕੋਰਟ ਨੇ ਅੰਤ੍ਰਿਮ ਹੁਕਮ ਦਿੱਤਾ ਕਿ ਜੇ ਕਾਲਜ ਕਮੇਟੀ ਤਿੰਨਾਂ ਸਹਾਇਕ ਪ੍ਰੋਫ਼ੈਸਰਾਂ ਨੂੰ ਨੌਕਰੀ ਤੇ ਜੁਆਇਨ ਕਰਵਾ ਲੈਂਦੀ ਹੈ ਤਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਇਸ ਕਾਲਜ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰੇਗੀ।

31 ਜੁਲਾਈ ਨੂੰ ਕਾਲਜ ਕਮੇਟੀ ਨੇ ਤਿੰਨ ਸਹਾਇਕ ਪ੍ਰੋਫ਼ੈਸਰ ਜਿਨ੍ਹਾਂ ਵਿਚ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਕੁਲਦੀਪ ਸਿੰਘ ਅਤੇ ਡਾ. ਮਨਜੀਤ ਕੌਰ ਸਣੇ ਇਤਿਹਾਸ ਦੇ ਪ੍ਰੋ. ਲਕਸ਼ਮਿੰਦਰ ਭੋਰੀਵਾਲ ਸ਼ਾਮਲ ਹਨ, ਨੂੰ ਨੌਕਰੀ ਤੋਂ ਫ਼ਾਰਗ ਕਰ ਦਿੱਤਾ ਸੀ। ਇਹ ਪ੍ਰੋਫ਼ੈਸਰ ਤੇਰ੍ਹਾਂ ਵਰ੍ਹਿਆਂ ਤੋਂ ਕਾਲਜ ਵਿਚ ਸੇਵਾਵਾਂ ਨਿਭਾਅ ਰਹੇ ਸਨ। ਪਹਿਲੀ ਅਗਸਤ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕਾਲਜ ਦੀ ਕਾਰਵਾਈ ਨੂੰ ਗੈਰਕਾਨੂੰਨੀ ਕਰਾਰ ਦਿੰਦਿਆ ਪ੍ਰੋਫ਼ੈਸਰਾਂ ਨੂੰ ਜੁਆਇਨ ਕਰਵਾਉਣ ਦੇ ਹੁਕਮ ਜਾਰੀ ਕੀਤੇ ਪਰ ਕਾਲਜ ਕਮੇਟੀ ਨੇ ਹੁਕਮਾਂ ਦੀ ਪਾਲਣਾ ਨਾ ਕੀਤੀ। ਇਸ ਤੋਂ ਬਾਅਦ ਉੱਚ ਸਿੱਖਿਆ ਵਿਭਾਗ ਦੇ ਡਾਇਰੈਕਟਰ ਨੇ ਦੋਵਾਂ ਧਿਰਾਂ ਨੂੰ ਸੁਣਨ ਮਗਰੋਂ 4 ਸਤੰਬਰ ਨੂੰ ਕਾਲਜ ਨੂੰ ਪੱਤਰ ਲਿਖ ਕੇ ਪ੍ਰੋਫ਼ੈਸਰਾਂ ਨੂੰ ਜੁਆਇਨ ਕਰਵਾਉਣ ਦੇ ਹੁਕਮ ਦਿੱਤੇ ਪਰ ਕਾਲਜ ਕਮੇਟੀ ਨੇ ਇਨ੍ਹਾਂ ਹੁਕਮਾਂ ਦੀ ਵੀ ਪ੍ਰਵਾਹ ਨਾ ਕੀਤੀ। ਫਿਰ 18 ਸਤੰਬਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਪੱਤਰ ਲਿਖ ਕੇ ਕਾਲਜ ਕਮੇਟੀ ਨੂੰ ਚਿਤਾਵਨੀ ਦਿੱਤੀ ਕਿ ਜੇ ਪ੍ਰੋਫ਼ੈਸਰਾਂ ਨੂੰ ਜੁਆਇਨ ਨਾ ਕਰਵਾਇਆ ਤਾਂ ਯੂਨੀਵਰਸਿਟੀ ਇਸ ਸਾਲ ਦਾਖ਼ਲ ਹੋ ਚੁੱਕੇ ਵਿਦਿਆਰਥੀਆਂ ਦੀਆਂ ਰਿਟਰਨਾਂ ਨਹੀਂ ਲਵੇਗੀ ਅਤੇ ਕਾਲਜ ਵੱਲੋਂ ਯੂ.ਜੀ.ਸੀ. ਤੋਂ ਗਰਾਂਟਾਂ ਲੈਣ ਵਾਲੇ ਪੱਤਰਾਂ ਨੂੰ ਅੱਗੇ ਨਹੀਂ ਭੇਜੇਗੀ। ਇਸ ਸਭ ਦੇ ਖ਼ਿਲਾਫ਼ ਕਾਲਜ ਕਮੇਟੀ ਵੱਲੋਂ ਹਾਈ ਕੋਰਟ ਦਾ ਬੂਹਾ ਖੜਕਾਇਆ ਗਿਆ ਜਿਸ 'ਤੇ ਕਾਰਵਾਈ ਕਰਦਿਆਂ ਹੁਣ ਹਾਈ ਕੋਰਟ ਨੇ ਅੰਤ੍ਰਿਮ ਹੁਕਮ ਪਾਸ ਕਰ ਦਿੱਤਾ ਹੈ।

## ਪੰਜਾਬ ਸਰਕਾਰ ਹੁਣ ਕਰਜ਼ਾ ਚੁੱਕ ਕੇ ਸੜਕਾਂ ਦੀ ਮੁਰੰਮਤ ਕਰੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ ਸੂਬੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਵਾਸਤੇ ਨਾਬਾਰਡ ਤੋਂ ਕਰਜ਼ਾ ਚੁੱਕਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਨਾਬਾਰਡ ਤੋਂ 'ਦਿਹਾਤੀ ਬੁਨਿਆਦੀ ਢਾਂਚਾ ਵਿਕਾਸ ਫੰਡ' ਤਹਿਤ ਲੋਨ ਲਏ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਸ ਬਾਰੇ ਇਕ ਚਾਰ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ ਜੋ ਲਿੰਕ ਸੜਕਾਂ ਦੀ ਮੁਰੰਮਤ ਵਾਸਤੇ ਫੰਡਾਂ ਦਾ ਪ੍ਰਬੰਧ ਕਰੇਗੀ। ਪੰਜਾਬ ਸਰਕਾਰ ਨੇ ਇਹ ਫੈਸਲਾ ਕੇਂਦਰ ਵੱਲੋਂ ਦਿਹਾਤੀ ਵਿਕਾਸ ਫੰਡ ਰੋਕੇ ਜਾਣ ਮਗਰੋਂ ਕੀਤਾ ਹੈ। ਸੱਤ ਸਾਲ ਪੁਰਾਣੀਆਂ ਲਿੰਕ ਸੜਕਾਂ 'ਚ ਖੱਡੇ ਹੋਏ ਹਨ ਜਿਨ੍ਹਾਂ ਦੀ ਮੁਰੰਮਤ ਲਈ ਫੰਡਾਂ ਦੀ ਲੋੜ ਹੈ। ਪੰਜਾਬ ਸਰਕਾਰ ਵੱਲੋਂ ਤਰਕ ਦਿੱਤਾ ਗਿਆ ਹੈ ਕਿ ਚਾਰ ਸੀਜ਼ਨਾਂ ਦਾ ਦਿਹਾਤੀ ਵਿਕਾਸ ਫੰਡ ਕੇਂਦਰ ਸਰਕਾਰ ਨਹੀਂ ਦੇ ਰਹੀ ਹੈ ਅਤੇ ਮਾਰਕਿਟ ਫੀਸ ਤਿੰਨ ਫ਼ੀਸਦੀ ਤੋਂ ਘਟਾ ਕੇ ਦੋ ਫ਼ੀਸਦੀ ਕਰ ਦਿੱਤੀ ਗਈ ਹੈ ਜਿਸ ਕਰਕੇ ਪੰਜਾਬ ਮੰਡੀ ਬੋਰਡ ਦੀ ਵਿੱਤੀ ਸਥਿਤੀ ਕਮਜ਼ੋਰ ਹੋ ਗਈ ਹੈ। ਇਹ ਵੀ ਫੈਸਲਾ ਹੋਇਆ ਹੈ ਕਿ ਜਿਨ੍ਹਾਂ ਸੜਕਾਂ ਦੀ ਹਾਲਾਤ ਜ਼ਿਆਦਾ ਮਾੜੀ ਹੈ ਅਤੇ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ, ਉਨ੍ਹਾਂ ਸੜਕਾਂ ਦੀ ਮੁਰੰਮਤ ਤਰਜੀਹੀ ਆਧਾਰ 'ਤੇ ਕੀਤੀ ਜਾਵੇਗੀ।



ਸੂਬੇ ਵਿਚ ਆਮ ਤੌਰ 'ਤੇ ਛੇ ਵਰ੍ਹਿਆਂ ਮਗਰੋਂ ਸੜਕਾਂ ਦੀ ਮੁਰੰਮਤ ਹੁੰਦੀ ਹੈ ਪਰ ਹੁਣ ਸੱਤ ਅਤੇ ਅੱਠ ਸਾਲ ਮਗਰੋਂ ਵੀ ਸੜਕਾਂ ਦੀ ਰਿਪੇਅਰ ਨਹੀਂ ਹੋਈ। ਸੂਬੇ ਵਿਚ ਏ-ਕੈਟਾਗਰੀ ਅਤੇ ਬੀ-ਕੈਟਾਗਰੀ ਲਿੰਕ ਸੜਕਾਂ (ਜਿਹੜੀਆਂ ਦੋ ਜਾਂ ਦੋ ਤੋਂ ਵੱਧ ਪਿੰਡਾਂ ਵਿਚੋਂ ਲੰਘਦੀਆਂ ਹਨ) ਦੀ ਮੁਰੰਮਤ ਕੀਤੀ ਜਾਣੀ ਹੈ। ਸਰਕਾਰ ਨੇ ਸੀ-ਕੈਟਾਗਰੀ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਕਰਨ ਦਾ ਵਕਫ਼ਾ 10 ਸਾਲ ਕਰ ਦਿੱਤਾ ਹੈ। ਸੀ-ਕੈਟਾਗਿਰੀ ਲਿੰਕ ਸੜਕਾਂ ਢਾਣੀਆਂ ਨੂੰ ਜਾਂਦੀਆਂ ਹਨ ਜਿਨ੍ਹਾਂ 'ਤੇ ਬਹੁਤੀ ਆਵਾਜਾਈ ਨਹੀਂ ਹੁੰਦੀ।

ਸੂਤਰਾਂ ਅਨੁਸਾਰ ਪੰਜਾਬ ਮੰਡੀ ਬੋਰਡ ਵੱਲੋਂ ਸਾਲ 2024-25 ਦੌਰਾਨ ਨਾਬਾਰਡ ਤੋਂ ਕਰਜ਼ਾ ਚੁੱਕਿਆ ਜਾਵੇਗਾ ਜਿਸ ਕਰਕੇ ਸੜਕਾਂ ਦੀ ਮੁਰੰਮਤ ਦਾ ਕੰਮ ਹੋਰ ਲਟਕੇਗਾ। ਮਾਹਿਰ ਦੱਸਦੇ ਹਨ ਕਿ ਨਾਬਾਰਡ ਸੜਕਾਂ ਦੀ ਮੁਰੰਮਤ ਵਾਸਤੇ ਕਰਜ਼ਾ ਨਹੀਂ ਦਿੰਦਾ ਹੈ ਜਿਸ ਕਰਕੇ ਮੰਡੀ ਬੋਰਡ ਵੱਲੋਂ ਸੜਕਾਂ ਨੂੰ ਚੌੜਾ ਕਰਨ ਦਾ ਪ੍ਰਾਜੈਕਟ ਬਣਾ ਕੇ ਕਰਜ਼ਾ ਲਿਆ ਜਾਵੇਗਾ। ਸਰਕਾਰ ਨੇ ਇਸ ਤੋਂ ਪਹਿਲਾਂ ਸਾਲ 2013-14 'ਚ ਲਿੰਕ ਸੜਕਾਂ ਵਾਸਤੇ ਨਾਬਾਰਡ ਤੋਂ ਕਰਜ਼ਾ ਲਿਆ ਸੀ। ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੇ ਫੰਡਾਂ ਦੀ ਘਾਟ ਨੂੰ ਦੇਖਦਿਆਂ ਕਰੀਬ ਇਕ ਹਜ਼ਾਰ ਕਿਲੋਮੀਟਰ ਲਿੰਕ ਸੜਕਾਂ ਉਤੇ ਗਰੀਨ ਬੈਲਟ ਵਿਕਸਿਤ ਕਰਨ ਦਾ ਪ੍ਰੋਜੈਕਟ ਵੀ ਟਾਲ ਦਿੱਤਾ ਹੈ ਜਿਸ 'ਤੇ 55 ਕਰੋੜ ਰੁਪਏ ਖ਼ਰਚ ਆਉਣੇ ਸਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਮਿੱਥੇ ਛੇ ਵਰ੍ਹਿਆਂ ਦੇ ਅਰਸੇ ਤੋਂ ਬਾਅਦ ਵੀ ਨਹੀਂ ਹੋਈ ਹੈ, ਉਨ੍ਹਾਂ ਦੀ ਮੁਰੰਮਤ ਦਾ ਲਾਗਤ ਖਰਚਾ ਵੀ ਹੁਣ ਵਧ ਜਾਣਾ ਹੈ ਕਿਉਂਕਿ ਉਨ੍ਹਾਂ ਸੜਕਾਂ 'ਤੇ ਟੋਏ ਪੈ ਗਏ ਹਨ। ਆਮ ਤੌਰ 'ਤੇ ਜਦੋਂ ਬਿਨਾਂ ਟੋਇਆਂ ਵਾਲੀਆਂ ਸੜਕਾਂ ਦੀ ਮੁਰੰਮਤ ਹੁੰਦੀ ਹੈ ਤਾਂ ਪ੍ਰਤੀ ਕਿਲੋਮੀਟਰ ਲਾਗਤ ਸਮੇਤ ਫਿਰਨੀ ਦੀ ਮੁਰੰਮਤ ਲਈ ਕਰੀਬ 15 ਲੱਖ ਰੁਪਏ ਖਰਚ ਆਉਂਦਾ ਹੈ ਜੋ ਕਿ ਹੁਣ ਵਧ ਕੇ ਕਰੀਬ 18 ਲੱਖ ਰੁਪਏ ਪ੍ਰਤੀ ਕਿਲੋਮੀਟਰ ਹੋਣ ਦਾ ਅਨੁਮਾਨ ਹੈ। ਕਾਂਗਰਸ ਸਰਕਾਰ ਸਮੇਂ ਕਰੀਬ 8400 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਦੇ ਕੰਮ ਲਈ 1080 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਸੀ। ਪੰਜਾਬ ਮੰਡੀ ਬੋਰਡ ਦੀ ਵਿੱਤੀ ਸਿਹਤ ਇੰਨੀ ਖ਼ਰਾਬ ਹੈ ਕਿ ਕਰਜ਼ੇ ਦੀਆਂ ਕਿਸ਼ਤਾਂ ਤਾਰਨੀਆਂ ਮੁਸ਼ਕਲ ਹੋ ਗਈਆਂ ਹਨ। ਵਿੱਤ ਵਿਭਾਗ ਪੰਜਾਬ ਨੇ 17 ਅਗਸਤ ਨੂੰ ਮੰਡੀ ਬੋਰਡ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜੂਨ 2023 ਦੀ ਕਿਸ਼ਤ 27 ਸਤੰਬਰ 2023 ਤੋਂ ਪਹਿਲਾਂ ਸਰਕਾਰ ਅਦਾ ਕਰ ਦੇਵੇਗੀ ਤਾਂ ਜੋ ਮੰਡੀ ਬੋਰਡ ਡਿਫਾਲਟਰ ਐਲਾਨ ਹੋਣ ਤੋਂ ਬਚ ਸਕੇ। ਵੇਰਵਿਆਂ ਅਨੁਸਾਰ ਜਿਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਨੂੰ ਸੱਤ ਵਰ੍ਹੇ ਹੋ ਗਏ ਹਨ, ਉਨ੍ਹਾਂ ਦੀ ਗਿਣਤੀ 2,112 ਬਣਦੀ ਹੈ ਅਤੇ ਲੰਬਾਈ 4280 ਕਿਲੋਮੀਟਰ ਹੈ। ਇਨ੍ਹਾਂ ਸੜਕਾਂ ਦੀ ਮੁਰੰਮਤ ਵਾਸਤੇ 693 ਕਰੋੜ ਰੁਪਏ ਦੀ ਲੋੜ ਹੈ। 31 ਮਾਰਚ 2017 ਤੋਂ ਪਹਿਲਾਂ ਮੁਰੰਮਤ ਹੋਈਆਂ ਸੜਕਾਂ ਦੀ ਗਿਣਤੀ 3,936 ਹੈ ਅਤੇ ਲੰਬਾਈ 8228 ਕਿਲੋਮੀਟਰ ਬਣਦੀ ਹੈ, ਜਿਨ੍ਹਾਂ ਵਾਸਤੇ 1400 ਕਰੋੜ ਰੁਪਏ ਦੀ ਲੋੜ ਹੈ। ਇਸ ਤਰ੍ਹਾਂ ਪੰਜਾਬ ਮੰਡੀ ਬੋਰਡ ਨੂੰ ਸੜਕਾਂ ਦੀ ਮੁਰੰਮਤ ਕਰੀਬ 2100 ਕਰੋੜ ਰੁਪਏ ਲੋੜੀਂਦੇ ਹਨ।

## ਵਿਰੋਧੀ ਧਿਰਾਂ ਨੇ ਸਿਆਸੀ ਮੁੱਦਾ ਬਣਾਇਆ

ਵਿਰੋਧੀ ਧਿਰਾਂ ਨੇ ਸੜਕਾਂ ਦੀ ਮੰਦਹਾਲੀ ਨੂੰ ਸਿਆਸੀ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਅੱਗੇ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ ਤੱਕ ਹੋਣੀਆਂ ਹਨ ਅਤੇ ਇੱਧਰ ਲਿੰਕ ਸੜਕਾਂ ਦੀ ਮੁਰੰਮਤ ਹੋ ਨਹੀਂ ਰਹੀ ਹੈ। ਪੰਚਾਇਤੀ ਚੋਣਾਂ ਵਿਚ ਵਿਰੋਧੀ ਧਿਰਾਂ ਸੜਕਾਂ 'ਚ ਪਏ ਟੋਇਆਂ ਦਾ ਮੁੱਦਾ ਉਭਾਰ ਸਕਦੀਆਂ ਹਨ। ਸੂਬੇ ਵਿਚ ਜ਼ਿਲ੍ਹਾ ਅੰਮ੍ਰਿਤਸਰ 'ਚ 205 ਸੜਕਾਂ, ਗੁਰਦਾਸਪੁਰ 'ਚ 361 ਸੜਕਾਂ, ਲੁਧਿਆਣਾ 'ਚ 138 ਸੜਕਾਂ, ਸ੍ਰੀ ਮੁਕਤਸਰ ਸਾਹਿਬ 'ਚ 173 ਸੜਕਾਂ, ਤਰਨਤਾਰਨ 'ਚ 162 ਅਤੇ ਪਠਾਨਕੋਟ 'ਚ 108 ਸੜਕਾਂ ਦਾ ਮੰਦਾ ਹਾਲ ਹੈ।

# ਪੀ.ਸੀ.ਐਸ. ਮੇਲਾ 2023: ਗੀਤੇ ਨੇ ਆਪਣੇ ਗੀਤਾਂ ਨਾਲ ਮੇਲੀ ਕੀਲੇ

## *300 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ; ਬੱਚਿਆਂ, ਔਰਤਾਂ ਤੇ ਪੁਰਸ਼ਾਂ ਦੀਆਂ ਖੇਡਾਂ ਕਰਵਾਈਆਂ*

**ਸ਼ਿਕਾਗੋ:** ਪੰਜਾਬੀ ਭਾਈਚਾਰੇ ਦੀ ਸਿਹਤਮੰਦ ਜੀਵਨ ਸ਼ੈਲੀ ਅਤੇ ਖੇਡਾਂ, ਸਿੱਖਿਆ, ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.) ਵਲੋਂ ਭਾਈਚਾਰੇ ਦੇ ਲੋਕਾਂ ਦੇ ਮਨੋਰੰਜਨ ਤੇ ਇਕੱਠੇ ਹੋਣ ਦਾ ਮੌਕਾ ਦੇਣ ਲਈ ਲੰਘੀ 17 ਸਤੰਬਰ ਨੂੰ ਪੈਲਾਟਾਈਨ, ਇਲੀਨੋਇ ਦੇ ਡੀਅਰ ਗਰੋਵ ਈਸਟ ਫਾਰੈਸਟ ਪ੍ਰੀਜ਼ਰਵ ਵਿਖੇ 'ਪੰਜਾਬੀ ਮੇਲਾ 2023' ਲਾਇਆ ਗਿਆ, ਜਿਸ ਵਿਚ ਉਘੇ ਪੰਜਾਬੀ ਗਾਇਕ ਗੀਤਾ ਜ਼ੈਲਦਾਰ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਨਾਲ ਖੂਬ ਸਮਾਂ ਬੰਨ੍ਹਿਆ। ਮਿਸ਼ੀਗਨ ਤੋਂ ਜਗਮੋਹਨ ਸਿੰਘ ਬੇਗੋਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।















ਮੇਲੇ ਵਾਲੇ ਦਿਨ ਸੰਘਣੀ ਬੱਦਲਵਾਈ ਤੇ ਮਗਰੋਂ ਪਏ ਮੀਂਹ ਕਾਰਨ ਭਾਵੇਂ ਖੇਡਾਂ ਸ਼ੁਰੂ ਕਰਨ ਵਿਚ ਕੁਝ ਘੰਟੇ ਦੀ ਦੇਰੀ ਹੋ ਗਈ ਪਰ ਮਗਰੋਂ ਚਮਕੇ ਸੂਰਜ ਨੇ ਮੇਲੀਆਂ ਦੇ ਚਿਹਰਿਆਂ 'ਤੇ ਰੌਣਕ ਲੈ ਆਂਦੀ ਤੇ ਮੇਲਾ ਖੂਬ ਭਰਿਆ। ਬੱਚਿਆਂ ਅਤੇ ਬਜ਼ੁਰਗਾਂ ਸਮੇਤ 300 ਤੋਂ ਵੱਧ ਲੋਕਾਂ ਨੇ ਮੇਲੇ ਵਿਚ ਸ਼ਿਰਕਤ ਕੀਤੀ, ਖੇਡਾਂ ਖੇਡੀਆਂ ਅਤੇ ਭੋਜਨ ਟੇਸਟ ਆਫ ਇੰਡੀਆ ਬਰੁਕਫੀਲਡ ਦੁਆਰਾ ਤਿਆਰ ਕੀਤੇ ਲਜ਼ੀਜ਼ ਖਾਣੇ ਤੇ ਗੀਤਾ ਜ਼ੈਲਦਾਰ ਦੀ ਗਾਇਕੀ ਦਾ ਰੱਜ ਕੇ ਅਨੰਦ ਮਾਣਿਆ।

ਮੇਲੇ ਦਾ ਉਦਘਾਟਨ ਸ਼ਬਦ ਅਤੇ ਮਿੰਨੀ ਸਿੰਘ ਦੁਆਰਾ ਅਮਰੀਕੀ ਰਾਸ਼ਟਰੀ ਗੀਤ ਗਾਉਣ ਨਾਲ ਹੋਇਆ। ਰਿਬਨ ਕੱਟਣ ਦੀ ਰਸਮ ਇਲੀਨੋਇ ਰਾਜ ਦੀ ਪ੍ਰਤੀਨਿਧੀ ਮਿਸ਼ੇਲ ਮੁਸਮੈਨ, ਰਾਜ ਪ੍ਰਤੀਨਿਧੀ ਨਬੀਲਾ ਸਈਦ, ਅਤੇ ਹੈਨੋਵਰ ਪਾਰਕ ਟਾਊਨਸ਼ਿਪ ਦੇ ਮੁਲਾਂਕਣਕਰਤਾ ਖਾਜਾ ਮੋਇਨੂਦੀਨ ਦੇ ਨਾਲ ਪੀਸੀਐਸ ਅਧਿਕਾਰੀਆਂ ਅਤੇ ਕਮਿਊਨਿਟੀ ਨੇਤਾਵਾਂ ਦੀ ਅਗਵਾਈ ਵਿਚ ਹੋਈ। ਸਥਾਨਕ ਖੇਤਰ ਦੇ ਚੁਣੇ ਹੋਏ ਅਧਿਕਾਰੀਆਂ ਨੇ ਪੀ.ਸੀ.ਐੱਸ. ਵਲੋਂ ਭਾਈਚਾਰੇ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।







ਪੀ.ਸੀ.ਐਸ. ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਧਾਲੀਵਾਲ ਨੇ ਕਿਹਾ, 'ਇਹ ਪੰਜਾਬੀ ਮੇਲਾ ਪਰਿਵਾਰਾਂ ਅਤੇ ਬੱਚਿਆਂ ਲਈ ਤਾਜ਼ੀ ਹਵਾ ਵਿਚ ਇਕੱਠੇ ਹੋ ਕੇ ਮਜ਼ੇਦਾਰ ਗਤੀਵਿਧੀਆਂ ਵਿਚ ਸ਼ਾਮਲ ਹੋਣ ਅਤੇ ਖੇਡਾਂ ਖੇਡਣ ਦਾ ਇਕ ਮੌਕਾ ਹੈ। ਪੀ.ਸੀ.ਐਸ. ਨੌਜਵਾਨਾਂ ਵਿਚ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।' ਪੀਸੀਐਸ ਦੇ ਚੇਅਰਮੈਨ ਨਿਕ ਬਲਵਿੰਦਰ ਸਿੰਘ ਨੇ ਕਿਹਾ, 'ਅਜਿਹੇ ਖੇਡ ਪ੍ਰੋਗਰਾਮਾਂ ਰਾਹੀਂ ਪਲੇਟਫਾਰਮ ਪ੍ਰਦਾਨ ਕਰ ਕੇ ਸਰੀਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦੇ ਹੋਏ, ਪੰਜਾਬੀ ਕਲਚਰਲ ਸੁਸਾਇਟੀ ਸਾਡੇ ਭਾਈਚਾਰੇ ਨੂੰ ਸ਼ਾਨਦਾਰ ਸੇਵਾ ਪ੍ਰਦਾਨ ਕਰ ਰਹੀ ਹੈ।' ਸਥਾਨਕ ਪੰਜਾਬੀ ਸਪੋਰਟਸ ਕਲੱਬਾਂ, ਕਮਿਊਨਿਟੀ ਸੰਸਥਾਵਾਂ ਦੇ ਆਗੂ ਅਤੇ ਸਪਾਂਸਰ ਆਪਣਾ ਸਮਰਥਨ ਦਿਖਾਉਣ ਲਈ ਹਾਜ਼ਰ ਹੋਏ ਅਤੇ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਇਆ।





ਐਫ.ਬੀ.ਆਈ. ਸ਼ਿਕਾਗੋ ਭਰਤੀ ਦਫਤਰ ਨੇ ਐਫਬੀਆਈ ਵਿਚ ਸ਼ਾਮਲ ਹੋਣ ਦੇ ਤਰੀਕੇ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਪ੍ਰਦਰਸ਼ਨੀ ਸਾਰਣੀ ਸਥਾਪਤ ਕੀਤੀ।

ਪ੍ਰਬੰਧਕਾਂ ਨੇ ਮੇਲੀਆਂ ਲਈ ਟੈਂਟਾਂ, ਕੁਰਸੀਆਂ, ਖਾਣੇ ਤੇ ਡੀ ਜੇ ਦਾ ਖਾਸ ਪ੍ਰਬੰਧ ਕੀਤਾ ਹੋਇਆ ਸੀ। ਮੇਲਣਾਂ ਲਈ ਕੱਪੜਿਆਂ, ਗਹਿਣਿਆਂ, ਪੰਜਾਬੀ ਜੁੱਤੀਆਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ, ਜਿੱਥੋਂ ਬੀਬੀਆਂ ਆਪਣੀ ਪਸੰਦ ਦੀਆਂ ਚੀਜ਼ਾਂ ਖਰੀਦ ਕੇ ਖੁਸ਼ ਸਨ ਕਿਉਂਕਿ ਖਰੀਦਦਾਰੀ ਤੋਂ ਬਿਨਾਂ ਤਾਂ ਬੀਬੀਆਂ ਲਈ ਕੋਈ ਵੀ ਮੇਲਾ ਅਧੂਰਾ ਹੀ ਹੁੰਦੈ। ਬੱਚੇ ਵੀ ਖੇਡਾਂ ਖੇਡ ਕੇ ਆਪਣਾ ਬਚਪਨਾ ਮਾਣ ਰਹੇ ਸਨ।

ਪੀ.ਸੀ.ਐਸ. ਵਲੋਂ ਹਮੇਸ਼ਾ ਵਾਂਗ ਮੇਲੀਆਂ ਲਈ ਦਾਖਲਾ ਜਾਂ ਪਾਰਕਿੰਗ ਟਿਕਟ ਨਹੀਂ ਸੀ ਰੱਖੀ ਗਈ ਤੇ ਭੋਜਨ ਵੀ ਮੁਫਤ ਸੀ। ਛੋਲੇ ਭਟੂਰਿਆਂ ਨੇ ਸਾਰਿਆਂ ਦੀ ਰੂਹ ਖੁਸ਼ ਕਰ ਦਿੱਤੀ, ਮੇਲੀ ਲਜ਼ੀਜ਼ ਖਾਣੇ ਦੀ ਤਾਰੀਫ਼ ਕਰਦੇ ਨਹੀਂ ਸਨ ਥੱਕ ਰਹੇ। ਜਲੇਬੀਆਂ ਨੂੰ ਵੀ ਖੂਬ ਗੇੜੇ ਦਿੱਤੇ ਜਾ ਰਹੇ ਸਨ ਤੇ ਲੌਂਗ-ਲਾਚੀਆਂ ਵਾਲੀ ਚਾਹ ਦੀ ਵੀ ਕਮਾਲ ਹੀ ਹੋਈ ਪਈ ਸੀ। ਕੜੀ-ਚੌਲ, ਪਰਾਂਠੇ ਤੇ ਪਕੌੜੇ ਵੀ ਮੇਲੀਆਂ ਦੇ ਮੂੰਹ 'ਚ ਪਾਣੀ ਲਿਆ ਰਹੇ ਸਨ। ਮਨਪ੍ਰੀਤ ਭੱਲਾ ਦਾ ਡੀਜੇ ਸੰਗੀਤ ਸਾਰਾ ਦਿਨ ਧਮਾਕੇਦਾਰ ਰਿਹਾ।





ਮੇਲੀਆਂ ਦੇ ਮਨੋਰੰਜਨ ਲਈ ਐਤਕੀਂ ਪੀ.ਸੀ.ਐਸ. ਨੇ ਖਾਸ ਤੌਰ 'ਤੇ ਗਾਇਕ ਗੀਤਾ ਜ਼ੈਲਦਾਰ ਨੂੰ ਸੱਦਿਆ ਸੀ। ਉਸ ਨੇ ਸਟੇਜ 'ਤੇ ਆਉਂਦਿਆਂ ਹੀ ਸ਼ਿਕਾਗੋ ਵਾਲਿਆਂ ਨੂੰ ਮੇਲੇ ਦੀ ਵਧਾਈ ਦਿੱਤੀ ਤੇ ਪੀ.ਸੀ.ਐਸ. ਮੈਂਬਰਾਂ ਦੀ ਸ਼ਲਾਘਾ ਕੀਤੀ। ਉਹਨੇ ਮੇਲੀਆਂ ਨੂੰ ਸਟੇਜ ਕੋਲ ਆ ਕੇ ਭੰਗੜੇ ਪਾਉਣ ਦਾ ਸੱਦਾ ਦਿੱਤਾ ਤੇ ਆਪਣੇ ਮਸ਼ਹੂਰ ਗਾਣੇ 'ਚਿੱਟੇ ਸੂਟ 'ਤੇ ਦਾਗ਼ ਪੈ ਗਏ' ਨਾਲ ਸ਼ੁਰੂਆਤ ਕੀਤੀ। ਮਗਰੋਂ ਇਕ ਤੋਂ ਬਾਅਦ ਇਕ ਉਸ ਨੇ ਆਪਣੇ ਹਿੱਟ ਗਾਣੇ 'ਤੁਰਦੀ ਏਂ ਪਿੰਕ ਸੂਟ ਦਾ ਪਹੁੰਚਾ ਚੱਕ-ਚੱਕ ਕੇ', 'ਸੀਟੀ ਮਾਰ ਕੇ ਬੁਲਾਉਣੋਂ ਹਟ ਜਾ', 'ਨੀਂ ਤੂੰ ਭਿੱਜ ਗਈ ਪਸੀਨੇ ਨਾਲ ਨੀਂ ਬਿੱਲੋ ਨੱਚ ਨੱਚ ਕੇ', 'ਕੋਈ ਗੱਭਰੂ ਪਸੰਦ ਨਈ ਆਉਂਦਾ, 'ਨਾਗਾਂ ਵਰਗੇ ਨੈਣ', 'ਆਜਾ ਨੀਂ ਬਹਾਨਾ ਲਾ ਕੇ ਸੈਰ ਦਾ ਘਰੋਂ" ਗਾਏ, ਜਿਸ 'ਤੇ ਮੇਲਣਾਂ ਨੇ ਗਿੱਧੇ-ਭੰਗੜੇ ਪਾ ਕੇ ਖੂਬ ਧੂੜਾਂ ਪੁੱਟੀਆਂ। ਓਪਨ ਸਟੇਜ 'ਤੇ ਬੀਬੀਆਂ, ਬੰਦੇ, ਬੱਚੇ ਸਾਰੇ ਗੀਤਾ ਜ਼ੈਲਦਾਰ ਨਾਲ ਫੋਟੋਆਂ

***(ਬਾਕੀ ਅਗਲੇ ਸਫੇ 'ਤੇ)***



# ਪੰਜਾਬ ਵੱਲੋਂ ਬੀ.ਬੀ.ਐਮ.ਬੀ. ਵਿਚ ਤਬਦੀਲੀ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਕੇਂਦਰੀ ਊਰਜਾ ਮੰਤਰਾਲੇ ਵੱਲੋਂ ਰਾਜਸਥਾਨ ਦੀ ਸਥਾਈ ਨੁਮਾਇੰਦਗੀ ਨੂੰ ਲੈ ਕੇ ਬੁਲਾਈ ਅੰਤਰਰਾਜੀ ਮੀਟਿੰਗ ਵਿਚ ਪੰਜਾਬ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਵਿਚ ਕਿਸੇ ਵੀ ਨਵੇਂ ਬਦਲਾਅ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਤਕਰੀਬਨ ਸਵਾ ਘੰਟਾ ਚੱਲੀ ਇਸ ਮੀਟਿੰਗ ਵਿਚ ਸਾਫ ਆਖ ਦਿੱਤਾ ਕਿ ਬੀ.ਬੀ.ਐਮ.ਬੀ. ਵਿਚ ਕੋਈ ਤਬਦੀਲੀ ਪ੍ਰਵਾਨ ਨਹੀਂ ਕੀਤੀ ਜਾਵੇਗੀ ਜਦੋਂ ਕਿ ਹਰਿਆਣਾ ਆਪਣੇ ਸਟੈਂਡ ਤੋਂ ਥਿੜਕਿਆ ਨਜ਼ਰ ਆਇਆ। ਹਰਿਆਣਾ ਦੀ ਪੇਸ਼ਕਸ਼ ਨੂੰ ਰਾਜਸਥਾਨ ਨੇ ਰੱਦ ਕਰ ਦਿੱਤਾ।



ਕੇਂਦਰੀ ਊਰਜਾ ਮੰਤਰਾਲੇ ਦੇ ਸਕੱਤਰ ਪੰਕਜ ਅਗਰਵਾਲ ਨੇ ਬੀ.ਬੀ.ਐਮ.ਬੀ. ਵਿਚ ਰਾਜਸਥਾਨ ਵੱਲੋਂ ਮੰਗੀ ਸਥਾਈ ਪ੍ਰਤੀਨਿਧਤਾ ਦਾ ਮਾਮਲਾ ਵਿਚਾਰਨ ਲਈ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਅਧਿਕਾਰੀਆਂ ਦੀ ਮੀਟਿੰਗ ਸੱਦੀ ਸੀ। ਮੀਟਿੰਗ ਵਿਚ ਬੀ.ਬੀ.ਐਮ.ਬੀ. ਦੇ ਚੇਅਰਮੈਨ ਐੱਨ ਪੀ ਸ਼ਰਮਾ ਵੀ ਹਾਜ਼ਰ ਸਨ। ਚੇਤੇ ਰਹੇ ਕਿ ਉੱਤਰੀ ਜ਼ੋਨਲ ਕੌਂਸਲ ਦੀ 30ਵੀਂ ਮੀਟਿੰਗ ਪਿਛਲੇ ਸਾਲ ਜੈਪੁਰ 'ਚ ਹੋਈ ਸੀ। ਉਸ ਮੀਟਿੰਗ ਵਿਚ ਰਾਜਸਥਾਨ ਨੇ ਬੀ.ਬੀ.ਐਮ.ਬੀ. ਵਿਚ ਪੰਜਾਬ ਤੇ ਹਰਿਆਣਾ ਦੀ ਤਰਜ਼ ਉਤੇ ਸਥਾਈ ਨੁਮਾਇੰਦਗੀ ਦਾ ਮੁੱਦਾ ਉਠਾਇਆ ਸੀ।

ਰਾਜਸਥਾਨ ਸਾਲ 2007 ਤੋਂ ਬੀ.ਬੀ.ਐਮ.ਬੀ. ਵਿਚ ਮੈਂਬਰੀ ਦੀ ਮੰਗ ਉਠਾਉਂਦਾ ਆ ਰਿਹਾ ਹੈ। ਰਾਜਸਥਾਨ ਦੀ ਮੁੱਖ ਸਕੱਤਰ ਨੇ ਮੀਟਿੰਗ ਵਿਚ ਕਿਹਾ ਕਿ ਭਾਖੜਾ ਤੇ ਬਿਆਸ ਪ੍ਰੋਜੈਕਟਾਂ ਵਿਚ ਰਾਜਸਥਾਨ ਵੀ ਮੁੱਖ ਹਿੱਸੇਦਾਰ ਹੈ ਪ੍ਰੰਤੂ ਰਾਜਸਥਾਨ ਨਾਲ ਇਸ ਮਾਮਲੇ 'ਤੇ ਵਿਤਕਰਾ ਹੁੰਦਾ ਆ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਪੁਨਰਗਠਨ ਐਕਟ 1966 ਵਿਚ ਸੋਧ ਕਰਕੇ ਰਾਜਸਥਾਨ ਨੂੰ ਵੀ ਬੀ.ਬੀ.ਐਮ.ਬੀ. ਦਾ ਸਥਾਈ ਮੈਂਬਰ ਬਣਾਇਆ ਜਾਵੇ। ਮੁੱਖ ਸਕੱਤਰ ਨੇ ਇਹ ਵੀ ਕਿਹਾ ਕਿ ਰਾਜਸਥਾਨ ਨੂੰ ਲੋੜ ਵੇਲੇ ਪਾਣੀ ਨਹੀਂ ਮਿਲਦਾ ਅਤੇ ਰਾਜਸਥਾਨ ਵਿਚ ਕਿਸਾਨ ਪ੍ਰਦਰਸ਼ਨ ਕਰਦੇ ਹਨ। ਪੰਜਾਬ ਸਰਕਾਰ ਨੇ ਸਟੈਂਡ ਸਪੱਸ਼ਟ ਕੀਤਾ ਕਿ ਪੰਜਾਬ ਪੁਨਰਗਠਨ ਐਕਟ ਤਹਿਤ ਬੀ.ਬੀ.ਐਮ.ਬੀ. ਦਾ ਸਬੰਧ ਪੰਜਾਬ ਤੇ ਹਰਿਆਣਾ ਨਾਲ ਹੀ ਹੈ ਅਤੇ ਇਸ ਐਕਟ ਤਹਿਤ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਨਹੀਂ ਆਉਂਦੇ ਹਨ। ਇਸ ਐਕਟ ਤੋਂ ਪਹਿਲਾਂ ਦੇ ਡੈਮ ਬਣੇ ਹੋਏ ਹਨ। ਹੁਣ ਵੀ 57 ਫੀਸਦੀ ਫੰਡਾਂ ਦੀ ਹਿੱਸੇਦਾਰੀ ਪੰਜਾਬ ਪਾਉਂਦਾ ਹੈ।

### ਪੰਜਾਬ ਸਰਕਾਰ ਦੀ ਦਲੀਲ...

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦਲੀਲ ਦਿੱਤੀ ਕਿ ਪਿਛਲੇ 58 ਸਾਲ ਤੋਂ ਬੀ.ਬੀ.ਐਮ.ਬੀ. ਦਾ ਚੇਅਰਮੈਨ ਬਾਹਰਲੇ ਸੂਬਿਆਂ ਤੋਂ ਨਿਯੁਕਤ ਹੁੰਦਾ ਰਿਹਾ ਹੈ। ਮੈਂਬਰ (ਪਾਵਰ) ਪੰਜਾਬ ਤੋਂ ਅਤੇ ਮੈਂਬਰ (ਸਿੰਚਾਈ) ਹਮੇਸ਼ਾ ਰਵਾਇਤ ਅਨੁਸਾਰ ਹਰਿਆਣਾ ਤੋਂ ਲੱਗਦਾ ਰਿਹਾ ਹੈ। ਪੰਜਾਬ ਨੇ ਇਹ ਵੀ ਵਿਰੋਧ ਦਰਜ ਕਰਾਇਆ ਕਿ ਕੇਂਦਰ ਸਰਕਾਰ ਵੱਲੋਂ ਜੋ ਭਾਖੜਾ ਬਿਆਸ ਮੈਨੇਜਮੈਂਟ ਬੋਰਡ 1974 ਵਿਚ ਸੋਧ ਕੀਤੀ ਗਈ ਹੈ, ਉਸ ਨਾਲ ਪੰਜਾਬ ਤੇ ਹਰਿਆਣਾ ਦੇ ਸਥਾਈ ਨੁਮਾਇੰਦਗੀ ਦੇ ਮੌਕੇ ਹੀ ਖਤਮ ਹੋ ਜਾਣੇ ਹਨ। ਪੰਜਾਬ ਵਿਧਾਨ ਸਭਾ ਤਰਫ਼ੋਂ ਪਹਿਲੀ ਅਪਰੈਲ, 2022 ਨੂੰ ਇਨ੍ਹਾਂ ਸੋਧਾਂ ਖ਼ਿਲਾਫ਼ ਮਤਾ ਵੀ ਪਾਸ ਕੀਤਾ ਜਾ ਚੁੱਕਾ ਹੈ। ਪੰਜਾਬ ਦੇ ਅਧਿਕਾਰੀਆਂ ਨੇ ਰਾਜਸਥਾਨ ਦੀਆਂ ਦਲੀਲਾਂ ਨੂੰ ਕੱਟਦਿਆਂ ਕਿਹਾ ਕਿ ਰਾਜਸਥਾਨ ਹਮੇਸ਼ਾ ਆਪਣੇ ਹਿੱਸੇ ਤੋਂ ਜ਼ਿਆਦਾ ਪਾਣੀ ਵਰਤਦਾ ਆ ਰਿਹਾ ਹੈ।

# ਵਿਜੀਲੈਂਸ ਨੇ ਮਨਪ੍ਰੀਤ ਬਾਦਲ ਉਤੇ ਸ਼ਿਕੰਜਾ ਕੱਸਿਆ

**ਬਠਿੰਡਾ:** ਵਿਜੀਲੈਂਸ ਬਿਊਰੋ ਬਠਿੰਡਾ ਨੇ ਭਾਜਪਾ ਨੇਤਾ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਮੇਤ 6 ਵਿਅਕਤੀਆਂ 'ਤੇ ਐਫ.ਆਈ.ਆਰ. ਦਰਜ ਕਰ ਲਈ ਹੈ, ਜਿਨ੍ਹਾਂ ਵਿਚ ਦੋ ਸਰਕਾਰੀ ਅਧਿਕਾਰੀ ਵੀ ਸ਼ਾਮਲ ਹਨ। ਇਹ ਕਾਰਵਾਈ ਬਠਿੰਡਾ 'ਚ ਮਨਪ੍ਰੀਤ ਸਿੰਘ ਬਾਦਲ ਵੱਲੋਂ ਕਮਰਸ਼ੀਅਲ ਪਲਾਟਾਂ ਨੂੰ ਰਿਹਾਇਸ਼ੀ ਪਲਾਟਾਂ ਵਿਚ ਤਬਦੀਲ ਕਰ ਕੇ ਖਰੀਦੋ-ਫਰੋਖ਼ਤ ਕਰਨ 'ਤੇ ਕੀਤੀ ਗਈ ਹੈ।



ਵਿਜੀਲੈਂਸ ਨੇ ਇਸ ਸਬੰਧੀ ਦੋ ਵਿਅਕਤੀਆਂ ਰਾਜੀਵ ਕੁਮਾਰ ਅਤੇ ਅਮਨਦੀਪ ਨੂੰ ਹਿਰਾਸਤ 'ਚ ਵੀ ਲਿਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ (ਸ਼ਹਿਰੀ) ਤੋਂ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਪਲਾਟਾਂ ਦੀ ਖ਼ਰੀਦ ਮਾਮਲੇ 'ਚ ਬੇਨਿਯਮੀਆਂ ਦੇ ਦੋਸ਼ ਲਾ ਕੇ ਕੈਪਟਨ ਸਰਕਾਰ ਵਕਤ ਉਦੋਂ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਲੋਕਪਾਲ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਬਾਅਦ 'ਚ ਇਹ ਸ਼ਿਕਾਇਤ ਵਿਜੀਲੈਂਸ ਕੋਲ ਪਹੁੰਚੀ ਤਾਂ ਵਿਜੀਲੈਂਸ ਵੱਲੋਂ ਕੁਝ ਸਮਾਂ ਪਹਿਲਾਂ ਮਨਪ੍ਰੀਤ ਬਾਦਲ ਨੂੰ ਪੁੱਛ ਪੜਤਾਲ ਲਈ ਬਠਿੰਡਾ ਸਥਿਤ ਦਫਤਰ ਵਿਚ ਬੁਲਾਇਆ ਗਿਆ ਸੀ।

ਗੌਰਤਲਬ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਸਰੂਪ ਚੰਦ ਸਿੰਗਲਾ ਅਤੇ ਮਨਪ੍ਰੀਤ ਸਿੰਘ ਬਾਦਲ ਨੇ ਬਠਿੰਡਾ (ਸ਼ਹਿਰੀ) ਸੀਟ ਤੋਂ ਚੋਣ ਲੜੀ ਸੀ ਅਤੇ ਇਸ ਚੋਣ 'ਚ ਦੋਵੇਂ ਹਾਰ ਗਏ ਸਨ। ਹਾਰ ਤੋਂ ਬਾਅਦ ਦੋਵਾਂ ਨੇ ਭਾਜਪਾ ਵਿਚ ਸ਼ਮੂਲੀਅਤ ਕਰ ਲਈ ਸੀ। ਸਿੰਗਲਾ ਵਰਤਮਾਨ ਸਮੇਂ ਭਾਜਪਾ ਜ਼ਿਲ੍ਹਾ ਬਠਿੰਡਾ (ਸ਼ਹਿਰੀ) ਦੇ ਪ੍ਰਧਾਨ ਹਨ। ਸਰੂਪ ਚੰਦ ਸਿੰਗਲਾ ਨੇ ਦੁਹਰਾਇਆ ਕਿ ਉਨ੍ਹਾਂ ਮਨਪ੍ਰੀਤ ਬਾਦਲ ਖ਼ਿਲਾਫ਼ ਜੋ ਸ਼ਿਕਾਇਤ ਵਿਜੀਲੈਂਸ ਕੋਲ ਕੀਤੀ ਸੀ, ਉਹ ਸੌ ਫੀਸਦੀ ਸਹੀ ਸੀ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਦੇ ਵਿੱਤ ਮੰਤਰੀ ਹੁੰਦਿਆਂ ਅਫ਼ਸਰਸ਼ਾਹੀ ਮਨਫੀ ਸੀ ਅਤੇ ਬਠਿੰਡਾ ਹਲਕੇ 'ਚ ਉਨ੍ਹਾਂ ਦੀ ਹੀ 'ਚੱਲਦੀ' ਸੀ।

### ਸੋਨੀ ਦੀ ਜ਼ਮਾਨਤ ਅਰਜ਼ੀ ਰੱਦ

**ਚੰਡੀਗੜ੍ਹ:** ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਸਾਬਕਾ ਉਪ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਓਪੀ ਸੋਨੀ ਦੀ ਜ਼ਮਾਨਤ ਸਬੰਧੀ ਅਰਜ਼ੀ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਰੱਦ ਕਰ ਦਿੱਤਾ। ਉਸ ਨੂੰ ਵਿਜੀਲੈਂਸ ਨੇ ਅੱਠ ਮਹੀਨਿਆਂ ਦੀ ਲੰਬੀ ਜਾਂਚ ਤੋਂ ਬਾਅਦ 10 ਜੁਲਾਈ ਨੂੰ ਗ੍ਰਿਫਤਾਰ ਕੀਤਾ ਸੀ ਤੇ ਉਹ ਇਸ ਵੇਲੇ ਕੇਂਦਰੀ ਜੇਲ੍ਹ ਵਿਚ ਬੰਦ ਹੈ। ਅਦਾਲਤ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਮੌਜੂਦਾ ਕੇਸ ਵਿਚ ਮੁਢਲੇ ਪੜਾਅ ਵਿਚ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਵਿਰੁੱਧ ਦੋਸ਼ ਪੂਰੀ ਤਰ੍ਹਾਂ ਝੂਠੇ, ਫਜ਼ੂਲ ਜਾਂ ਗਲਤ ਹਨ, ਤਾਂ ਜੋ ਜ਼ਮਾਨਤ ਨੂੰ ਜਾਇਜ਼ ਠਹਿਰਾਇਆ ਜਾ ਸਕੇ।

# ਨਰਮੇ 'ਤੇ ਗੁਲਾਬੀ ਸੁੰਡੀ ਦਾ ਹਮਲਾ, ਖੇਤੀ ਮੰਤਰੀ ਕਿਸਾਨਾਂ ਕੋਲ ਪੁੱਜੇ

**ਫਾਜ਼ਿਲਕਾ:** ਅਰਨੀਵਾਲਾ ਦੇ ਪਿੰਡਾਂ ਵਿਚ ਗੁਲਾਬੀ ਸੁੰਡੀ ਦੇ ਹਮਲੇ ਨੇ ਕਿਸਾਨਾਂ ਦੀਆਂ ਨੀਂਦਾਂ ਹਰਾਮ ਕਰ ਦਿੱਤੀਆਂ ਹਨ, ਜਿਹੜੇ ਕਿਸਾਨਾਂ ਨੂੰ ਨਰਮੇ ਦੀ ਫਸਲ ਦੇ 50 ਮਣ ਝਾੜ ਦੀ ਆਸ ਸੀ, ਉਹ ਹੁਣ ਘੱਟ ਕੇ 15 ਮਣ ਰਹਿ ਗਿਆ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਅਰਨੀਵਾਲਾ, ਝੋਟਿਆਂ ਵਾਲੀ ਤੇ ਜੰਡਵਾਲਾ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ, ਜਿੱਥੇ ਉਨ੍ਹਾਂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ ਹਨ ਅਤੇ ਨੁਕਸਾਨ ਦੀ ਭਰਪਾਈ ਦਾ ਭਰੋਸਾ ਦਿੱਤਾ।



ਕਿਸਾਨਾਂ ਨੂੰ ਆਸ ਸੀ ਕਿ ਇਸ ਵਾਰ ਫ਼ਸਲਾਂ ਦਾ ਝਾੜ ਵਧੀਆ ਰਹੇਗਾ ਅਤੇ ਉਨ੍ਹਾਂ ਦੀ ਆਰਥਿਕਤਾ ਦੀ ਗੱਡੀ ਲੀਹ 'ਤੇ ਆ ਜਾਵੇਗੀ ਪਰ ਗੁਲਾਬੀ ਸੁੰਡੀ ਦੇ ਕਾਰਨ ਨਰਮੇ ਦੇ ਘੱਟ ਰਹੇ ਝਾੜ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਕਰ ਦਿੱਤਾ ਹੈ। ਮੰਡੀ ਅਰਨੀਵਾਲਾ ਵਿਚ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਹਾਲੇ ਸਾਲ 2022 ਵਿਚ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਮਿਲਿਆ ਤੇ ਉਪਰੋਂ ਇਸ ਵਾਰ ਫਿਰ ਵੱਡੀ ਸੱਟ ਵੱਜੀ ਹੈ। ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਰਮੇ 'ਤੇ ਕੀਤੀਆਂ ਜਾ ਰਹੀਆਂ ਸਪਰੇਆਂ 'ਤੇ ਸ਼ੱਕ ਹੈ। ਮੰਤਰੀ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਸਪਰੇਆਂ ਦੇ ਸੈਂਪਲ ਭਰਨ ਦੇ ਆਦੇਸ਼ ਵੀ ਦਿੱਤੇ ਹਨ।

# ਪੰਜਾਬ ਸਰਕਾਰ ਦੀ ਚੁੱਪ ਕਾਰਨ ਕੈਨੇਡਾ ਜਾਣ ਵਾਲੇ ਬੱਚਿਆਂ ਦੇ ਮਾਪੇ ਪਰੇਸ਼ਾਨ: ਬਲਕੌਰ ਸਿੰਘ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਚੱਲ ਰਹੇ ਵਿਵਾਦ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਆਪਸੀ ਤਕਰਾਰਬਾਜ਼ੀ ਬੈਠ ਕੇ ਨਿਬੇੜ ਲੈਣੀ ਚਾਹੀਦੀ ਹੈ ਤਾਂ ਜੋ ਦੋਵੇਂ ਦੇਸ਼ਾਂ ਵਿਚਕਾਰ ਆਪਸੀ ਕੁੜੱਤਣ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਦਿਆਰਥੀਆਂ ਸਣੇ ਜਿਹੜੇ ਲੋਕ ਕੈਨੇਡਾ ਵਿਚ ਵਸੇ ਹੋਏ ਹਨ, ਉਨ੍ਹਾਂ ਦੇ ਪਰਿਵਾਰਾਂ ਦੇ ਜੀਅ ਬਹੁਤ ਪਰੇਸ਼ਾਨ ਹਨ। ਉਹ ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ।



ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੀ ਤਕਰੀਰ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਪੰਜਾਬੀਆਂ ਨੂੰ ਕੈਨੇਡਾ ਦੇ ਵਿਵਾਦ ਸਬੰਧੀ ਅਜੇ ਤੱਕ ਕੋਈ ਹੌਸਲਾ-ਅਫ਼ਜ਼ਾਈ ਵਾਲੀ ਗੱਲ ਨਹੀਂ ਕੀਤੀ ਗਈ ਹੈ, ਜਿਸ ਨਾਲ ਕੈਨੇਡਾ ਜਾਣ ਵਾਲੇ ਅਤੇ ਉਥੇ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਚਿੰਤਾ ਸਤਾਉਣ ਲੱਗੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਖਰਾਬ ਕਰਨ ਵਾਲੇ ਮੁਲਜ਼ਮਾਂ ਖ਼ਿਲਾਫ਼ ਪੰਜਾਬ ਦੀ ਥਾਂ ਐਨ.ਆਈ.ਏ. ਵੱਲੋਂ ਉਸ ਉੱਪਰ ਕਾਤਲ ਫਿਰੌਤੀਆਂ ਵਰਗੇ ਅਨੇਕਾਂ ਕੇਸ ਦਰਜ ਕਰਕੇ ਜਾਇਦਾਦਾਂ ਜ਼ਬਤ ਕੀਤੀਆਂ ਜਾਣ ਲੱਗੀਆਂ ਹਨ, ਜਿਸ ਲਈ ਪੰਜਾਬ ਸਰਕਾਰ ਅਜੇ ਵੀ ਚੁੱਪ ਹੈ। ਬਲਕੌਰ ਸਿੰਘ ਸਿੱਧੂ ਵੱਲੋਂ ਕੰਗਣਾ ਰਣੌਤ ਬਾਰੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਪਹਿਲਾਂ ਕਿਸਾਨੀ ਸੰਘਰਸ਼ ਬਾਰੇ ਬੋਲਦੀ ਰਹੀ, ਹੁਣ ਵੀ ਅੱਗ ਫੈਲਾ ਰਹੀ ਹੈ। ਇਸ ਮਸਲੇ 'ਤੇ ਕੁੜੱਤਣ ਨਾ ਪਾਓ, ਕਿਉਂਕਿ ਨਾ ਹੀ ਭਾਰਤ ਬਿਨਾਂ ਸਰੇ, ਨਾ ਹੀ ਕੈਨੇਡਾ ਬਿਨਾਂ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਵਰਗਿਆਂ ਨੂੰ ਲੋੜ ਤੋਂ ਵੱਧ ਸੋਸ਼ਲ ਮੀਡੀਆ 'ਤੇ ਉਭਾਰ ਕੇ ਹੀਰੋ ਬਣਾਇਆ ਜਾ ਰਿਹਾ ਹੈ।

### ਕੈਨੇਡਾ ਨਾਲ ਤਲਖੀ ਨੇ ਮੁਸ਼ਕਿਲਾਂ ਵਧਾਈਆਂ: ਸੁਖਬੀਰ

**ਮੋਗਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਅਤੇ ਕੇਜਰੀਵਾਲ ਨੇ ਸਿਰਫ 18 ਮਹੀਨਿਆਂ ਵਿਚ 50 ਹਜ਼ਾਰ ਕਰੋੜ ਦਾ ਕਰਜ਼ਾ ਲਿਆ ਹੈ। ਇਨ੍ਹਾਂ ਨੇ ਚੋਣ ਪ੍ਰਚਾਰ 'ਤੇ ਹੀ 750 ਕਰੋੜ ਰੁਪਏ ਖਰਚ ਦਿੱਤੇ ਹਨ। ਪੰਜਾਬ ਦੇ ਕਿਸਾਨ ਤਿੰਨ ਮਹੀਨੇ ਬਾਅਦ ਵੀ ਹੜ੍ਹਾਂ ਨਾਲ ਬਰਬਾਦ ਹੋਈਆਂ ਫਸਲਾਂ ਦੇ ਮੁਆਵਜ਼ੇ ਦੀ ਉਡੀਕ ਕਰ ਰਹੇ ਹਨ, ਔਰਤਾਂ ਸਰਕਾਰ ਦੇ 18 ਮਹੀਨੇ ਬੀਤਣ ਬਾਅਦ ਹਾਲੇ ਵੀ ਆਪਣੀ ਇਕ ਹਜ਼ਾਰ ਪ੍ਰਤੀ ਮਹੀਨਾ ਵਾਲੀ ਗਾਰੰਟੀ ਦੀ ਉਡੀਕ ਕਰ ਰਹੀਆਂ ਹਨ, ਜਦਕਿ ਬਜ਼ੁਰਗ ਮਹੀਨੇ ਦੀ 2500 ਰੁਪਏ ਪੈਨਸ਼ਨ ਦੀ ਉਡੀਕ ਕਰ ਰਹੇ ਹਨ।

## *ਪੀ.ਸੀ.ਐਸ. ਮੇਲਾ 2023: ਗੀਤੇ ਨੇ ਆਪਣੇ ਗੀਤਾਂ ਨਾਲ ਮੇਲੀ ਕੀਲੇ*

*(ਪਿਛਲੇ ਸਫੇ ਦੀ ਬਾਕੀ)*

ਖਿਚਵਾ ਰਹੇ ਸਨ ਤੇ ਉਸ ਨੇ ਖਿੜੇ ਮੱਥੇ ਸਭ ਨਾਲ ਫਟੋਆਂ ਖਿਚਵਾਈਆਂ। ਕਈਆਂ ਨੇ ਤਾਂ ਨਾਲ-ਦੀ ਨਾਲ ਸਨੈਪਚੈਟ ਸਟੋਰੀਜ਼ ਵੀ ਪਾ ਦਿੱਤੀਆਂ। ਮੇਲੇ ਦੇ ਮੁੱਖ ਮਹਿਮਾਨ ਸ. ਜਗਮੋਹਨ ਸਿੰਘ ਬੇਗੋਵਾਲ ਨੇ ਵੀ ਗੀਤੇ ਦੇ ਗੀਤਾਂ 'ਤੇ ਖੂਬ ਭੰਗੜਾ ਪਾਇਆ। ਗੀਤਾ ਪੀ.ਸੀ.ਐਸ. ਮੈਂਬਰਾਂ ਨੂੰ ਵੀ ਆਪਣੇ ਨਾਲ ਸਟੇਜ 'ਤੇ ਨਚਾਉਂਦਾ ਰਿਹਾ। ਉਹ ਆਪਣੇ ਨਿੱਕੇ-ਨਿੱਕੇ ਟੋਟਕਿਆਂ ਨਾਲ ਮੇਲੀਆਂ ਨੂੰ ਹਸਾ ਵੀ ਰਿਹਾ ਸੀ। ਸਾਰਿਆਂ ਨੇ ਉਹਦੀ ਗਾਇਕੀ ਤੇ ਗੱਲਾਂ ਦਾ ਅਨੰਦ ਮਾਣਿਆ।

ਮੇਲੇ ਦੌਰਾਨ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਅਤੇ ਬੀਬੀਆਂ ਦੀਆਂ ਖੇਡਾਂ ਸਾਰਾ ਦਿਨ ਚਲਦੀਆਂ ਰਹੀਆਂ। ਪੂਰੇ ਦਿਨ ਦੀਆਂ ਮਨੋਰੰਜਕ ਗਤੀਵਿਧੀਆਂ ਵਿਚ ਬੱਚਿਆਂ ਅਤੇ ਔਰਤਾਂ ਲਈ ਮਿਊਜ਼ਿਕਲ ਚੇਅਰ ਰੇਸ, ਰੱਸਾਕਸ਼ੀ, ਵੱਖ-ਵੱਖ ਉਮਰ ਦੇ ਬੱਚਿਆਂ ਦੀਆਂ ਦੌੜਾਂ, ਔਰਤਾਂ ਲਈ ਚਮਚਾ ਅਤੇ ਨਿੰਬੂ ਦੌੜ ਅਤੇ ਥਰੀ ਲੈਗ ਰੇਸ ਸ਼ਾਮਲ ਸਨ। ਇਕ ਪਾਸੇ ਜਿੱਥੇ ਇਹ ਸਾਰੀਆਂ ਖੇਡਾਂ ਚੱਲ ਰਹੀਆਂ ਸਨ, ਉਥੇ ਹੀ ਦੂਜੇ ਪਾਸੇ ਸਾਰਾ ਦਿਨ ਵਾਲੀਬਾਲ ਦੇ ਮੈਚ ਵੀ ਭਖੇ ਰਹੇ। ਜੇਤੂਆਂ ਨੂੰ ਮੁੱਖ ਮਹਿਮਾਨ ਜਗਮੋਹਨ ਸਿੰਘ ਬੇਗੋਵਾਲ, ਪੀ.ਸੀ.ਐਸ. ਦੇ ਚੇਅਰਮੈਨ ਨਿੱਕ ਬਲਵਿੰਦਰ ਸਿੰਘ, ਸਪੋਰਟਸ ਕਲੱਬਾਂ ਦੇ ਮੈਂਬਰਾਂ, ਭਾਈਚਾਰਕ ਆਗੂਆਂ ਅਤੇ ਦਾਨੀ ਸਪਾਂਸਰਾਂ ਵੱਲੋਂ ਕਾਂਸੀ, ਚਾਂਦੀ ਅਤੇ ਗੋਲਡ ਮੈਡਲ ਭੇਟ ਕੀਤੇ ਗਏ। ਸਾਰੀਆਂ ਖੇਡਾਂ ਦੇ ਜੇਤੂਆਂ ਨੂੰ ਇਨਾਮ ਦੇਣ ਵੇਲੇ ਢੋਲੀ ਢੋਲ ਨੂੰ ਡਗਾ ਦਿੰਦਾ। ਸਟੇਜ ਦੀ ਕਾਰਵਾਈ ਨਵਤੇਜ ਸਿੰਘ ਸੋਹੀ ਨੇ ਬਾਖੂਬੀ ਸੰਭਾਲੀ।

ਛੋਟੇ ਬੱਚਿਆਂ ਨੇ ਮੂਨ ਵਾਕ ਬਾਊਂਸੀ ਕਲੱਬ ਹਾਊਸ ਵਿਚ ਮੌਜ-ਮਸਤੀ ਕੀਤੀ। ਹੱਸਦੇ-ਖੇਡਦੇ, ਭੱਜੇ-ਦੌੜਤੇ ਫਿਰਦੇ ਬੱਚਿਆਂ ਨਾਲ ਹੀ ਮੇਲੇ ਦੀਆਂ ਰੌਣਕਾਂ ਦਾ ਪਤਾ ਲੱਗਦੈ, ਜੇ ਬੱਚੇ ਖੁਸ਼ ਤਾਂ ਮਾਪੇ ਵੀ ਖੁਸ਼।

ਚਮਚਾ ਅਤੇ ਨਿੰਬੂ ਦੌੜ ਵਿਚ ਪ੍ਰਿਅੰਕਾਂ ਨੇ ਪਹਿਲਾ, ਜਸਪ੍ਰੀਤ ਕੌਰ ਨੇ ਦੂਜਾ ਅਤੇ ਸਿਮਰਨ ਤੇ ਮਾਲਵੀ ਨੇ ਤੀਜਾ ਸਥਾਨ ਹਾਸਲ ਕੀਤਾ। 9-16 ਸਾਲਾਂ ਦੇ ਬੱਚਿਆਂ ਦੀ ਦੌੜ ਵਿਚ ਡੇਇਗੋ ਐਵਲੋਸ ਨੇ ਪਹਿਲਾ, ਵਰਨਿਕਾ ਬਾਵਾ ਨੇ ਦੂਜਾ ਅਤੇ ਹਰਸ਼ ਵੋਹਰਾ ਤੇ ਮਨਪ੍ਰਗਟ ਸਿੰਘ ਨੇ ਤੀਜਾ, ਔਰਤਾਂ ਦੀ ਦੌੜ ਵਿਚ ਨੈਂਦਰ ਠੱਕਰ ਨੇ ਪਹਿਲਾ, ਨੀਤੂ ਸਿੰਘ ਨੇ ਦੂਜਾ ਅਤੇ ਦੀਪਿਕਾ ਜੈਨ ਨੇ ਤੀਜਾ ਸਥਾਨ ਹਾਸਲ ਕੀਤਾ। ਪੁਰਸ਼ਾਂ ਦੀ ਦੌੜ ਵਿਚ ਗੁਰਸ਼ਾਨ ਸਿੰਘ ਸੋਹੀ ਨੇ ਪਹਿਲੇ, ਜੋਨਾਥਨ ਐਵਾਲੋਸ ਨੇ ਦੂਜੇ ਤੇ ਹਰਮੀਤ ਸਿੰਘ ਨੇ ਤੀਜੇ ਸਥਾਨ 'ਤੇ ਕਬਜ਼ਾ ਕੀਤਾ। ਬੱਚਿਆਂ ਦੀ ਮਿਊਜ਼ਿਕਲ ਚੇਅਰ ਰੇਸ ਵਿਚ ਜ਼ੋਇਆ ਵਿਰਕ ਨੇ ਪਹਿਲਾ ਸਥਾਨ ਮੱਲਿਆ। ਔਰਤਾਂ ਦੀ ਮਿਊਜ਼ਿਕਲ ਚੇਅਰ ਰੇਸ ਵਿਚ ਦੀਪਿਕਾ ਜੈਨ ਜੇਤੂ ਰਹੀ। ਥਰੀ ਲੈਗ ਰੇਸ ਵਿਚ ਨਵਰੀਤ ਤੇ ਜਸਪ੍ਰੀਤ ਦੀ ਜੋੜੀ ਜੇਤੂ ਰਹੀ।

ਸਥਾਨਕ ਪੰਜਾਬੀ ਗਾਇਕ ਤੇ ਰਿਐਲਟਰ ਸ. ਜਗਮੀਤ ਸਿੰਘ ਨੇ ਵੀ ਆਪਣੀ ਗਾਇਕੀ ਦੇ ਜੌਹਰ ਦਿਖਾਏ। ਦਰਸ਼ਕਾਂ ਨੇ ਕੁਰਸੀਆਂ 'ਤੇ ਬੈਠ ਕੇ ਸੰਗੀਤ ਸੁਣ ਕੇ, ਮੇਲੇ ਦਾ ਆਨੰਦ ਲਿਆ।

ਸਮਾਗਮ ਦਾ ਸੰਚਾਲਨ ਪੀ.ਸੀ.ਐਸ ਟੀਮ ਵੱਲੋਂ ਪਰਮਜੋਤ ਸਿੰਘ ਪਰਮਾਰ, ਭੁਪਿੰਦਰ ਸਿੰਘ ਧਾਲੀਵਾਲ, ਮਨਜੀਤ ਸਿੰਘ ਭੱਲਾ, ਬਿਕਰਮ ਸੋਹੀ, ਭਿੰਦਰ ਪੰਮਾ, ਪਾਲ ਲੈਲ, ਜਗਰਦੀਪ ਢਿੱਲੋਂ, ਨਵਤੇਜ ਸੋਹੀ, ਪਰਵਿੰਦਰ ਸਿੰਘ ਨਨੂਆ, ਵਿੱਕ ਸਿੰਘ, ਗੁਰਪ੍ਰੀਤ ਸਿੱਧੂ, ਗੁਰਲਾਲ ਭੱਠਲ, ਬਲਵਿੰਦਰ ਗਿਰਨ, ਮਹਿੰਦਰਜੀਤ ਸੈਣੀ, ਗੁਰਮੀਤ ਢਿੱਲੋਂ, ਜਸਬੀਰ ਪਾਲੀਆ, ਸੁਰਿੰਦਰ ਪਾਲੀਆ, ਸੁਖਮੇਲ ਅਟਵਾਲ, ਅਮਰਜੀਤ ਅਟਵਾਲ, ਰਜਿੰਦਰ ਸਿੰਘ ਮਾਗੋ ਨੇ ਕੀਤਾ।

ਡਾ. ਹਰਗੁਰਮੁਖ ਪਾਲ ਸਿੰਘ, ਅਮਰਦੇਵ ਬਦੇਸ਼ਾ, ਦਵਿੰਦਰ ਸਿੰਘ ਰੰਗੀ, ਬਿਕਰਮ ਸੋਹੀ, ਲਾਜਵਿੰਦਰ ਕੌਰ ਗਿੱਲ, ਪੀ ਸੀ ਐਸ ਸਾਬਕਾ ਬੋਰਡ ਆਫ ਡਾਇਰੈਕਟਰਜ਼ ਜਗਜੀਤ ਸਿੰਘ ਢੀਂਡਸਾ, ਜਸਬੀਰ ਸਿੰਘ ਸੂਗਾ ਅਤੇ ਕਮਿਊਨਿਟੀ ਆਗੂਆਂ ਨੇ ਜੇਤੂਆਂ ਨੂੰ ਇਨਾਮ ਵੰਡੇ। ਅੰਮ੍ਰਿਤਪਾਲ ਸਿੰਘ ਵਿਰਕ, ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ, ਪਰਸਨ ਸਿੰਘ ਮਾਨ, ਪ੍ਰੇਮਪਾਲ ਸਿੰਘ, ਪ੍ਰਦੀਪ ਸਿੰਘ ਕਾਹਲੋਂ, ਅਮਰੀਕ ਪਾਲ ਸਿੰਘ ਦਾ ਪੀ ਐਸ ਵਲੋਂ ਧੰਨਵਾਦ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਪੀ ਸੀ ਐਸ ਵਲੋਂ "ਥੈਂਕਸਗਿਵਿੰਗ ਡੇ ਪਰੇਡ" ਵੀਰਵਾਰ, 23 ਨਵੰਬਰ, 2023 ਨੂੰ ਸਟੇਟ ਸਟ੍ਰੀਟ ਸ਼ਿਕਾਗੋ 'ਤੇ ਹੋਵੇਗੀ ਅਤੇ ਵਿਸਾਖੀ ਸਭਿਆਚਾਰਕ ਪ੍ਰੋਗਰਾਮ "ਰੰਗਲਾ ਪੰਜਾਬ 2024" 20 ਅਪ੍ਰੈਲ, 2024 ਨੂੰ ਹੋਵੇਗਾ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 847-359-5727 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 30 ਸਤੰਬਰ, 2023*

# ਪਾਣੀਆਂ ਦੇ ਮਸਲੇ

ਪੰਜਾਬ ਵਿਚ ਪਾਣੀਆਂ ਦਾ ਮਸਲਾ ਜਿਉਂ ਦਾ ਤਿਉਂ ਬਰਕਰਾਰ ਹੈ। ਅਸਲ ਵਿਚ ਕੇਂਦਰ ਸਰਕਾਰ ਅਤੇ ਵੱਖ-ਵੱਖ ਸਮਿਆਂ ਦੌਰਾਨ ਬਣੀਆਂ ਪੰਜਾਬ ਸਰਕਾਰਾਂ ਨੇ ਇਸ ਮਸਲੇ ਪ੍ਰਤੀ ਬਹੁਤੀ ਸੰਜੀਦਗੀ ਨਹੀਂ ਦਿਖਾਈ। ਹੁਣ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਰੇ ਮੈਂਬਰ ਰਾਜਾਂ ਨੂੰ ਪਾਣੀਆਂ ਦੀ ਵੰਡ ਬਾਰੇ ਆਪਸੀ ਵਿਵਾਦ ਖੁੱਲ੍ਹੇ ਮਨ ਅਤੇ ਆਪਸੀ ਸੰਵਾਦ ਨਾਲ ਹੱਲ ਕਰਨ ਦਾ ਸੱਦਾ ਦਿੱਤਾ ਹੈ। ਨਾਲ ਹੀ ਭਰੋਸਾ ਦਿੱਤਾ ਹੈ ਕਿ ਕੇਂਦਰ ਸਰਕਾਰ ਸਰਹੱਦਾਂ ਦੀ ਸੁਰੱਖਿਆ ਤੇ ਚੌਕਸੀ ਲਈ ਵਚਨਬੱਧ ਹੈ ਅਤੇ ਜਲਦੀ ਹੀ ਸਰਹੱਦਾਂ 'ਤੇ ਐਂਟੀ-ਡਰੋਨ ਪ੍ਰਣਾਲੀ ਸਥਾਪਿਤ ਕੀਤੀ ਜਾਵੇਗੀ। ਉਨ੍ਹਾਂ ਕੌਂਸਲ ਮੈਂਬਰਾਂ ਨੂੰ ਆਪੋ-ਆਪਣੇ ਸੂਬਿਆਂ ਵਿਚ ਕੁਦਰਤੀ ਅਤੇ ਆਰਗੈਨਿਕ ਖੇਤੀ ਵਿਧੀ ਅਪਣਾਉਣ 'ਤੇ ਜ਼ੋਰ ਵੀ ਦਿੱਤਾ। ਪਤਾ ਲੱਗਿਆ ਹੈ ਕਿ ਉੱਤਰੀ ਜ਼ੋਨਲ ਕੌਂਸਲ ਦੀ ਇਸ ਮੀਟਿੰਗ ਵਿਚ ਤਕਰੀਬਨ 28 ਮੁੱਦਿਆਂ ਬਾਰੇ ਚਰਚਾ ਕੀਤੀ ਗਈ। ਇਨ੍ਹਾਂ ਵਿਚ ਅੰਤਰ-ਰਾਜੀ ਦਰਿਆਈ ਪਾਣੀ ਦੀ ਵੰਡ ਨਾਲ ਸਬੰਧਿਤ ਮਾਮਲਾ, ਪਿੰਡਾਂ ਵਿਚ ਬੈਂਕ ਸ਼ਾਖਾਵਾਂ ਤੇ ਡਾਕ ਬੈਂਕਿੰਗ ਸਹੂਲਤ ਮੁਹੱਈਆ ਕਰਵਾਉਣਾ, ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਮਾਮਲਾ, ਸਾਈਬਰ ਅਪਰਾਧ ਦੀ ਰੋਕਥਾਮ, ਜਲ ਜੀਵਨ ਮਿਸ਼ਨ ਅਤੇ ਉਡਾਨ ਯੋਜਨਾ ਤਹਿਤ ਮੁੜ ਤੋਂ ਹਵਾਈ ਸੇਵਾਵਾਂ ਸ਼ਾਮਿਲ ਹਨ। ਮੀਟਿੰਗ ਵਿਚ ਔਰਤਾਂ ਤੇ ਬੱਚਿਆਂ ਖਿਲਾਫ਼ ਬਲਾਤਕਾਰ ਤੇ ਜਿਨਸੀ ਸ਼ੋਸ਼ਣ ਦੇ ਹੋਰ ਮਾਮਲਿਆਂ ਨੂੰ ਤੁਰੰਤ ਹੱਲ ਕਰਨ, ਖੇਤੀਬਾੜੀ ਕਰਜ਼ਾ ਸੁਸਾਇਟੀਆਂ ਨੂੰ ਮਜ਼ਬੂਤ ਕਰਨ ਅਤੇ ਖੇਤੀ ਭੂਮੀ ਦੀ ਖਰੀਦ ਸਬੰਧੀ ਕਾਨੂੰਨ ਬਾਰੇ ਵਿਚਾਰ ਚਰਚਾ ਹੋਈ।

ਇਸ ਮੀਟਿੰਗ ਵਿਚ ਪੰਜਾਬ ਲਈ ਸਭ ਤੋਂ ਅਹਿਮ ਮਸਲਾ ਪਾਣੀਆਂ ਦੀ ਵੰਡ ਦਾ ਸੀ। ਮੀਟਿੰਗ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਮਸਲੇ ਜ਼ੋਰਦਾਰ ਢੰਗ ਨਾਲ ਰੱਖੇ। ਮੁੱਖ ਮੰਤਰੀ ਨੇ ਸਤਲੁਜ ਯਮੁਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਦੀ ਉਸਾਰੀ ਬਾਰੇ ਜਿੱਥੇ ਕੋਰੀ ਨਾਂਹ ਕੀਤੀ, ਉਥੇ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹੋਰ ਸੂਬਿਆਂ ਨੂੰ ਦੇਣ ਤੋਂ ਨਾਂਹ ਕਰਦਿਆ ਪੇਂਡੂ ਵਿਕਾਸ ਫੰਡ (ਆਰ.ਡੀ.ਐੱਫ.) ਤੁਰੰਤ ਜਾਰੀ ਕਰਨ ਦੀ ਮੰਗ ਵੀ ਰੱਖੀ। ਉਨ੍ਹਾਂ ਬੀ.ਬੀ.ਐੱਮ.ਬੀ.ਅਤੇ ਪੰਜਾਬ ਯੂਨੀਵਰਸਿਟੀ ਦੇ ਸਰੂਪ ਵਿਚ ਤਬਦੀਲੀ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕੀਤਾ। ਮੁੱਖ ਮੰਤਰੀ ਨੇ ਬੈਠਕ ਦੌਰਾਨ ਸਪਸ਼ਟ ਕੀਤਾ ਕਿ ਪੰਜਾਬ ਕੋਲ ਕਿਸੇ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਸਗੋਂ ਸਤਲੁਜ ਯਮੁਨਾ ਲਿੰਕ ਨਹਿਰ ਦੀ ਬਜਾਇ ਯਮੁਨਾ ਸਤਲੁਜ ਲਿੰਕ ਦੇ ਪ੍ਰੋਜੈਕਟ ਉਤੇ ਵਿਚਾਰ ਕਰਨੀ ਚਾਹੀਦੀ ਹੈ। ਪੰਜਾਬ ਨੂੰ ਸਤਲੁਜ ਦਰਿਆ ਰਾਹੀਂ ਗੰਗਾ ਅਤੇ ਯਮੁਨਾ ਤੋਂ ਪਾਣੀ ਦੀ ਸਪਲਾਈ ਕਰਨੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਯਮੁਨਾ ਦੇ ਪਾਣੀਆਂ ਸਮੇਤ ਨਵੀਆਂ ਸ਼ਰਤਾਂ ਅਤੇ ਬਦਲੇ ਹੋਏ ਹਾਲਾਤ ਅਨੁਸਾਰ ਨਵੇਂ ਟ੍ਰਿਬਿਊਨਲ ਦੀ ਸਥਾਪਨਾ ਕਰਨਾ ਹੀ ਪਾਣੀਆਂ ਦੇ ਵਿਵਾਦ ਦਾ ਇੱਕੋ-ਇੱਕ ਹੱਲ ਹੈ। ਪੰਜਾਬ ਦੇ 76.5% ਬਲਾਕਾਂ (153 ਵਿਚੋਂ 117) ਵਿਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦਾ ਪੱਧਰ 100 ਫੀਸਦੀ ਤੋਂ ਵੱਧ ਹੈ; ਹਰਿਆਣਾ ਵਿਚ 61.5 ਫੀਸਦੀ (143 ਵਿਚੋਂ 88) ਬਲਾਕ ਪ੍ਰਭਾਵਿਤ ਹਨ। ਰਾਵੀ ਅਤੇ ਬਿਆਸ ਦਰਿਆਵਾਂ ਵਾਂਗ ਯਮੁਨਾ ਨਦੀ ਵੀ ਪੁਨਰਗਠਨ ਤੋਂ ਪਹਿਲਾਂ ਪੁਰਾਣੇ ਪੰਜਾਬ ਵਿਚੋਂ ਵਗਦੀ ਸੀ। ਇਸ ਲਈ ਯਮੁਨਾ ਦੇ ਪਾਣੀਆਂ ਦੀ ਵੰਡ ਲਈ ਗੱਲਬਾਤ ਵਿਚ ਪੰਜਾਬ ਸਹਿਯੋਗ ਲਈ ਅਪੀਲ ਕਰ ਰਿਹਾ ਹੈ ਪਰ ਪੰਜਾਬ ਦੀ ਇਸ ਮੰਗ ਨੂੰ ਇਸ ਆਧਾਰ 'ਤੇ ਨਹੀਂ ਮੰਨਿਆ ਗਿਆ ਕਿ ਪੰਜਾਬ ਦਾ ਕੋਈ ਭੂਗੋਲਿਕ ਖੇਤਰ ਯਮੁਨਾ ਬੇਸਿਨ ਵਿਚ ਨਹੀਂ ਆਉਂਦਾ ਹੈ। ਜੇ ਇਹੀ ਆਧਾਰ ਹੈ ਤਾਂ ਹਰਿਆਣਾ ਵੀ ਰਾਵੀ ਅਤੇ ਬਿਆਸ ਦਰਿਆਵਾਂ ਦਾ ਬੇਸਿਨ ਸੂਬਾ ਨਹੀਂ ਹੈ ਪਰ ਪੰਜਾਬ ਨੂੰ ਇਨ੍ਹਾਂ ਦਰਿਆਵਾਂ ਦਾ ਪਾਣੀ ਹਰਿਆਣਾ ਨਾਲ ਸਾਂਝਾ ਕਰਨ ਲਈ ਮਜਬੂਰ ਕੀਤਾ ਗਿਆ।

ਇਹ ਸਹੀ ਹੈ ਕਿ ਹੁਣ ਐੱਸ.ਵਾਈ.ਐੱਲ. ਨਹਿਰ ਪੰਜਾਬ ਲਈ ਬਹੁਤ ਜਜ਼ਬਾਤੀ ਮਸਲਾ ਬਣ ਚੁੱਕਿਆ ਹੈ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬਿਆਂ ਨੂੰ ਆਪਸ ਵਿਚ ਉਲਝਾਉਣ ਦੀ ਥਾਂ ਪੰਜਾਬ ਨੂੰ ਇਸ ਦਾ ਬਣਦਾ ਹੱਕ ਦੇਵੇ ਅਤੇ ਹੋਰ ਸੂਬਿਆਂ ਨੂੰ ਪਾਣੀਆਂ ਬਾਰੇ ਬਿਲਕੁਲ ਸਪਸ਼ਟ ਕਰ ਦੇਵੇ। ਉਂਝ ਵੀ ਇਸ ਮਸਲੇ ਉਤੇ ਦਹਾਕਿਆਂ ਤੋਂ ਬੜੀ ਡੂੰਘੀ ਸਿਆਸਤ ਹੁੰਦੀ ਰਹੀ ਹੈ। ਅਜਿਹੇ ਮਸਲੇ ਸਹੀ ਢੰਗ ਨਾਲ ਨਾ ਸੁਲਝਾਉਣ ਕਰ ਕੇ ਹੀ ਪੰਜਾਬ ਨੂੰ 1980ਵਿਆਂ ਦੌਰਾਨ ਬਹੁਤ ਮਾੜਾ ਸਮਾਂ ਦੇਖਣਾ ਪਿਆ। ਉਸ ਵਕਤ ਦੇ ਲੱਗੇ ਫੱਟ ਅਜੇ ਤੱਕ ਭਰੇ ਨਹੀਂ ਹਨ। ਹੁਣ ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਇਕ ਵਾਰ ਫਿਰ ਪੰਜਾਬ ਨੂੰ ਅਜਿਹੇ ਮਸਲਿਆਂ ਵਿਚ ਉਲਝਾਉਣ ਦੇ ਯਤਨ ਕਰ ਰਹੀ ਹੈ। ਕਰੋਨਾ ਮਹਾਮਾਰੀ ਦੌਰਾਨ ਉਠੇ ਕਿਸਾਨ ਅੰਦੋਲਨ ਦੌਰਾਨ ਤਾਂ ਇਸ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਬਦਨਾਮ ਕਰਨ ਲਈ ਹਰ ਹੀਲਾ-ਵਸੀਲਾ ਵੀ ਕੀਤਾ ਪਰ ਕਿਸਾਨ ਆਗੂਆਂ ਦੀ ਸਮਝਦਾਰੀ ਕਾਰਨ ਕੇਂਦਰ ਸਰਕਾਰ ਆਪਣੇ ਕਿਸੇ ਵੀ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੀ। ਇਹੀ ਨਹੀਂ, ਸਰਕਾਰ ਨੂੰ ਕਿਸਾਨ ਵਿਰੋਧੀ ਬਣਾਏ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਲਈ ਵੀ ਮਜਬੂਰ ਹੋਣਾ ਪਿਆ। ਇਸੇ ਕਰ ਕੇ ਇਹ ਸੁਝਾਅ ਵਾਰ-ਵਾਰ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਸੌੜੀ ਸਿਆਸਤ ਤੋਂ ਉਪਰ ਉਠ ਕੇ ਸੂਬੇ ਦੇ ਹਿਤਾਂ ਲਈ ਕੇਂਦਰ ਸਰਕਾਰ ਉਤੇ ਦਬਾਅ ਬਣਾਉਣਾ ਚਾਹੀਦਾ ਹੈ ਅਤੇ ਕਿਸਾਨ ਅੰਦੋਲਨ ਦੀ ਤਰਜ਼ 'ਤੇ ਜਿੱਤ ਵੱਲ ਵਧਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੰਜਾਬ ਦੀ 'ਆਪ' ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਣੀਆਂ ਦੇ ਮਸਲੇ 'ਤੇ ਭਾਵੇਂ ਹਰ ਵਾਰ ਚੰਗਾ ਪੈਂਤੜਾ ਮੱਲਿਆ ਹੈ ਪਰ ਪੰਜਾਬ ਦੇ ਪੱਖ ਨਿੱਗਰ ਰੂਪ ਵਿਚ ਰੱਖਣ ਲਈ ਤੱਥਾਂ ਉਤੇ ਹੋਰ ਵਧੇਰੇ ਜ਼ੋਰ ਦੇਣ ਦੀ ਲੋੜ ਹੈ। ਅਜਿਹੇ ਬਥੇਰੇ ਤੱਥ ਮੌਜੂਦ ਹਨ ਜਿਨ੍ਹਾਂ ਰਾਹੀਂ ਕੇਂਦਰ ਸਰਕਾਰ ਅਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਨੂੰ ਲਾਜਵਾਬ ਕੀਤਾ ਜਾ ਸਕਦਾ ਹੈ। ਇਸ ਕਰ ਕੇ ਇਸ ਸਬੰਧੀ ਵਿਸਥਾਰ ਸਹਿਤ ਵਿਚਾਰ-ਵਟਾਂਦਰਾ ਕਰ ਕੇ ਬਾਕਾਇਦਾ ਰਣਨੀਤੀ ਘੜਨੀ ਚਾਹੀਦੀ ਹੈ ਤਾਂ ਕਿ ਪਾਣੀਆਂ ਦੇ ਅਹਿਮ ਮਸਲੇ 'ਤੇ ਪੰਜਾਬ ਨਾਲ ਕਿਸੇ ਵੀ ਪ੍ਰਕਾਰ ਦੀ ਵਧੀਕੀ ਰੋਕੀ ਜਾ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਪਣੀ ਕਬਰ ਆਪੇ ਪੁੱਟੇ*

ਬੀਜੇ ਬੀਅ ਜੋ 'ਨਫਰਤ ਤੇ ਈਰਖਾ' ਦੇ ਓਸ ਹਾਕਮ ਨੂੰ ਜਨਤਾ ਕਿਉਂ ਝੱਲਦੀ ਏ।
ਨਵੇਂ 'ਭਵਨ' ਬਣਾਉਣ ਦਾ ਲਾਭ ਕੀ ਏ ਨੀਤੀ ਰਹਿਣੀ ਜੇ ਕਪਟ ਤੇ ਛਲ ਦੀ ਏ।
'ਤੀਸ ਮਾਰ ਖਾਂਹ' ਜਦੋਂ ਬਣ ਜਾਣ ਆਗੂ ਭਾਉਂਦੀ ਉਨ੍ਹਾਂ ਨੂੰ ਹਾਲਤ ਤਰਥੱਲ੍ਹ ਦੀ ਏ।
ਫਿਰਕਾਪ੍ਰਸਤੀ ਨੂੰ ਜਦੋਂ ਵੀ ਸ਼ਹਿ ਮਿਲਦੀ 'ਕੱਠੀ ਹੋ ਕੇ 'ਲੋਕਾਈ' ਹੀ ਠੱਲ੍ਹਦੀ ਏ।
ਚਾੜ੍ਹ ਦਿੰਦੀ ਐ ਉਹਨੂੰ ਹੰਕਾਰ ਗੁੱਸਾ ਜਿਸਦੀ ਮਾਰਨੀ ਕੁਦਰਤ ਨੇ ਮੱਤ ਹੋਵੇ।
ਸਮਝੋ 'ਆਪਣੀ ਕਬਰ' ਹੀ ਪੁੱਟਦੀ ਐ ਕੋਈ ਸਰਕਾਰ ਜਦ ਚੁੱਕਦੀ ਅੱਤ ਹੋਵੇ!

# ਔਰਤ ਰਾਖਵਾਂਕਰਨ ਬਿਲ ਅਤੇ ਚੋਣਾਂ ਦੀ ਸਿਆਸਤ

ਭਾਰਤ ਦੀ ਸੰਸਦ ਵਿਚ ਪਾਸ ਕੀਤੇ ਮਹਿਲਾ ਰਾਖਵਾਂਕਰਨ ਬਿਲ ਦਾ ਸਿਆਸੀ ਲਾਹਾ ਲੈਣ ਲਈ ਹਾਕਮ ਜਮਾਤ ਨਾਲ ਸਬੰਧਿਤ ਸਾਰੀਆਂ ਹੀ ਸਿਆਸੀ ਪਾਰਟੀਆਂ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। 'ਨਾਰੀ ਸ਼ਕਤੀ ਵੰਦਨ' ਨਾਮ ਦੇ ਇਸ ਬਿਲ ਦਾ ਸਿਹਰਾ ਲੈਣ ਲਈ ਉਹ ਪਾਰਟੀਆਂ ਸਭ ਤੋਂ ਮੂਹਰੇ ਦਿਸ ਰਹੀਆਂ ਹਨ ਜਿਨ੍ਹਾਂ ਨੇ ਅੱਜ ਤੱਕ ਔਰਤਾਂ ਦੇ ਹੱਕਾਂ ਦਾ ਸਭ ਤੋਂ ਵੱਧ ਘਾਣ ਕੀਤਾ ਹੈ। ਸਾਡੇ ਲਈ ਸਭ ਤੋਂ ਪਹਿਲਾ ਨੁਕਤਾ ਇਹ ਜਾਨਣ ਦਾ ਹੈ ਕਿ ਮਹਿਲਾ ਰਾਖਵਾਂਕਰਨ ਬਿਲ ਲਿਆਉਣ ਦਾ ਸਰਕਾਰ ਦਾ ਮੰਤਵ ਕੀ ਹੈ; ਜੇ ਸਰਕਾਰ ਦਾ ਮੰਤਵ ਔਰਤਾਂ ਦਾ ਸਮਾਜਿਕ ਪੱਧਰ ਉੱਚਾ ਚੁੱਕਣਾ ਹੁੰਦਾ ਤਾਂ ਸਰਕਾਰ ਪਹਿਲਾਂ ਕਦਮ-ਕਦਮ 'ਤੇ ਔਰਤਾਂ ਨਾਲ ਹੋ ਰਹੀ ਬੇਇਨਸਾਫੀ ਖਤਮ ਕਰਨ ਦੇ ਰਾਹ ਤੁਰਦੀ ਅਤੇ ਜੇ ਆਬਾਦੀ ਦੇ ਹਿਸਾਬ ਨਾਲ ਪ੍ਰਤੀਨਿਧਤਾ ਦੇਣ ਦੀ ਨੀਤੀ ਹੁੰਦੀ ਤਾਂ ਸਾਡੇ ਸਮਾਜ



ਦਾ ਅੱਧ ਔਰਤਾਂ ਨੂੰ 33 ਫੀਸਦ ਹੀ ਕਿਉਂ, 50 ਫੀਸਦ ਪ੍ਰਤੀਨਿਧਤਾ ਦੇਣ ਦੀ ਤਜਵੀਜ਼ ਲਿਆਉਣੀ ਚਾਹੀਦੀ ਸੀ। 33 ਫੀਸਦ 'ਤੇ ਸਰਕਾਰ ਦੇ ਸੋਹਲੇ ਗਾਉਣ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਾਲਾ ਗੋਦੀ ਮੀਡੀਆ ਇਹ ਨਹੀਂ ਪੁੱਛ ਰਿਹਾ ਕਿ ਆਬਾਦੀ ਦਾ ਅੱਧ ਔਰਤਾਂ ਲਈ 50 ਫੀਸਦ ਰਾਖਵਾਂਕਰਨ ਕਿਉਂ ਨਹੀਂ ਦਿੱਤਾ ਜਾ ਰਿਹਾ ਹੈ।

ਅਸਲ ਵਿਚ ਮਹਿਲਾ ਰਾਖਵਾਂਕਰਨ ਬਿਲ 27 ਸਾਲ ਤੋਂ 'ਸਿਆਸੀ ਖੁੱਦੋ' ਬਣਿਆ ਹੋਇਆ ਹੈ ਜਿਸ ਦੀ ਵਰਤੋਂ ਰਾਜਨੀਤਕ ਧਿਰਾਂ ਆਪਣੇ ਹਿੱਤ ਵਿਚ ਕਰਦੀਆਂ ਰਹੀਆਂ ਹਨ। 1996 ਵਿਚ ਸਾਂਝੇ ਫਰੰਟ ਦੀ ਦੇਵਗੌੜਾ ਸਰਕਾਰ ਨੇ ਸੰਵਿਧਾਨਕ ਸੋਧ ਪੇਸ਼ ਕਰ ਕੇ ਕੁਝ ਹਲਕੇ ਔਰਤਾਂ ਲਈ ਰਾਖਵੇਂ ਰੱਖਣ ਦਾ ਪ੍ਰਸਤਾਵ ਲਿਆਂਦਾ ਸੀ। ਭਾਜਪਾ ਦੀ ਅਗਵਾਈ ਹੇਠਲੀ ਵਾਜਪਾਈ ਸਰਕਾਰ ਨੇ 1998, 1999, 2002 ਅਤੇ 2003 ਵਿਚ ਇਸ ਬਿਲ ਦੀ ਚਰਚਾ ਭਖਾਈ ਰੱਖੀ। 2004 'ਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਸੱਤਾ ਵਿਚ ਆਈ ਤਾਂ ਉਹਨਾਂ ਇਸ ਦੀ ਚਰਚਾ ਛੇੜੀ ਰੱਖੀ ਤੇ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ 2008 ਵਿਚ ਇਸ ਬਿਲ ਨੂੰ 108ਵੇਂ ਸੰਵਿਧਾਨ ਸੋਧ ਬਿੱਲ ਦੇ ਰੂਪ ਵਿਚ ਰਾਜ ਸਭਾ ਵਿਚ ਪੇਸ਼ ਕੀਤਾ। ਫਿਰ 2010 'ਚ ਇਹ ਬਿਲ ਰਾਜ ਸਭਾ ਵਿਚ ਪਾਸ ਵੀ ਕੀਤਾ ਪਰ ਇਸ ਬਿੱਲ ਨੂੰ ਲੋਕ ਸਭਾ ਵਿਚ ਪੇਸ਼ ਹੀ ਨਹੀਂ ਕੀਤਾ ਗਿਆ ਸੀ; ਭਾਵ, 'ਊਠ ਦਾ ਬੁੱਲ੍ਹ' ਡਿੱਗਣ ਵਾਲੀ ਕਹਾਵਤ ਵਾਂਗ ਕੁਝ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦਾ ਮਸਲਾ ਲਗਾਤਾਰ ਲਮਕ ਰਿਹਾ ਹੈ। ਅਜੇ ਵੀ ਲੋਕ ਸਭਾ ਅਤੇ ਰਾਜ ਸਭਾ ਵਿਚੋਂ ਇਹ ਬਿਲ ਪਾਸ ਹੋਣ ਦੇ ਬਾਵਜੂਦ 2024 ਦੀਆਂ ਚੋਣਾਂ ਵਿਚ ਲਾਗੂ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ ਕਿਉਂਕਿ ਸੰਵਿਧਾਨਕ ਸੋਧ ਹੋਣ ਕਾਰਨ ਇਸ ਰਾਖਵਾਂਕਰਨ ਬਿਲ ਉੱਤੇ ਅਮਲ ਮਰਦਮਸ਼ੁਮਾਰੀ ਤੋਂ ਬਾਅਦ ਹੀ ਸੰਭਵ ਹੋ ਸਕੇਗਾ। ਔਰਤਾਂ ਲਈ ਰਾਖਵੀਆਂ ਤੀਜਾ ਹਿੱਸਾ ਸੀਟਾਂ ਵਿਚੋਂ ਅੱਗੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੀਆਂ ਔਰਤਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ ਜੋ ਅਗਲੀ ਮਰਦਮਸ਼ੁਮਾਰੀ ਅਨੁਸਾਰ ਲੱਗਭੱਗ 42 ਤੋਂ 45 ਵਿਚਕਾਰ ਬਣਨਗੀਆਂ। ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ 15 ਸਾਲਾ ਤੱਕ ਜਾਰੀ ਰੱਖਣ ਦੀ ਤਜਵੀਜ਼ ਹੈ।

ਸਿਧਾਂਤਕ ਤੌਰ 'ਤੇ ਇਵੇਂ ਹੀ ਹੋਣਾ ਚਾਹੀਦਾ ਹੈ, ਸੱਤਾ ਅਦਾਰਿਆਂ ਵਿਚ ਔਰਤਾਂ ਦੀ ਭੂਮਿਕਾ ਕਿਸੇ ਵੀ ਗੱਲੋਂ ਮਰਦਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ। ਮਹਿਲਾ ਰਾਖਵਾਂਕਰਨ ਬਿਲ ਅਹਿਮ ਹੈ ਪਰ ਇਸ ਬਿਲ ਨੂੰ ਲਿਆਉਣ ਪਿੱਛੇ ਮੋਦੀ ਸਰਕਾਰ ਦਾ ਮੰਤਵ ਔਰਤਾਂ ਦੀ ਭਲਾਈ ਤੋਂ ਵੱਧ ਚੋਣ ਸਟੰਟ ਹੈ। ਸਾਡੇ ਸਮਾਜ ਦੇ ਪਿਤਰਕੀ ਢਾਂਚੇ ਵਿਚ ਅੱਜ ਵੀ ਔਰਤ ਦੀ ਹੋਂਦ ਮੁੱਖ ਰੂਪ ਵਿਚ ਉਸ ਦੀ ਦੇਹ ਅਤੇ ਲਿੰਗ ਤੱਕ ਮਹਿਦੂਦ ਹੈ। ਸਾਡੇ ਸਮਾਜ ਵਿਚ ਦੋਹਰੀ ਗੁਲਾਮੀ ਦਾ ਸ਼ਿਕਾਰ ਰਹੀ ਔਰਤ ਨੂੰ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦਾ ਹੈ। ਜੇ ਸਰਕਾਰ ਔਰਤਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵੱਲ ਸੱਚਮੁੱਚ ਸੁਹਿਰਦ ਹੁੰਦੀ ਤਾਂ ਇਸ ਪਿਤਰ ਸੱਤਾ ਦੇ ਢਾਂਚੇ 'ਤੇ ਸੱਟ ਮਾਰਦੀ ਪਰ ਅਜਿਹਾ ਬਿਲਕੁੱਲ ਨਹੀਂ ਹੈ ਬਲਕਿ ਭਾਜਪਾ ਤਾਂ ਉਸ ਮਨੂ ਸਿਮਰਿਤੀ ਦੀ ਪੈਰੋਕਾਰ ਹੈ ਜਿਸ ਵਿਚ ਔਰਤ ਦੀ ਆਜ਼ਾਦ ਹਸਤੀ ਨੂੰ ਨਹੀਂ ਮੰਨਿਆ ਗਿਆ। ਭਾਜਪਾ/ਆਰ.ਐਸ.ਐਸ. ਦਾ ਔਰਤਾਂ ਪ੍ਰਤੀ ਨਜ਼ਰੀਆ ਇਹਨਾਂ ਦੀਆਂ ਪਿਛਲੀਆਂ ਕਾਰਵਾਈਆਂ ਤੋਂ ਦੇਖਿਆ ਜਾ ਸਕਦਾ ਹੈ। ਸੰਘ ਬ੍ਰਿਗੇਡ ਔਰਤਾਂ ਨਾਲ ਬਲਾਤਕਾਰ ਨੂੰ ਸਿਆਸੀ ਹਥਿਆਰ ਵਜੋਂ ਵਰਤਦੀ ਰਹੀ ਹੈ ਜਿਸ ਦੀਆਂ ਅਨੇਕਾਂ ਪ੍ਰਤੱਖ ਉਦਾਹਾਰਨਾਂ ਦੇਖੀਆਂ ਜਾ ਸਕਦੀਆਂ ਹਨ। ਇਹਨਾਂ ਦੇ ਮੁੱਖ ਸਿਧਾਂਤਕਾਰ ਸਾਵਰਕਰ ਨੇ ਆਪਣੀ ਲਿਖਤ 'ਭਾਰਤੀ ਇਤਿਹਾਸ ਦੇ ਛੇ ਸ਼ਾਨਾਮੱਤੇ ਦੌਰ' ਵਿਚ



ਉਹਨਾਂ ਹਿੰਦੂਆਂ ਨੂੰ ਫਟਕਾਰ ਪਾਈ ਹੈ ਜਿਨ੍ਹਾਂ ਨੇ ਜੇਤੂ ਹੋ ਕੇ ਕਬਜ਼ੇ ਵਿਚ ਲਈਆਂ ਮੁਸਲਿਮ ਔਰਤਾਂ ਨਾਲ ਜਬਰ ਜਨਾਹ ਨਹੀਂ ਕੀਤੇ।

ਜਿਹੜੀ ਪਾਰਟੀ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਸਮੇਂ ਤੋਂ ਪਹਿਲਾਂ ਜੇਲ੍ਹ ਵਿਚੋਂ ਰਿਹਾਅ ਕਰ ਸਕਦੀ ਹੈ, ਉਸ ਪਾਰਟੀ ਤੋਂ ਔਰਤਾਂ ਦੀ ਭਲਾਈ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ? ਭਾਰਤ ਦੀਆਂ ਨਾਗਰਿਕ ਜਿਨ੍ਹਾਂ ਔਰਤਾਂ ਦੀ ਸੱਤਾ ਵਿਚ ਭਾਗੀਦਾਰੀ ਲਈ ਬਿਲ ਪਾਸ ਕੀਤਾ ਗਿਆ ਹੈ, ਉਹਨਾਂ ਔਰਤਾਂ ਵਿਚ ਬਿਲਕੀਸ ਬਾਨੋ ਵੀ ਆਉਂਦੀ ਹੈ, ਕੀ ਬਲਾਤਕਾਰੀਆਂ ਦੇ ਸਮੇਂ ਤੋਂ ਪਹਿਲਾਂ ਬਾਹਰ ਆਉਣ 'ਤੇ ਉਹ ਆਤਮ-ਵਿਸ਼ਵਾਸ਼ ਨਾਲ ਚੋਣ ਲੜ ਸਕੇਗੀ?

ਦੂਜਾ ਨੁਕਤਾ ਇਹ ਹੈ ਕਿ ਨਰਸਿਮ੍ਹਾ ਰਾਓ ਦੀ ਸਰਕਾਰ ਦੌਰਾਨ 1992 ਵਿਚ ਸੰਵਿਧਾਨ ਦੀ 72ਵੀਂ ਅਤੇ 73ਵੀਂ ਸੋਧ ਕਰ ਕੇ ਸਥਾਨਕ ਸਰਕਾਰਾਂ ਜਿਵੇਂ ਗ੍ਰਾਮ ਪੰਚਾਇਤਾਂ, ਨਗਰ ਪੰਚਾਇਤਾਂ, ਨਗਰ ਪਾਲਿਕਾਵਾਂ ਵਿਚ 33 ਫ਼ੀਸਦ ਸੀਟਾਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਸਨ। ਜੇ ਸੱਤਾ ਦੇ ਅਦਾਰਿਆਂ ਵਿਚ ਔਰਤਾਂ ਦੀ ਭਾਗੀਦਾਰੀ ਨਾਲ ਔਰਤਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾਂਦਾ ਹੁੰਦਾ ਤਾਂ ਪੰਚਾਇਤਾਂ ਵਿਚ ਤਾਂ ਤਿੰਨ ਦਹਾਕਿਆਂ ਤੋਂ ਔਰਤਾਂ ਸਰਪੰਚ ਬਣਦੀਆਂ ਹਨ ਪਰ ਉਹਨਾਂ ਦੇ ਪੰਚ, ਸਰਪੰਚ ਬਣਨ ਦੇ ਬਾਵਜੂਦ ਮਰਦ ਪ੍ਰਧਾਨ ਇਸ ਸਮਾਜ ਵਿਚ ਔਰਤ ਦੀ ਸਥਿਤੀ ਵਿਚ ਕੋਈ ਬੁਨਿਆਦੀ ਫਰਕ ਨਜ਼ਰ ਨਹੀਂ ਆਇਆ। ਜੇ ਤਿੰਨ ਦਹਾਕਿਆਂ ਬਾਅਦ ਵੀ ਬਹੁਤੇ ਥਾਂ ਔਰਤ ਸਰਪੰਚ/ਮੇਅਰ/ਪ੍ਰਧਾਨ ਦੀ ਬਜਾਇ ਉਸ ਦਾ ਪਤੀ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਹੈ ਤਾਂ ਅਸੀਂ ਇਹ ਸਮਝ ਸਕਦੇ ਹਾਂ ਕਿ ਇਸ ਪ੍ਰਬੰਧ ਵਿਚ ਬੁਨਿਆਦੀ ਤਬਦੀਲੀ ਕੀਤੇ ਬਗੈਰ ਔਰਤਾਂ ਦੀ ਸਥਿਤੀ ਨਹੀਂ ਬਦਲ ਸਕਦੀ।

ਰਾਜ ਸਭਾ ਵਿਚ ਇਸ ਬਿਲ ਦੇ ਵਿਰੋਧ ਵਿਚ ਇੱਕ ਵੀ ਵੋਟ ਨਹੀਂ ਪਈ; ਲੋਕ ਸਭਾ ਵਿਚ ਵਿਰੋਧ 'ਚ ਸਿਰਫ ਦੋ ਵੋਟਾਂ ਪਈਆਂ ਹਾਲਾਂਕਿ ਪਿਛਲੇ ਸਮਿਆਂ ਦੌਰਾਨ ਇਸ ਬਿਲ ਖਿਲਾਫ ਕਈ ਪਾਰਟੀਆਂ ਖੁੱਲ੍ਹ ਕੇ ਨਿੱਤਰਦੀਆਂ ਰਹੀਆਂ ਹਨ। ਖੈਰ, ਬਿਲ ਦੇ ਹੱਕ ਵਿਚ ਪਈਆਂ ਵੋਟਾਂ ਦਾ ਅੰਕੜਾ ਦੇਖ ਕੇ ਕੋਈ ਸਿੱਟਾ ਕੱਢਣ ਤੋਂ ਪਹਿਲਾਂ ਸਾਨੂੰ ਏ.ਡੀ.ਆਰ. ਦੀ ਰਿਪੋਰਟ ਦੇਖਣੀ ਚਾਹੀਦੀ ਹੈ ਕਿ ਇਹਨਾਂ 763 ਮੌਜੂਦਾ ਸੰਸਦ ਮੈਂਬਰਾਂ ਵਿਚੋਂ 306 (40 ਫੀਸਦ) ਖਿਲਾਫ ਅਪਾਰਧਿਕ ਕੇਸ ਚੱਲ ਰਹੇ ਹਨ ਜਿਨ੍ਹਾਂ ਵਿਚੋਂ 194 ਸੰਸਦ ਮੈਂਬਰਾਂ ਖਿਲਾਫ ਤਾਂ ਅਗਵਾਹ, ਕਤਲ, ਇਰਾਦਾ ਕਤਲ, ਔਰਤਾਂ ਖਿਲਾਫ ਹਿੰਸਾ ਜਿਹੇ ਗੰਭੀਰ ਅਪਰਾਧਿਕ ਕੇਸ ਹਨ। 4 ਸੰਸਦ ਮੈਂਬਰ ਅਜਿਹੇ ਵੀ ਜਿਨ੍ਹਾਂ ਖਿਲਾਫ ਬਲਾਤਕਾਰ ਦੇ ਕੇਸ ਵੀ ਹਨ। ਮਤਲਬ ਸਾਫ ਹੈ, ਇਹਨਾਂ ਵਿਚੋਂ ਬਹੁਤਿਆਂ ਨੇ ਚੋਣਾਂ ਵਿਚ ਲਾਹਾ ਲੈਣ ਦੇ ਨਿੱਜੀ ਹਿੱਤ ਕਾਰਨ ਬਿਲ ਦਾ ਸਮਰਥਨ ਕੀਤਾ ਹੈ।

ਇਸ 'ਨਾਰੀ ਸ਼ਕਤੀ ਵੰਦਨ' ਬਿਲ ਨੂੰ ਕਾਨੂੰਨ ਬਣਾ ਕੇ ਲੋਕ ਸਭਾ ਦੀਆਂ ਕੁੱਲ 543 ਸੀਟਾਂ ਵਿਚੋਂ 181 ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਅਤੇ ਦਿੱਲੀ ਸਮੇਤ ਸਾਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਤੀਜਾ ਹਿੱਸਾ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦੀ ਤਜਵੀਜ਼ ਤਾਂ ਹੈ ਪਰ ਬਾਕੀ ਇੱਕ-ਦੋ ਸੀਟਾਂ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ/ਸੂਬਿਆਂ ਜਿਵੇਂ ਚੰਡੀਗੜ੍ਹ, ਲਦਾਖ, ਪੁੱਡੂਚੇਰੀ, ਮਨੀਪੁਰ, ਨਾਗਾਲੈਂਡ, ਤ੍ਰਿਪੁਰਾ ਆਦਿ ਬਾਰੇ ਅਜੇ ਸਾਫ ਨਹੀਂ ਹੈ। ਦੂਜਾ ਇਹ ਕਿ ਜਦ ਲੋਕ ਸਭਾ ਵਿਚ 33 ਫੀਸਦ ਰਾਖਵਾਂਕਰਨ ਲਾਗੂ ਕਰਨ ਦੀ ਤਜਵੀਜ਼ ਹੈ ਤਾਂ ਇਹ ਰਾਜ ਸਭਾ ਵਿਚ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ ਹੈ। ਅਮੀਰਾਂ, ਸਿਆਸੀ ਰਸੂਖਵਾਨਾਂ ਅਤੇ ਹਾਰੇ ਹੋਏ ਲੀਡਰਾਂ ਨੂੰ ਸੈੱਟ ਕਰਨ ਦੇ ਅਦਾਰੇ ਰਾਜ ਸਭਾ ਵਿਚ 'ਨਾਰੀ ਸ਼ਕਤੀ ਵੰਦਨ' ਨੂੰ ਲਾਗੂ ਨਾ ਕਰ ਕੇ ਹਾਕਮ ਜਮਾਤ ਇਹ ਸਿੱਧ ਕਰ ਰਹੀ ਹੈ ਕਿ ਸੰਸਦ ਬਣਨ ਦੇ 'ਸ਼ਾਰਟ ਕੱਟ' ਰਸਤੇ 'ਤੇ ਅਜੇ ਮਰਦਾਂ ਦਾ ਹੀ ਦਬਦਬਾ ਰਹੇਗਾ।

ਹਕੀਕਤ ਇਹ ਹੈ ਕਿ ਹਕੂਮਤ ਵੱਲੋਂ ਕਈ ਅਹਿਮ ਅਹੁਦਿਆਂ 'ਤੇ ਪੀੜਤ ਧਿਰ ਨਾਲ ਸਬੰਧਿਤ ਕਿਸੇ ਵਿਅਕਤੀ ਦੀ ਨਿਯੁਕਤੀ ਕਰ ਕੇ ਸੱਤਾ ਦੇ ਨਿਰਦਈ ਕਿਰਦਾਰ 'ਤੇ ਮੁਲੰਮਾ ਚਾੜ੍ਹਿਆ ਜਾਂਦਾ ਹੈ ਅਤੇ ਲੋਕ ਪੱਖੀ ਹੋਣ ਦਾ ਸੰਕੇਤ ਦਿੱਤਾ ਜਾਂਦਾ ਹੈ ਜਦਕਿ ਹਕੂਮਤ ਦੇ ਨਜ਼ਰੀਏ ਵਿਚ ਕੋਈ ਫਰਕ ਨਹੀਂ ਪੈਂਦਾ; ਜਿਵੇਂ ਏ.ਪੀ.ਜੇ. ਅਬਦੁਲ ਕਲਾਮ ਦੇ ਰਾਸ਼ਟਰਪਤੀ ਬਣਨ ਨਾਲ ਸੱਤਾ ਦੇ ਮੁਸਲਿਮ ਭਾਈਚਾਰੇ ਪ੍ਰਤੀ ਰਵੱਈਏ ਵਿਚ ਫਰਕ ਨਹੀਂ ਆਇਆ ਸੀ; ਡਾਕਟਰ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਨ ਦੇ ਬਾਵਜੂਦ ਸਿੱਖ ਭਾਈਚਾਰੇ ਨੂੰ 1984 ਦੀ ਨਸਲਕੁਸ਼ੀ ਦਾ ਇਨਸਾਫ ਤੱਕ ਨਹੀਂ ਮਿਲਿਆ ਸੀ; ਦਰੋਪਦੀ ਮੁਰਮੂ ਦੇ ਰਾਸ਼ਟਰਪਤੀ ਬਣਨ ਨਾਲ ਆਦਿਵਾਸੀ ਭਾਈਚਾਰੇ ਦੀਆਂ ਮਹਿਲਾਵਾਂ ਦੀ ਰੋਜ਼ਮੱਰਾ ਜ਼ਿੰਦਗੀ ਵਿਚ ਕੋਈ ਫਰਕ ਨਹੀਂ ਪਿਆ, ਉਸੇ ਤਰ੍ਹਾਂ ਔਰਤ ਰਾਖਵਾਂਕਰਨ ਕਾਨੂੰਨ ਬਣਨ ਨਾਲ ਵੀ ਕੋਈ ਸਿਫਤੀ ਤਬਦੀਲੀ ਨਹੀਂ ਆਵੇਗੀ ਜਦ ਤੱਕ ਔਰਤਾਂ ਆਪਣੇ ਹੱਕਾਂ ਪ੍ਰਤੀ ਚੇਤਨ ਹੋ ਕੇ ਇਸ ਲੋਕ ਦੋਖੀ ਪ੍ਰਬੰਧ ਖਿਲਾਫ ਸੰਘਰਸ਼ ਨਹੀਂ ਵਿੱਢਦੀਆਂ।

ਜੇ ਰਾਜਨੀਤਕ ਪਾਰਟੀਆਂ ਸੱਚਮੁੱਚ ਸੁਹਿਰਦ ਹੁੰਦੀਆਂ ਤਾਂ ਰਾਖਵਾਂਕਰਨ ਕਾਨੂੰਨ ਬਣਾਉਣ ਤੋਂ ਪਹਿਲਾਂ ਹੀ ਸਮਾਜ ਦਾ ਅੱਧ ਔਰਤਾਂ ਨੂੰ ਘੱਟੋ-ਘੱਟ ਅੱਧੀਆਂ ਸੀਟਾਂ 'ਤੇ ਚੋਣਾਂ ਲੜਾ ਕੇ ਸੰਸਦ ਜਾਂ ਵਿਧਾਨ ਸਭਾ ਭੇਜ ਸਕਦੀਆਂ ਸਨ ਪਰ ਇਸ ਸਮੇਂ ਲੋਕ ਸਭਾ ਵਿਚ ਔਰਤਾਂ ਦੀ ਨੁਮਾਇੰਦਗੀ ਮਹਿਜ਼ 15 ਫ਼ੀਸਦ ਦੇ ਕਰੀਬ ਜਦਕਿ 19 ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਨੁਮਾਇੰਦਗੀ 10 ਫ਼ੀਸਦ ਦੇ ਕਰੀਬ ਹੈ।

'ਬੇਟੀ ਪੜ੍ਹਾਓ, ਬੇਟੀ ਬਚਾਓ' ਅਤੇ ਨਾਰੀ ਸ਼ਕੀਤਕਰਨ ਦੇ ਨਾਅਰੇ ਲਾਉਣ ਵਾਲਿਆਂ ਸਰਕਾਰਾਂ ਨੇ ਦੇਸ਼ ਭਰ ਵਿਚ ਪੜ੍ਹੀਆਂ-ਲਿਖੀਆਂ ਕੁੜੀਆਂ/ਮੁੰਡਿਆਂ ਨੂੰ ਰੁਜ਼ਗਾਰ ਦੇਣ ਤੋਂ ਹੱਥ ਪਿੱਛੇ ਖਿੱਚ ਲਏ ਹਨ। ਕੁੜੀਆਂ ਨੂੰ ਵੀ ਨੌਕਰੀ ਹਾਸਲ ਕਰਨ ਲਈ ਮਰਨ ਵਰਤ, ਪਾਣੀ ਵਾਲੀਆਂ ਟੈਂਕੀਆਂ 'ਤੇ ਧਰਨੇ ਦੇਣੇ ਪੈਂਦੇ ਹਨ, ਪੁਲਿਸ ਦੀਆਂ ਡਾਂਗਾ ਦਾ ਸੇਕ ਝੱਲਣਾ ਪੈਂਦਾ ਹੈ ਤੇ ਕਈ ਵਾਰ ਜੇਲ੍ਹਾਂ ਵਿਚ ਵੀ ਬੰਦ ਰਹਿਣਾ ਪੈਂਦਾ ਹੈ; ਭਾਵ, ਸਰਕਾਰਾਂ ਸਿਰਫ ਹੇਜ ਜਤਾ ਰਹੀਆਂ ਹਨ।

ਸੋ ਸਮਾਜ ਵਿਚ ਔਰਤਾਂ ਦੀ ਸਮਾਜਿਕ ਸਥਿਤੀ ਦੇ ਹਿਸਾਬ ਨਾਲ ਹਰ ਖੇਤਰ ਵਿਚ ਮਹਿਲਾ ਰਾਖਵਾਂਕਰਨ ਤਾਂ ਜ਼ਰੂਰੀ ਹੈ ਪਰ ਸਰਕਾਰ ਦਾ ਮੰਤਵ ਫੋਕੀ ਬੱਲੇ-ਬੱਲੇ ਕਰਵਾ ਕੇ ਵੋਟਾਂ ਵਟੋਰਨ ਤੱਕ ਸੀਮਤ ਹੈ। ਇਸ ਲਈ ਸਰਕਾਰ ਨੂੰ ਬੇਪਰਦ ਕਰਨਾ ਵੀ ਜ਼ਰੂਰੀ ਹੈ।

# ਸਨਾਤਨ ਧਰਮ ਦੀ ਸਿਆਸਤ ਦੀਆਂ ਪਰਤਾਂ



**ਅਵਿਜੀਤ ਪਾਠਕ**

ਮਜ਼ਹਬੀ ਪਛਾਣਾਂ ਉਤੇ ਕੇਂਦਰਿਤ ਗੁੱਸੇ ਅਤੇ ਨਫ਼ਰਤ ਦੀ ਸਿਆਸਤ ਅੱਜ ਦੇ ਭਾਰਤ ਵਿਚ ਚੜ੍ਹਤ 'ਚ ਹੈ। ਹਾਲ ਹੀ ਵਿਚ ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਦੇ ਪੁੱਤਰ ਅਤੇ ਸੂਬੇ ਦੇ ਯੁਵਕ ਭਲਾਈ ਤੇ ਖੇਡ ਵਿਕਾਸ ਮੰਤਰੀ ਉਦੈਨਿਧੀ ਸਟਾਲਿਨ ਨੇ ਇਸ ਸਿਆਸਤ ਵਿਚ ਨਵੇਂ ਪਸਾਰ ਜੋੜੇ ਹਨ। ਸਨਾਤਨ ਧਰਮ ਦਾ ਖ਼ਾਤਮਾ ਕਰਨ ਜਿਸ ਤਰ੍ਹਾਂ 'ਕਰੋਨਾ ਵਾਇਰਸ, ਮਲੇਰੀਆ ਤੇ ਡੇਂਗੂ' ਦਾ ਖ਼ਾਤਮਾ ਕੀਤਾ ਜਾਣਾ ਚਾਹੀਦਾ ਹੈ, ਦੇ ਉਨ੍ਹਾਂ ਦੇ ਸੱਦੇ ਨੇ ਹਿੰਦੂ ਧਰਮ ਦੇ ਅਖੌਤੀ ਰਖਵਾਲਿਆਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ। ਹੈਰਾਨੀ ਦੀ ਗੱਲ ਨਹੀਂ ਕਿ ਉਹ ਵੀ ਉਸੇ ਤਰ੍ਹਾਂ ਗੁੱਸੇ ਨਾਲ ਲਾਲ-ਪੀਲੇ ਹੋਏ ਜਾਪਦੇ ਹਨ।

ਭਾਜਪਾ ਦੇ ਮੀਡੀਆ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਜਿਥੇ ਉਦੈਨਿਧੀ ਦੀ ਟਿੱਪਣੀ ਨੂੰ ਸਨਾਤਨ ਧਰਮ ਵਿਚ ਵਿਸ਼ਵਾਸ ਰੱਖਣ ਵਾਲੀ 'ਭਾਰਤ ਦੀ 80 ਫ਼ੀਸਦੀ ਆਬਾਦੀ ਦੇ ਕਤਲੇਆਮ' ਦੇ ਸੱਦੇ ਦੇ ਤੁੱਲ ਕਰਾਰ ਦਿੱਤਾ ਹੈ, ਉਥੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ ਇਕ ਤਰ੍ਹਾਂ 'ਨਫ਼ਰਤੀ ਭਾਸ਼ਣ' ਵਜੋਂ ਦੇਖਿਆ ਹੈ। ਦੂਜੇ ਪਾਸੇ ਸਾਡੇ ਵਰਗੇ ਬਹੁਤੇ 'ਅਗੜੀਆਂ ਜਾਤਾਂ' ਦੇ ਹਿੰਦੂ ਇਹ ਮੰਨਣ ਲਈ ਉਕਸਾਏ ਗਏ ਹਨ ਕਿ ਦ੍ਰਾਵਿੜੀਅਨ ਸਿਆਸਤਦਾਨ ਉਦੈਨਿਧੀ ਵੱਲੋਂ ਇੰਝ ਸਨਾਤਨ ਧਰਮ ਦੀ 'ਸਦੀਵੀ ਸਚਾਈ' ਉਤੇ ਸਵਾਲ ਉਠਾਉਣਾ ਗ਼ਲਤ ਹੈ।

ਉਦੈਨਿਧੀ ਜੋ ਇੰਝ ਕਰਦਾ ਹੋਇਆ ਪੇਰੀਆਰ ਈ.ਵੀ. ਰਾਮਾਸਾਮੀ ਜੋ ਬ੍ਰਾਹਮਣਵਾਦੀ ਜਾਤੀਵਾਦੀ ਊਚ-ਨੀਚ ਦੇ ਕੱਟੜ ਆਲੋਚਕ ਸਨ, ਦੀ ਸੋਚ ਦਾ ਪਾਲਣ ਕਰਦਾ ਦਿਖਾਈ ਦਿੰਦਾ ਹੈ। ਉਸ ਦਾ ਇੰਝ ਕਰਨਾ ਸਾਡੀਆਂ ਸੱਭਿਆਚਾਰਕ/ਧਾਰਮਿਕ ਬੁਨਿਆਦਾਂ ਨੂੰ ਸੱਟ ਮਾਰਨ ਦੇ ਸਮਾਨ ਹੈ! ਉਂਝ, ਇਸ ਗੁੱਸੇ ਦੀ ਸਿਆਸਤ ਦੇ ਦੌਰਾਨ ਅਸੀਂ ਇਨ੍ਹਾਂ ਅਹਿਮ ਸਵਾਲਾਂ ਦੀ ਪੂਰੀ ਲੜੀ ਉਤੇ ਗ਼ੌਰ ਕਰਨ ਵਿਚ ਨਾਕਾਮ ਰਹੇ ਹਾਂ ਕਿ ਅਸਲ ਵਿਚ ਸਨਾਤਨ ਧਰਮ ਅਤੇ ਬ੍ਰਾਹਮਣਵਾਦੀ ਹਿੰਦੂਵਾਦ ਜਾਂ ਮੁਕਤੀ ਦੀ ਤਲਾਸ਼ ਵਜੋਂ ਅਧਿਆਤਮਕਤਾ ਅਤੇ ਜਥੇਬੰਦ/ਸੰਸਥਾਈ ਧਰਮਾਂ ਦੇ ਰੂੜ੍ਹੀਵਾਦ ਦਾ ਆਮ ਤੌਰ 'ਤੇ ਕੀ ਅਰਥ ਲਿਆ ਜਾਂਦਾ ਹੈ।

ਇਸ ਪ੍ਰਸੰਗ ਵਿਚ ਤਿੰਨ ਅਜਿਹੇ ਮੁੱਦੇ ਹਨ ਜਿਨ੍ਹਾਂ ਉਤੇ ਸੰਜੀਦਗੀ ਨਾਲ ਗ਼ੌਰ ਹੋਣੀ ਚਾਹੀਦੀ ਹੈ। ਪਹਿਲਾ, ਭਾਵੇਂ ਵਿਸ਼ਵਾਸ ਕਰਨ ਵਾਲੇ ਲੋਕ ਆਪਣੇ ਅਕੀਦਿਆਂ, ਪ੍ਰਥਾਵਾਂ, ਰੀਤਾਂ ਅਤੇ ਧਰਮ ਗ੍ਰੰਥਾਂ ਨਾਲ ਜਜ਼ਬਾਤੀ ਤੌਰ 'ਤੇ ਜੁੜੇ ਰਹਿਣ ਦਾ ਝੁਕਾਅ ਰੱਖਦੇ ਹੀ ਹਨ ਪਰ ਤਾਂ ਵੀ ਖੁੱਲ੍ਹਾਪਣ ਬਣਾਈ ਰੱਖਣ, ਤਰਕ ਦੀ ਤਾਕਤ ਨੂੰ ਹੁਲਾਰਾ ਦੇਣ ਅਤੇ ਨਾਲ ਹੀ 'ਆਸਥਾ' ਦੇ ਨਾਂ ਉਤੇ ਜਾਰੀ ਰਹਿਣ ਵਾਲੀਆਂ ਕੁਰੀਤੀਆਂ ਦੀ ਆਲੋਚਨਾ ਕਰਨ ਵਿਚ ਕੋਈ ਮਾੜੀ ਗੱਲ ਨਹੀਂ। ਮਿਸਾਲ ਵਜੋਂ 'ਹਿੰਦੂ' ਪਰਿਵਾਰ ਵਿਚ ਜਨਮਿਆ ਹੋਣ ਦੇ ਨਾਤੇ ਮੈਂ ਇਸ ਦੇ ਸੱਭਿਆਚਾਰਕ/ਪ੍ਰਤੀਕਾਤਮਕ/ਧਾਰਮਿਕ ਵਾਸ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹਾਂ। ਉਪਨਿਸ਼ਦ, ਖ਼ਾਸਕਰ ਹਰ ਤਰ੍ਹਾਂ ਦੀਆਂ ਹੱਦਾਂ ਅਤੇ ਸੀਮਤਾਈਆਂ ਤੋਂ ਪਾਰ 'ਸਵੈ' ਦੀ ਬਣਤਰ ਉਤੇ ਡੂੰਘਾ ਚਿੰਤਨ, ਮੈਨੂੰ ਮੋਂਹਦੇ ਹਨ; ਤੇ ਨਾਲ ਹੀ ਭਗਵਤ ਗੀਤਾ ਵਿਚ ਕ੍ਰਿਸ਼ਨ ਤੇ ਅਰਜੁਨ ਦੇ ਵਾਰਤਾਲਾਪ 'ਚੋਂ ਮਿਲਦਾ 'ਬੇਲਾਗ ਕਰਮ' ਦਾ ਆਦਰਸ਼ ਵੀ ਮੇਰੀ ਕਲਪਨਾ 'ਚ ਵੱਸਿਆ ਹੈ। ਇਸ ਦੇ ਬਾਵਜੂਦ, ਮੇਰਾ ਤਰਕ ਹੈ ਕਿ ਸਾਨੂੰ ਗ੍ਰਹਿਣਸ਼ੀਲ ਹੋਣ ਅਤੇ ਅੰਦਰੂਨੀ ਆਲੋਚਨਾ ਦੀ ਸ਼ਕਤੀ ਨੂੰ ਸਲਾਹੁਣ ਦੀ ਲੋੜ ਹੈ ਜਿਸ ਨਾਲ ਧਾਰਮਿਕ ਪ੍ਰਬੰਧਾਂ ਨੂੰ ਵਿਕਸਿਤ ਹੋਣ ਅਤੇ ਅੱਗੇ ਵਧਣ 'ਚ ਮਦਦ ਮਿਲਦੀ ਹੈ।

ਆਖ਼ਰ ਸੰਸਥਾਈ ਹਿੰਦੂ ਧਰਮ ਸਬੰਧੀ ਸਾਰਾ ਕੁਝ ਉਪਨਿਸ਼ਦਾਂ ਦੀਆਂ ਉੱਤਮ ਪ੍ਰਾਰਥਨਾਵਾਂ ਜਾਂ ਪਿਆਰ, ਕਰਮ ਤੇ ਤਿਆਗ ਉਤੇ ਡੂੰਘੇ ਚਿੰਤਨ ਬਾਰੇ ਨਹੀਂ ਹੈ। ਇਸ ਦੀ ਥਾਂ ਅਸੀਂ ਦਮਨਕਾਰੀ ਜਾਤੀਵਾਦੀ ਪ੍ਰਥਾਵਾਂ, ਮਰਦ ਪ੍ਰਧਾਨਤਾ ਵਿਚ ਔਰਤਾਂ ਨੂੰ ਦਬਾਏ ਜਾਣ ਅਤੇ ਅਜਿਹੇ ਖੋਖਲੇ ਕਰਮਾਂ-ਕਾਂਡਾਂ ਦੇ ਬੋਝ ਹੇਠ ਰਹਿੰਦੇ ਹਾਂ ਜਿਨ੍ਹਾਂ ਨੂੰ ਅਕਸਰ ਸਨਾਤਨ ਧਰਮ ਦੇ ਨਾਂ 'ਤੇ ਪਵਿੱਤਰ ਕਰਾਰ ਦੇ ਦਿੱਤਾ ਜਾਂਦਾ ਹੈ। ਹਕੀਕਤ ਇਹ ਹੈ ਕਿ ਜਾਤ, ਮਰਦ ਪ੍ਰਧਾਨਤਾ ਜਾਂ ਹਿੰਸਾ ਸਬੰਧੀ ਕੁਝ ਵੀ 'ਸਦੀਵੀ' ਜਾਂ 'ਸਨਾਤਨ' ਨਹੀਂ ਹੈ। ਇਸ ਦੀ ਆਲੋਚਨਾ ਹੋਣੀ ਚਾਹੀਦੀ ਹੈ ਤੇ ਇਸ ਦਾ ਖ਼ਾਤਮਾ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਸਾਨੂੰ ਸੰਤ ਕਬੀਰ ਅਤੇ ਨਰਾਇਣਾ ਗੁਰੂ ਜਾਂ ਰਾਜਾ ਰਾਮ ਮੋਹਨ ਰਾਏ ਅਤੇ ਮਹਾਤਮਾ ਗਾਂਧੀ ਵਰਗਿਆਂ ਨੂੰ ਚੇਤੇ ਕਰਨਾ ਹੋਵੇਗਾ। ਉਨ੍ਹਾਂ ਦੇ ਅਧਿਆਤਮਕ ਰੁਝਾਨ ਨੇ ਕਦੇ ਵੀ ਉਨ੍ਹਾਂ ਨੂੰ ਅਜਿਹੀਆਂ ਬਹੁਤ ਸਾਰੀਆਂ ਸਖ਼ਤ/ਰੂੜ੍ਹੀਵਾਦੀ ਪ੍ਰਥਾਵਾਂ ਦਾ ਵਿਰੋਧ ਕਰਨ ਤੋਂ ਨਹੀਂ ਰੋਕਿਆ ਜਿਨ੍ਹਾਂ ਨੂੰ ਭ੍ਰਿਸ਼ਟ ਪੁਜਾਰੀਆਂ ਜਾਂ ਬ੍ਰਾਹਮਣਵਾਦੀ ਪੁਰੋਹਿਤਾਂ ਨੇ ਪਵਿੱਤਰ ਕਰਾਰ ਦਿੱਤਾ ਸੀ। ਇਥੋਂ ਤੱਕ ਕਿ ਮਹਾਤਮਾ ਫੂਲੇ, ਪੇਰੀਆਰ ਅਤੇ ਡਾ. ਅੰਬੇਡਕਰ ਦੀ ਸੋਚ ਵੱਲ ਵੀ ਕੰਨ ਧਰਨਾ ਹੋਵੇਗਾ ਜਿਨ੍ਹਾਂ ਬ੍ਰਾਹਮਣਵਾਦੀ ਹਿੰਦੂਵਾਦ ਦਾ ਸਖ਼ਤ ਵਿਰੋਧ ਕੀਤਾ, ਇਸ ਦੇ ਬਹੁਤ ਸਾਰੇ 'ਪਵਿੱਤਰ' ਗ੍ਰੰਥਾਂ ਦੀ ਪੁਣ-ਛਾਣ ਕੀਤੀ ਅਤੇ ਦਮਨਕਾਰੀ ਤੇ ਊਚ-ਨੀਚ ਆਧਾਰਿਤ ਜਾਤੀਵਾਦੀ ਪ੍ਰਥਾਵਾਂ ਦੇ 'ਧਾਰਮਿਕ ਤੌਰ 'ਤੇ ਜਾਇਜ਼ ਕਰਾਰ ਦਿੱਤੇ ਗਏ' ਢਾਂਚਿਆਂ ਨੂੰ ਮਲੀਆਮੇਟ ਕਰ ਦੇਣ ਕੋਸ਼ਿਸ਼ ਕੀਤੀ। ਹਾਂ, ਉਨ੍ਹਾਂ ਸਾਡੀਆਂ ਅੱਖਾਂ ਖੋਲ੍ਹਣ ਲਈ ਬਹੁਤ ਅਹਿਮ ਭੂਮਿਕਾ ਨਿਭਾਈ। ਖ਼ੈਰ, ਸਾਨੂੰ ਉਨ੍ਹਾਂ ਦੀ ਆਖੀ ਹਰ ਗੱਲ ਨਾਲ ਸਹਿਮਤ ਹੋਣ ਦੀ ਲੋੜ ਨਹੀਂ ਹੈ; ਤਾਂ ਵੀ ਇਸ ਸਬੰਧੀ ਮਹਿਜ਼ ਗੁੱਸੇ ਜਾਂ ਪ੍ਰਤੀਕਿਰਿਆਵਾਦੀ ਹੋਣ ਦੀ ਥਾਂ ਜੇ ਅਸੀਂ ਆਪਣਾ ਦਿਲੋ-ਦਿਮਾਗ਼ ਖੋਲ੍ਹ ਕੇ ਉਨ੍ਹਾਂ ਨਾਲ ਇਸ ਸਬੰਧੀ ਚਰਚਾ ਕਰਦੇ ਹਾਂ ਤਾਂ ਸੰਭਵ ਤੌਰ 'ਤੇ ਅਸੀਂ ਵਧੇਰੇ ਬਰਾਬਰੀ ਵਾਲੀਆਂ ਤੇ ਔਰਤ-ਮਰਦ ਸਬੰਧੀ ਵਧੇਰੇ ਸੰਵੇਦਨਸ਼ੀਲ ਧਾਰਮਿਕ ਪ੍ਰਥਾਵਾਂ ਵੱਲ ਅੱਗੇ ਵਧ ਸਕਦੇ ਹਾਂ। ਕੀ ਉਦੈਨਿਧੀ ਨੂੰ ਨਿੰਦਣਾ ਤੇ ਭੰਡਣਾ ਆਸਾਨ ਨਹੀਂ ਹੈ ਅਤੇ ਇਸ ਤਰ੍ਹਾਂ ਸਨਾਤਨ ਧਰਮ ਦੇ ਨਾਂ ਉਤੇ ਆਪਣੇ ਕੁਕਰਮਾਂ ਨੂੰ ਛੁਪਾ ਲੈਣਾ ਪਰ ਆਪਣੇ ਅੰਦਰ ਝਾਤੀ ਮਾਰਨਾ ਬਹੁਤ ਔਖਾ ਹੈ?



ਤਾਮਿਲ ਨਾਡੂ ਦਾ ਯੁਵਕ ਭਲਾਈ ਤੇ ਖੇਡ ਵਿਕਾਸ ਮੰਤਰੀ ਉਦੈਨਿਧੀ ਸਟਾਲਿਨ।

ਦੂਜਾ, ਸਾਨੂੰ ਸਨਾਤਨ ਧਰਮ ਦੇ ਆਪੂੰ ਬਣੇ ਰਖਵਾਲਿਆਂ ਦੀ ਸਿਆਸਤ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜਿਸ ਤਰ੍ਹਾਂ ਹਿੰਦੂਤਵ (ਜੋ ਅਜਿਹਾ ਅਤਿ-ਰਾਸ਼ਟਰਵਾਦੀ ਸਿਧਾਂਤ ਹੈ ਜਿਹੜਾ 'ਹਿੰਦੂ ਰਾਸ਼ਟਰ' ਦੀ ਸਿਰਜਣਾ ਲਈ ਕਿਸੇ ਦੀ 'ਹਿੰਦੂ ਪਛਾਣ' ਨੂੰ ਹੁਲਾਰਾ ਦੇਣਾ ਚਾਹੁੰਦਾ ਹੈ) ਦੇ ਹਮਾਇਤੀਆਂ ਨੇ ਸਮਕਾਲੀ ਭਾਰਤ ਦੀ ਸਿਆਸੀ/ਸੱਭਿਆਚਾਰਕ ਧਰਾਤਲ ਨੂੰ ਕਬਜ਼ਾਉਣਾ ਸ਼ੁਰੂ ਕਰ ਦਿੱਤਾ ਹੈ, ਉਸ ਤੋਂ ਅਸੀਂ ਨਵੀਂ ਤਰ੍ਹਾਂ ਦੇ ਰੂੜ੍ਹੀਵਾਦ ਦਾ ਉਭਾਰ ਦੇਖ ਰਹੇ ਹਾਂ। ਅਸੀਂ ਇਸ ਦਾ ਪ੍ਰਗਟਾਵਾ ਮਕਬੂਲ ਬਿਰਤਾਂਤ ਵਿਚ ਦੇਖ ਸਕਦੇ ਹਾਂ: ਤਰਕ ਦੀ ਸ਼ਕਤੀ ਨੂੰ ਨਫ਼ਰਤ ਕਰਨਾ; ਬਾਬਿਆਂ ਤੇ ਗੁਰੂਆਂ ਦੀ ਬ੍ਰਿਗੇਡ ਨੂੰ ਹੱਲਾਸ਼ੇਰੀ ਦਿੱਤੇ ਜਾਣਾ ਜਿਹੜੇ ਹਰ ਤਰ੍ਹਾਂ ਦੇ 'ਚਮਤਕਾਰ' ਦਿਖਾ ਕੇ ਆਪਣੇ ਚੇਲਿਆਂ ਨੂੰ ਮੋਹਿਤ ਕਰਦੇ ਹਨ; ਉਂਝ ਦਿਸ਼ਾਹੀਣ ਹੋ ਚੁੱਕੀ ਦੇਸ਼ ਦੀ ਯੁਵਾ ਪੀੜ੍ਹੀ ਨੂੰ 'ਸ਼ਕਤੀਕਰਨ' ਦਾ ਝੂਠਾ ਅਹਿਸਾਸ ਕਰਾਉਣਾ, ਜ਼ੋਰਦਾਰ ਧਾਰਮਿਕ ਨਾਅਰਿਆਂ ਦੇ ਸ਼ੋਰ ਵਿਚ ਉਨ੍ਹਾਂ ਦੇ ਦਿਮਾਗ਼ ਨੂੰ ਭ੍ਰਿਸ਼ਟ ਬਣਾਉਣਾ, ਉਨ੍ਹਾਂ ਨੂੰ ਗੁੱਸੇਖੋਰ ਦੇਸ਼ਭਗਤਾਂ ਵਿਚ ਬਦਲ ਦੇਣਾ ਅਤੇ ਬਿਨਾਂ ਕੁਝ ਸੋਚੇ-ਸਮਝੇ ਹਰ ਵੇਲੇ ਘੱਟਗਿਣਤੀਆਂ ਜਾਂ ਸੰਸਾਰ ਨੂੰ ਵੱਖਰੇ ਨਜ਼ਰੀਏ ਨਾਲ ਦੇਖਣ ਵਾਲੇ ਲੋਕਾਂ ਨੂੰ 'ਸਬਕ' ਸਿਖਾਉਣ ਵਾਸਤੇ ਤਿਆਰ ਰਹਿਣ ਵਾਲੀ ਭੀੜ ਪੈਦਾ ਕਰਨਾ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਆਲੋਚਕਾਂ ਨਾਲ ਕੋਈ ਅਰਥ ਭਰਪੂਰ ਸੰਵਾਦ ਰਚਾਉਣ ਦੀ ਥਾਂ ਹਿੰਦੂਤਵ ਦੇ ਇਹ ਮੋਹਰੀ ਉਨ੍ਹਾਂ ਨਾਲ ਕਿਸੇ ਹੋਰ ਕੱਟੜਪੰਥੀ ਧਾਰਮਿਕ ਸਮੂਹ ਵਾਲਾ ਹੀ ਸਲੂਕ ਕਰਦੇ ਹਨ। ਗਾਂਧੀ ਦੀ ਅਹਿੰਸਾ, ਬੁੱਧ ਦੀ ਕਰੁਣਾ, ਮੀਰਾਬਾਈ ਦਾ ਪਰਮਾਨੰਦ ਉਨ੍ਹਾਂ ਨੂੰ ਕਾਸੇ ਨਾਲ ਕੋਈ ਲਾਗਾ-ਦੇਗਾ ਨਹੀਂ ਹੈ ਸਗੋਂ ਉਹ ਤਾਂ ਹਮੇਸ਼ਾ ਗੁੱਸੇ ਨਾਲ ਭਰੇ-ਪੀਤੇ ਰਹਿੰਦੇ ਹਨ। ਜਿਸ ਕਾਸੇ ਨੂੰ ਉਹ ਸਨਾਤਨ ਧਰਮ ਮੰਨਣਾ ਚਾਹੁੰਦੇ ਹਨ, ਕੀ ਇਹ ਗੁੱਸਾ ਤੇ ਰੋਹ ਉਸ ਚੀਜ਼ ਦਾ ਅਟੁੱਟ ਹਿੱਸਾ ਬਣਦਾ ਜਾ ਰਿਹਾ ਹੈ?

ਤੀਜਾ, ਹੁਣ ਸਮਾਂ ਹੈ ਕਿ ਅਸੀਂ ਇਹ ਅਹਿਸਾਸ ਕਰਨਾ ਸ਼ੁਰੂ ਕਰ ਦੇਈਏ ਕਿ ਸਾਡੀ ਅਸਲੀ ਅਧਿਆਤਮਕ ਤਲਾਸ਼ ਦਾ ਮੌਜੂਦਾ ਦੌਰ ਵਿਚ ਜਾਰੀ ਸਨਾਤਨ ਧਰਮ ਦੇ ਗੁਣਾਂ ਤੇ ਔਗੁਣਾਂ ਉਤੇ ਕੇਂਦਰਿਤ ਗੁੱਸੇ ਦੀ ਰਾਜਨੀਤੀ ਨਾਲ ਕੋਈ ਸਬੰਧ ਨਹੀਂ ਹੈ। ਇਸ ਦੀ ਥਾਂ, ਸਾਡੀ ਸੱਚੀ ਧਾਰਮਿਕਤਾ ਜਥੇਬੰਦ ਧਰਮਾਂ ਦੇ ਹਰ ਤਰ੍ਹਾਂ ਦੇ ਮਾਰਕਿਆਂ (ਬਰਾਂਡਾਂ) ਦੀਆਂ ਵਲਗਣਾਂ ਤੋਂ ਮੁਕਤ ਹੈ; ਸਗੋਂ ਇਹ ਲਾਜ਼ਮੀ ਤੌਰ 'ਤੇ ਜ਼ਿੰਦਗੀ ਜਿਊਣ ਦੀ ਅਜਿਹੀ ਜੀਵਨ ਸ਼ੈਲੀ ਦੀ ਤਲਾਸ਼ ਹੈ ਜਿਹੜੀ ਪਿਆਰ, ਅਹਿਸਾਨਮੰਦੀ ਅਤੇ ਚੇਤਨਾ ਦੀ ਸ਼ਕਤੀ ਦੀ ਭਾਵਨਾ ਨੂੰ ਪ੍ਰਾਸਰਿਤ ਕਰਦੀ ਹੈ, ਜਿਸ ਨਾਲ ਅਸੀਂ ਇਸ ਦੇ ਤਮਾਮ ਅਸਥਾਈਪੁਣੇ ਅਤੇ ਨਾਸ਼ਵਾਨਤਾ ਨੂੰ ਤਸਲੀਮ ਕਰਨ ਦੇ ਬਾਵਜੂਦ ਉਂਝ ਗੂੜ੍ਹੀ ਤਰ੍ਹਾਂ ਜੁੜੇ ਹੋਏ ਹਾਂ।

ਇਹ ਇਕ ਤਰ੍ਹਾਂ ਆਪਣੇ ਅੰਦਰੂਨੀ ਬਦਲਾਉ ਆਪਣੇ ਵਧੇ ਹੋਏ ਹੰਕਾਰ ਤੋਂ ਪੂਰੀ ਤਰ੍ਹਾਂ ਖ਼ਾਲੀ ਹੋਣ ਦੇ ਹਲਕੇਪਣ ਤੱਕ ਜਾਂ ਨਿਖੇੜੇ ਤੋਂ ਮਿਲਣ ਤੱਕ ਦੇ ਬਦਲਾਉ ਦੀ ਪ੍ਰਕਿਰਿਆ ਹੈ। ਇਸ ਦੀ ਕੋਈ ਜਾਤ ਨਹੀਂ ਹੈ; ਇਸ ਦੀ ਕੋਈ ਰਾਸ਼ਟਰੀਅਤਾ/ਕੌਮੀਅਤ ਨਹੀਂ ਹੈ; ਇਹ ਬੇਹੱਦ/ਅਨੰਤ ਹੈ। ਇਸ ਦੇ ਬਾਵਜੂਦ ਇਨ੍ਹਾਂ ਜ਼ਹਿਰੀ ਸਮਿਆਂ ਦੌਰਾਨ ਸਾਨੂੰ ਧਰਮ ਜਾਂ ਇਥੋਂ ਤੱਕ ਕਿ ਸਨਾਤਨ ਧਰਮ ਦੇ ਨਾਂ ਉਤੇ ਜੋ ਕੁਝ ਦੇਖਣਾ ਪੈ ਰਿਹਾ ਹੈ, ਉਹ ਨਫ਼ਰਤ, ਫੁੱਟ ਅਤੇ ਹਿੰਸਾ ਦੀ ਸਿਆਸਤ ਹੈ।

# ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਭਵਿੱਖ

**ਡਾ. ਜਸਕਰਨ ਸਿੰਘ**
**ਡਾ. ਸੰਦੀਪ ਕੌਰ**

ਭਾਰਤ ਦੀ ਆਜ਼ਾਦੀ ਦੇ 76 ਸਾਲਾਂ ਬਾਅਦ ਵੀ ਕੇਂਦਰ ਤੇ ਰਾਜ ਸਰਕਾਰਾਂ ਦਿਹਾਤੀ ਆਬਾਦੀ ਦੇ ਵੱਡੇ ਹਿੱਸੇ ਨੂੰ ਖੇਤੀ ਸੰਕਟ ਤੋਂ ਨਿਜਾਤ ਦਿਵਾਉਣ ਵਿਚ ਅਸਮਰੱਥ ਰਹੀਆਂ ਹਨ। ਬਹੁਤ ਸਾਰੇ ਅਰਥ-ਸ਼ਾਸਤਰੀ ਇਸ ਸੰਕਟ ਦੇ ਹੱਲ ਲਈ ਖੇਤੀ ਨੂੰ ਲਾਭਦਾਇਕ ਬਣਾਉਣ ਦੀਆਂ ਵਿਉਂਤਾਂ ਸਰਕਾਰ ਅੱਗੇ ਰੱਖਦੇ ਰਹਿੰਦੇ ਹਨ। ਇਸ ਦੇ ਉਲਟ ਪੂੰਜੀਵਾਦੀ ਮਾਡਲ ਵੀ ਹੈ ਜਿਸ 'ਚ ਖੇਤੀ ਦਾ ਸੰਕਟ ਮੋਚਨ ਸਨਅਤੀਕਰਨ ਨੂੰ ਦੇਖਿਆ ਜਾਂਦਾ ਹੈ ਜਿੱਥੇ ਮੰਨਿਆ ਜਾਂਦਾ ਹੈ ਕਿ ਸਨਅਤੀ ਵਿਕਾਸ ਦਿਹਾਤੀ ਖੇਤਰ ਨੂੰ ਸ਼ਹਿਰੀ ਸੰਪਰਕ 'ਚ ਲਿਆ ਕੇ ਤਰੱਕੀ ਵੱਲ ਲੈ ਕੇ ਜਾਂਦਾ ਹੈ ਹਾਲਾਂਕਿ ਇਸ ਨਾਲ ਅਰਥਚਾਰੇ 'ਚ ਖੇਤੀ ਦੀ ਹਿੱਸੇਦਾਰੀ ਕੌਮੀ ਆਮਦਨ ਤੇ ਰੁਜ਼ਗਾਰ 'ਚ ਘਟਦੀ ਜਾਂਦੀ ਹੈ।

1991 ਤੋਂ ਬਾਅਦ ਇਸ ਰਸਤੇ 'ਤੇ ਚੱਲ ਰਹੀਆਂ ਸਾਰੀਆਂ ਸਰਕਾਰਾਂ ਤੇ ਨੀਤੀ ਘਾੜੇ ਜ਼ਰਾਇਤੀ ਖੇਤਰ ਦੀ ਕਾਇਆਕਲਪ ਕਰਨ ਲਈ ਇਸ ਦਾ ਕੋਈ ਖਾਲਸ ਘਰੇਲੂ ਮਾਡਲ ਨਹੀਂ ਲੱਭ ਸਕੇ; ਸਿਵਾਇ ਇਸ ਦੇ ਕਿ ਖੇਤੀ ਨੂੰ ਪੂੰਜੀਵਾਦੀ ਲੀਹਾਂ 'ਤੇ ਪਾ ਕੇ ਮੰਡੀ ਆਧਾਰਿਤ ਪੂੰਜੀਵਾਦੀ ਖੇਤਰ ਦੇ ਸਪੁਰਦ ਕੀਤਾ ਜਾਵੇ। ਖੇਤੀ 'ਚ ਪੂੰਜੀਪਤੀਆਂ ਦੇ ਦਾਖ਼ਲੇ ਲਈ ਕੇਂਦਰ ਨੇ ਖੇਤੀ ਕਾਨੂੰਨ ਲਿਆਂਦੇ ਸਨ ਜੋ ਕਿਸਾਨਾਂ ਦੇ ਸੰਘਰਸ਼ ਕਰ ਕੇ ਵਾਪਸ ਲਏ ਗਏ। ਇਸ ਅੰਦੋਲਨ ਦੇ ਹੱਕ ਅਤੇ ਵਿਰੋਧ ਵਿਚ ਭੁਗਤਣ ਵਾਲੇ ਅਰਥ-ਸ਼ਾਸਤਰੀਆਂ ਵੱਲੋਂ ਅਜੇ ਤੱਕ ਇਸ ਸਵਾਲ ਦਾ ਪੁਖਤਾ ਜਵਾਬ ਦਿੱਤਾ ਜਾਣਾ ਬਾਕੀ ਹੈ ਕਿ ਇਸ ਕਿਸਾਨੀ ਅਤੇ ਸਰਕਾਰ ਵਿਚਕਾਰ ਕਸ਼ਮਕਸ਼ ਦਰਮਿਆਨ ਛੋਟੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਦੀ ਨੁਹਾਰ ਕਿਵੇਂ ਬਦਲੇਗੀ? ਦੇਸ਼ ਦੇ ਛੋਟੇ ਅਤੇ ਸੀਮਾਂਤ ਕਿਸਾਨ ਕੁੱਲ ਕਿਸਾਨੀ ਦਾ 86 ਫ਼ੀਸਦੀ ਹਨ ਜਦੋਂਕਿ ਉਹ ਕੁੱਲ ਵਾਹੀਯੋਗ ਜ਼ਮੀਨ ਦੇ ਸਿਰਫ਼ 47 ਫ਼ੀਸਦੀ ਹਿੱਸੇ 'ਤੇ ਖੇਤੀ ਕਰਦੇ ਹਨ। ਦੇਸ਼ ਦੇ ਕੁੱਲ ਕਾਮਿਆਂ ਵਿਚੋਂ ਮੌਜੂਦਾ ਸਮੇਂ ਵਿਚ ਲਗਪਗ 45 ਫ਼ੀਸਦੀ ਅਜੇ ਵੀ ਖੇਤੀ ਤੋਂ ਰੋਜ਼ੀ-ਰੋਟੀ ਕਮਾਉਂਦੇ ਹਨ। ਸਮਕਾਲੀ ਪੂੰਜੀਵਾਦੀ ਦੇ ਨਵ-ਉਦਾਰਵਾਦੀ ਵਿਕਾਸ ਮਾਡਲ ਵਿਚ ਵਪਾਰ ਦੀਆਂ ਸ਼ਰਤਾਂ (ਉਦਯੋਗਿਕ ਵਸਤਾਂ ਦੀਆਂ ਕੀਮਤਾਂ ਅਤੇ ਖੇਤੀਬਾੜੀ ਉਪਜ ਦੀਆਂ ਕੀਮਤਾਂ ਦਾ ਅਨੁਪਾਤ) ਜ਼ਿਆਦਾਤਰ ਖੇਤੀਬਾੜੀ ਉਪਜ ਦੇ ਵਿਰੁੱਧ ਹੀ ਰਹਿੰਦੀਆਂ ਹਨ। ਸਿੱਟੇ ਵਜੋਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇ ਬਾਵਜੂਦ, ਬਾਜ਼ਾਰ ਵਿਚ ਵੇਚਣ ਲਈ ਸੀਮਤ ਉਪਜ ਹੋਣ ਕਰ ਕੇ ਨਿਗੂਣੀ ਕਮਾਈ ਨਾਲ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਇਕੱਲੀ ਖੇਤੀ 'ਤੇ ਨਿਰਭਰ ਹੋ ਕੇ ਚੰਗਾ ਜੀਵਨ ਬਤੀਤ ਨਹੀਂ ਕਰ ਸਕਦੇ। ਕੌਮੀ ਸਰਵੇਖਣ ਰਿਪੋਰਟ ਦੇ 77ਵੇਂ ਦੌਰ ਤੋਂ ਪਤਾ ਲਗਦਾ ਹੈ ਕਿ ਕਿਸਾਨਾਂ ਦੀ ਆਮਦਨ ਦਾ ਵੱਡਾ ਹਿੱਸਾ ਗ਼ੈਰ-ਖੇਤੀ ਕਿੱਤਿਆਂ ਤੋਂ ਆਉਂਦਾ ਹੈ। ਦੋ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਸੀਮਾਂਤ ਅਤੇ ਛੋਟੇ ਕਿਸਾਨਾਂ ਜਾਂ ਬੇਜ਼ਮੀਨੇ ਖੇਤ ਮਜ਼ਦੂਰ ਦੇ ਮਾਮਲੇ ਵਿਚ, ਉਸੇ ਸਰਵੇਖਣ ਵਿਚ ਪਾਇਆ ਗਿਆ ਕਿ ਦੋ ਤਿਹਾਈ ਤੋਂ ਵੱਧ ਆਮਦਨ ਗ਼ੈਰ-ਕਾਸ਼ਤਕਾਰੀ ਸਰੋਤਾਂ ਤੋਂ ਆਉਂਦੀ ਹੈ।

ਭਾਰਤ ਪਿਛਲੇ ਤਿੰਨ ਦਹਾਕਿਆਂ ਵਿਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਉਭਰਦੇ ਅਰਥਚਾਰਿਆਂ ਵਿਚੋਂ ਇੱਕ ਰਿਹਾ ਹੈ ਹਾਲਾਂਕਿ ਭਾਰਤੀ ਅਰਥਚਾਰੇ ਦੇ ਵਿਕਾਸ ਦਾ ਪੈਟਰਨ ਰਵਾਇਤੀ ਪੂੰਜੀਵਾਦੀ ਵਿਕਾਸ ਨਾਲ ਵੀ ਮੇਲ ਨਹੀਂ ਖਾਂਦਾ। ਨਤੀਜੇ ਵਜੋਂ ਬਹੁਤ ਸਾਰੇ ਵਿਗਾੜ ਸਾਹਮਣੇ ਆਏ ਹਨ। ਉਦਯੋਗਿਕ ਵਿਕਾਸ ਉਡਾਰੀ ਨਹੀਂ ਭਰ ਸਕਿਆ। ਪੇਂਡੂ ਵਸੋਂ ਦਾ ਵੱਡਾ ਵਰਗ ਇਸ ਵਿਗਾੜ ਦੀ ਕੀਮਤ ਅਦਾ ਕਰ ਰਿਹਾ ਹੈ। ਸਰਕਾਰਾਂ ਲਈ ਖੇਤੀਬਾੜੀ ਦੂਜੇ ਖੇਤਰਾਂ ਦੇ ਮੁਕਾਬਲਤਨ ਅਣਗੌਲਿਆ ਰਿਹਾ ਹੈ। ਉਤਪਾਦਨ ਦੇ ਬੁਨਿਆਦੀ ਸਾਧਨਾਂ ਜ਼ਮੀਨ ਅਤੇ ਕਿਰਤ ਨੂੰ ਖੇਤੀ ਤੋਂ ਬਾਹਰ ਦੇ ਖੇਤਰਾਂ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਜ਼ਾਦੀ ਤੋਂ ਬਾਅਦ ਅਨਾਜ ਦੀ ਥੁੜ੍ਹ ਨਾਲ ਨਜਿੱਠਣ ਲਈ ਹਰੀ ਕ੍ਰਾਂਤੀ ਦੌਰਾਨ ਸਰਕਾਰ ਵੱਲੋਂ ਦਿੱਤੀਆਂ ਸਬਸਿਡੀਆਂ ਨੇ ਕਈ ਸਾਲਾਂ ਤੱਕ ਛੋਟੀ ਕਿਸਾਨੀ ਨੂੰ ਖੇਤੀ ਨਾਲ ਜੋੜੀ ਰੱਖਿਆ ਪਰ ਨੱਬੇਵਿਆਂ 'ਚ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਤੋਂ ਬਾਅਦ, ਬਾਜ਼ਾਰੀਕਰਨ ਨੇ ਘੱਟ ਜ਼ਮੀਨਾਂ ਵਾਲੇ ਕਿਸਾਨਾਂ ਦੀ ਹੋਂਦ ਨੂੰ ਹੀ ਖ਼ਤਰੇ 'ਚ ਪਾ ਦਿੱਤਾ ਹੈ। ਇਨ੍ਹਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਵੀ ਲਾਭ ਨਹੀਂ ਦੇ ਸਕੀ।

ਪੰਜਾਬ ਵਿਚ ਵੀ ਛੋਟੀ ਕਿਸਾਨੀ ਦੀ ਦਸ਼ਾ ਵੀ ਵਧੀਆ ਵਿਕਸਿਤ ਖੇਤੀ ਬੁਨਿਆਦੀ ਢਾਂਚੇ ਦੇ ਬਾਵਜੂਦ, ਬਾਕੀ ਭਾਰਤ ਨਾਲੋਂ ਵੱਖਰੀ ਨਹੀਂ ਹੈ। ਦੇਸ਼ ਦਾ ਅੰਨ ਭੰਡਾਰ ਕਹੇ ਜਾਣ ਵਾਲੇ ਸੂਬੇ ਦਾ ਖੇਤੀ ਖੇਤਰ ਡੂੰਘੇ ਸੰਕਟ ਵਿਚ ਹੈ। ਦੇਸ਼ ਵਿਚ ਕਿਸਾਨੀ ਉੱਤੇ ਕਰਜ਼ੇ ਉੱਤੇ ਕੌਮੀ ਖੇਤੀਬਾੜੀ ਤੇ ਪੇਂਡੂ ਵਿਕਾਸ ਬੈਂਕ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉਪਰ ਔਸਤ ਕਰਜ਼ਾ (2.95 ਲੱਖ ਰੁਪਏ) ਦੇਸ਼ ਭਰ 'ਚੋਂ ਵੱਧ ਹੈ। ਵਿਕਾਸਸ਼ੀਲ ਦੇਸ਼ਾਂ ਦੇ ਪੂੰਜੀਵਾਦੀ ਪੈਦਾਵਾਰੀ ਢਾਂਚੇ 'ਚ ਜ਼ਮੀਨ ਦੀ ਮਲਕੀਅਤ ਸਮਾਜਿਕ ਰੁਤਬਾ ਰੱਖਦੀ ਹੈ। ਬਹੁਤੇ ਛੋਟੇ ਕਿਸਾਨ ਵੀ ਗ਼ੈਰ-ਖੇਤੀ ਕਿੱਤਿਆਂ ਨੂੰ ਅਪਣਾਉਣ ਲਈ ਸੌਖੇ ਤਿਆਰ ਨਹੀਂ ਹੁੰਦੇ। ਦੂਜੇ ਪਾਸੇ, ਤੁਲਨਾਤਮਕ ਤੌਰ 'ਤੇ ਵੱਡੇ ਕਿਸਾਨਾਂ ਲਈ ਗ਼ੈਰ-ਖੇਤੀ ਕਿੱਤਿਆਂ ਨੂੰ ਅਪਣਾਉਣਾ ਆਸਾਨ ਹੈ। ਗ਼ੈਰਖੇਤੀ ਕਿੱਤਿਆਂ ਨਾਲ ਜੁੜੇ ਹੋਏ ਵੱਡੇ ਕਿਸਾਨ ਵੀ ਖੇਤੀ ਸਬਸਿਡੀਆਂ ਨੂੰ ਜਜ਼ਬ ਕਰਦੇ ਰਹਿੰਦੇ ਹਨ ਜੋ ਕਿ ਸਿਰਫ਼ ਛੋਟੇ ਕਿਸਾਨਾਂ ਲਈ ਹੋਣੀਆਂ ਚਾਹੀਦੀਆਂ ਹਨ। ਕੁਝ ਸਾਲ ਪਹਿਲਾਂ, ਪੇਂਡੂ ਤੇ ਉਦਯੋਗਿਕ ਵਿਕਾਸ ਖੋਜ ਕੇਂਦਰ (ਕਰਿਡ) ਚੰਡੀਗੜ੍ਹ ਵੱਲੋਂ ਕਰਵਾਏ ਅਧਿਐਨ ਨੇ ਦਿਖਾਇਆ ਕਿ ਪੰਜਾਬ 'ਚ ਖੇਤੀ ਸੈਕਟਰ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਦੇ ਕੁੱਲ ਲਾਭਪਾਤਰੀਆਂ 'ਚੋਂ ਪੰਜਵੇਂ ਹਿੱਸੇ ਤੋਂ ਵੀ ਘੱਟ (18.48%) ਛੋਟੇ ਕਿਸਾਨ ਸ਼ਾਮਲ ਸਨ।

ਖੇਤੀ ਸੰਕਟ ਦੀਆਂ ਸਮੱਸਿਆਵਾਂ ਦੇ ਦੋ ਪ੍ਰੰਪਰਾਗਤ ਢੰਗਾਂ (1) ਸਬਸਿਡੀਆਂ ਪ੍ਰਦਾਨ ਕਰ ਕੇ ਖੇਤੀਬਾੜੀ ਨੂੰ ਵਧੇਰੇ ਲਾਭਦਾਇਕ ਬਣਾਉਣਾ ਜਾਂ (2) ਗ਼ਰੀਬ ਕਿਸਾਨਾਂ ਨੂੰ ਗ਼ੈਰ-ਖੇਤੀ ਖੇਤਰਾਂ ਵਿਚ ਵੱਡੇ ਪੱਧਰ 'ਤੇ ਤਬਦੀਲ ਕਰਨਾ, ਵਿਚੋਂ ਥੋੜ੍ਹੇ ਸਮੇਂ ਲਈ ਕਿਸੇ ਇੱਕ ਨੂੰ ਹੱਲ ਵਜੋਂ ਦੇਖਣਾ ਗ਼ੈਰ-ਵਿਹਾਰਕ ਹੋਵੇਗਾ। ਮੌਜੂਦਾ ਸਥਿਤੀ ਵਿਚ ਸੰਪੂਰਨ ਪੇਂਡੂ ਆਰਥਿਕਤਾ ਦੀ ਕਾਇਆਕਲਪ ਕਰਨ ਲਈ ਖਾਲਸ ਅਤੇ ਸਥਾਨਕ ਪ੍ਰਸਥਿਤੀਆਂ ਮੁਤਾਬਕ ਹੱਲ ਲੱਭਣ ਦੀ ਲੋੜ ਹੈ। ਸਥਾਈ ਹੱਲ ਲਈ ਖੇਤੀ ਵਿਚ ਸਰਕਾਰੀ ਇਮਦਾਦ ਨਾਲ-ਨਾਲ ਗ਼ੈਰ-ਖੇਤੀ ਕਿੱਤਿਆਂ ਤੇ ਨੌਕਰੀਆਂ ਤੋਂ ਆਮਦਨ ਦੇ ਮੌਕਿਆਂ ਦਾ ਵਿਕਾਸ ਕਰਨਾ ਹੋਵੇਗਾ।

ਇਸ ਲਈ ਖੇਤੀ ਲਈ ਵਿਆਪਕ ਨੀਤੀ ਬਣਾਉਣ ਸਮੇਂ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਸਮਰੂਪ ਮੰਨ ਕੇ ਚੱਲਣਾ ਜਾਇਜ਼ ਨਹੀਂ ਹੋਵੇਗਾ। ਜੇ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਸਾਰੀਆਂ ਰਿਆਇਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਤਾਂ ਵੱਡੇ ਕਿਸਾਨ ਇਸ ਦਾ ਵੱਧ ਲਾਭ ਲੈ ਲੈਣਗੇ। ਘਟ ਰਹੀ ਆਮਦਨ ਨੂੰ ਠੱਲ੍ਹ ਪਾਉਣ ਲਈ ਥੋੜ੍ਹੇ ਸਮੇਂ ਵਿਚ ਖੇਤੀ ਵੰਨ-ਸਵੰਨਤਾ ਅਤੇ ਡੇਅਰੀ ਉਤਪਾਦਨ ਨੂੰ ਪੇਂਡੂ ਸਮੂਹਾਂ ਵਿਚ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਨਿਯਮਬੱਧ ਸਹਿਕਾਰੀ ਖੇਤੀ ਵੀ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਲਈ ਖੇਤੀ ਵਿਚੋਂ ਟਿਕਾਊ ਆਮਦਨ ਹਾਸਲ ਕਰਨ ਦਾ ਵਸੀਲਾ ਸਿੱਧ ਹੋ ਸਕਦੀ ਹੈ। ਹਾਲਾਂਕਿ ਵੱਡੇ ਪੱਧਰ 'ਤੇ ਪੇਂਡੂ ਅਰਥਚਾਰੇ ਦੀ ਸੰਪੂਰਨ ਵੰਨ-ਸਵੰਨਤਾ ਲਈ ਸਰਕਾਰਾਂ ਦੀ ਸਮੂਹਕ ਲੰਬੇ ਸਮੇਂ ਦੀ ਯੋਜਨਾਬੰਦੀ ਦੀ ਲੋੜ ਹੈ। ਪੇਂਡੂ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਗੈਰ-ਖੇਤੀਬਾੜੀ ਗਤੀਵਿਧੀਆਂ ਵਿਚ ਸਫ਼ਲਤਾਪੂਰਵਕ ਤਬਦੀਲ ਕਰਨ ਲਈ ਜਨਤਕ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਦੀ ਲੋੜ ਹੈ।

# ਹੋਲੀ ਦੇ ਦਿਨ ਖੂਨ ਦੇ ਛਿੱਟੇ: ਬੱਬਰ ਅਕਾਲੀ ਫਾਂਸੀ 'ਤੇ

**ਸ਼ਹੀਦ ਭਗਤ ਸਿੰਘ ਨੇ ਮੁਲਕ ਦੀ ਆਜ਼ਾਦੀ ਲਈ ਆਪਣੀ ਜਿੰਦ-ਜਾਨ ਕੁਰਬਾਨ ਕਰ ਦਿੱਤੀ। ਉਹਨੇ ਉਘੇ ਪੱਤਰਕਾਰ ਅਤੇ ਦੇਸ਼ ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਦੀ ਦੇਖ-ਰੇਖ ਵਿਚ ਹਫਤਾਵਾਰੀ ਪਰਚੇ 'ਪ੍ਰਤਾਪ' ਦੇ ਸੰਪਾਦਕੀ ਮੰਡਲ ਨਾਲ ਵੀ ਕੰਮ ਕੀਤਾ। ਆਪਣੇ ਕਾਨਪੁਰ (ਉਤਰ ਪ੍ਰਦੇਸ਼) ਕਿਆਮ ਦੌਰਾਨ ਭਗਤ ਸਿੰਘ ਨੇ ਬਹੁਤ ਸਾਰੇ ਲੇਖ ਲਿਖੇ। ਇਨ੍ਹਾਂ ਵਿਚੋਂ ਇਕ ਲੇਖ ਬੱਬਰ ਅਕਾਲੀਆਂ ਬਾਰੇ ਸੀ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ। ਇਸ ਲੇਖ ਵਿਚ ਬੱਬਰ ਅਕਾਲੀ ਲਹਿਰ ਦੇ ਛੇ ਸ਼ਹੀਦਾਂ ਦੀ ਫਾਂਸੀ ਬਾਰੇ ਚਰਚਾ ਹੈ। ਇਹ ਲੇਖ 'ਇੱਕ ਪੰਜਾਬੀ ਯੁਵਕ' ਦੇ ਨਾਂ ਹੇਠ ਛਪਿਆ ਸੀ ਜੋ ਅਸਲ ਵਿਚ ਭਗਤ ਸਿੰਘ ਨੇ 15 ਮਾਰਚ 1926 ਦੇ 'ਪ੍ਰਤਾਪ' ਲਈ ਲਿਖਿਆ ਸੀ। ਇਹ ਲੇਖ ਭਗਤ ਸਿੰਘ ਦੇ ਜਨਮ ਦਿਨ ਮੌਕੇ (28 ਸਤੰਬਰ) ਛਾਪਿਆ ਜਾ ਰਿਹਾ ਹੈ।**

**ਸ਼ਹੀਦ ਭਗਤ ਸਿੰਘ ਦੀ ਕਲਮ ਤੋਂ**



ਹੋਲੀ ਵਾਲੇ ਦਿਨ 27 ਫਰਵਰੀ ਦੇ ਦਿਨ ਜਦ ਅਸੀਂ ਖੇਡਣ ਮੱਲ੍ਹਣ ਵਿਚ ਰੁੱਝੇ ਹੋਏ ਸਾਂ, ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇਕ ਕੋਨੇ ਵਿਚ ਇਹ ਜ਼ਬਰਦਸਤ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਓਗੇ। ਕੰਬ ਉਠੋਗੇ। ਲਾਹੌਰ ਸੈਂਟਰਲ ਜੇਲ੍ਹ ਵਿਚ ਠੀਕ ਉਸ ਦਿਨ 6 ਬੱਬਰ ਅਕਾਲੀ ਫਾਂਸੀ ਉਤੇ ਲਟਕਾ ਦਿੱਤੇ ਗਏ- ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਜੀ, ਦਲੀਪ ਸਿੰਘ ਜੀ, ਨੰਦ ਸਿੰਘ ਜੀ, ਕਰਮ ਸਿੰਘ ਜੀ, ਧਰਮ ਸਿੰਘ ਜੀ। ਲਗਭਗ ਦੋ ਵਰ੍ਹਿਆਂ ਤੋਂ ਆਪਣੇ ਇਸ ਜੁਰਮ ਹੇਠ ਜੋ ਲਾਪ੍ਰਵਾਹੀ ਦਿਖਾ ਰਹੇ ਸਨ, ਉਸ ਤੋਂ ਇਹ ਜਾਣਿਆ ਜਾ ਸਕਦਾ ਸੀ ਕਿ ਉਹ ਉਸ ਦਿਨ ਦੀ ਉਡੀਕ ਕਿੰਨੇ ਚਾਅ ਨਾਲ ਕਰਦੇ ਸਨ। ਮਹੀਨਿਆਂ ਬਾਅਦ ਜੱਜ ਨੇ ਫੈਸਲਾ ਸੁਣਾਇਆ। ਪੰਜਾਂ ਨੂੰ ਫਾਂਸੀ, ਬਹੁਤਿਆਂ ਨੂੰ ਕਾਲੇ ਪਾਣੀ, ਦੇਸ਼ ਨਿਕਾਲਾ ਅਤੇ ਲੰਬੀਆਂ ਕੈਦਾਂ। ਸਾਰੇ ਗਰਜ ਉਠੇ। ਉਹਨਾਂ ਆਕਾਸ਼ ਨੂੰ ਆਪਣੇ ਨਾਅਰਿਆਂ ਨਾਲ ਗੂੰਜਾ ਦਿੱਤਾ। ਅਪੀਲ ਹੋਈ, ਪੰਜ ਦੀ ਥਾਂ ਛੇ ਮੌਤ ਦੀ ਸਜ਼ਾ ਦੇ ਭਾਗੀ ਬਣੇ। ਉਸ ਦਿਨ ਖਬਰ ਪੜ੍ਹੀ ਕਿ ਰਹਿਮ ਲਈ ਅਪੀਲ ਕੀਤੀ ਹੈ। ਪੰਜਾਬ ਗਵਰਨਰ ਨੇ ਐਲਾਨ ਕੀਤਾ ਕਿ ਅਜੇ ਫਾਂਸੀ ਨਹੀਂ ਦਿੱਤੀ ਜਾਵੇਗੀ।

ਉਡੀਕ ਸੀ ਪਰ ਚਾਣਚੱਕ ਕੀ ਵੇਖਦੇ ਹਾਂ ਕਿ ਹੋਲੀ ਵਾਲੇ ਦਿਨ ਗ਼ਮ ਵਿਚ ਡੁੱਬੇ ਲੋਕਾਂ ਦਾ ਇਕੱਠ ਉਨ੍ਹਾਂ ਬਹਾਦਰਾਂ ਦੇ ਮ੍ਰਿਤਕ ਸਰੀਰਾਂ ਨੂੰ ਸ਼ਮਸ਼ਾਨ ਨੂੰ ਲਈ ਜਾ ਰਿਹਾ ਹੈ। ਚੁਪ-ਚਾਪ ਉਨ੍ਹਾਂ ਦੀ ਅੰਤਮ ਕ੍ਰਿਆ ਹੋ ਗਈ।

ਸ਼ਹਿਰ ਵਿਚ ਉਹੀ ਚਹਿਲ ਪਹਿਲ ਸੀ। ਆਉਣ ਜਾਣ ਵਾਲਿਆਂ 'ਤੇ ਉਵੇਂ ਹੀ ਰੰਗ ਸੁੱਟਿਆ ਜਾ ਰਿਹਾ ਸੀ। ਕੇਹੀ ਵੱਡੀ ਲਾਪ੍ਰਵਾਹੀ ਸੀ। ਜੇ ਉਹ ਰਾਹੋਂ ਥਿੜਕੇ ਹੋਏ ਸਨ ਤਾਂ ਹੋਣ ਦਿਉ, ਜੇ ਪਾਗਲ ਸਨ ਤਾਂ ਹੋਣ ਦਿਉ। ਉਹ ਨਿੱਡਰ ਦੇਸ਼ ਭਗਤ ਤਾਂ ਸਨ, ਉਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ। ਉਹ ਅਨਿਆਂ ਨਾ ਸਹਾਰ ਸਕੇ, ਦੇਸ਼ ਦੀ ਵਹਿੰਦੀ ਹਾਲਤ ਨਾ ਵੇਖ ਸਕੇ, ਨਿਰਬਲਾਂ ਉਤੇ ਕੀਤੇ ਜਾਣ ਵਾਲੇ ਜ਼ੁਲਮ ਉਹਨਾਂ ਲਈ ਅਸਹਿ ਹੋ ਗਏ, ਆਮ ਜਨਤਾ ਦੀ ਲੁੱਟ ਖਸੁੱਟ ਉਹਨਾਂ ਕੋਲੋਂ ਸਹਾਰੀ ਨਾ ਗਈ। ਉਹਨਾਂ ਨੇ ਲਲਕਾਰਿਆ ਅਤੇ ਉਹ ਕੁੱਦ ਪਏ ਕਰਮ ਖੇਤਰ ਵਿਚ। ਉਹ ਸਜੀਵ ਸਨ, ਉਹ ਸੁਹਿਰਦ ਸਨ। ਕਰਮ ਖੇਤਰ ਵਿਚ ਜੂਝਣ ਵਾਲੇ- ਧੰਨ ਹੈਂ ਤੂੰ! ਮੌਤ ਦੇ ਬਾਅਦ ਦੋਸਤ ਦੁਸ਼ਮਣ ਸਭ ਬਰਾਬਰ ਹੋ ਜਾਂਦੇ ਹਨ। ਇਹ ਆਦਰਸ਼ ਹੈ ਬਹਾਦਰ ਬੰਦਿਆਂ ਦਾ। ਜੇ ਉਨ੍ਹਾਂ ਕੋਈ ਘ੍ਰਿਣਤ ਕੰਮ ਕੀਤਾ ਹੋਵੇ ਤਾਂ ਵੀ ਆਪਣੇ ਦੇਸ਼ ਦੇ ਚਰਨਾਂ ਵਿਚ ਜਿਸ ਦਲੇਰੀ ਅਤੇ ਤੱਤਪਰਤਾ ਨਾਲ ਉਨ੍ਹਾਂ ਆਪਣੇ ਪ੍ਰਾਣ ਚੜ੍ਹਾ ਦਿੱਤੇ, ਉਸ ਨੂੰ ਵੇਖਦਿਆਂ ਹੋਇਆਂ ਤਾਂ ਉਹਨਾਂ ਦੀ ਪੂਜਾ ਹੋਣੀ ਚਾਹੀਦੀ ਸੀ। ਸ੍ਰੀ ਟੈਗਰਟ ਵਿਰੋਧੀ ਦਲ ਦੇ ਹੁੰਦਿਆਂ ਹੋਇਆਂ ਵੀ ਯਤਿੰਦਰ ਮੁਕਰਜੀ, ਬੰਗਾਲ ਦੇ ਵੀਰ ਇਨਕਲਾਬੀ ਦੀ ਮੌਤ ਉੱਤੇ ਅਫਸੋਸ ਜ਼ਾਹਰ ਕਰਦੇ ਹੋਏ, ਉਹਨਾਂ ਦੀ ਬੀਰਤਾ, ਦੇਸ਼ ਪ੍ਰੇਮ ਅਤੇ ਕਰਮਸ਼ੀਲਤਾ ਦੀ ਖੁੱਲ੍ਹੇ ਦਿਲ ਨਾਲ ਪ੍ਰਸੰਸਾ ਕਰ ਸਕਦੇ ਹਨ ਪਰ ਅਸੀਂ ਕਾਇਰ ਨਰ ਪਸ਼ੂ ਇਕ ਬਿੰਦ ਲਈ ਵੀ ਐਸ਼ ਆਰਾਮ ਛੱਡ ਕੇ ਬਹਾਦਰਾਂ ਦੀ ਮੌਤ ਉਤੇ ਆਹ ਭਰਨ ਦਾ ਹੌਸਲਾ ਨਹੀਂ ਕਰਦੇ। ਕਿੰਨੀ ਨਿਰਾਸ਼ਾਜਨਕ ਗੱਲ ਹੈ। ਉਹਨਾਂ ਗ਼ਰੀਬਾਂ ਦਾ ਅਪਰਾਧ ਜੋ ਨੌਕਰਸ਼ਾਹੀ ਦੀ ਨਜ਼ਰ ਵਿਚ ਸੀ, ਉਸ ਦੀ ਸਜ਼ਾ ਮਿਲ ਗਈ। ਇਸ ਭਿਆਨਕ ਦੁਖਾਂਤ ਨਾਟਕ ਦੀ ਇਕ ਹੋਰ ਝਾਕੀ ਖਤਮ ਹੋ ਗਈ। ਅਜੇ ਇਸ ਨਾਟਕ ਦਾ ਆਖਰੀ ਪਰਦਾ ਨਹੀਂ ਡਿੱਗਿਆ। ਨਾਟਕ ਅੱਗੇ ਕੁਝ ਦਿਨ ਹੋਰ ਭਿਆਨਕ ਦਿਖਾਏਗਾ। ਕਹਾਣੀ ਲੰਬੀ ਹੈ ਸੁਣਨ ਲਈ ਜ਼ਰਾ ਦੂਰ ਪਿੱਛੇ ਤੀਕ ਜਾਣਾ ਪਵੇਗਾ।

ਨਾਫਰਮਾਨੀ ਲਹਿਰ ਪੂਰੇ ਜੋਬਨ ਉਤੇ ਸੀ। ਪੰਜਾਬ ਕਿਸੇ ਨਾਲੋਂ ਪਿੱਛੇ ਨਹੀਂ ਰਿਹਾ। ਪੰਜਾਬ ਵਿਚ ਸਿੱਖ ਉਠੇ। ਘੂਕ ਨੀਂਦਰ ਤੋਂ ਉਠੇ ਅਤੇ ਉਠੇ ਵੀ ਪੂਰੇ ਜ਼ੋਰਾਂ ਨਾਲ। ਅਕਾਲੀ ਲਹਿਰ ਸ਼ੁਰੂ ਹੋਈ, ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿਛਲੇ ਹੈਡਮਾਸਟਰ ਨੇ ਇਕ ਤਕਰੀਰ ਕੀਤੀ। ਉਹਨਾਂ ਦੇ ਵਾਰੰਟ ਨਿਕਲੇ ਪਰ ਬਾਦਸ਼ਾਹ ਦੀ ਪ੍ਰਾਹੁਣਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ। ਕੋਟ ਫਤੂਹੀ ਨਾਂ ਦੇ ਪਿੰਡ ਵਿਚ ਭਾਰੀ ਦੀਵਾਨ ਸਜਿਆ। ਪੁਲਿਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖੀਰ ਪ੍ਰਧਾਨ ਦੀ ਆਗਿਆ ਨਾਲ ਸਾਰੇ ਸਰੋਤੇ ਉਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਬੁਖਲਾਹਟ ਹੋਈ। ਅੰਤ ਵਿਚ ਇਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਇਕ ਦਿਨ ਮਾਸਟਰ ਸਾਹਿਬ ਫੜ ਲਏ ਗਏ। ਇਹ ਪਹਿਲਾ ਦ੍ਰਿਸ਼ ਸੀ— ਉਸ ਭਿਆਨਕ ਨਾਟਕ ਦਾ।

ਗੁਰੂ ਕੇ ਬਾਗ਼ ਦਾ ਮੋਰਚਾ ਲੱਗਾ। ਨਿਹੱਥਿਆਂ ਉਤੇ ਜਦ ਭਾੜੇ ਦੇ ਟੱਟੂ ਟੁੱਟ ਪੈਂਦੇ, ਉਹਨਾਂ ਨੂੰ ਕੁੱਟ-ਕੁੱਟ ਅਧਮਰੇ ਕਰ ਦਿੰਦੇ, ਦੇਖਣ ਸੁਣਨ ਵਾਲਿਆਂ ਵਿਚੋਂ ਕੌਣ ਹੋਵੇਗਾ ਜਿਸ ਦਾ ਦਿਲ ਕੰਬ ਨਾ ਉਠਿਆ ਹੋਵੇ। ਚਾਰੇ ਪਾਸੇ ਗ੍ਰਿਫਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਨ੍ਹਾਂ ਗ੍ਰਿਫਤਾਰ ਹੋਣਾ ਨਾ ਮੰਨਿਆ। ਪੁਲਿਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਫਿਰ ਵੀ ਬਚਦੇ ਹੀ ਰਹੇ। ਉਹਨਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਕਰਾਂਤੀ ਦਲ ਸੀ। ਨਿਹੱਥਿਆਂ ਉਤੇ ਕੀਤੇ ਜਾਣ ਵਾਲੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਇਸ ਕਰਾਂਤੀਪੂਰਨ ਲਹਿਰ ਦੇ ਨਾਲ-ਨਾਲ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ।

ਇਕ ਪਾਸੇ ਕੁੱਤੇ ਸ਼ਿਕਾਰੀ ਉਹਨਾਂ ਦੀ ਸੂਹ ਕੱਢਣ ਲਈ ਸੁੰਘਦੇ ਫਿਰਦੇ ਸਨ, ਦੂਜੇ ਪਾਸੇ ਫੈਸਲਾ ਹੋਇਆ ਕਿ ਝੋਲੀ ਚੁੱਕਾਂ ਦਾ ਸੁਧਾਰ ਕੀਤਾ ਜਾਵੇ। ਸਰਦਾਰ ਕਿਸ਼ਨ ਸਿੰਘ ਜੀ ਕਹਿੰਦੇ ਸਨ ਕਿ ਆਪਣੀ ਹਿਫਾਜ਼ਤ ਲਈ ਸਾਨੂੰ ਹਥਿਆਰਬੰਦ ਜ਼ਰੂਰ ਹੋਣਾ ਚਾਹੀਦਾ ਹੈ ਪਰ ਅਜੇ ਕੋਈ ਹੋਰ ਕਦਮ ਨਹੀਂ ਚੁੱਕਣਾ ਚਾਹੀਦਾ ਪਰ ਬਹੁਸੰਮਤੀ ਦੂਜੇ ਪਾਸੇ ਸੀ। ਅੰਤ ਵਿਚ ਇਹ ਫੈਸਲਾ ਹੋਇਆ ਕਿ ਤਿੰਨ ਆਦਮੀ (ਆਪਣੇ) ਨਾਵਾਂ ਦਾ ਐਲਾਨ ਕਰ ਦੇਣ ਅਤੇ ਸਾਰੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲੈਣ ਅਤੇ ਝੋਲੀ ਚੁੱਕਾਂ ਦਾ ਸੁਧਾਰ ਆਰੰਭ ਕਰ ਦੇਣਾ। ਸ. ਕਰਮ ਸਿੰਘ, ਧੰਨਾ ਸਿੰਘ ਅਤੇ ਉਦੇ ਸਿੰਘ ਜੀ ਅੱਗੇ ਵਧੇ। ਇਹ ਠੀਕ ਸੀ ਜਾਂ ਗ਼ਲਤ, ਇਸ ਨੂੰ ਇਕ ਪਾਸੇ ਰੱਖ ਕੇ ਜ਼ਰਾ ਉਸ ਸਮੇਂ ਦੀ ਕਲਪਨਾ ਤਾਂ ਕਰੋ ਜਦ ਇਹਨਾਂ ਨਵੀਨ ਬਹਾਦਰਾਂ ਨੇ ਸੁਗੰਧ ਚੁੱਕੀ ਸੀ।

"ਅਸੀਂ ਦੇਸ਼ ਸੇਵਾ ਵਿਚ ਆਪਣਾ ਸਰਬੰਸ ਕੁਰਬਾਨ ਕਰ ਦੇਵਾਂਗੇ, ਅਸੀਂ ਇਹ ਪ੍ਰਤਿੱਗਿਆ ਕਰਦੇ ਹਾਂ ਕਿ ਲੜਦੇ-ਲੜਦੇ ਮਰ ਜਾਵਾਂਗੇ ਪਰ ਜੇਲ੍ਹ ਜਾਣਾ ਮਨਜ਼ੂਰ ਨਹੀਂ ਕਰਾਂਗੇ।"

ਜਿਹਨਾਂ ਨੇ ਆਪਣੇ ਪਰਿਵਾਰਾਂ ਦਾ ਮੋਹ ਤਿਆਗ ਦਿੱਤਾ ਸੀ, ਉਹ ਜਦੋਂ ਇਹੋ ਜਿਹੀ ਸਹੁੰ ਚੁੱਕ ਰਹੇ ਸਨ, ਉਸ ਸਮੇਂ ਕਿੰਨਾ ਸੋਹਣਾ ਦਿਲਚਸਪ ਪਵਿੱਤਰਤਾ ਨਾਲ ਸੰਜੋਇਆ ਹੋਇਆ ਨਜ਼ਾਰਾ ਹੋਵੇਗਾ। ਆਤਮ-ਤਿਆਗ ਦੀ ਹੱਦ ਕਿੱਥੇ ਹੈ? ਸਾਹਸ ਦੇ ਅੰਤ ਦਾ ਨਿਵਾਸ ਕਿੱਧਰ ਹੈ?

ਸ਼ਾਮ ਚੁਰਾਸੀ ਹੁਸ਼ਿਆਰਪੁਰ ਬਰਾਂਚ ਰੇਲਵੇ ਲਾਈਨ ਦੇ ਇਕ ਸਟੇਸ਼ਨ ਦੇ ਨੇੜੇ ਸਭ ਤੋਂ ਪਹਿਲਾਂ ਇਕ ਸੂਬੇਦਾਰ 'ਤੇ ਹੱਥ ਸਾਫ ਕੀਤਾ ਗਿਆ। ਉਸ ਤੋਂ ਬਾਅਦ ਇਹਨਾਂ ਤਿੰਨਾਂ ਜਣਿਆਂ ਨੇ ਆਪਣੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ। ਸਰਕਾਰ ਨੇ ਪੂਰੀ ਤਾਕਤ ਲਾ ਕੇ ਇਹਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਰੁੜਕੇ ਕਲਾਂ ਨੂੰ ਸ. ਕਿਸ਼ਨ ਸਿੰਘ ਗੜਗੱਜ ਫਿਰ ਗਏ। ਉਹਨਾਂ ਦੇ ਨਾਲ ਇਕ ਨੌਜਵਾਨ ਵੀ ਸੀ ਜੋ ਉਥੇ ਹੀ ਜ਼ਖਮੀ ਹੋਣ ਕਾਰਨ ਫੜਿਆ ਗਿਆ ਪਰ ਕਿਸ਼ਨ ਸਿੰਘ ਉਥੇ ਵੀ ਆਪਣੇ ਹਥਿਆਰਾਂ ਦੀ ਸਹਾਇਤਾ ਨਾਲ ਬਚ ਨਿਕਲੇ। ਰਸਤੇ ਵਿਚ ਇਕ ਸਾਧ ਮਿਲਿਆ। ਉਹਨੇ ਇਹਨਾਂ ਨੂੰ ਦੱਸਿਆ ਕਿ ਉਸ ਕੋਲ ਇੱਕ ਇਹੋ ਜਿਹੀ ਬੂਟੀ ਹੈ ਜਿਸ ਨਾਲ ਮਨ ਚਾਹਿਆ ਕੰਮ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਝਾਂਸੇ ਵਿਚ ਆ ਕੇ ਇਕ ਦਿਨ ਇਹ ਹਥਿਆਰ ਰੱਖ ਕੇ ਸਾਧੂ ਕੋਲ ਗਏ। ਦਵਾਈ ਰਗੜਨ ਲਈ ਦੇ ਕੇ ਸਾਧੂ ਬੂਟੀ ਲੈਣ ਗਿਆ ਪੁਲਿਸ ਨੂੰ ਲੈ ਕੇ ਆਇਆ। ਸਰਦਾਰ ਸਾਹਿਬ ਫੜੇ ਗਏ। ਇਹ ਸਾਧੂ ਸੀ.ਆਈ.ਡੀ. ਦੇ ਮਹਿਕਮੇ ਦਾ ਸਬ-ਇੰਸਪੈਕਟਰ ਸੀ।



ਸ਼ਹੀਦ ਹੋਏ ਛੇ ਬੱਬਰਾਂ ਦੀਆਂ ਦੇਹਾਂ ਨਾਲ ਲੋਕ।

ਬੱਬਰ ਅਕਾਲੀਆਂ ਨੇ ਆਪਣਾ ਕੰਮ ਖੂਬ ਜ਼ੋਰ ਨਾਲ ਸ਼ੁਰੂ ਕਰ ਦਿੱਤਾ। ਕਿੰਨੇ ਹੀ ਸਰਕਾਰ ਦੇ ਪਿੱਠੂ ਮਾਰ ਦਿੱਤੇ ਗਏ। ਦੁਆਬਾ (ਬਿਆਸ ਤੇ ਸਤਲੁਜ ਵਿਚਕਾਰ) ਜਲੰਧਰ ਅਤੇ ਹੁਸ਼ਿਆਰਪੁਰ ਦਾ ਜ਼ਿਲ੍ਹਾ ਪਹਿਲਾਂ ਹੀ ਭਾਰਤ ਦੇ ਸਿਆਸੀ ਨਕਸ਼ੇ ਵਿਚ ਪ੍ਰਸਿੱਧ ਹੈ। 1915 ਦੇ ਸ਼ਹੀਦਾਂ ਵਿਚ ਵੀ ਜ਼ਿਆਦਾਤਰ ਇਹਨਾਂ ਹੀ ਜ਼ਿਲ੍ਹਿਆਂ ਦੇ ਲੋਕ ਸਨ। ਹੁਣ ਫਿਰ ਇਥੋਂ ਹੀ ਸਰਗਰਮੀਆਂ ਹੋਈਆਂ। ਪੁਲਿਸ ਮਹਿਕਮੇ ਨੇ ਸਾਰੀ ਤਾਕਤ ਖਰਚ ਕਰ ਦਿੱਤੀ ਪਰ ਕੁਝ ਨਾ ਬਣਿਆ। ਜਲੰਧਰ ਤੋਂ ਕੁਝ ਦੂਰ ਇਕ ਬਿਲਕੁਲ ਛੋਟੀ ਜਿਹੀ ਨਦੀ ਹੈ। ਉਹਦੇ ਕੰਢੇ ਇੱਕ ਪਿੰਡ ਵਿਚ ਸ. ਕਰਮ ਸਿੰਘ ਜੀ, ਸ. ਧੰਨਾ ਸਿੰਘ ਜੀ, ਸ. ਉਦੇ ਸਿੰਘ ਜੀ ਅਤੇ ਸ. ਅਨੂਪ ਸਿੰਘ ਇਕ-ਦੋ ਆਦਮੀਆਂ ਨਾਲ ਬੈਠੇ ਸਨ। ਬੈਠਿਆਂ-ਬੈਠਿਆਂ ਸ. ਧੰਨਾ ਸਿੰਘ ਨੇ ਕਿਹਾ- ਬਾਬਾ ਕਰਮ ਸਿੰਘ ਜੀ! ਸਾਨੂੰ ਇਥੋਂ ਇਸੇ ਵਕਤ ਤੁਰ ਪੈਣਾ ਚਾਹੀਦਾ ਹੈ, ਮੈਨੂੰ ਕਿਸੇ ਮਾੜੀ ਗੱਲ ਦੇ ਹੋਣ ਦਾ ਸੰਸਾ ਹੋ ਰਿਹਾ ਹੈ। 75 ਸਾਲ ਦੇ ਬਜ਼ੁਰਗ ਸ. ਕਰਮ ਸਿੰਘ ਜੀ ਨੇ ਜ਼ਰਾ ਵੀ ਧਿਆਨ ਨਾ ਦਿੱਤਾ ਪਰ ਸ. ਧੰਨਾ ਸਿੰਘ ਆਪਣੇ ਨਾਲ 18 ਸਾਲ ਦੇ ਸ. ਦਲੀਪ ਸਿੰਘ ਨੂੰ ਲੈ ਕੇ ਚਲੇ ਗਏ। ਬੈਠਿਆਂ-ਬੈਠਿਆਂ ਸ. ਕਰਮ ਸਿੰਘ ਜੀ ਨੇ ਸ. ਅਨੂਪ ਸਿੰਘ ਵੱਲ ਬੜੇ ਧਿਆਨ ਨਾਲ ਵੇਖਦਿਆਂ ਕਿਹਾ- ਅਨੂਪ ਸਿੰਘ ਤੂੰ ਚੰਗਾ ਆਦਮੀ ਨਹੀਂ ਪਰ ਇਸ ਦੇ ਬਾਅਦ ਉਹਨਾਂ ਆਪਣੀ ਇਸ ਗੱਲ ਵੱਲ ਧਿਆਨ ਨਾ ਦਿੱਤਾ। ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਪੁਲਿਸ ਆ ਧਮਕੀ। ਸਾਰੇ ਬੰਬ ਸ. ਅਨੂਪ ਸਿੰਘ ਦੇ ਕਬਜ਼ੇ ਵਿਚ ਸਨ। ਇਹ ਪਿੰਡ ਵਿਚ ਲੁਕ ਗਏ। ਪੁਲਿਸ ਨੇ ਲੱਖ ਟੱਕਰਾਂ ਮਾਰੀਆਂ ਪਰ ਅਸਫਲ ਰਹੀ। ਅੰਤ ਵਿਚ ਪੁਲਿਸ ਵੱਲੋਂ ਐਲਾਨ ਕੀਤਾ ਗਿਆ ਕਿ ਬਾਗ਼ੀਆਂ ਨੂੰ ਬਾਹਰ ਕੱਢੋ ਨਹੀਂ ਤਾਂ ਪਿੰਡ ਨੂੰ ਅੱਗ ਲਾ ਦਿੱਤੀ ਜਾਵੇਗੀ ਪਰ ਪਿੰਡ ਵਾਲੇ ਡਟੇ ਰਹੇ।

ਹਾਲਾਤ ਨੂੰ ਵੇਖ ਕੇ ਸਾਰੇ ਆਪ ਹੀ ਬਾਹਰ ਨਿਕਲ ਗਏ। ਸਾਰੇ ਬੰਬ ਅਨੂਪ ਸਿੰਘ ਲੈ ਭੱਜਿਆ ਅਤੇ ਜਾ ਕੇ ਪੁਲਿਸ ਦੇ ਹਵਾਲੇ ਹੋ ਗਿਆ। ਬਾਕੀ ਚਾਰੇ ਜਣੇ ਉਥੇ ਹੀ ਘਿਰੇ ਹੋਏ ਖੜ੍ਹੇ ਸਨ। ਪੁਲਿਸ ਦੇ ਅੰਗਰੇਜ਼ ਕਪਤਾਨ ਨੇ ਕਿਹਾ- ਕਰਮ ਸਿੰਘ ਹਥਿਆਰ ਸੁੱਟ ਦਿਓ, ਤੁਹਾਨੂੰ ਮਾਫ ਕਰ ਦਿੱਤਾ ਜਾਵੇਗਾ। ਬਹਾਦਰ ਨੇ ਲਲਕਾਰ ਕੇ ਜਵਾਬ ਦਿੱਤਾ ਕਿ ਅਸੀਂ ਆਪਣੇ ਦੇਸ਼ ਲਈ ਸੁੱਚੇ ਇਨਕਲਾਬੀ ਵਾਂਗ ਲੜਦੇ-ਲੜਦੇ ਸ਼ਹੀਦ ਹੋ ਜਾਵਾਂਗੇ ਪਰ ਹਥਿਆਰ ਨਹੀਂ ਸੁੱਟ ਸਕਦੇ। ਉਹਨਾਂ ਆਪਣੇ ਤਿੰਨ ਸਾਥੀਆਂ ਨੂੰ ਲਲਕਾਰਿਆ। ਉਹ ਸ਼ੇਰ ਵਾਂਗ ਗਰਜ ਉਠੇ। ਲੜਾਈ ਛਿੜ ਪਈ। ਖੂਬ ਤਾੜ-ਤਾੜ ਗੋਲੀਆਂ ਚੱਲੀਆਂ। ਗੋਲੀ ਬਾਰੂਦ ਖਤਮ ਹੋਣ 'ਤੇ ਉਹ ਛੱਪੜ ਵਿਚ ਕੁੱਦ ਪਏ। ਗੋਲੀਆਂ ਦੇ ਮੀਂਹ ਨਾਲ ਸਾਰੇ ਸੂਰਮੇ ਸ਼ਹੀਦ ਹੋ ਗਏ।

ਸ. ਕਰਮ ਸਿੰਘ ਦੀ ਉਮਰ 75 ਸਾਲ ਸੀ। ਉਹ ਕੈਨੇਡਾ ਰਹਿ ਚੁੱਕੇ ਸਨ। ਉਨ੍ਹਾਂ ਦਾ ਇਖਲਾਕ ਪਵਿੱਤਰ ਅਤੇ ਚਰਿੱਤਰ ਆਦਰਸ਼ਕ ਸੀ, ਸਰਕਾਰ ਨੇ ਸਮਝਿਆ ਕਿ ਬੱਬਰ ਅਕਾਲੀ ਖਤਮ ਹੋ ਗਏ ਪਰ ਨਿੱਤ ਉਨਤੀ ਕਰ ਰਹੇ ਸਨ। 18 ਵਰ੍ਹਿਆਂ ਦਾ ਦਲੀਪ ਸਿੰਘ ਬਹੁਤ ਸੁਨੱਖਾ, ਸਿਹਤਮੰਦ ਨੌਜਵਾਨ ਸੀ ਅਤੇ ਉਸ ਦਾ ਡਾਕੂਆਂ ਨਾਲ ਸਾਥ ਹੋ ਗਿਆ ਸੀ। ਧੰਨਾ ਸਿੰਘ ਦੀ ਸਿੱਖਿਆ ਨੇ ਉਸ ਨੂੰ ਡਾਕੂ ਤੋਂ ਸੱਚਾ ਇਨਕਲਾਬੀ ਬਣਾ ਦਿੱਤਾ। ਸਰਦਾਰ ਬੰਤਾ ਸਿੰਘ, ਵਰਿਆਮ ਸਿੰਘ ਆਦਿ ਕਈ ਪ੍ਰਸਿੱਧ ਡਾਕੂ ਡਾਕੇਜ਼ਨੀ ਛੱਡ ਕੇ ਇਹਨਾਂ ਵਿਚ ਆ ਰਲੇ।

ਇਹਨਾਂ ਸਭਨਾਂ ਵਿਚ ਮੌਤ ਦਾ ਡਰ ਨਹੀਂ ਸੀ। ਉਹ ਆਪਣੇ ਪਿਛਲੇ ਕੁਕਰਮਾਂ ਨੂੰ ਧੋ ਦੇਣਾ ਚਾਹੁੰਦੇ ਸਨ। ਇਹਨਾਂ ਦੀ ਗਿਣਤੀ ਜਲਦੀ ਵਧਦੀ ਜਾ ਰਹੀ ਸੀ, ਇਕ ਦਿਨ 'ਮਾਨਹਾਣਾ' ਨਾਂ ਦੇ ਪਿੰਡ ਵਿਚ ਸ. ਧੰਨਾ ਸਿੰਘ ਬੈਠੇ ਸਨ, ਪੁਲਿਸ ਆ ਗਈ। ਕਈ ਦਿਨਾਂ ਦੇ ਉਨੀਂਦੇ ਕਾਰਨ ਧੰਨਾ ਸਿੰਘ ਜੀ ਸੁੱਤੇ ਪਏ ਹੀ ਫੜ ਲਏ ਗਏ। ਹੱਥਾਂ ਵਿਚ ਹਥਕੜੀ ਲਾ ਦਿੱਤੀ ਗਈ ਅਤੇ ਉਹਨਾਂ ਨੂੰ ਬਾਹਰ ਲਿਆਂਦਾ ਗਿਆ। ਬਾਹਰ ਸਿਪਾਹੀ ਅਤੇ ਦੋ ਅੰਗਰੇਜ਼ ਅਫਸਰ ਉਹਨਾਂ ਨੂੰ ਘੇਰ ਕੇ ਖੜ੍ਹੇ ਹੋ ਗਏ। ਠੀਕ ਉਸੇ ਵਕਤ ਧਮਾਕਾ ਹੋਇਆ। ਧੰਨਾ ਸਿੰਘ ਨੇ ਬੰਬ ਚਲਾ ਦਿੱਤਾ ਸੀ, ਉਹ ਆਪ ਵੀ ਮਰੇ ਅਤੇ ਨਾਲ ਹੀ ਇਕ ਅੰਗਰੇਜ਼ ਅਫਸਰ ਅਤੇ ਦਸ ਸਿਪਾਹੀ। ਬਾਕੀ ਬੁਰੀ ਤਰ੍ਹਾਂ ਜ਼ਖਮੀ ਹੋਏ।

ਇੰਝ ਹੀ ਮੁੰਡੇਰ ਨਾਂ ਦੇ ਪਿੰਡ ਵਿਚ ਬੰਤਾ ਸਿੰਘ, ਜਵਾਲਾ ਸਿੰਘ ਆਦਿ ਕਈ ਲੋਕ ਘਿਰ ਗਏ। ਇਹ ਸਾਰੇ ਛੱਤ ਉਤੇ ਬੈਠੇ ਸਨ। ਗੋਲੀ ਚੱਲੀ, ਕੁਝ ਚਿਰ ਤਕ ਚੰਗੀ ਝੜਪ ਹੁੰਦੀ ਰਹੀ ਪਰ ਪੁਲਿਸ ਨੇ ਮਿੱਟੀ ਦਾ ਤੇਲ ਛਿੜਕ ਕੇ ਘਰ ਨੂੰ ਅੱਗ ਲਾ ਦਿੱਤੀ। ਫਿਰ ਵੀ ਵਰਿਆਮ ਸਿੰਘ ਬਚ ਨਿਕਲੇ ਅਤੇ ਬੰਤਾ ਸਿੰਘ ਉਥੇ ਹੀ ਮਾਰੇ ਗਏ।

ਜੇ ਇਸ ਤੋਂ ਪਹਿਲਾਂ ਦੀਆਂ ਇਕ-ਦੋ ਹੋਰ ਵਾਰਦਾਤਾਂ ਦਾ ਵਰਨਣ ਕਰ ਦਿੱਤਾ ਜਾਵੇ ਤਾਂ ਗ਼ੈਰ-ਜ਼ਰੂਰੀ ਨਹੀਂ ਹੋਵੇਗਾ। ਬੰਤਾ ਸਿੰਘ ਬਹੁਤ ਹੌਸਲੇ ਵਾਲੇ ਸਨ। ਇਕ ਵੇਰ ਸ਼ਾਇਦ ਜਲੰਧਰ ਛਾਉਣੀ ਵਿਚ ਜਾ ਕੇ ਰਸਾਲੇ ਵਿਚ ਪਹਿਰੇ ਉਤੇ ਖੜ੍ਹੇ ਸਿਪਾਹੀ ਦੀ ਘੋੜੀ ਅਤੇ ਰਫਲ ਖੋਹ ਕੇ ਲਿਆਏ ਸਨ। ਜਿਨ੍ਹਾਂ ਦਿਨਾਂ ਵਿਚ ਪੁਲਿਸ ਦੇ ਦਸਤੇ ਇਹਨਾਂ ਦੀ ਭਾਲ ਵਿਚ ਮਾਰੇ-ਮਾਰੇ ਫਿਰਦੇ ਸਨ, ਕਿਤੇ ਜੰਗਲ ਵਿਚ ਕਿਸੇ ਦਸਤੇ ਨਾਲ ਇਹਨਾਂ ਦੀ ਮੁਲਾਕਾਤ ਹੋ ਗਈ। ਸਰਦਾਰ ਬੰਤਾ ਸਿੰਘ ਨੇ ਫੌਰਨ ਚੁਣੌਤੀ ਦਿੱਤੀ- "ਜੇ ਹਿੰਮਤ ਹੈ ਤਾਂ ਦੋ ਹੱਥ ਕਰ ਲਉ।" ਖੈਰ ਉਧਰ ਤਾਂ ਸਨ ਪੈਸੇ ਦੇ ਗ਼ੁਲਾਮ ਤੇ ਇੱਧਰ ਆਤਮ-ਤਿਆਗ ਵਾਲੇ ਇਨਸਾਨ। ਤੁਲਨਾ ਕਿਵੇਂ ਹੋ ਸਕਦੀ ਹੈ? ਸਿਪਾਹੀਆਂ ਦਾ ਦਸਤਾ ਚੁਪ-ਚਾਪ ਚਲਾ ਗਿਆ।

ਇਹਨਾਂ ਨੂੰ ਫੜਨ ਲਈ ਖਾਸ ਤੌਰ 'ਤੇ ਪੁਲਿਸ ਤਾਇਨਾਤ ਕੀਤੀ ਗਈ ਸੀ ਪਰ ਉਹਦੀ ਸੀ ਇਹ ਹਾਲਤ। ਖੈਰ, ਗ੍ਰਿਫਤਾਰੀਆਂ ਦੀ ਭਰਮਾਰ ਸੀ। ਪਿੰਡ-ਪਿੰਡ ਪੁਲਿਸ ਤਾਜੀਰੀ ਚੌਕੀਆਂ ਬਿਠਾਈਆਂ ਜਾਣ ਲੱਗੀਆਂ। ਹੌਲੇ-ਹੌਲੇ ਬੱਬਰਾਂ ਦਾ ਜ਼ੋਰ ਘਟਣ ਲੱਗਾ। ਹੁਣ ਤਕ ਤਾਂ ਜਿਵੇਂ ਇਹਨਾਂ ਦਾ ਰਾਜ ਸੀ। ਜਿਥੇ ਜਾਂਦੇ, ਕੁਝ ਲੋਕ ਖੁਸ਼ੀ ਤੇ ਚਾਅ ਨਾਲ, ਕੁਝ ਡਰ ਅਤੇ ਸਹਿਮ ਨਾਲ ਇਹਨਾਂ ਦੀ ਆਉ ਭਗਤ ਕਰਦੇ। ਸਰਕਾਰ ਦੇ ਪਿੱਠੂ ਇਕਦਮ ਡਰੇ ਬੈਠੇ ਸਨ। ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਘਰ ਤੋਂ ਨਿਕਲਣ ਦਾ ਹੌਸਲਾ ਹੀ ਉਹਨਾਂ ਨੂੰ ਨਹੀਂ ਸੀ ਪੈਂਦਾ। ਇਹ ਉਹਨੀਂ ਦਿਨੀਂ ਹੀਰੋ ਸਮਝੇ ਜਾਂਦੇ ਸਨ। ਉਹ ਬੀਰ ਸਨ ਤੇ ਉਹਨਾਂ ਦੀ ਪੂਜਾ-ਪੀਰ ਪੂਜਾ ਸਮਝੀ ਜਾਂਦੀ ਸੀ ਪਰ ਹੌਲੀ ਹੌਲੀ ਉਹਨਾਂ ਦਾ ਜ਼ੋਰ ਖਤਮ ਹੋ ਗਿਆ। ਸੈਂਕੜੇ ਹੀ ਫੜੇ ਗਏ। ਮੁਕੱਦਮੇ ਸ਼ੁਰੂ ਹੋਏ।

ਵਰਿਆਮ ਸਿੰਘ ਇਕੱਲੇ ਬਚੇ ਹੋਏ ਸਨ। ਜਲੰਧਰ ਹੁਸ਼ਿਆਰਪੁਰ ਵਿਚ ਪੁਲਿਸ ਦਾ ਜ਼ਿਆਦਾ ਜ਼ੋਰ ਦੇਖ ਕੇ ਉਹ ਲਾਇਲਪੁਰ ਜਾ ਰਹੇ। ਉਥੇ ਇਕ ਦਿਨ ਬਿਲਕੁਲ ਘਿਰ ਗਏ ਪਰ ਚੰਗੀ ਤਰ੍ਹਾਂ ਸ਼ਾਨ ਨਾਲ ਲੜਦਿਆਂ ਬਚ ਨਿਕਲੇ ਪਰ ਬਹੁਤ ਥੱਕ ਗਏ। ਕੋਈ ਸਾਥੀ ਵੀ ਨਹੀਂ ਸੀ। ਹਾਲਤ ਬੜੀ ਅਜੀਬ ਸੀ। ਇਕ ਦਿਨ ਦੇਸੀਆਂ ਨਾਂ ਦੇ ਪਿੰਡ ਆਪਣੇ ਮਾਮੇ ਕੋਲ ਗਏ। ਹਥਿਆਰ ਬਾਹਰ ਰੱਖੇ ਹੋਏ ਸਨ। ਸ਼ਾਮ ਦੀ ਰੋਟੀ ਖਾਣ ਦੇ ਬਾਅਦ ਆਪਣੇ ਹਥਿਆਰਾਂ ਕੋਲ ਜਾ ਰਹੇ ਸਨ ਕਿ ਪੁਲਿਸ ਆ ਧਮਕੀ, ਘਿਰ ਗਏ। ਅੰਗਰੇਜ਼ ਨਾਇਕ ਨੇ ਉਹਨਾਂ ਨੂੰ ਪਿੱਛੋਂ ਦੀ ਆ ਕੇ ਫੜ ਲਿਆ। ਉਹਨਾਂ ਦੀ ਕਿਰਪਾਨ ਨੇ ਹੀ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਫਿਰ ਉਹ ਥੱਲੇ ਡਿੱਗ ਪਏ। ਹਥਕੜੀ ਲਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਤਾਂ ਗੋਲੀ ਨਾਲ ਮਾਰ ਦਿੱਤੇ ਗਏ। ਇਸ ਮੌਕੇ 'ਤੇ ਇੱਕ ਅੰਗਰੇਜ਼ ਵੀ ਬੁਰੀ ਤਰ੍ਹਾਂ ਫੱਟੜ ਹੋਇਆ ਸੀ। ਇਹ ਘਟਨਾ 1924 ਦੇ ਅਖੀਰ ਦੀ ਹੈ (8 ਜੂਨ 1924)। ਦੋ ਵਰ੍ਹੇ ਦੀ ਪੂਰੀ ਸਖਤੀ ਦੇ ਬਾਅਦ ਅਕਾਲੀ ਜੱਥੇ ਦਾ ਅੰਤ ਹੋ ਗਿਆ। ਉਧਰ ਮੁਕੱਦਮਾ ਚੱਲਣ ਲੱਗਾ ਜਿਸ ਦਾ ਨਤੀਜਾ ਉਪਰ ਲਿਖ ਆਏ ਹਾਂ। ਉਸ ਦਿਨ ਇਨ੍ਹਾਂ ਸੂਰਬੀਰਾਂ ਨੇ ਛੇਤੀ ਫਾਂਸੀ 'ਤੇ ਚੜ੍ਹਾਏ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਦੀ ਇਹ ਇੱਛਾ ਪੂਰੀ ਹੋ ਗਈ। ਉਹ ਸ਼ਾਂਤ ਹੋ ਗਏ।

# ਰਿਸ਼ਤਾ ਕਾਲੇਪਾਣੀ ਅਤੇ ਪੰਜਾਬੀਆਂ ਦਾ...

***ਪੰਜਾਬ ਦੇ ਜੁਝਾਰੂਆਂ ਦਾ ਕਾਲੇਪਾਣੀਆਂ ਨਾਲ ਰਿਸ਼ਤਾ ਬੜਾ ਗੂੜ੍ਹਾ ਰਿਹਾ ਹੈ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਅਤੇ ਗੁਰਦਰਸ਼ਨ ਸਿੰਘ ਬਾਹੀਆ ਨੇ ਆਪਣੀ ਕਿਤਾਬ 'ਕਾਲਾਪਾਣੀ: ਪੰਜਾਬ'ਜ਼ ਰੋਲ ਇਨ ਫਰੀਡਮ ਸਟ੍ਰਗਲ' ਇਸ ਦਾ ਭਰਪੂਰ ਜ਼ਿਕਰ ਕੀਤਾ ਹੈ। ਇਸ ਬਾਰੇ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।***

ਕਾਲਾਪਾਣੀ ਕੀ ਸੀ, ਇਸ ਦਾ ਪਤਾ ਪੰਜਵੀਂ ਜਮਾਤ ਵਿਚ ਲੱਗਾ। ਉਹ ਵੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ 'ਜੇਲ੍ਹ ਚਿੱਠੀਆਂ' ਤੋਂ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਦੁਪਹਿਰ ਵੇਲੇ ਘਰੋਂ ਬਾਹਰ ਨਿਕਲਣ ਦੀ ਮਨਾਹੀ ਸੀ। ਲਿਹਾਜ਼ਾ, ਸਮਾਂ ਬਿਤਾਉਣ ਲਈ ਪਿਤਾ ਜੀ ਦੀ ਲਾਇਬਰੇਰੀ ਦੀ ਫਰੋਲਾ-ਫਰਾਲੀ ਕਰਨੀ ਮੇਰੀ ਰੁਟੀਨ ਬਣ ਗਈ ਸੀ। 'ਜੇਲ੍ਹ ਚਿੱਠੀਆਂ' ਤੋਂ ਜੋ ਕੁਝ ਵੀ ਪੱਲੇ ਪਿਆ, ਉਹ ਮੇਰੇ ਚੇਤਿਆਂ 'ਚ ਉੱਕਰ ਗਿਆ। ਨਾਲ ਹੀ ਉੱਕਰ ਗਏ ਉਹ ਚਿਹਰੇ ਜਿਹੜੇ ਅਗਲੀ ਕਿਤਾਬ 'ਬੰਦੀ ਜੀਵਨ' ਵਿਚ ਸ਼ਾਮਲ ਸਨ। ਇਹ ਕਿਤਾਬ ਬੰਗਾਲੀ ਇਨਕਲਾਬੀ ਸਚਿੰਦ੍ਰਨਾਥ ਸਾਨਿਆਲ ਦੀ ਆਤਮ-ਕਥਾ ਸੀ।



ਇਸ ਦੇ ਪੰਜਾਬੀ ਐਡੀਸ਼ਨ ਵਿਚ ਕਾਲੇਪਾਣੀਆਂ ਦਾ ਜ਼ਿਕਰ ਅਤੇ ਸੈਲੂਲਰ ਜੇਲ੍ਹ ਦਾ ਨਕਸ਼ਾ ਵੀ ਸ਼ਾਮਲ ਸੀ ਅਤੇ ਨਾਲ ਹੀ ਚਾਰ ਪੰਨਿਆਂ 'ਤੇ ਗ਼ਦਰ ਲਹਿਰ ਤੇ ਉਸ ਤੋਂ ਬਾਅਦ ਦੇ ਇਨਕਲਾਬੀ

**ਸੁਰਿੰਦਰ ਸਿੰਘ ਤੇਜ**
ਫੋਨ: +91-98555-01488


ਘੋਲਾਂ ਦੇ ਨਾਇਕਾਂ ਦੀਆਂ ਨਿੱਕੀਆਂ-ਨਿੱਕੀਆਂ ਤਸਵੀਰਾਂ ਵੀ ਦਰਜ ਸਨ। ਕਰਤਾਰ ਸਿੰਘ ਸਰਾਭਾ ਤੇ ਬਾਬਾ ਸੋਹਨ ਸਿੰਘ ਭਕਨਾ ਤੋਂ ਇਲਾਵਾ ਜਿਹੜੇ ਚਿਹਰੇ ਹੁਣ ਵੀ ਯਾਦ ਹਨ, ਉਨ੍ਹਾਂ ਵਿਚ ਬਾਬਾ ਹਰਨਾਮ ਸਿੰਘ ਟੁੰਡੀਲਾਟ, ਡਾ. ਮਥਰਾ ਸਿੰਘ, ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਗੁਰਦਿੱਤ ਸਿੰਘ ਸੁਰਸਿੰਘੀਆ, ਦਫ਼ੇਦਾਰ ਜਗਤ ਸਿੰਘ ਆਦਿ ਦੇ ਨਾਮ ਸਹਿਜੇ ਹੀ ਲਏ ਜਾ ਸਕਦੇ ਹਨ।

ਇਹ ਚਿਹਰੇ ਤੇ ਇਨ੍ਹਾਂ ਨਾਲ ਜੁੜੇ ਵੇਰਵਿਆਂ ਦੀਆਂ ਯਾਦਾਂ ਹੁਣ ਸੀਨੀਅਰ ਪੱਤਰਕਾਰਾਂ ਜਗਤਾਰ ਸਿੰਘ ਅਤੇ ਗੁਰਦਰਸ਼ਨ ਸਿੰਘ ਬਾਹੀਆ ਦੀ ਖੋਜ-ਪੂਰਨ ਕਿਤਾਬ 'ਕਾਲਾਪਾਣੀ: ਪੰਜਾਬ'ਜ਼ ਰੋਲ ਇਨ ਫਰੀਡਮ ਸਟ੍ਰਗਲ' ਪੜ੍ਹਦਿਆਂ ਨਵੇਂ ਸਿਰਿਓਂ ਤਾਜ਼ਾ ਹੋ ਗਈਆਂ ਹਨ। ਦੋਵੇਂ ਲੇਖਕ ਕਸਬ ਤੇ ਸਿਖਲਾਈ ਪੱਖੋਂ ਇਤਿਹਾਸਕਾਰ ਨਹੀਂ ਪਰ ਕਿਤਾਬ ਇਤਿਹਾਸਕਾਰੀ ਪੱਖੋਂ ਜ਼ਰਾ ਵੀ ਊਣੀ ਨਹੀਂ। ਪੰਜਾਬ ਵਿਚੋਂ ਉਭਰੀਆਂ ਆਜ਼ਾਦੀ ਦੀਆਂ ਲਹਿਰਾਂ ਨੂੰ ਸਹੀ ਪ੍ਰਸੰਗ 'ਚ ਪੇਸ਼ ਕਰਨ ਤੋਂ ਇਲਾਵਾ ਇਹ ਕਿਤਾਬ ਸਿੱਖ ਇਨਕਲਾਬੀਆਂ ਦੇ ਯੋਗਦਾਨ ਦੀ ਸੁਚੱਜੀ ਨਿਸ਼ਾਨਦੇਹੀ ਕਰਦੀ ਹੈ। ਇਕ ਅਹਿਮ ਪੱਖ ਇਹ ਵੀ ਹੈ ਕਿ ਇਹ ਪੰਜਾਬੀ ਇਨਕਲਾਬੀਆਂ ਉੱਤੇ ਬ੍ਰਿਟਿਸ਼-ਭਾਰਤ ਸਰਕਾਰ ਵੱਲੋਂ ਢਾਹੇ ਜ਼ੁਲਮ-ਤਸ਼ੱਦਦ ਤੱਕ ਸੀਮਤ ਨਾ ਰਹਿ ਕੇ ਦੂਜੇ ਮਹਾਂਯੁੱਧ ਵੇਲੇ ਅੰਡਮਾਨ-ਨਿਕੋਬਾਰ ਟਾਪੂਆਂ ਉੱਪਰ ਜਾਪਾਨੀ ਕਬਜ਼ੇ ਦੌਰਾਨ ਸਿੱਖਾਂ ਤੇ ਹੋਰ ਧਰਮਾਂ ਦੇ ਪੰਜਾਬੀਆਂ ਦੇ ਦਮਨ ਦੀ ਕਥਾ-ਵਿਥਿਆ ਵੀ ਵੇਰਵਿਆਂ ਸਹਿਤ ਪੇਸ਼ ਕਰਦੀ ਹੈ।

ਕਿਤਾਬ ਦੇ 10 ਅਧਿਆਇ ਹਨ ਅਤੇ ਇਨ੍ਹਾਂ ਮਗਰੋਂ (ਅੰਤਿਕਾ ਦੇ ਰੂਪ ਵਿਚ) ਕਾਲਾਪਾਣੀ ਦੇ ਹਰ ਪੰਜਾਬੀ ਸਿਆਸੀ ਕੈਦੀ ਬਾਰੇ ਸੰਖੇਪ ਪਰ ਅਹਿਮ ਜਾਣਕਾਰੀ ਮੌਜੂਦ ਹੈ ਜੋ ਭਵਿੱਖ ਦੇ ਖੋਜਕਾਰਾਂ ਦੇ ਬਹੁਤ ਕੰਮ ਆਉਣ ਵਾਲੀ ਹੈ। ਪਹਿਲਾ ਅਧਿਆਇ 'ਪੰਜਾਬ: ਆਜ਼ਾਦੀ ਸੰਗ੍ਰਾਮਾਂ ਦਾ ਜਨਮ-ਸਥਾਨ' ਆਪਣੇ ਆਪ ਵਿਚ ਭਰਪੂਰ ਜਾਣਕਾਰੀ ਦੇਣ ਵਾਲਾ ਹੈ। ਇਹ ਪੰਜਾਬ ਵਿਚੋਂ ਉੱਠੀਆਂ ਲਹਿਰਾਂ ਬਾਰੇ ਵੀ ਹੈ ਅਤੇ ਇਨ੍ਹਾਂ ਲਹਿਰਾਂ ਦੇ ਖੇਵਟਹਾਰਾਂ ਬਾਰੇ ਵੀ। ਅਗਲੇ ਅੱਠ ਅਧਿਆਇ ਸੈਲੂਲਰ ਜੇਲ੍ਹ, ਭਾਈ ਮਹਾਰਾਜ ਸਿੰਘ ਦੇ ਸੰਘਰਸ਼ ਤੇ ਜਲਾਵਤਨੀ, ਕੂਕਾ ਅੰਦੋਲਨ, ਗ਼ਦਰ ਪਾਰਟੀ, ਜਲ੍ਹਿਆਂਵਾਲਾ ਬਾਗ਼ ਦੁਖਾਂਤ, ਬੱਬਰ ਅਕਾਲੀ ਲਹਿਰ ਅਤੇ ਇਨਕਲਾਬੀਆਂ ਦਾ ਸਾਥ ਦੇਣ ਵਾਲੇ ਫ਼ੌਜੀਆਂ ਬਾਰੇ ਹਨ। ਪਹਿਲੇ ਵਾਂਗ ਨੌਵਾਂ ਅਧਿਆਇ ਵੀ ਖ਼ਾਸ ਤੌਰ 'ਤੇ ਅਹਿਮ ਹੈ। ਇਹ ਜਪਾਨੀਆਂ ਦੀ ਹਕੂਮਤ ਦੌਰਾਨ ਇਨਕਲਾਬੀਆਂ ਤੇ ਹੋਰ ਹਠੀਲੇ ਪੰਜਾਬੀਆਂ ਉੱਤੇ ਹੋਏ ਜਬਰ-ਜ਼ੁਲਮ ਬਾਰੇ ਹੈ। ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਸ਼ਹੀਦੀ ਗਾਥਾ ਇਸੇ ਛੋਟੇ ਜਿਹੇ ਕਾਲਕ੍ਰਮ ਦੌਰਾਨ ਹੀ ਵਾਪਰੀ ਜਿਸ ਨੂੰ ਤਕਨੀਕੀ ਤੌਰ 'ਤੇ ਤਾਂ ਹਕੂਮਤ-ਇ-ਆਜ਼ਾਦ ਹਿੰਦ ਕਿਹਾ ਗਿਆ ਸੀ ਪਰ ਜੋ ਅਸਲ ਤੇ ਨਸਲ ਪੱਖੋਂ ਜਾਪਾਨੀਆਂ ਦੀ ਜੁੱਗਗਰਦੀ ਸੀ।

ਕਿਤਾਬ ਬਹੁਤੇ ਪੰਜਾਬੀ ਇਤਿਹਾਸਕਾਰਾਂ ਦੇ ਇਸ ਵਿਚਾਰ ਦੀ ਤਾਈਦ ਕਰਦੀ ਹੈ ਕਿ ਈਸਟ ਇੰਡੀਆ ਕੰਪਨੀ ਦੀ ਸਰਕਾਰ ਖ਼ਿਲਾਫ਼ ਪਹਿਲੀ ਜਥੇਬੰਦ ਜੱਦੋ-ਜਹਿਦ 1857 ਵਿਚ ਨਹੀਂ ਬਲਕਿ 1849 ਵਿਚ ਭਾਈ ਮਹਾਰਾਜ ਸਿੰਘ ਦੀ ਅਗਵਾਈ ਹੇਠ ਸ਼ੁਰੂ ਹੋਈ। ਉਹ ਪਹਿਲੇ ਭਾਰਤੀ ਆਗੂ ਸਨ ਜਿਸ ਨੂੰ ਕੰਪਨੀ ਸਰਕਾਰ ਨੇ ਭਾਰਤੀ ਉਪ-ਮਹਾਂਦੀਪ ਦੇ ਅੰਦਰ ਹੀ ਨਜ਼ਰਬੰਦ ਕਰਨ ਦੀ ਥਾਂ ਜਲਾਵਤਨ ਕਰਨ ਦਾ ਰਾਹ ਅਖ਼ਤਿਆਰ ਕੀਤਾ। ਉਨ੍ਹਾਂ ਨੂੰ ਸਿੰਗਾਪੁਰ ਸਥਿਤ ਕੈਦਗਾਹ ਵਿਚ ਭੇਜਿਆ ਗਿਆ ਜਿੱਥੇ 1856 'ਚ ਉਹ ਵਫ਼ਾਤ ਪਾ ਗਏ। ਇਹੋ ਰੀਤੀ 1858 ਵਿਚ ਆਖ਼ਰੀ ਮੁਗ਼ਲ (20ਵੇਂ ਮੁਗ਼ਲ ਬਾਦਸ਼ਾਹ) ਬਹਾਦੁਰ ਸ਼ਾਹ ਜ਼ਫ਼ਰ ਅਤੇ 1872 ਵਿਚ ਨਾਮਧਾਰੀ ਸਤਿਗੁਰੂ, ਬਾਬਾ ਰਾਮ ਸਿੰਘ ਦੇ ਮਾਮਲਿਆਂ ਵਿਚ ਵੀ ਅਪਣਾਈ ਗਈ। ਉਨ੍ਹਾਂ ਦੋਵਾਂ ਨੂੰ ਰੰਗੂਨ (ਬਰਮਾ) ਭੇਜਿਆ ਗਿਆ। ਬਾਬਾ ਰਾਮ ਸਿੰਘ ਨੂੰ ਬਾਅਦ ਵਿਚ ਬਰਮਾ ਦੇ ਹੀ ਮੇਗੁਈ ਟਾਪੂ ਵਿਚ ਵੀ ਰੱਖਿਆ ਗਿਆ।

***ਕਿਤਾਬ ਬਹੁਤੇ ਪੰਜਾਬੀ ਇਤਿਹਾਸਕਾਰਾਂ ਦੇ ਇਸ ਵਿਚਾਰ ਦੀ ਤਾਈਦ ਕਰਦੀ ਹੈ ਕਿ ਈਸਟ ਇੰਡੀਆ ਕੰਪਨੀ ਦੀ ਸਰਕਾਰ ਖ਼ਿਲਾਫ਼ ਪਹਿਲੀ ਜਥੇਬੰਦ ਜੱਦੋਜਹਿਦ 1857 ਵਿਚ ਨਹੀਂ ਬਲਕਿ 1849 ਵਿਚ ਭਾਈ ਮਹਾਰਾਜ ਸਿੰਘ ਦੀ ਅਗਵਾਈ ਹੇਠ ਸ਼ੁਰੂ ਹੋਈ। ਉਹ ਪਹਿਲੇ ਭਾਰਤੀ ਆਗੂ ਸਨ ਜਿਸ ਨੂੰ ਕੰਪਨੀ ਸਰਕਾਰ ਨੇ ਭਾਰਤੀ ਉਪ-ਮਹਾਂਦੀਪ ਦੇ ਅੰਦਰ ਹੀ ਨਜ਼ਰਬੰਦ ਕਰਨ ਦੀ ਥਾਂ ਜਲਾਵਤਨ ਕਰਨ ਦਾ ਰਾਹ ਅਖ਼ਤਿਆਰ ਕੀਤਾ। ਉਨ੍ਹਾਂ ਨੂੰ ਸਿੰਗਾਪੁਰ ਸਥਿਤ ਕੈਦਗਾਹ ਵਿਚ ਭੇਜਿਆ ਗਿਆ ਜਿੱਥੇ 1856 'ਚ ਉਹ ਵਫ਼ਾਤ ਪਾ ਗਏ। ਇਹੋ ਰੀਤੀ 1858 ਵਿਚ ਆਖ਼ਰੀ ਮੁਗ਼ਲ (20ਵੇਂ ਮੁਗ਼ਲ ਬਾਦਸ਼ਾਹ) ਬਹਾਦੁਰ ਸ਼ਾਹ ਜ਼ਫ਼ਰ ਅਤੇ 1872 ਵਿਚ ਨਾਮਧਾਰੀ ਸਤਿਗੁਰੂ, ਬਾਬਾ ਰਾਮ ਸਿੰਘ ਦੇ ਮਾਮਲਿਆਂ ਵਿਚ ਵੀ ਅਪਣਾਈ ਗਈ। ਉਨ੍ਹਾਂ ਦੋਵਾਂ ਨੂੰ ਰੰਗੂਨ (ਬਰਮਾ) ਭੇਜਿਆ ਗਿਆ। ਬਾਬਾ ਰਾਮ ਸਿੰਘ ਨੂੰ ਬਾਅਦ ਵਿਚ ਬਰਮਾ ਦੇ ਹੀ ਮੇਗੁਈ ਟਾਪੂ ਵਿਚ ਵੀ ਰੱਖਿਆ ਗਿਆ।***




*'ਕਾਲਾਪਾਣੀ: ਪੰਜਾਬ'ਜ਼ ਰੋਲ ਇਨ ਫਰੀਡਮ ਸਟ੍ਰਗਲ' ਦਾ ਮੁਖੜਾ।*

ਕਿਤਾਬ ਵਿਚ ਉਭਾਰੇ ਗਏ ਕੁਝ ਹੋਰ ਅਹਿਮ ਨੁਕਤੇ ਇਸ ਤਰ੍ਹਾਂ ਹਨ:

ਪੰਜਾਬ ਤੋਂ ਅੰਡਮਾਨ-ਨਿਕੋਬਾਰ ਭੇਜੇ ਗਏ ਪਹਿਲੇ ਛੇ ਸਿਆਸੀ ਕੈਦੀ ਕੂਕੇ (ਨਾਮਧਾਰੀ) ਸਨ। 1872 ਵਿਚ 66 ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਅਤੇ ਕਈ ਹੋਰਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੇ ਜਾਣ ਤੋਂ ਇਲਾਵਾ ਜਿਨ੍ਹਾਂ 6 ਕੂਕਿਆਂ ਨੂੰ ਕਾਲੇਪਾਣੀ ਭੇਜਿਆ ਗਿਆ, ਉਨ੍ਹਾਂ ਦੇ ਨਾਮ ਸਨ: ਲਾਲ ਸਿੰਘ, ਲਹਿਣਾ ਸਿੰਘ (ਦੂਜਾ), ਭਗਵਾਨ ਸਿੰਘ, ਗਿਆਨ ਸਿੰਘ, ਬੰਮਣ ਸਿੰਘ ਤੇ ਮਿਹਰ ਸਿੰਘ।

ਅੰਡਮਾਨ ਦੀ ਸੈਲੂਲਰ ਜੇਲ੍ਹ ਭਾਵੇਂ 1906 ਵਿਚ ਮੁਕੰਮਲ ਹੋਈ, ਪਰ ਇਸ ਟਾਪੂ ਦਾ ਕੈਦਗਾਹ ਵਾਲਾ ਵਜੂਦ 1858 ਵਿਚ ਕਾਇਮ ਹੋ ਗਿਆ ਸੀ। 1859 ਵਿਚ ਉੱਥੇ ਪੰਜਾਬੀ ਬੰਦੀਆਂ ਵੱਲੋਂ ਡਾ. ਜੇਮਜ਼ ਪੈਟੀਸਨ ਵਾਕਰ ਤੇ ਹੋਰਨਾਂ ਉੱਪਰ ਹਮਲੇ ਦਾ ਜ਼ਿਕਰ ਸਰਕਾਰੀ ਰਿਕਾਰਡ ਦਾ ਹਿੱਸਾ ਹੈ।ਉਂਜ, ਇਹ ਸਪਸ਼ਟ ਨਹੀਂ ਕਿ ਪੰਜਾਬੀ ਉੱਥੇ ਕਿਸ ਜੁਰਮ ਕਾਰਨ ਕੈਦ ਸਨ।

ਸਵਦੇਸ਼ੀ ਅੰਦੋਲਨ ਤੇ ਨਾਮਿਲਵਰਤਨ ਲਹਿਰ ਨੂੰ ਮਹਾਤਮਾ ਗਾਂਧੀ ਤੇ ਕਾਂਗਰਸ ਨਾਲ ਜੋੜਿਆ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਵਿਦੇਸ਼ੀ ਵਸਤਾਂ ਦੇ ਬਾਈਕਾਟ ਤੇ ਸਰਕਾਰੀ ਟੈਕਸ ਅਦਾ ਨਾ ਕਰਨ ਦੀ ਤਹਿਰੀਕ, ਨਾਮਧਾਰੀ ਮੁਖੀ ਬਾਬਾ ਰਾਮ ਸਿੰਘ ਨੇ 1862 ਵਿਚ ਸ਼ੁਰੂ ਕੀਤੀ। ਉਨ੍ਹਾਂ ਨੇ ਸਰਕਾਰੀ ਡਾਕ-ਤੰਤਰ ਦਾ ਬਾਈਕਾਟ ਕਰਕੇ ਵੱਖਰੀ ਡਾਕ ਪ੍ਰਣਾਲੀ ਵੀ ਆਰੰਭ ਕੀਤੀ।

ਇਕ ਪਾਸੇ ਗੁਰਦੁਆਰਾ ਸੁਧਾਰ ਲਹਿਰ ਰਾਹੀਂ ਸਿੱਖ ਭਾਈਚਾਰੇ ਨੇ ਜਿੱਥੇ ਪੁਰਅਮਨ ਸਤਿਆਗ੍ਰਹਿਆਂ ਦੇ ਰਾਹ 'ਤੇ ਚਲਦਿਆਂ ਹਜ਼ਾਰਾਂ ਦੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ, ਉੱਥੇ ਇਨਕਲਾਬੀ ਸਰਗਰਮੀਆਂ ਰਾਹੀਂ ਸਿਰ-ਧੜ ਦੀ ਬਾਜ਼ੀ ਲਾਉਣ ਵਾਲਿਆਂ ਦੀ ਤਾਦਾਦ ਵੀ ਘੱਟ ਨਹੀਂ ਰਹੀ। ਸੈਲੂਲਰ ਜੇਲ੍ਹ ਦਾ 1910 ਤੋਂ 1920 ਤੱਕ ਦਾ ਰਿਕਾਰਡ ਦੱਸਦਾ ਹੈ ਕਿ ਇਸ ਅਰਸੇ ਦੌਰਾਨ ਉੱਥੇ ਕੈਦ 133 ਸਿਆਸੀ ਬੰਦੀਆਂ ਵਿਚੋਂ 81 ਪੰਜਾਬ ਤੋਂ, 38 ਬੰਗਾਲ ਤੋਂ, 11 ਯੂ.ਪੀ. ਅਤੇ ਤਿੰਨ ਮਹਾਰਾਸ਼ਟਰ ਤੋਂ ਸਨ। 1932-38 ਦੇ 366 ਸਿਆਸੀ ਬੰਦੀਆਂ ਵਿਚੋਂ 332 ਬੰਗਾਲੀ ਸਨ ਅਤੇ ਤਿੰਨ ਪੰਜਾਬੀ। ਇਹ ਉਹ ਸਮਾਂ ਸੀ ਜਦੋਂ ਅੰਡਮਾਨ-ਨਿਕੋਬਾਰ ਦੇ ਪ੍ਰਸ਼ਾਸਨ ਨੇ ਸਿਆਸੀ ਕੈਦੀਆਂ ਦੀ ਬਹੁਤਾਤ ਕਾਰਨ ਨਵੇਂ ਕੈਦੀ, ਖ਼ਾਸ ਤੌਰ 'ਤੇ ਪੰਜਾਬੀ ਕੈਦੀ ਲੈਣੇ ਬੰਦ ਕਰ ਦਿੱਤੇ ਸਨ ਕਿਉਂਕਿ ਉਹ ਆਪਣੇ ਹਠੀਲੇ ਵਿਹਾਰ ਕਰਕੇ 'ਅੰਤਾਂ ਦੀ ਗੜਬੜ ਪੈਦਾ ਕਰਦੇ ਸਨ'।

ਗ਼ਦਰੀਆਂ ਤੋਂ ਬਾਅਦ 21 ਬੱਬਰ ਅਕਾਲੀ ਵੀ ਕਾਲੇਪਾਣੀ ਭੇਜੇ ਗਏ। ਸੈਲੂਲਰ ਜੇਲ੍ਹ ਆਪਣੀਆਂ ਕੋਠੜੀਆਂ ਤੋਂ ਇਲਾਵਾ ਪਿੰਜਰਿਆਂ ਲਈ ਵੀ ਬਦਨਾਮ ਸੀ। ਇਨ੍ਹਾਂ ਪਿੰਜਰਿਆਂ ਵਿਚ ਨਾ ਲੰਮਾ ਪੈਣ ਦੀ ਥਾਂ ਸੀ, ਨਾ ਸਿੱਧਾ ਖੜ੍ਹੇ ਹੋਣ ਦੀ। ਜਿਨ੍ਹਾਂ ਸਿਆਸੀ ਕੈਦੀਆਂ ਨੂੰ ਪਿੰਜਰਿਆਂ ਵਿਚ ਬੰਦ ਰੱਖਿਆ ਗਿਆ, ਉਨ੍ਹਾਂ ਵਿਚ ਮਾਸਟਰ ਚਤਰ ਸਿੰਘ, ਭਾਈ ਅਮਰ ਸਿੰਘ, ਭਾਈ ਜਵਾਲਾ ਸਿੰਘ ਤੇ ਭਾਈ ਲਾਭ ਸਿੰਘ ਦੇ ਨਾਮ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਸਨ।

ਨਿੱਕੀਆਂ ਨਿੱਕੀਆਂ ਗੱਲਾਂ ਜਾਂ ਨਾਫ਼ਰਮਾਨੀਆਂ ਤੋਂ ਕੈਦੀਆਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਸਨ। ਬਾਬਾ ਭਾਨ ਸਿੰਘ ਦੀ 1917 ਵਿਚ ਸ਼ਹਾਦਤ, ਤਸੀਹਿਆਂ ਕਾਰਨ ਹੀ ਹੋਈ। ਉਨ੍ਹਾਂ ਤੋਂ ਇਲਾਵਾ ਤਸੀਹਿਆਂ ਕਾਰਨ ਮੌਤ ਦਾ ਸ਼ਿਕਾਰ ਹੋਣ ਵਾਲੇ ਪੰਜਾਬੀਆਂ ਵਿਚ ਪੰਡਿਤ ਰਾਮ ਰੱਖਾ ਬਾਲੀ, ਰੁਲੀਆ ਸਿੰਘ ਸਰਾਭਾ, ਨੰਦ ਸਿੰਘ ਬੁਰਜ, ਕੇਹਰ ਸਿੰਘ ਮੜ੍ਹਾਣਾ, ਭਾਈ ਰੋੜਾ ਸਿੰਘ, ਬੁੱਢਾ ਸਿੰਘ ਫਿੱਲੋਕੇ (ਗੁੱਜਰਾਂਵਾਲਾ), ਨੱਥਾ ਸਿੰਘ ਢੋਟੀਆਂ ਤੇ ਸੁਰੈਣ ਸਿੰਘ ਸ਼ਾਮਲ ਸਨ।

ਜਪਾਨੀਆਂ ਦੀ ਹਕੂਮਤ ਵੇਲੇ ਕਾਲੇਪਾਣੀ ਵਿਚ ਉੱਥੋਂ ਦੇ ਭਾਰਤੀ ਬਾਸ਼ਿੰਦਿਆਂ ਦੇ ਦੋ ਵੱਡੇ ਕਤਲੇਆਮ ਹੋਏ। ਇਨ੍ਹਾਂ ਨੂੰ ਹੈਵਲੌਕ ਕਤਲੇਆਮ ਤੇ ਹੋਮਫਰੇਅਗੰਜ ਕਤਲੇਆਮ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਵਿਚ ਮਰਨ ਵਾਲੇ ਪੰਜਾਬੀਆਂ ਦੇ ਨਾਮ ਤੇ ਵੇਰਵੇ ਵੀ ਕਿਤਾਬ ਵਿਚ ਦਰਜ ਹਨ।

ਜਪਾਨੀਆਂ ਵੱਲੋਂ ਪੰਜਾਬੀ ਇਸਤਰੀ ਕੇਸਰ ਕੌਰ ਨੂੰ ਸੈਲੂਲਰ ਜੇਲ੍ਹ ਵਿਚ ਨਜ਼ਰਬੰਦ ਕੀਤਾ ਗਿਆ। ਉਹ ਇੰਡੀਅਨ ਇੰਡੀਪੈਂਡੈਂਸ ਲੀਗ ਦੀ ਕਾਰਕੁਨ ਸੀ। ਉਸ ਦੇ ਪਤੀ ਤੇ ਦਿਉਰ ਨੂੰ ਜਪਾਨੀ ਫਾਇਰਿੰਗ ਸਕੁਐਡ ਨੇ ਹੋਮਫਰੇਅਗੰਜ ਕਤਲੇਆਮ ਦੌਰਾਨ ਮੌਤ ਦੇ ਘਾਟ ਉਤਾਰ ਦਿੱਤਾ।

ਸ਼੍ਰੋਮਣੀ ਕਮੇਟੀ ਦੀ ਪ੍ਰਕਾਸ਼ਨਾ ਹੋਣ ਕਰਕੇ ਕਿਤਾਬ ਵਿਚ ਭਾਵੇਂ ਸਿੱਖਾਂ ਪ੍ਰਤੀ ਕੁਝ ਉਲਾਰ ਹੈ, ਫਿਰ ਵੀ ਲੇਖਕਾਂ ਨੇ ਸੁਰ ਸੰਜਮੀ ਹੀ ਰੱਖੀ ਹੈ। ਇਹੋ ਸੰਜਮ ਅਤੇ ਤੱਥਾਂ ਪ੍ਰਤੀ ਵਫ਼ਾਦਾਰੀ ਹੀ ਕਿਤਾਬ ਨੂੰ ਸਹੀ ਅਰਥਾਂ ਵਿਚ ਸਵਾਗਤਯੋਗ ਬਣਾਉਂਦੀ ਹੈ।


---

**ਖਵਾਜਾ ਅਹਿਮਦ ਅੱਬਾਸ:** ਖਵਾਜਾ ਅਹਿਮਦ ਅੱਬਾਸ ਦੀ ਕਹਾਣੀ 'ਸਰਦਾਰ ਜੀ' 1948 ਵਿਚ ਛਪੀ ਸੀ; ਉਰਦੂ 'ਚ ਪਾਕਿਸਤਾਨੀ ਰਸਾਲੇ 'ਅਦਬ-ਇ-ਲਤੀਫ਼' ਅਤੇ ਨਾਗਰੀ ਲਿੱਪੀ ਵਿਚ ਅਲਾਹਾਬਾਦ ਤੋਂ ਪ੍ਰਕਾਸ਼ਿਤ ਪ੍ਰਤਿਕਾ 'ਮਾਯਾ' ਵਿਚ। ਕਹਾਣੀ ਦਾ ਅਸਲ ਨਾਮ 'ਬਾਰਹ ਬਜੇ' ਸੀ ਜੋ ਦੋ ਉਰਦੂ ਅਦੀਬਾਂ (ਤੇ ਫਿਲਮ ਲੇਖਕਾਂ) ਕ੍ਰਿਸ਼ਨ ਚੰਦਰ ਤੇ ਰਾਜਿੰਦਰ ਸਿੰਘ ਬੇਦੀ ਦੀ ਨੇਕ ਸਲਾਹ 'ਤੇ ਅੱਬਾਸ ਨੇ ਬਦਲ ਕੇ 'ਸਰਦਾਰ ਜੀ' ਕਰ ਦਿੱਤਾ। ਬੜਾ ਵਾਵੇਲਾ ਮਚਿਆ ਇਸ ਕਹਾਣੀ ਤੋਂ। ਪਾਕਿਸਤਾਨ ਵਿਚ ਵੀ ਤੇ ਭਾਰਤ ਵਿਚ ਵੀ। ਪਾਕਿਸਤਾਨ 'ਚ ਇਸ ਕਰਕੇ ਕਿ ਕਹਾਣੀ ਵਿਚ ਇਕ ਬਜ਼ੁਰਗ ਸਰਦਾਰ (ਤੇ ਉਸ ਦੇ ਪਰਿਵਾਰ) ਨੂੰ ਦਲੇਰ ਤੇ ਇਨਸਾਨਪ੍ਰਸਤ ਦਿਖਾਇਆ ਗਿਆ ਸੀ। ਉਸ ਮੁਤੱਸਬੀ ਆਲਮ ਵਿਚ ਇਕ ਸਰਦਾਰ ਵੱਲੋਂ ਆਪਣੀ ਜਾਨ ਖ਼ਤਰੇ ਵਿਚ ਪਾ ਕੇ (ਪਾਕਿਸਤਾਨ ਪੱਖੀ) ਗੁਆਂਢੀ ਮੁਸਲਿਮ ਪਰਿਵਾਰ ਨੂੰ ਬਚਾਉਣ ਵਿਚ ਕਈ ਪਾਕਿਸਤਾਨੀ ਧਿਰਾਂ ਨੂੰ ਭਾਰਤ ਪੱਖੀ ਪ੍ਰਚਾਰ ਨਜ਼ਰ ਆਇਆ ਸੀ। ਦੂਜੇ ਪਾਸੇ, ਕਹਾਣੀ ਵਿਚ ਬਾਰਾਂ ਵਰ੍ਹੇ ਦੇ ਜ਼ਿਕਰ ਦਾ ਸੰਦਰਭ ਸਮਝੇ (ਜਾਂ ਕਹਾਣੀ ਪੜ੍ਹੇ) ਬਿਨਾਂ ਹੀ ਸ਼੍ਰੋਮਣੀ ਕਮੇਟੀ ਨੇ ਪੰਡਿਤ ਨਹਿਰੂ ਨੂੰ ਖ਼ਤ ਲਿਖ ਦਿੱਤਾ ਕਿ ਅੱਬਾਸ ਖ਼ਿਲਾਫ਼ ਫ਼ੌਜਦਾਰੀ ਕਾਰਵਾਈ ਹੋਵੇ (ਖ਼ਤ ਵਿਚ ਕਹਾਣੀ ਨੂੰ ਇਕ ਨਹੀਂ, ਤਿੰਨ ਥਾਈਂ 'ਮਜ਼ਮੂਨ' ਦੱਸਿਆ ਗਿਆ)। ਅੱਬਾਸ ਦੀ ਆਤਮ-ਕਥਾ ਦੱਸਦੀ ਹੈ ਕਿ ਕਹਾਣੀ, ਦਿੱਲੀ ਵਿਚ ਉਸ ਦੇ ਕਰੀਬੀਆਂ ਨਾਲ ਵਾਪਰੀ ਸੱਚੀ ਘਟਨਾ ਉੱਤੇ ਆਧਾਰਿਤ ਸੀ। ਇਸ ਆਤਮ-ਕਥਾ ਦਾ ਪੰਜਾਬੀ ਤਰਜਮਾ ਹੁਣ ਉੱਘੇ ਸਾਹਿਤ-ਚਿੰਤਕ ਡਾ. ਨਰੇਸ਼ ਨੇ 'ਟਾਪੂ ਨਹੀਂ ਹਾਂ ਮੈਂ' ਦੇ ਉਨਵਾਨ ਹੇਠ ਕੀਤਾ ਹੈ। ਸ਼ਲਾਘਾਯੋਗ ਹੈ ਇਹ ਉੱਦਮ।

ਬਹੁ-ਪ੍ਰਤਿਭਾਈ, ਬਹੁ-ਵਿਧਾਈ ਤੇ ਬਹੁ-ਭਾਸ਼ਾਈ ਹਸਤੀ ਸੀ ਅੱਬਾਸ। ਫਿਲਮਸਾਜ਼, ਪਟਕਥਾ ਲੇਖਕ, ਕਹਾਣੀਕਾਰ ਤੇ ਨਾਵਲਕਾਰ, ਪੱਤਰਕਾਰ ਤੇ ਨਾਮਵਰ ਕਾਲਮਨਵੀਸ। ਉਸ ਦਾ ਮਸ਼ਹੂਰ-ਓ-ਮਾਰੂਫ਼ ਕਾਲਮ 'ਦਿ ਲਾਸਟ ਪੇਜ' ਪਹਿਲਾਂ 'ਬਾਂਬੇ ਕ੍ਰੌਨੀਕਲ' ਤੇ ਫਿਰ ਹਫ਼ਤਾਵਾਰੀ 'ਬਲਿਟਜ਼' ਵਿਚ ਚਾਰ ਦਹਾਈਆਂ ਤੋਂ ਵੱਧ ਸਮਾਂ ਛਪਦਾ ਰਿਹਾ। ('ਬਲਿਟਜ਼' ਦੇ ਉਰਦੂ ਤੇ ਹਿੰਦੀ ਐਡੀਸ਼ਨਾਂ ਵਿਚ ਇਸ ਦਾ ਨਾਮ 'ਆਜ਼ਾਦ ਕਲਮ' ਸੀ)। ਮਿਰਜ਼ਾ ਗ਼ਾਲਿਬ ਦੇ ਸ਼ਾਗਿਰਦ ਅਲਤਾਫ਼ ਹੁਸੈਨ ਹਾਲੀ ਦਾ ਪੜਪੋਤਾ, ਅੱਬਾਸ ਸੋਚ-ਸੂਹਜ ਪੱਖੋਂ ਸਾਮਵਾਦੀ ਅਤੇ ਸੀਰਤ ਪੱਖੋਂ ਮਾਨਵਵਾਦੀ ਸੀ। ਬੰਬਈ (ਮੁੰਬਈ) ਵਿਚ ਉਸ ਦੇ ਫਿਲਮੀ ਜੀਵਨ ਦਾ ਆਗਾਜ਼ 1941 ਵਿਚ ਪਟਕਥਾ ਲੇਖਣ ਤੋਂ ਹੋਇਆ। ਵੀ. ਸ਼ਾਂਤਾਰਾਮ ਦੀ ਮਹਾਨ ਕ੍ਰਿਤੀ 'ਡਾ. ਕੋਟਨੀਸ ਕੀ ਅਮਰ ਕਹਾਣੀ' (1945) ਦੀ ਕਹਾਣੀ ਤੇ ਪਟਕਥਾ, ਅੱਬਾਸ ਦੀ ਸੀ। ਇਸੇ ਤਰ੍ਹਾਂ ਚੇਤਨ ਆਨੰਦ ਦੀ 'ਨੀਚਾ ਨਗਰ' (1946) ਦੀ ਪਟਕਥਾ ਵੀ ਅੱਬਾਸ ਨੇ ਲਿਖੀ। ਇਸ ਫਿਲਮ ਨੂੰ ਪਹਿਲੇ ਕਾਨ ਕੌਮਾਂਤਰੀ ਫਿਲਮ ਮੇਲੇ ਵਿਚ ਬਿਹਤਰੀਨ ਫਿਲਮ ਦਾ 'ਸੁਨਹਿਰੀ ਪਾਮ' ਪੁਰਸਕਾਰ ਮਿਲਿਆ। ਭਾਰਤ ਵਿਚ ਯਥਾਰਥਕ ਸਿਨਮਾ ਦਾ ਜਨਮ-ਦਾਤਾ ਸੀ ਅੱਬਾਸ। 1951 ਵਿਚ ਉਸ ਵੱਲੋਂ ਸਥਾਪਿਤ ਫਿਲਮ ਨਿਰਮਾਣ ਕੰਪਨੀ 'ਨਯਾ ਸੰਸਾਰ' ਨੇ 20 ਦੇ ਕਰੀਬ ਯਥਾਰਥਵਾਦੀ ਫਿਲਮਾਂ ਬਣਾਈਆਂ ਜੋ ਭਾਵੇਂ ਟਿਕਟ ਖਿੜਕੀ 'ਤੇ ਨਹੀਂ ਚੱਲੀਆਂ ਪਰ ਤਿੰਨ ਕੌਮੀ ਫਿਲਮ ਪੁਰਸਕਾਰਾਂ ਤੋਂ ਇਲਾਵਾ ਹੋਰ ਕਈ ਇਨਾਮਾਂ-ਸਨਮਾਨਾਂ ਦੀਆਂ ਹੱਕਦਾਰ ਬਣੀਆਂ। ਇਨ੍ਹਾਂ ਫਿਲਮਾਂ ਵਾਸਤੇ ਵਿੱਤ, ਉਹ ਵੀ.ਪੀ. ਸਾਠੇ ਨਾਲ ਮਿਲ ਕੇ ਰਾਜ ਕਪੂਰ ਦੀਆਂ ਫਿਲਮਾਂ ਦੇ ਪਟਕਥਾ ਲੇਖਣ ਰਾਹੀਂ ਜੁਟਾਉਂਦਾ ਰਿਹਾ। 'ਆਵਾਰਾ' (1951) ਤੋਂ ਲੈ ਕੇ 'ਬੌਬੀ' (1973) ਤੱਕ ਸਾਰੀਆਂ ਫਿਲਮਾਂ ਦੀਆਂ ਪਟਕਥਾਵਾਂ ਅੱਬਾਸ-ਸਾਠੇ ਦੀ ਜੋੜੀ ਨੇ ਲਿਖੀਆਂ। 'ਹਿਨਾ' ਵੀ ਅੱਬਾਸ ਦੀ ਕਹਾਣੀ ਉੱਤੇ ਹੀ ਆਧਾਰਿਤ ਸੀ। ਇਸੇ ਤਰ੍ਹਾਂ ਗੁਲਜ਼ਾਰ ਦੀ ਬਿਹਤਰੀਨ (ਪਰ ਫਲੌਪ) ਫਿਲਮ 'ਅਚਾਨਕ' ਦੀ ਕਹਾਣੀ ਵੀ ਅੱਬਾਸ ਦੀ ਸੀ।

ਅੱਬਾਸ ਨੇ ਆਪਣੀ ਆਤਮ-ਕਥਾ ਉਮਰ ਦੇ 60ਵੇਂ ਵਰ੍ਹੇ ਵਿਚ ਲਿਖਣੀ ਸ਼ੁਰੂ ਕੀਤੀ। ਦੋ ਵਰ੍ਹੇ ਲੱਗੇ ਸੰਪੂਰਨ ਹੁੰਦਿਆਂ। ਇਹ ਪਹਿਲਾਂ ਅੰਗਰੇਜ਼ੀ ਤੇ ਫਿਰ ਉਰਦੂ ਵਿਚ ਛਪੀ। ਇਸ ਦੇ ਲੇਖਣ ਅੰਦਰ ਜੋ ਰਵਾਨੀ ਹੈ, ਉਹ ਡਾ. ਨਰੇਸ਼ ਦੇ ਤਰਜਮੇ ਵਿਚ ਵੀ ਉਸੇ ਸ਼ਿੱਦਤ ਨਾਲ ਬਰਕਰਾਰ ਹੈ। ਇਕ ਵਾਰ ਫਿਰ: ਕਾਬਿਲੇ ਤਾਰੀਫ਼ ਹੈ ਇਹ ਉੱਦਮ।

***ਅੱਬਾਸ ਦੀ ਆਤਮ-ਕਥਾ ਦੱਸਦੀ ਹੈ ਕਿ ਕਹਾਣੀ, ਦਿੱਲੀ ਵਿਚ ਉਸ ਦੇ ਕਰੀਬੀਆਂ ਨਾਲ ਵਾਪਰੀ ਸੱਚੀ ਘਟਨਾ ਉੱਤੇ ਆਧਾਰਿਤ ਸੀ। ਇਸ ਆਤਮ-ਕਥਾ ਦਾ ਪੰਜਾਬੀ ਤਰਜਮਾ ਹੁਣ ਉੱਘੇ ਸਾਹਿਤ-ਚਿੰਤਕ ਡਾ. ਨਰੇਸ਼ ਨੇ 'ਟਾਪੂ ਨਹੀਂ ਹਾਂ ਮੈਂ' ਦੇ ਉਨਵਾਨ ਹੇਠ ਕੀਤਾ ਹੈ। ਸ਼ਲਾਘਾਯੋਗ ਹੈ ਇਹ ਉੱਦਮ। ਅੱਬਾਸ ਨੇ ਆਪਣੀ ਆਤਮ-ਕਥਾ ਉਮਰ ਦੇ 60ਵੇਂ ਵਰ੍ਹੇ ਵਿਚ ਲਿਖਣੀ ਸ਼ੁਰੂ ਕੀਤੀ। ਦੋ ਵਰ੍ਹੇ ਲੱਗੇ ਸੰਪੂਰਨ ਹੁੰਦਿਆਂ। ਇਹ ਪਹਿਲਾਂ ਅੰਗਰੇਜ਼ੀ ਤੇ ਫਿਰ ਉਰਦੂ ਵਿਚ ਛਪੀ। ਇਸ ਦੇ ਲੇਖਣ ਅੰਦਰ ਜੋ ਰਵਾਨੀ ਹੈ, ਉਹ ਡਾ. ਨਰੇਸ਼ ਦੇ ਤਰਜਮੇ ਵਿਚ ਵੀ ਉਸੇ ਸ਼ਿੱਦਤ ਨਾਲ ਬਰਕਰਾਰ ਹੈ। ਇਕ ਵਾਰ ਫਿਰ: ਕਾਬਿਲੇ ਤਾਰੀਫ਼ ਹੈ ਇਹ ਉੱਦਮ।***




*ਅੱਬਾਸ ਦੀ ਆਤਮ-ਕਥਾ 'ਟਾਪੂ ਨਹੀਂ ਹਾਂ ਮੈਂ' ਦਾ ਮੁਖੜਾ।*

**ਕੈਨੇਡਾ ਦੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿਚ ਭਾਰਤ ਅਤੇ ਕੈਨੇਡਾ ਸਰਕਾਰ ਵਿਚਕਾਰ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਕਤਲ ਸਬੰਧੀ ਸੰਸਦ ਵਿਚ ਦਿੱਤੇ ਬਿਆਨ ਤੋਂ ਬਾਅਦ ਦੋਹਾਂ ਮੁਲਕਾਂ ਵਿਚਕਾਰ ਦੂਰੀਆਂ ਵਧ ਗਈਆਂ ਹਨ। ਪਹਿਲਾਂ-ਪਹਿਲ ਭਾਰਤ ਨੇ ਇਸ ਮਸਲੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਜਿਸ ਕਾਰਨ ਹਾਲਾਤ ਬਦ ਤੋਂ ਬਦਤਰ ਹੋਣ ਵੱਲ ਵਧ ਗਏ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵਸਿ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਸਹਿਤ ਕੀਤੀ ਹੈ। ਉਨ੍ਹਾਂ ਸਮੁੱਚੇ ਹਾਲਾਤ ਦੀ ਪੁਣ-ਛਾਣ ਕਰਦਿਆਂ ਹਕੀਕਤ ਬਿਆਨ ਕੀਤੀ ਹੈ ਜਿਸ ਤੋਂ ਦੋਹਾਂ ਮੁਲਕਾਂ ਦੀ ਸਰਕਾਰਾਂ ਦੀ ਪਹੁੰਚ ਸਾਹਮਣੇ ਆ ਜਾਂਦੀ ਹੈ।**

# ਕੈਨੇਡਾ ਅਤੇ ਭਾਰਤ ਵਿਚਕਾਰ ਸੰਕਟ ਦੇ ਮਾਇਨੇ


ਪਿਛਲੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਸੰਸਦ ਦੇ ਮੰਚ ਤੋਂ ਭਾਰਤ ਸਰਕਾਰ ਉੱਪਰ ਗੰਭੀਰ ਇਲਜ਼ਾਮ ਲਗਾਏ ਜਾਣ ਨਾਲ ਦੋਹਾਂ ਮੁਲਕਾਂ ਦਰਮਿਆਨ ਡੂੰਘਾ ਕੂਟਨੀਤਕ ਸੰਕਟ ਪੈਦਾ ਹੋ ਗਿਆ ਹੈ। ਦੋਹਾਂ ਸਰਕਾਰਾਂ ਵੱਲੋਂ ਇਕ ਦੂਜੇ ਦੇ ਸਿਖ਼ਰਲੇ ਡਿਪਲੋਮੈਟਿਕ ਅਧਿਕਾਰੀਆਂ ਨੂੰ ਕੱਢੇ ਜਾਣ, ਵੀਜ਼ੇ ਦੇਣ ਦਾ ਅਮਲ ਰੋਕ ਦੇਣ ਅਤੇ ਟਰੈਵਲ ਕਰਨ ਵਾਲਿਆਂ ਨੂੰ ਚਿਤਾਵਨੀਆਂ ਦੇਣ ਨਾਲ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਅਤੇ ਇੱਧਰ ਭਾਰਤ ਦੇ ਲੋਕਾਂ, ਖ਼ਾਸ ਕਰ ਕੇ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ 'ਚ ਚਿੰਤਾ ਤੇ ਅਸੁਰੱਖਿਆ ਦਾ ਮਾਹੌਲ ਬਣ ਗਿਆ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਇਲਜ਼ਾਮ ਦਾ ਸਾਰ-ਤੱਤ ਇਹ ਹੈ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ 'ਚ ਭਾਰਤੀ ਏਜੰਸੀਆਂ ਦਾ ਹੱਥ ਹੋਣ ਦੀ ਸੰਭਾਵਨਾ ਸਾਹਮਣੇ ਆਈ ਹੈ; ਭਾਵ, ਉਨ੍ਹਾਂ ਦੇ ਨਾਗਰਿਕ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਦਾ ਕਤਲ ਭਾਰਤ ਸਰਕਾਰ ਨੇ ਕਰਵਾਇਆ ਹੈ। ਟਰੂਡੋ ਨੇ ਜਾਂਚ ਵਿਚ ਭਾਰਤ ਦੇ ਪੂਰਨ ਸਹਿਯੋਗ ਦੀ ਮੰਗ ਕਰਦੇ ਹੋਏ ਕਿਹਾ, "ਕੈਨੇਡਾ ਦੀ ਧਰਤੀ ਉੱਪਰ ਕੈਨੇਡੀਅਨ ਨਾਗਰਿਕ ਦੀ ਹੱਤਿਆ 'ਚ ਕਿਸੇ ਵੀ ਵਿਦੇਸ਼ੀ ਸਰਕਾਰ ਦਾ ਹੱਥ ਸਾਡੀ ਪ੍ਰਭੂਸੱਤਾ ਦੀ ਨਾ ਸਵੀਕਾਰਨ ਯੋਗ ਉਲੰਘਣਾ ਹੈ।" ਇਸ ਇਲਜ਼ਾਮ ਨੇ ਸੰਘ ਬ੍ਰਿਗੇਡ ਦਾ 'ਵਿਸ਼ਵ ਗੁਰੂ' ਬਣਨ ਦਾ ਸੁਪਨਾ ਇਕ ਵਾਰ ਤਾਂ ਭੰਗ ਕਰ ਦਿੱਤਾ ਹੈ ਜੋ ਮੁਲਕ ਅੰਦਰ ਘੱਟਗਿਣਤੀਆਂ ਅਤੇ ਪ੍ਰੈੱਸ ਤੇ ਪ੍ਰਗਟਾਵੇ ਦੀ ਆਜ਼ਾਦੀ ਪ੍ਰਤੀ ਬੇਕਿਰਕ ਰਵੱਈਏ ਅਤੇ ਹਜੂਮੀ ਹਿੰਸਾ ਤੇ ਹਿੰਦੂਤਵੀ ਦਹਿਸ਼ਤੀ ਗਰੋਹਾਂ ਦੀ ਰਾਜਕੀ ਪੁਸ਼ਤਪਨਾਹੀ ਕਰਨ ਕਰ ਕੇ ਪਹਿਲਾਂ ਹੀ ਬਥੇਰਾ ਬਦਨਾਮ ਹੈ। ਮੋਦੀ ਵਜ਼ਾਰਤ ਨੇ ਭਾਵੇਂ ਇਲਜ਼ਾਮਾਂ ਨੂੰ ਦੋ-ਟੁੱਕ ਖਾਰਜ ਕਰ ਕੇ ਅਤੇ ਕੈਨੇਡਾ ਦੇ ਸੀਨੀਅਰ ਡਿਪਲੋਮੈਟਿਕ ਅਧਿਕਾਰੀ ਨੂੰ ਭਾਰਤ ਛੱਡ ਜਾਣ ਦਾ ਹੁਕਮ ਸੁਣਾ ਕੇ ਸਖ਼ਤ ਤੇਵਰ ਦਿਖਾਏ ਹਨ ਪਰ ਅੰਦਰੋਂ ਮੋਦੀ ਸਰਕਾਰ ਦੀ ਹਾਲਤ ਪਤਲੀ ਹੈ। ਚੀਨ-ਰੂਸ ਧੁਰੇ ਦਾ ਮੁਕਾਬਲਾ ਕਰਨ ਲਈ ਭਗਵਾ ਹਕੂਮਤ ਦੀਆਂ ਦੇਸ਼-ਵਿਦੇਸ਼ ਵਿਚਲੀਆਂ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਦੇ ਆ ਰਹੇ ਬਾਇਡਨ ਪ੍ਰਸ਼ਾਸਨ ਦਾ ਟਰੂਡੋ ਸਰਕਾਰ ਨਾਲ ਖੜ੍ਹ ਜਾਣਾ ਮੋਦੀ ਸਰਕਾਰ ਲਈ ਵੱਡੀ ਪਛਾੜ ਹੈ ਅਤੇ ਅਮਰੀਕਾ ਨਾਲ ਅਤਿ-ਉਤਸ਼ਾਹੀ ਨੇੜਤਾ ਦੇ ਆਧਾਰ 'ਤੇ ਮਹਾਂ ਸ਼ਕਤੀ ਬਣਨ ਦੀ ਕਥਿਤ ਮਜ਼ਬੂਤ ਨੀਤੀ ਦੀ ਪੋਲ ਵੀ ਬੁਰੀ ਤਰ੍ਹਾਂ ਖੁੱਲ੍ਹ ਗਈ ਹੈ।

ਟਰੂਡੋ ਨਾ ਸਿਰਫ਼ ਲਗਾਏ ਇਲਜ਼ਾਮਾਂ 'ਤੇ ਦ੍ਰਿੜ ਹੈ ਸਗੋਂ ਉਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਇਹ ਜਾਣਕਾਰੀ 'ਫਾਈਵ ਆਈਜ਼ ਭਾਈਵਾਲਾਂ' ਨਾਲ ਵੀ ਸਾਂਝੀ ਕੀਤੀ ਗਈ ਸੀ। ਉਸ ਦਾ ਕਹਿਣਾ ਹੈ ਕਿ ਭਾਰਤ ਵਿਚ ਜੀ-20 ਸੰਮੇਲਨ ਦੌਰਾਨ ਉਸ ਨੇ ਮੋਦੀ ਨਾਲ ਮੀਟਿੰਗ ਦੌਰਾਨ ਨਿੱਜੀ ਰੂਪ 'ਚ ਇਹ ਮਾਮਲਾ ਉਠਾਇਆ ਸੀ ਪਰ ਉੱਧਰੋਂ ਕੋਈ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਪਹਿਲਾਂ ਅਗਸਤ ਅਤੇ ਸਤੰਬਰ ਮਹੀਨਿਆਂ 'ਚ ਕੈਨੇਡਾ ਦੇ ਇੰਟੈਲੀਜੈਂਸ ਸਰਵਿਸ ਦੇ ਡਾਇਰੈਕਟਰ ਅਤੇ ਕੌਮੀ ਸੁਰੱਖਿਆ ਸਲਾਹਕਾਰ ਵੀ ਭਾਰਤ ਵਿਚ ਜਾ ਕੇ ਆਪਣੇ ਹਮਰੁਤਬਾ ਭਾਰਤੀ ਅਧਿਕਾਰੀਆਂ ਨਾਲ ਇਹ ਜਾਣਕਾਰੀ ਸਾਂਝੀ ਕਰ ਚੁੱਕੇ ਸਨ। ਸੀ.ਬੀ.ਸੀ. ਨਿਊਜ਼ ਨੇ ਵੱਖਰੀ ਰਿਪੋਰਟ ਵਿਚ ਖ਼ੁਲਾਸਾ ਕੀਤਾ ਹੈ ਕਿ ਕੈਨੇਡਾ ਦੀ ਸਰਕਾਰ ਨੇ ਇਸ ਕੇਸ ਦੀ ਇਕ ਮਹੀਨਾ ਲੰਮੀ ਜਾਂਚ ਵਿਚ ਮਨੁੱਖੀ ਤੇ ਸੰਚਾਰ-ਸਿਗਨਲ ਦੋਹਾਂ ਕਿਸਮਾਂ ਦੀ ਖ਼ੁਫ਼ੀਆ ਜਾਣਕਾਰੀ ਜੁਟਾਈ ਹੈ ਅਤੇ ਕੈਨੇਡਾ ਵਿਚਲੇ ਭਾਰਤੀ ਅਧਿਕਾਰੀਆਂ ਦੀ ਆਪਸੀ ਗੱਲਬਾਤ ਵੀ ਇਸ ਜਾਣਕਾਰੀ 'ਚ ਸ਼ਾਮਿਲ ਹੈ। ਸ਼ੱਕ ਇਹ ਕੀਤਾ ਜਾ ਰਿਹਾ ਹੈ ਕਿ ਖ਼ੁਫ਼ੀਆ ਜਾਣਕਾਰੀ ਮੁਹੱਈਆ ਕਰਾਉਣ ਵਾਲਾ 'ਅਗਿਆਤ ਸਹਿਯੋਗੀ' ਅਮਰੀਕਾ ਹੈ ਕਿਉਂਕਿ ਫਾਈਵ ਆਈਜ਼ ਗੱਠਜੋੜ ਦੇ ਮੈਂਬਰ ਹੋਰ ਮੁਲਕ ਅਜਿਹੀ ਜਾਣਕਾਰੀ ਇਕੱਠੀ ਕਰਨ ਦੇ ਸਮਰੱਥ ਨਹੀਂ ਹਨ। ਪਹਿਲਾਂ ਇਹ ਇਸ਼ਾਰਾ ਨਿਊਯਾਰਕ ਟਾਈਮਜ਼ ਨੇ ਕੀਤਾ ਸੀ ਪਰ ਹੁਣ ਇੰਟਰਸੈਪਟ ਵੈੱਬਸਾਈਟ ਦੇ ਖ਼ੁਲਾਸੇ ਨੇ ਸਪਸ਼ਟ



ਕਰ ਦਿੱਤਾ ਹੈ ਕਿ ਅਮਰੀਕਨ ਖ਼ੁਫ਼ੀਆ ਏਜੰਸੀ ਵੱਲੋਂ ਭਾਰਤੀ ਖ਼ੁਫ਼ੀਆ ਅਧਿਕਾਰੀਆਂ ਦੀ ਪੈੜ ਨੱਪੀ ਗਈ ਅਤੇ ਨਿੱਝਰ ਦੇ ਕਤਲ ਤੋਂ ਤੁਰੰਤ ਬਾਅਦ ਐੱਫ.ਬੀ.ਆਈ. ਦੇ ਏਜੰਟਾਂ ਨੇ ਕੈਲੀਫੋਰਨੀਆ ਵਿਚ ਪ੍ਰਿਤਪਾਲ ਸਿੰਘ ਤੇ ਦੋ ਹੋਰ ਸਿੱਖ ਕਾਰਕੁਨਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਚੁਕੰਨੇ ਵੀ ਕੀਤਾ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਇਹ ਖ਼ਾਲਿਸਤਾਨ ਪੱਖੀਆਂ ਪ੍ਰਤੀ ਅਮਰੀਕਨ ਹਕੂਮਤ ਦੀ ਨੀਤੀ ਦਾ ਸਬੂਤ ਵੀ ਹੈ।

'ਫਾਈਵ ਆਈਜ਼' ਮੁੱਖ ਤੌਰ 'ਤੇ ਪੰਜ ਮੁਲਕਾਂ ਦਰਮਿਆਨ ਆਪਸੀ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦਾ ਮੰਚ ਹੈ ਅਤੇ ਅਮਰੀਕਾ, ਬਰਤਾਨੀਆ, ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਇਸ ਗੱਠਜੋੜ ਦੇ ਮੈਂਬਰ ਹਨ। ਅਮਰੀਕਾ, ਬਰਤਾਨੀਆ ਅਤੇ ਆਸਟਰੇਲੀਆ ਦੇ ਅਧਿਕਾਰਕ ਬਿਆਨ ਜਿਨ੍ਹਾਂ ਦੀ ਸੁਰ ਸ਼ੁਰੂ 'ਚ ਸਾਵਧਾਨੀ ਵਾਲੀ ਸੀ ਅਤੇ ਫਿਰ ਸਪਸ਼ਟ ਹੋ ਗਈ, ਟਰੂਡੋ ਦੇ ਇਸ ਦਾਅਵੇ ਦੀ ਪੁਸ਼ਟੀ ਕਰਦੇ ਹਨ ਕਿ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਦੀ ਜਾਂਚ 'ਚੋਂ ਮਿਲੀ ਜਾਣਕਾਰੀ ਇਨ੍ਹਾਂ ਮੈਂਬਰ ਮੁਲਕਾਂ ਨਾਲ ਸਾਂਝੀ ਕੀਤੀ ਗਈ ਸੀ। ਉਨ੍ਹਾਂ ਨੇ ਇਸ ਕੇਸ ਵਿਚ ਭਾਰਤੀ ਏਜੰਸੀਆਂ ਦੀ ਕਥਿਤ ਭੂਮਿਕਾ ਉੱਪਰ ਬਹੁਤ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਭਾਰਤ ਨੂੰ ਜਾਂਚ ਵਿਚ ਕੈਨੇਡਾ ਦਾ ਸਹਿਯੋਗ ਕਰਨ ਦੀ ਸਲਾਹ ਦਿੱਤੀ ਹੈ। ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਅਤੇ ਵਿਦੇਸ਼ ਮੰਤਰੀ ਐਂਥਨੀ ਬਲਿੰਕਨ ਨੇ ਸਪਸ਼ਟ ਕਿਹਾ ਹੈ ਕਿ ਉਹ ਟਰੂਡੋ ਵੱਲੋਂ ਲਗਾਏ ਇਲਜ਼ਾਮਾਂ ਨੂੰ ਲੈ ਕੇ ਬੇਹੱਦ ਫ਼ਿਕਰਮੰਦ ਹਨ ਅਤੇ ਆਪਣੇ ਕੈਨੇਡੀਅਨ ਸਹਿਯੋਗੀਆਂ ਨਾਲ ਤਾਲਮੇਲ ਰੱਖ ਕੇ ਬਹੁਤ ਨੇੜਿਓਂ ਮਸ਼ਵਰਾ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਇਹ ਜਾਂਚ ਅੱਗੇ ਵਧੇ ਤੇ ਮੁਕੰਮਲ ਹੋਵੇ ਅਤੇ ਭਾਰਤ ਸਰਕਾਰ ਇਸ ਜਾਂਚ ਵਿਚ ਸਹਿਯੋਗ ਕਰੇ। ਇਹ ਵੀ ਕਿ "ਅਸੀਂ ਅੰਤਰਰਾਸ਼ਟਰੀ ਦਮਨ ਵਰਗੇ ਮਾਮਲਿਆਂ ਪ੍ਰਤੀ ਬਹੁਤ ਜ਼ਿਆਦਾ ਚੌਕਸ ਹਾਂ ਅਤੇ ਅਜਿਹੇ ਮਾਮਲਿਆਂ ਨੂੰ ਅਤਿਅੰਤ ਗੰਭੀਰਤਾ ਨਾਲ ਲੈਂਦੇ ਹਾਂ।" ਯੁੱਧਨੀਤਕ ਸੰਚਾਰ ਲਈ ਅਮਰੀਕਨ ਨੈਸ਼ਨਲ ਸਕਿਊਰਿਟੀ ਕੌਂਸਲ ਦੇ ਕੋਆਰਡੀਨੇਟਰ ਜੌਹਨ ਕਿਰਬੀ ਨੇ ਵੀ ਇਲਜ਼ਾਮਾਂ ਨੂੰ "ਬਹੁਤ ਗੰਭੀਰ" ਕਰਾਰ ਦਿੱਤਾ ਹੈ ਅਤੇ ਕੈਨੇਡਾ ਦੀ ਮੰਗ ਦੀ ਹਮਾਇਤ ਕੀਤੀ ਹੈ। ਕੈਨੇਡਾ 'ਚ ਅਮਰੀਕਾ ਦੇ ਰਾਜਦੂਤ ਡੇਵਿਡ ਕੋਹੇਨ ਨੇ ਵੀ ਖ਼ੁਫ਼ੀਆ ਜਾਣਕਾਰੀ ਸਾਂਝੀ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

ਕੁਲ ਮਿਲਾ ਕੇ ਤਸਵੀਰ ਇਹ ਬਣਦੀ ਹੈ ਕਿ ਜੀ-20 ਤੋਂ ਪਹਿਲਾਂ 'ਫਾਈਵ ਆਈਜ਼' ਕੋਲ ਸਾਰੀ ਜਾਣਕਾਰੀ ਸੀ ਅਤੇ ਇਹ ਮੁੱਦਾ ਮੋਦੀ ਨਾਲ ਜੀ-20 ਸਮੇਂ ਸਾਈਡ-ਲਾਈਨ ਗੱਲਬਾਤ 'ਚ ਉਠਾਇਆ ਗਿਆ। ਆਪਣੀ ਤਾਕਤ ਨੂੰ ਵਧਾ-ਚੜ੍ਹਾ ਕੇ ਦੇਖਣ ਦੇ ਆਦੀ ਮੋਦੀ ਵੱਲੋਂ ਟਰੂਡੋ ਦੇ ਇਲਜ਼ਾਮ ਹਕਾਰਤ ਨਾਲ ਠੁਕਰਾ ਦਿੱਤੇ ਗਏ ਅਤੇ ਬਾਇਡਨ ਤੇ ਹੋਰਾਂ ਦੀ ਗੱਲ ਨੂੰ ਵੀ ਮਹੱਤਵ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਜੀ-20 ਮੁਕੰਮਲ ਹੋਣ ਦਿੱਤਾ ਅਤੇ ਪਿੱਛੋਂ ਸਾਰੀ ਸਥਿਤੀ ਬਾਰੇ ਸੋਚ-ਵਿਚਾਰ ਕੇ ਮਾਮਲਾ ਜਨਤਕ ਕਰ ਦਿੱਤਾ ਗਿਆ। ਸੰਘ ਬ੍ਰਿਗੇਡ ਇਸ ਖ਼ੁਸ਼ਫ਼ਹਿਮੀ 'ਚ ਰਿਹਾ ਕਿ ਅਸੀਂ ਅਰਬਾਂ ਰੁਪਏ ਫੂਕ ਕੇ ਜੀ-20 ਦੀ ਮੇਜ਼ਬਾਨੀ ਦਾ ਪੂਰਾ ਰਾਜਨੀਤਕ ਲਾਹਾ ਖੱਟ ਲਿਆ ਹੈ ਅਤੇ ਟਰੂਡੋ ਨੂੰ ਲਾਜਵਾਬ ਕਰ ਕੇ ਤੋਰ ਦਿੱਤਾ ਹੈ। ਗੋਦੀ ਮੀਡੀਆ ਮੋਦੀ ਨੂੰ ਮਹਾਂ ਨਾਇਕ ਅਤੇ ਟਰੂਡੋ ਨੂੰ ਖਲਨਾਇਕ ਬਣਾ ਕੇ ਪੇਸ਼ ਕਰਨ 'ਚ ਲੱਗਿਆ ਰਿਹਾ। ਜਿਓ-ਪਾਲਿਟਿਕਸ 'ਚ ਕੈਨੇਡਾ ਦੀ ਤਾਕਤ ਅਤੇ ਆਲਮੀ ਤਾਕਤਾਂ ਦੇ ਤਵਾਜ਼ਨ 'ਚ ਕੈਨੇਡਾ ਦੇ ਮਹੱਤਵ ਨੂੰ ਘਟਾ ਕੇ ਦੇਖਣਾ ਭਗਵਾ ਹਕੂਮਤ ਨੂੰ ਮਹਿੰਗਾ ਪਿਆ।

ਕੈਨੇਡਾ 'ਚ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਸ਼ੱਕੀ ਭੂਮਿਕਾ ਬਾਰੇ ਵਿਵਾਦ ਨਵੀਂ ਗੱਲ ਨਹੀਂ ਹੈ। ਖ਼ਾਲਿਸਤਾਨ ਲਹਿਰ ਦੇ ਸਮੇਂ ਇੰਗਲੈਂਡ ਤੇ ਕੈਨੇਡਾ 'ਚ ਖ਼ੁਫ਼ੀਆ ਏਜੰਸੀਆਂ ਖ਼ਾਸ ਤੌਰ 'ਤੇ ਬਹੁਤ ਸਰਗਰਮ ਸਨ। ਜੂਨ 1985 'ਚ ਹੋਏ



*ਹਰਦੀਪ ਸਿੰਘ ਨਿੱਝਰ ਜਿਸ ਦੇ ਕਤਲ ਦੇ ਮਾਮਲੇ ਵਿਚ ਵਿਵਾਦ ਭਖਿਆ।*

ਏਅਰ ਇੰਡੀਆ ਬੰਬ ਕਾਂਡ ਬਾਬਤ ਵੀ ਸਵਾਲ ਉੱਠੇ ਸਨ ਕਿ ਏਨੀ ਵੱਡੀ ਕਾਰਵਾਈ ਨੂੰ ਅੰਜਾਮ ਦੇਣਾ ਕਥਿਤ ਖ਼ਾਲਸਤਾਨੀ ਗਰੁੱਪ ਦੇ ਵੱਸ ਦੀ ਗੱਲ ਨਹੀਂ ਹੈ ਪਰ ਡੂੰਘਾਈ 'ਚ ਜਾਂਚ ਨਾ ਹੋਣ ਕਾਰਨ ਇਹ ਸਪਸ਼ਟ ਨਹੀਂ ਸੀ ਹੋ ਸਕਿਆ ਕਿ ਮਨੁੱਖਤਾ ਵਿਰੁੱਧ ਉਸ ਘਿਨਾਉਣੇ ਜੁਰਮ 'ਚ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਭੂਮਿਕਾ ਕੀ ਸੀ। ਬੇਹੱਦ ਮਹਿੰਗਾ ਮੁਕੱਦਮਾ ਵੀ ਜੁਰਮ ਦੀ ਠੋਸ ਜਵਾਬਦੇਹੀ ਤੈਅ ਕਰਨ 'ਚ ਅਸਫਲ ਰਿਹਾ।

2014 'ਚ ਆਰ.ਐੱਸ.ਐੱਸ.-ਭਾਜਪਾ ਦੇ ਸੱਤਾ 'ਚ ਆਉਣ ਨਾਲ ਭਾਰਤ ਦੀ ਵਿਦੇਸ਼ ਨੀਤੀ ਹਿੰਦੂਤਵ ਪ੍ਰੋਜੈਕਟ ਅਨੁਸਾਰ ਅਤੇ ਸੰਘ ਦੀਆਂ ਆਲਮੀ ਲੀਡਰਸ਼ਿਪ ਦੀਆਂ ਲਾਲਸਾਵਾਂ ਅਨੁਸਾਰ ਹੋਰ ਵੀ ਜ਼ਿਆਦਾ ਸੁਰੱਖਿਆ-ਕੇਂਦਰਤ ਅਤੇ ਹਮਲਾਵਰ ਹੋ ਗਈ। ਵਿਦੇਸ਼ ਨੀਤੀ ਉੱਪਰ ਖ਼ੁਫ਼ੀਆ ਅਪਰੇਸ਼ਨਾਂ ਦੇ ਮਾਹਰ ਅਜੀਤ ਡੋਵਾਲ ਦੇ ਮੱਤ ਦੀ ਛਾਪ ਸਾਫ਼ ਨਜ਼ਰ ਆਉਣ ਲੱਗੀ ਅਤੇ ਦੂਜੇ ਮੁਲਕਾਂ 'ਚ ਹਿੰਦੂਤਵੀ ਅਨਸਰਾਂ ਦੀ ਹੋਰ ਵਧੇਰੇ ਘੁਸਪੈਠ, ਛੁਪੇ ਹੋਇਆਂ ਨੂੰ ਚੁਣ-ਚੁਣ ਕੇ ਮਾਰਨ ਦੇ ਐਲਾਨ ਤੇ 'ਸਰਜੀਕਲ ਹਮਲੇ' ਵਿਦੇਸ਼ ਨੀਤੀ ਦੀ ਵਿਸ਼ੇਸ਼ ਖ਼ਾਸੀਅਤ ਬਣ ਗਏ। ਵਿਦੇਸ਼ਾਂ 'ਚ ਭਾਰਤੀ ਰਾਜ ਵਿਰੋਧੀ ਅੰਦੋਲਨਾਂ ਦੇ ਹਮਾਇਤੀਆਂ ਦੀ ਖ਼ੁਫ਼ੀਆ ਨਿਗਰਾਨੀ ਬਹੁਤ ਜ਼ਿਆਦਾ ਵਧ ਗਈ। ਇਸ ਕਾਰਨ 2020 'ਚ ਭਾਰਤੀ ਏਜੰਸੀ ਰਾਅ ਦੇ ਇਕ ਏਜੰਟ ਨੂੰ ਜਰਮਨੀ 'ਚ ਖ਼ਾਲਿਸਤਾਨੀਆਂ ਅਤੇ ਕਸ਼ਮੀਰੀਆਂ ਦੀ ਜਾਸੂਸੀ ਕਰਨ ਦੇ ਦੋਸ਼ 'ਚ ਮੁਕੱਦਮਾ ਦਾ ਸਾਹਮਣਾ ਵੀ ਕਰਨਾ ਪਿਆ। ਕੈਨੇਡਾ 'ਚ ਏਅਰ ਇੰਡੀਆ ਕਾਂਡ ਵਾਲੇ ਰਿਪੁਦਮਨ ਸਿੰਘ ਮਲਿਕ ਦਾ ਕਤਲ ਹੋਇਆ ਜੋ ਅਜੇ ਵੀ ਭੇਤ ਬਣਿਆ ਹੋਇਆ ਹੈ। ਆਪਣੇ ਕਤਲ ਤੋਂ ਕੁਝ ਦਿਨ ਪਹਿਲਾਂ ਹਰਦੀਪ ਸਿੰਘ ਨਿੱਝਰ ਨੇ ਸੀਨੀਅਰ ਕੈਨੇਡੀਅਨ ਪੱਤਰਕਾਰ ਗੁਰਪ੍ਰੀਤ ਸਿੰਘ ਨਾਲ ਇੰਟਰਵਿਊ ਦੌਰਾਨ ਕੈਨੇਡਾ ਵਿਚ ਭਾਰਤੀ ਏਜੰਸੀਆਂ ਦੀ ਡੂੰਘੀ ਘੁਸਪੈਠ ਦੀ ਗੱਲ ਕਰਦਿਆਂ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਹ ਕਿਸੇ ਨੂੰ ਵੀ ਕਤਲ ਕਰਵਾ ਸਕਦੇ ਹਨ ਅਤੇ ਉਸ ਨੇ ਕੈਨੇਡਾ ਦੀਆਂ ਏਜੰਸੀਆਂ ਤੋਂ ਸੁਰੱਖਿਆ ਯਕੀਨੀ ਬਣਾਏ ਜਾਣ ਦੀ ਮੰਗ ਕੀਤੀ ਸੀ। ਉਸ ਦਾ ਖ਼ਦਸ਼ਾ ਸੱਚ ਸਾਬਤ ਹੋਇਆ।

ਭਾਰਤੀ ਹੁਕਮਰਾਨਾਂ ਨੂੰ ਹਮੇਸ਼ਾ ਸ਼ਿਕਾਇਤ ਰਹੀ ਹੈ ਕਿ ਹੋਰ ਮੁਲਕਾਂ, ਖ਼ਾਸ ਕਰ ਕੇ ਕੈਨੇਡਾ ਵੱਲੋਂ ਖ਼ਾਲਿਸਤਾਨ ਦੇ ਹਮਾਇਤੀਆਂ ਨੂੰ ਰਾਜਨੀਤਕ ਪਨਾਹ ਕਿਉਂ ਦਿੱਤੀ ਜਾਂਦੀ ਹੈ। 'ਮੋਸਟ ਵਾਂਟਿਡ ਦਹਿਸ਼ਤਗਰਦਾਂ' ਨੂੰ ਭਾਰਤ ਸਰਕਾਰ ਦੇ ਹਵਾਲੇ ਕਿਉਂ ਨਹੀਂ ਕੀਤਾ ਜਾ ਰਿਹਾ। ਹੁਣ ਵੀ ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਦਲੀਲ ਇਹੀ ਹੈ ਕਿ ਟਰੂਡੋ ਵੱਲੋਂ ਅਜਿਹੇ ਬੇਬੁਨਿਆਦ ਇਲਜ਼ਾਮ "ਉਨ੍ਹਾਂ ਖ਼ਾਲਸਤਾਨੀ ਦਹਿਸ਼ਤਗਰਦਾਂ ਅਤੇ ਕੱਟੜਪੰਥੀਆਂ ਤੋਂ ਧਿਆਨ ਹਟਾਉਣ ਲਈ ਲਗਾਏ ਜਾ ਰਹੇ ਹਨ ਜਿਨ੍ਹਾਂ ਨੂੰ ਕੈਨੇਡਾ ਵਿਚ ਪਨਾਹ ਦਿੱਤੀ ਹੋਈ ਹੈ ਅਤੇ ਉਹ ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਲਈ ਖ਼ਤਰਾ ਹਨ। ਇਸ ਸਬੰਧੀ ਕੈਨੇਡਾ ਸਰਕਾਰ ਵੱਲੋਂ ਕੋਈ ਕਦਮ ਨਾ ਚੁੱਕਣਾ ਲੰਮੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।" ਇਸ ਸਬੰਧ 'ਚ ਟਰੂਡੋ ਦਾ ਕਹਿਣਾ ਇਹ ਹੈ ਕਿ ਕੈਨੇਡਾ ਲੋਕਤੰਤਰੀ, ਬਹੁਲਵਾਦੀ ਮੁੱਲਾਂ 'ਚ ਯਕੀਨ ਰੱਖਣ ਵਾਲਾ ਮੁਲਕ ਹੈ ਜੋ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਜਗ੍ਹਾ ਦਿੰਦਾ ਹੈ। ਉਨ੍ਹਾਂ ਦਾ ਮੁਲਕ ਸਦਾ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਦੀ ਆਜ਼ਾਦੀ ਦੀ ਰੱਖਿਆ ਕਰੇਗਾ ਅਤੇ ਨਫ਼ਰਤ ਦਾ ਸਦਾ ਵਿਰੋਧ ਕਰੇਗਾ। ਉਹ ਆਪਣੀ ਧਰਤੀ ਉੱਪਰ ਹਿੰਸਕ ਸਰਗਰਮੀਆਂ ਨੂੰ ਬਰਦਾਸ਼ਤ ਨਹੀਂ ਕਰਨਗੇ। ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਖ਼ਾਲਿਸਤਾਨ ਲਈ 'ਰਿਫਰੈਂਡਮ-2020' ਦਾ ਸੂਤਰਧਾਰ ਗੁਰਪਤਵੰਤ ਸਿੰਘ ਪੰਨੂ ਅਮਰੀਕਾ 'ਚ ਬੈਠਾ ਹੈ ਪਰ ਮੋਦੀ ਹਕੂਮਤ ਨੇ ਉਸ ਵਿਰੁੱਧ ਕਾਰਵਾਈ ਨੂੰ ਕੈਨੇਡਾ 'ਚ ਖ਼ਾਲਿਸਤਾਨੀ ਸਰਗਰਮੀਆਂ ਦੀ ਤਰ੍ਹਾਂ ਕਦੇ ਮੁੱਦਾ ਨਹੀਂ ਬਣਾਇਆ।

ਆਰ.ਐੱਸ.ਐੱਸ.-ਭਾਜਪਾ ਹਕੂਮਤ ਨੂੰ ਪਤਾ ਹੈ ਕਿ ਪਰਵਾਸੀ ਸਿੱਖ ਭਾਈਚਾਰੇ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਖ਼ਾਲਿਸਤਾਨ ਦੀ ਮੰਗ ਦਾ ਹਮਾਇਤੀ ਹੈ ਅਤੇ ਉਨ੍ਹਾਂ ਵਿਚੋਂ ਵੀ ਭੜਕਾਊ ਕਾਰਵਾਈਆਂ ਕਰਨ ਵਾਲੇ ਬਹੁਤ ਥੋੜ੍ਹੇ ਹਨ। ਇਸ ਦੇ ਬਾਵਜੂਦ ਉਹ ਰਾਜਨੀਤਕ ਲਾਹਾ ਲੈਣ ਲਈ ਖ਼ਾਲਿਸਤਾਨ ਦੇ ਹਊਏ ਦੇ ਬਹਾਨੇ ਵਿਦੇਸ਼ਾਂ ਦੀ ਧਰਤੀ 'ਤੇ ਭਾਰਤੀ ਰਾਜ ਵਿਰੁੱਧ ਹੋ ਰਹੀਆਂ ਸਰਗਰਮੀਆਂ ਉੱਪਰ ਮਨਮਰਜ਼ੀ ਦੀਆਂ ਰੋਕਾਂ ਲਗਵਾਉਣਾ ਚਾਹੁੰਦੇ ਹਨ। ਉਹ ਵਿਦੇਸ਼ਾਂ 'ਚ ਆਪਣੇ ਹਿੰਦੂਤਵੀ ਪ੍ਰੋਜੈਕਟ ਦੇ ਬੇਰੋਕ-ਟੋਕ ਵਧਾਰੇ-ਪਸਾਰੇ ਦਾ ਰਾਹ ਪੱਧਰਾ ਕਰਨ ਅਤੇ ਭਾਰਤ ਵਿਚ ਖ਼ਾਲਿਸਤਾਨ ਦੇ ਹਊਏ ਨੂੰ ਹਿੰਦੂ ਫਿਰਕੇ ਦੀਆਂ ਵੋਟਾਂ ਬਟੋਰਨ ਲਈ ਵਰਤਣ ਦੀ ਕੋਸ਼ਿਸ਼ 'ਚ ਹਨ। ਇਹ ਸਪਸ਼ਟ ਹੈ ਕਿ ਭਗਵਾ ਹਕੂਮਤ ਨੂੰ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰ ਮੁਲਕਾਂ 'ਚ ਪਰਵਾਸੀ ਭਾਰਤੀਆਂ ਵੱਲੋਂ ਹਿੰਦੂਤਵ ਪ੍ਰੋਜੈਕਟ ਦਾ ਕੀਤਾ ਜਾ ਰਿਹਾ ਤਿੱਖਾ ਵਿਰੋਧ ਬਹੁਤ ਚੁਭਦਾ ਹੈ। 1980ਵਿਆਂ 'ਚ ਭਾਰਤੀ ਸਟੇਟ ਹੱਥੋਂ ਝੱਲੇ ਜਬਰ ਤੇ ਜ਼ਲਾਲਤ ਕਰ ਕੇ ਸਿੱਖ ਭਾਈਚਾਰੇ ਦਾ ਭਾਵਨਾਤਮਕ ਵਿਰੋਧ ਜ਼ਿਆਦਾ ਤਿੱਖਾ ਹੈ।

ਨਿਰਸੰਦੇਹ, ਹੋਰ ਮੁਲਕਾਂ ਦੇ ਹਕੂਮਤ ਵਿਰੋਧੀਆਂ ਨੂੰ ਰਾਜਨੀਤਕ ਪਨਾਹ ਦੇਣ ਪਿੱਛੇ ਸਾਰੇ ਹੀ ਮੁਲਕਾਂ ਦੀ ਹੁਕਮਰਾਨ ਜਮਾਤ ਦੇ ਭੂਗੋਲਿਕ-ਰਾਜਨੀਤਕ ਹਿਤ ਤੇ ਹੋਰ ਗਿਣਤੀਆਂ-ਮਿਣਤੀਆਂ ਕੰਮ ਕਰਦੀਆਂ ਹਨ। ਇਸ ਸਬੰਧ 'ਚ ਭਾਰਤ ਹੋਵੇ ਜਾਂ ਕੈਨੇਡਾ, ਕੋਈ ਵੀ ਬੇਦਾਗ਼ ਨਹੀਂ ਹੈ। ਭਾਰਤ ਨੇ ਦਲਾਈਲਾਮਾ ਤੇ ਉਸ ਦੇ ਪੈਰੋਕਾਰਾਂ ਨੂੰ ਸ਼ਾਹੀ ਮਹਿਮਾਨ ਬਣਾਇਆ ਹੋਇਆ ਹੈ ਅਤੇ ਨਵੀਂ ਦਿੱਲੀ 'ਚ ਤਿੱਬਤ ਦੀ ਆਜ਼ਾਦੀ ਲਈ ਮੁਜ਼ਾਹਰਿਆਂ 'ਚ ਭਾਜਪਾ ਦੇ ਐੱਮ.ਪੀ. ਤੱਕ ਸ਼ਾਮਿਲ ਹੁੰਦੇ ਹਨ ਪਰ ਭਾਰਤ ਤੋਂ ਵੱਖਰੇ ਹੋਣ ਦੀ ਪੁਰਅਮਨ ਮੰਗ ਵੀ ਭਾਰਤੀ ਹੁਕਮਰਾਨਾਂ ਵੱਲੋਂ 'ਏਕਤਾ ਤੇ ਅਖੰਡਤਾ ਲਈ ਖ਼ਤਰਾ' ਕਰਾਰ ਦੇ ਕੇ ਬੇਕਿਰਕੀ ਨਾਲ ਕੁਚਲੀ ਜਾਂਦੀ ਹੈ। ਕੈਨੇਡਾ ਦੀ ਖ਼ਾਸੀਅਤ ਇਹ ਹੈ ਕਿ ਉੱਥੇ ਇਕ ਹੱਦ ਤੱਕ ਮਨੁੱਖੀ ਹੱਕਾਂ ਨੂੰ ਵਿਹਾਰਕ ਤੌਰ 'ਤੇ ਮਾਨਤਾ ਦਿੱਤੀ ਗਈ ਹੈ ਅਤੇ ਵੱਖਵਾਦੀ ਰੁਝਾਨ ਨੂੰ ਵੀ ਕੈਨੇਡਾ ਦੇ ਕਾਨੂੰਨਾਂ ਦੇ ਦਾਇਰੇ ਵਿਚ ਆਪਣੀ ਰਾਜਨੀਤਕ ਮੰਗ ਦੇ ਹੱਕ 'ਚ ਰਾਇਸ਼ੁਮਾਰੀ ਵਰਗੀਆਂ ਰਾਜਨੀਤਕ ਸਰਗਰਮੀਆਂ ਕਰਨ ਦੀ ਜਮਹੂਰੀ ਖੁੱਲ੍ਹ ਹੈ ਜਦਕਿ ਭਾਰਤ ਵਿਚ ਇਹ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਜਿੱਥੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਵਕਾਲਤ ਕਰਨ ਵਾਲਿਆਂ ਨੂੰ ਤਾਂ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਹੇਠ ਹਰ ਕਾਨੂੰਨੀ, ਗ਼ੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰਨ ਦੀ ਬੇਰੋਕ-ਟੋਕ ਆਜ਼ਾਦੀ ਹੈ ਪਰ

*(ਬਾਕੀ ਅਗਲੇ ਸਫੇ 'ਤੇ)*

# ਮਸਨੂਈ ਖੁਰਾਕ ਦੀ ਸਨਅਤ ਦਾ ਮੱਕੜ ਜਾਲ




ਦਵਿੰਦਰ ਸ਼ਰਮਾ

ਦੁਨੀਆ ਅਜੀਬ ਦਿਸ਼ਾ ਵੱਲ ਵਧ ਰਹੀ ਹੈ। ਹਾਲਾਂਕਿ ਕਿਸਾਨਾਂ ਨੂੰ ਇਹ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਕਿ ਉਹ ਵਾਹਨਾਂ ਲਈ ਈਂਧਨ ਪੈਦਾ ਕਰਨ ਵਾਲੀਆਂ ਫ਼ਸਲਾਂ ਉਗਾਉਣ ਜਦਕਿ ਕਾਰੋਬਾਰੀ ਕੰਪਨੀਆਂ ਲੈਬਾਰਟਰੀਆਂ ਤੇ ਕਾਰਖਾਨਿਆਂ ਵਿਚ ਮਨੁੱਖੀ ਵਰਤੋਂ ਦੀ ਖਾਧ ਖੁਰਾਕ ਬਣਾਉਣ ਦੀਆਂ ਤਿਆਰੀਆਂ ਕਰ ਰਹੀਆਂ ਹਨ। ਤੁਸੀਂ ਸੋਚ ਵੀ ਨਹੀਂ ਸਕਦੇ ਕਿ ਇਹ ਪਾੜਾ ਕਿਸ ਕਦਰ ਘਟ ਰਿਹਾ ਹੈ। ਖੁਰਾਕ ਨਾਲ ਜੁੜੇ ਜਿਸ ਰੁਮਾਂਸ ਦਾ ਅਸੀਂ ਸਦੀਆਂ ਤੋਂ ਲੁਤਫ਼ ਲੈਂਦੇ ਆ ਰਹੇ ਹਾਂ, ਉਹ ਹੁਣ ਹੌਲੀ ਹੌਲੀ ਖ਼ਤਮ ਹੋਣ ਕੰਢੇ ਪੁੱਜ ਗਿਆ ਹੈ।

ਕਈ ਤਰ੍ਹਾਂ ਦੇ ਅਖੌਤੀ ਪੋਸ਼ਕ ਪਦਾਰਥ ਵੇਚਣ ਵਾਲੀ ਇਕ ਅਮਰੀਕੀ ਕੰਪਨੀ ਨੇ ਬੰਗਲੂਰੂ ਦੇ ਨੇੜੇ ਤੇੜੇ ਝੋਨੇ ਦੀ ਫੱਕ ਤੋਂ ਪੌਸ਼ਟਿਕ ਪਦਾਰਥ ਤਿਆਰ ਕਰਨ ਦਾ ਪਲਾਂਟ ਲਾਉਣ ਦਾ ਐਲਾਨ ਕੀਤਾ ਸੀ। ਕੰਪਨੀ ਨੇ ਇਸ ਦਾ ਪੇਟੈਂਟ ਵੀ ਹਾਸਲ ਕੀਤਾ ਹੋਇਆ ਸੀ। ਅਜਿਹੇ ਮੁਲਕ ਵਿਚ ਜਿੱਥੇ ਪੋਸ਼ਕ ਤੱਤਾਂ ਦੀ ਬੇਤਹਾਸ਼ਾ ਕਮੀ ਚਿੰਤਾ ਦਾ ਵਿਸ਼ਾ ਬਣੀ ਰਹੀ ਹੈ ਅਤੇ ਆਲਮੀ ਭੁੱਖਮਰੀ ਸੂਚਕ ਅੰਕ ਵਿਚ ਇਸ ਦਾ ਮੁਕਾਮ ਨਿੱਘਰ ਰਿਹਾ ਹੈ, ਉੱਥੇ ਇਹੋ ਜਿਹੇ ਕਿਸੇ ਵਿਚਾਰ ਦਾ ਫੁਰਨਾ ਸ਼ੁਰੂ ਵਿਚ ਬਹੁਤ ਸਵਾਗਤਯੋਗ ਜਾਪਦਾ ਸੀ।

ਰਵਾਇਤੀ ਤੌਰ 'ਤੇ ਭਾਰਤ ਵਿਚ ਝੋਨੇ ਦੀ ਫੱਕ ਪਸ਼ੂਆਂ ਦੀ ਫੀਡ ਬਣਾਉਣ ਜਾਂ ਫਿਰ ਇਸ ਚੋਂ ਖੁਰਾਕੀ ਤੇਲ ਕੱਢਣ ਲਈ ਇਸਤੇਮਾਲ ਕੀਤੀ ਜਾਂਦੀ ਰਹੀ ਹੈ ਪਰ ਮੈਂ ਇਸ ਨੂੰ ਮਨੁੱਖੀ ਵਰਤੋਂ ਲਈ ਪੋਸ਼ਕ ਖੁਰਾਕ ਵਿਚ ਤਬਦੀਲ ਕਰਨ ਅਤੇ ਨਾਲ ਹੀ ਆਮ ਖੁਰਾਕ ਦੇ ਰੂਪ ਵਿਚ ਚੌਲਾਂ ਦੀ ਬਰਾਮਦ ਨੂੰ ਹੱਲਾਸ਼ੇਰੀ ਦੇਣ ਦੇ ਵਿਕਾਸ ਮਾਡਲ 'ਤੇ ਕਿੰਤੂ ਕੀਤਾ ਸੀ। ਇਸ ਮਾਡਲ ਦੇ ਮੰਤਵ ਵਿਰੋਧਭਾਸੀ ਨਜ਼ਰ ਆਉਂਦੇ ਸਨ। ਮੇਰਾ ਤਰਕ ਇਹ ਹੈ ਕਿ ਜਦੋਂ ਭਾਰਤ ਚੌਲ ਬਰਾਮਦ ਕਰਦਾ ਹੈ (2021-22 ਵਿਚ ਇਹ ਚੌਲਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਸੀ) ਤਾਂ ਇਸ ਦਾ ਵੱਡਾ ਹਿੱਸਾ ਪੱਛਮੀ ਦੇਸ਼ਾਂ ਦੇ ਪਸ਼ੂਆਂ ਦੀ ਖੁਰਾਕ ਵਿਚ ਚਲਿਆ ਜਾਂਦਾ ਹੈ। ਪੱਛਮੀ ਦੇਸ਼ਾਂ ਦਾ ਇਹ ਰਿਵਾਜ਼ ਰਿਹਾ ਹੈ ਕਿ ਪਹਿਲਾਂ ਪਸ਼ੂਆਂ ਨੂੰ ਰੱਜਵੀਂ ਖੁਰਾਕ ਦਿਓ ਤੇ ਫਿਰ ਆਪਣੀ ਪ੍ਰੋਟੀਨ ਲਈ ਉਸ ਪਸ਼ੂਧਨ ਦੀ ਵੱਢ ਟੁੱਕ ਕਰ ਕੇ ਮੀਟ ਹਾਸਲ ਕੀਤਾ ਜਾਵੇ। ਮੇਰਾ ਸੁਝਾਅ ਇਹ ਸੀ ਕਿ ਮੀਟ ਦੀ ਬਜਾਇ ਕਿਉਂ ਨਾ ਦੇਸ਼ ਅੰਦਰ ਉਪਲਬਧ ਚੌਲਾਂ ਨੂੰ ਹੀ ਮਨੁੱਖੀ ਪ੍ਰੋਟੀਨ ਲੋੜਾਂ ਲਈ ਵਰਤਿਆ ਜਾਵੇ। ਆਖ਼ਰ, ਇਹ ਪ੍ਰਾਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਹੀ ਠੱਪ ਹੋ ਗਿਆ।




ਹਾਲ ਹੀ ਵਿਚ ਨਵੀਂ ਦਿੱਲੀ ਵਿਚ ਹੋਏ ਜੀ-20 ਸਿਖਰ ਸੰਮੇਲਨ ਦੌਰਾਨ ਗਲੋਬਲ ਬਾਇਓਫਿਊਲ ਅਲਾਇੰਸ ਕਾਇਮ ਹੋਇਆ ਹੈ ਜਿਸ ਨਾਲ ਵਿਕਾਸ ਦੇ ਗ਼ਲਤ ਰਾਹ 'ਤੇ ਕਦਮ-ਤਾਲ ਹੋਰ ਤੇਜ਼ ਕਰ ਦਿੱਤੀ ਗਈ ਹੈ। ਇਸ ਦੇ ਜ਼ਿਆਦਾਤਰ ਸ਼ਰੀਕ 19 ਦੇਸ਼ਾਂ ਤੋਂ ਆਏ ਹਨ ਅਤੇ ਇਸ ਲਈ ਫੰਡ ਵਿਸ਼ਵ ਬੈਂਕ, ਏਸ਼ੀਅਨ ਡਿਵੈਲਪਮੈਂਟ ਬੈਂਕ, ਵਿਸ਼ਵ ਆਰਥਿਕ ਮੰਚ, ਕੌਮਾਂਤਰੀ ਨਵਿਆਉਣਯੋਗ ਊਰਜਾ ਏਜੰਸੀ (ਆਈਆਰਈਏ) ਅਤੇ ਹੋਰਨਾਂ ਕੌਮਾਂਤਰੀ ਏਜੰਸੀਆਂ ਵਲੋਂ ਮੁਹੱਈਆ ਕਰਵਾਏ ਜਾਣਗੇ। ਅਲਾਇੰਸ ਨੂੰ ਆਸ ਹੈ ਕਿ 2030 ਤੱਕ ਬਾਇਓਫਿਊਲ ਦਾ ਉਤਪਾਦਨ ਤਿੰਨ ਗੁਣਾ ਵਧ ਜਾਵੇਗਾ।

ਹਾਲਾਂਕਿ ਜੈਵਿਕ ਈਂਧਨ ਪਥਰਾਟੀ ਈਂਧਨ ਦਾ ਸਸਤਾ ਅਤੇ ਵਾਤਾਵਰਨਕ ਤੌਰ 'ਤੇ ਪਾਏਦਾਰ ਬਦਲ ਦੇਣ ਦੇ ਉਦੇਸ਼ 'ਤੇ ਸੇਧਤ ਹੈ ਪਰ ਖੁਰਾਕ ਤੋਂ ਈਂਧਨ ਬਣਾਉਣ ਦਾ ਮੂਲ ਵਿਚਾਰ ਹੀ ਹੰਢਣਸਾਰ ਭਵਿੱਖ ਦੇ ਵਿਕਾਸ ਮਾਰਗ ਨਾਲ ਮੇਲ ਨਹੀਂ ਖਾਂਦਾ। ਸੜਕਾਂ 'ਤੇ ਕਾਰਾਂ ਅਤੇ ਹੋਰ ਵਾਹਨ ਉਤਾਰਨ ਦੀ ਬਜਾਇ ਆਲਮੀ ਪੱਧਰ 'ਤੇ ਸ਼ਹਿਰਾਂ 'ਚੋਂ ਕਾਰਾਂ ਨੂੰ ਹਟਾਉਣ 'ਤੇ ਧਿਆਨ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ। ਕਾਰਾਂ ਦੀ ਗਿਣਤੀ ਵਧਣ ਨਾਲ ਜੀਡੀਪੀ ਦੇ ਅੰਕੜਿਆਂ ਨੂੰ ਹੁਲਾਰਾ ਮਿਲਦਾ ਹੈ ਅਤੇ ਨੀਤੀਘਾੜਿਆਂ ਦਾ ਧਿਆਨ ਇਸੇ ਨੂੰ ਹਾਸਲ ਕਰਨ 'ਤੇ ਲੱਗਿਆ ਰਹਿੰਦਾ ਹੈ, ਫਿਰ ਭਾਵੇਂ ਇਹ ਭਾਵੇਂ ਕਿੰਨਾ ਵੀ ਗ਼ੈਰ-ਹੰਢਣਸਾਰ ਕਿਉਂ ਨਾ ਹੋਵੇ। ਹਕੀਕੀ ਵਿਕਾਸ ਸੂਚਕ ਇਸ ਪੱਖ ਤੋਂ ਮਾਪਿਆ ਜਾਣਾ ਚਾਹੀਦਾ ਹੈ ਕਿ ਕਿੰਨੇ ਕਾਰ-ਮੁਕਤ ਖੇਤਰ ਕਾਇਮ ਕੀਤੇ ਜਾ ਸਕਦੇ ਹਨ। ਭਵਿੱਖ ਇਹੀ ਹੈ।

ਜੇ ਤੁਹਾਨੂੰ ਇਹ ਗੱਲ ਖਾਮ ਖਿਆਲੀ ਜਾਪਦੀ ਹੈ ਤਾਂ ਜ਼ਰਾ ਰੁਕੋ, ਤੁਹਾਨੂੰ ਸਪੇਨ ਦੇ ਛੋਟੇ ਜਿਹੇ ਸ਼ਹਿਰ ਪੌਂਟੇਵੈਡਰਾ ਬਾਰੇ ਦੱਸਦੇ ਹਾਂ ਜਿੱਥੋਂ ਦੀ ਆਬਾਦੀ 80 ਹਜ਼ਾਰ ਦੇ ਕਰੀਬ ਹੈ ਅਤੇ ਇਹ ਸ਼ਹਿਰ ਲਗਭਗ ਕਾਰ ਮੁਕਤ ਬਣ ਚੁੱਕਿਆ ਹੈ। ਘੱਟੋ-ਘੱਟ ਅਜਿਹੇ ਦਸ ਸ਼ਹਿਰੀ ਕੇਂਦਰ ਹਨ ਜੋ ਕਾਰ ਮੁਕਤ ਬਣ ਗਏ ਹਨ। ਅਸੀਂ ਜਾਣਦੇ ਹਾਂ ਕਿ ਵਾਹਨ ਆਪਣੇ ਪਿੱਛੇ ਵਾਤਾਵਰਨ 'ਤੇ ਵੱਡਾ ਪ੍ਰਭਾਵ ਛੱਡ ਜਾਂਦੇ ਹਨ ਅਤੇ ਹੁਣ ਵੱਡੀ ਚੁਣੌਤੀ ਇਹ ਹੋਣੀ ਚਾਹੀਦੀ ਹੈ ਕਿ ਹਵਾ ਦੇ ਪ੍ਰਦੂਸ਼ਣ ਦੇ ਪੱਧਰ ਵਿਚ ਤਿੱਖੀ ਕਮੀ ਕਿਵੇਂ ਲਿਆਂਦੀ ਜਾਵੇ। ਦਰਅਸਲ, ਜੀ-20 ਮੁਲਕਾਂ ਦਾ ਟੀਚਾ ਜਨਤਕ ਟ੍ਰਾਂਸਪੋਰਟ ਪ੍ਰਣਾਲੀਆਂ ਵਿਚ ਨਿਵੇਸ਼ ਕਰਨਾ ਅਤੇ ਕਾਰਾਂ ਦੀ ਵਿਕਰੀ ਵਿਚ ਭਰਵੀਂ ਕਮੀ ਲਿਆਉਣ ਦਾ ਹੋਣਾ ਚਾਹੀਦਾ ਹੈ।

ਇਹ ਕਹਿਣਾ ਕਿ ਅੰਨਦਾਤਾ ਜਲਦੀ ਹੀ ਊਰਜਾਦਾਤਾ ਬਣ ਜਾਵੇਗਾ, ਕਿਸਾਨਾਂ ਲਈ ਭਰਮਜਾਲ ਸਾਬਿਤ ਹੋ ਸਕਦਾ ਹੈ। ਫ਼ਸਲੀ ਰਹਿੰਦ ਖੂੰਹਦ ਨੂੰ ਬਾਇਓਫਿਊਲ ਉਤਪਾਦਨ ਲਈ ਵਰਤਣ ਦੀ ਤੁਕ ਸਮਝ ਵਿਚ ਆਉਂਦੀ ਹੈ ਜਿਵੇਂ ਪੰਜਾਬ ਵਿਚ ਹਰ ਸਾਲ 2 ਕਰੋੜ ਟਨ ਝੋਨੇ ਦੀ ਪਰਾਲੀ ਪੈਦਾ ਕੀਤੀ ਜਾਂਦੀ ਹੈ ਪਰ ਫ਼ਸਲਾਂ ਦੀ ਬਾਇਓਫਿਊਲ ਲਈ ਵਰਤੋਂ ਅਪਰਾਧਿਕ ਬਰਬਾਦੀ ਮੰਨੀ ਜਾਵੇਗੀ। ਅਮਰੀਕਾ ਵਿਚ 9 ਕਰੋੜ ਟਨ ਅਨਾਜ ਬਾਇਓਫਿਊਲ ਲਈ ਵਰਤਿਆ ਜਾਂਦਾ ਹੈ। ਯੂਰਪੀਅਨ ਸੰਘ ਵਿਚ ਕਰੀਬ 1.2 ਕਰੋੜ ਟਨ ਅਨਾਜ ਬਾਇਓਫਿਊਲ ਬਣਾਉਣ ਲਈ ਵਰਤਿਆ ਜਾਂਦਾ ਹੈ। ਰੂਸ ਅਤੇ ਯੂਕਰੇਨ ਵਲੋਂ ਕਣਕ ਦੀ ਸਪਲਾਈ 'ਤੇ ਪਾਬੰਦੀ ਲੱਗੀ ਹੋਣ ਦੇ ਬਾਵਜੂਦ ਜੀ-7 ਮੁਲਕਾਂ ਨੇ ਜਰਮਨੀ ਅਤੇ ਬਰਤਾਨੀਆ ਵਲੋਂ ਬਾਇਓਫਿਊਲ ਲਈ ਅਨਾਜ ਦੀ ਵਰਤੋਂ ਵਿਚ ਕਮੀ ਕਰਨ ਦੀ ਤਜਵੀਜ਼ ਰੱਦ ਕਰ ਦਿੱਤੀ ਸੀ।

ਅਮਰੀਕਾ ਦੇ ਖੇਤੀਬਾੜੀ ਵਿਭਾਗ (ਯੂਐੱਸਡੀਏ) ਮੁਤਾਬਕ ਅਮਰੀਕਾ ਨੇ ਮੱਕੇ ਦੀ ਆਪਣੀ 44 ਫ਼ੀਸਦ ਘਰੋਗੀ ਉਪਜ ਬਾਇਓਫਿਊਲ ਲਈ ਦਿੱਤੀ ਹੈ। ਇਸ ਤੋਂ ਇਲਾਵਾ 44 ਫ਼ੀਸਦ ਮੱਕਾ ਪਸ਼ੂਆਂ ਦੀ ਫੀਡ ਲਈ ਵਰਤਿਆ ਜਾਂਦਾ ਹੈ। ਬਾਕੀ ਬਚੀ ਫ਼ਸਲ ਹੀ ਮਨੁੱਖੀ ਵਰਤੋਂ, ਬੀਜ ਅਤੇ ਸਨਅਤੀ ਅਮਲਾਂ ਦੇ ਹਿੱਸੇ ਆਉਂਦੀ ਹੈ। ਇਹ ਸਭ ਕੁਝ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਫ਼ਸਲੀ ਰਕਬੇ ਵਿਚ ਕਮੀ ਲਿਆਂਦੀ ਜਾਣੀ ਚਾਹੀਦੀ ਹੈ। ਅਸੀਂ ਇਹ ਅਹਿਸਾਸ ਨਹੀਂ ਕਰ ਰਹੇ ਕਿ ਮਨੁੱਖੀ ਖਪਤ ਲਈ ਫ਼ਸਲੀ ਰਕਬੇ ਵਿਚ ਕੋਈ ਵਾਧਾ ਨਹੀਂ ਹੋ ਰਿਹਾ ਸਗੋਂ ਇਹ ਬਾਇਓਫਿਊਲ ਜਿਹੇ ਕਾਰਜਾਂ ਲਈ ਕੀਤਾ ਜਾ ਰਿਹਾ ਹੈ। ਆਮ ਤੌਰ 'ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨੈੱਟ ਜ਼ੀਰੋ ਕਾਰਬਨ ਵਾਸਤੇ ਅਜਿਹਾ ਕਰਨਾ ਜ਼ਰੂਰੀ ਹੈ ਪਰ ਜਿਵੇਂ ਕਿ ਕਈ ਅਧਿਐਨ ਤੋਂ ਜ਼ਾਹਿਰ ਹੋਇਆ ਹੈ, ਹਕੀਕਤ ਇਹ ਹੈ ਕਿ ਬਾਇਓਫਿਊਲ ਨਾਲ ਤਾਪ ਵਧਾਊ ਗੈਸਾਂ (ਜੀਐੱਚਜੀ) ਦੀ ਨਿਕਾਸੀ ਵਿਚ ਵਾਧਾ ਹੁੰਦਾ ਹੈ।

ਦੁਨੀਆ ਭਰ ਵਿਚ ਬਾਇਓਫਿਊਲ ਦਾ ਲਗਭਗ 38 ਫ਼ੀਸਦ ਹਿੱਸਾ ਇਕੱਲੇ ਅਮਰੀਕਾ ਵਿਚ ਪੈਦਾ ਕੀਤਾ ਜਾਂਦਾ ਹੈ। ਭਾਰਤ ਵਿਚ ਬਾਇਓਫਿਊਲ ਦੇ ਉਤਪਾਦਨ 'ਤੇ ਬਹੁਤਾ ਜ਼ਿਆਦਾ ਜ਼ੋਰ ਦਿੱਤੇ ਜਾਣ ਕਰ ਕੇ ਅਪਰੈਲ 2021 ਤੋਂ ਮਈ 2023 ਤੱਕ ਦੇ ਦੋ ਸਾਲਾਂ ਦੌਰਾਨ ਹੀ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਨੇ ਭਾਰੀ ਤਾਦਾਦ ਵਿਚ ਝੋਨਾ ਇਸ ਲਈ ਸਪਲਾਈ ਕੀਤਾ ਹੈ। ਹੁਣ ਗਲੋਬਲ ਬਾਇਓਫਿਊਲ ਅਲਾਇੰਸ ਹੋਂਦ ਵਿਚ ਆ ਜਾਣ ਨਾਲ ਇਸ ਕੰਮ ਲਈ ਹੋਰ ਜ਼ਿਆਦਾ ਜ਼ਿਆਦਾ ਜਿਣਸਾਂ ਲੇਖੇ ਲੱਗਣਗੀਆਂ।

ਬਾਇਓਫਿਊਲ ਉਤਪਾਦਨ ਅਜਿਹੇ ਸਮੇਂ ਵਿਚ ਵਧ ਰਿਹਾ ਹੈ ਜਦੋਂ ਆਲਮੀ ਪੱਧਰ 'ਤੇ ਆਰਟੀਫੀਸ਼ੀਅਲ/ਮਸਨੂਈ ਖੁਰਾਕ ਦਾ ਰੁਝਾਨ ਵਧ ਰਿਹਾ ਹੈ। ਇਕੱਲੇ ਅਮਰੀਕਾ ਵਿਚ ਹੀ ਸੁਪਰ ਮਾਰਕੀਟਾਂ ਵਿਚ 15 ਫ਼ੀਸਦ ਦੁੱਧ ਗ਼ੈਰ-ਡੇਅਰੀ ਸਰੋਤਾਂ ਤੋਂ ਆਉਂਦਾ ਹੈ। ਦੁੱਧ ਤਿਆਰ ਕਰਨ ਦੇ ਅਜਿਹੇ ਸਟਾਰਟਅੱਪ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ ਜਿਨ੍ਹਾਂ ਕੋਲ ਇਕ ਵੀ ਗਾਂ ਨਹੀਂ ਹੈ ਅਤੇ ਮਸਨੂਈ ਖਾਧ ਪਦਾਰਥ ਬਣਾਉਣ ਲਈ ਖ਼ਮੀਰ ਅਤੇ ਸਟੀਕ ਤਕਨਾਲੋਜੀ ਦੀਆਂ ਬਹੁਤ ਸਾਰੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਤਜਾਰਤੀ ਸਕੇਲ ਦੀ ਪਹਿਲੀ ਫੂਡ ਫੈਕਟਰੀ ਫਿਨਲੈਂਡ ਵਿਚ ਹੈਲਸਿੰਕੀ ਵਿਚ ਖੁੱਲ੍ਹ ਗਈ ਹੈ। ਇਸ ਨੇ ਐਲਾਨ ਕੀਤਾ ਹੈ ਕਿ ਹਵਾ ਵਿਚਲੀ ਕਾਰਬਨ ਡਾਇਆਕਸਾਈਡ ਦੀ ਬੈਕਟੀਰੀਆ ਨਾਲ ਅੰਤਰ-ਕਿਰਿਆ ਜ਼ਰੀਏ ਸਾਲ ਵਿਚ 40 ਤੋਂ 50 ਲੱਖ ਖਾਣੇ ਤਿਆਰ ਕੀਤੇ ਜਾਣਗੇ। ਇਸ ਵਾਸਤੇ ਕਿਸੇ ਕਿਸਾਨ, ਜ਼ਮੀਨ ਜਾਂ ਫ਼ਸਲਾਂ ਉਗਾਉਣ ਦੀ ਲੋੜ ਨਹੀਂ ਪਵੇਗੀ।

ਇਸ ਰੁਝਾਨ ਨੂੰ ਕਾਫ਼ੀ ਹਵਾ ਦਿੱਤੀ ਜਾ ਰਹੀ ਹੈ। ਤਿੰਨ ਹਜ਼ਾਰ ਡੱਚ ਕਿਸਾਨਾਂ ਖਿਲਾਫ਼ ਕੀਤੀ ਗਈ ਦੰਡਕਾਰੀ ਕਾਰਵਾਈ ਦੀ ਲੋਅ ਵਿਚ ਵਿਕਸਤ ਦੇਸ਼ਾਂ ਵਿਚ ਤਾਪ ਵਧਾਊ ਗੈਸਾਂ ਵਿਚ ਕਮੀ ਲਿਆਉਣ ਲਈ ਕਿਸਾਨਾਂ ਨੂੰ ਆਸਾਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੀਟ-ਪ੍ਰੋਟੀਨ ਸਨਅਤ ਪਹਿਲਾਂ ਹੀ ਇਸ ਪੈਮਾਨੇ 'ਤੇ ਪਹੁੰਚ ਗਈ ਹੈ ਕਿ ਇਸ ਤੋਂ ਵਧਦੀਆਂ ਪ੍ਰੋਟੀਨ ਜ਼ਰੂਰਤਾਂ ਦੀ ਪੂਰਤੀ ਕਰਨ ਦੀ ਤਵੱਕੋ ਕੀਤੀ ਜਾ ਰਹੀ ਹੈ। ਕੀਟ ਸਨਅਤ ਦਾ ਕਾਰੋਬਾਰ 2030 ਤੱਕ ਵਧ ਕੇ 7.9 ਅਰਬ ਡਾਲਰ ਹੋ ਜਾਣ ਦੀ ਆਸ ਹੈ।

ਤੁਸੀਂ ਵੀ ਤਿਆਰ ਰਹੋ, ਬਹੁਤ ਜਲਦੀ ਤੁਹਾਨੂੰ ਵੀ ਤੁਹਾਡੇ ਆਸ ਪਾਸ ਦੀਆਂ ਸੁਪਰ ਮਾਰਕੀਟਾਂ ਦੀਆਂ ਸ਼ੈਲਫ਼ਾਂ ਮਸਨੂਈ ਖਾਧ ਖੁਰਾਕ ਦੀਆਂ ਵਸਤਾਂ ਨਾਲ ਲੱਦੀਆਂ ਨਜ਼ਰ ਆਉਣਗੀਆਂ।

# ਕੈਨੇਡਾ ਅਤੇ ਭਾਰਤ ਵਿਚਕਾਰ ਸੰਕਟ ਦੇ ਮਾਇਨੇ

*(ਪਿਛਲੇ ਸਫੇ ਦੀ ਬਾਕੀ)*

ਹੋਰ ਲੋਕਾਂ ਨੂੰ ਮਹਿਜ਼ ਹੁਕਮਰਾਨ ਧਿਰ ਤੋਂ ਵੱਖਰੇ ਵਿਚਾਰਾਂ ਕਾਰਨ ਹੀ ਦਹਿਸ਼ਤਵਾਦ ਅਤੇ ਰਾਜਧ੍ਰੋਹ ਦੇ ਕਾਨੂੰਨਾਂ ਤਹਿਤ ਜੇਲ੍ਹਾਂ 'ਚ ਸੜਨਾ ਪੈਂਦਾ ਹੈ। ਮਨੁੱਖੀ ਤੇ ਜਮਹੂਰੀ ਹੱਕਾਂ ਦਾ ਘਾਣ ਦੁਨੀਆ ਦਹਾਕਿਆਂ ਤੋਂ ਦੇਖ ਰਹੀ ਹੈ।

ਭਗਵਾ ਹਕੂਮਤ ਦੀ ਟਰੂਡੋ ਸਰਕਾਰ ਨਾਲ ਨਾਰਾਜ਼ਗੀ ਸਮਝ ਆਉਂਦੀ ਹੈ ਕਿ ਉਨ੍ਹਾਂ ਦੀ ਇੱਛਾ ਅਨੁਸਾਰ ਕੈਨੇਡਾ 'ਚ ਖ਼ਾਲਿਸਤਾਨੀ ਸਰਗਰਮੀਆਂ ਉੱਪਰ ਕਰੇੜਾ ਕਿਉਂ ਨਹੀਂ ਕੱਸਿਆ ਜਾ ਰਿਹਾ ਅਤੇ ਸਰਗਰਮ ਖ਼ਾਲਿਸਤਾਨ ਹਮਾਇਤੀਆਂ ਨੂੰ ਭਾਰਤ ਦੇ ਹਵਾਲੇ ਕਿਉਂ ਨਹੀਂ ਕੀਤਾ ਜਾ ਰਿਹਾ। ਇਹ ਮਾਮਲੇ 'ਚ ਸੰਘ ਬ੍ਰਿਗੇਡ ਕੁਝ ਵਧੇਰੇ ਹੀ ਹਮਲਾਵਰ ਹੈ ਅਤੇ ਹਿੰਦੂਤਵ ਦੇ ਹਮਾਇਤੀ ਤਾਂ ਇਜ਼ਰਾਈਲ ਦੀ ਤਰਜ਼ 'ਤੇ ਵਿਦੇਸ਼ਾਂ 'ਚ ਬੈਠੇ ਵੱਖਵਾਦੀਆਂ ਦੇ ਸਫ਼ਾਏ ਉੱਪਰ ਜ਼ੋਰ ਦਿੰਦੇ ਅਕਸਰ ਦੇਖੇ ਜਾ ਸਕਦੇ ਹਨ। ਕੁਝ ਮਹੀਨੇ ਪਹਿਲਾਂ ਇੰਗਲੈਂਡ 'ਚ ਅਵਤਾਰ ਸਿੰਘ ਖੰਡਾ ਦੀ ਸ਼ੱਕੀ ਮੌਤ ਅਤੇ ਪਾਕਿਸਤਾਨ ਤੇ ਕੈਨੇਡਾ ਵਿਚ ਖ਼ਾਲਿਸਤਾਨ ਹਮਾਇਤੀਆਂ ਦੇ ਉੱਪਰੋਥਲੀ ਕਤਲ ਹੋਏ ਤਾਂ ਪਰਵਾਸੀ ਭਾਰਤੀਆਂ ਦੇ ਇਕ ਹਿੱਸੇ ਨੇ ਖੁੱਲ੍ਹੇਆਮ ਸ਼ੱਕ ਜ਼ਾਹਿਰ ਕੀਤਾ ਸੀ ਕਿ ਇਨ੍ਹਾਂ ਕਤਲਾਂ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੈ। ਇਸ ਵਿਚ ਇਹ ਚਿੰਤਾ ਵੀ ਸ਼ਾਮਿਲ ਸੀ ਕਿ ਅੱਜ ਖ਼ਾਲਿਸਤਾਨੀ ਹਮਾਇਤੀ ਮਾਰੇ ਗਏ ਹਨ, ਭਲਕ ਨੂੰ ਭਾਰਤੀ ਸਟੇਟ ਦੇ ਹੋਰ ਆਲੋਚਕਾਂ ਦੇ ਕਤਲ ਵੀ ਕਰਵਾਏ ਜਾ ਸਕਦੇ ਹਨ।

ਜਿੱਥੋਂ ਤੱਕ ਭਾਰਤ ਸਰਕਾਰ ਦਾ ਸਵਾਲ ਹੈ, ਉਨ੍ਹਾਂ ਦੀ ਇਸ ਦਲੀਲ ਵਿਚ ਕੋਈ ਵਜ਼ਨ ਨਹੀਂ ਹੈ ਕਿ ਇਹ ਇਲਜ਼ਾਮ ਕੈਨੇਡਾ ਵਿਚ ਭਾਰਤ ਵਿਰੋਧੀ ਖ਼ਾਲਿਸਤਾਨੀ ਸਰਗਰਮੀਆਂ ਖ਼ਿਲਾਫ਼ ਕੈਨੇਡਾ ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਧਿਆਨ ਹਟਾਉਣ ਲਈ ਲਗਾਏ ਗਏ ਹਨ। ਸਵਾਲ ਇਹ ਹੈ ਕਿ ਜੇ ਭਾਰਤੀ ਏਜੰਸੀਆਂ ਦੀ ਇਸ ਕਤਲ 'ਚ ਕੋਈ ਭੂਮਿਕਾ ਨਹੀਂ ਹੈ ਤਾਂ ਉਨ੍ਹਾਂ ਨੂੰ ਜਾਂਚ ਵਿਚ ਸਹਿਯੋਗ ਦੇਣ 'ਚ ਕੀ ਸਮੱਸਿਆ ਹੈ। ਟਰੂਡੋ ਵੀ ਕਹਿ ਰਿਹਾ ਹੈ ਕਿ ਕੈਨੇਡਾ ਸਰਕਾਰ ਭਾਰਤ ਨਾਲ ਤਣਾਅ ਵਧਾਉਣਾ ਨਹੀਂ ਚਾਹੁੰਦੀ ਅਤੇ ਉਹ ਭਾਰਤ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੇ ਹਨ ਪਰ ਉਹ ਚਾਹੁੰਦੇ ਹਨ ਕਿ ਭਾਰਤ ਸਰਕਾਰ ਨਿੱਝਰ ਦੇ ਕਤਲ ਨੂੰ ਗੰਭੀਰਤਾ ਨਾਲ ਲਵੇ। ਸਭ ਨੂੰ ਪਤਾ ਹੈ ਕਿ ਜੇ ਕਿਸੇ ਹਕੂਮਤ ਦਾ ਐਸੇ ਵਿਅਕਤੀਆਂ ਨੂੰ ਮਰਵਾਉਣ 'ਚ ਹਿਤ ਜਾਂ ਦਿਲਚਸਪੀ ਨਾ ਹੋਵੇ ਤਾਂ ਉਹ ਜ਼ਰੂਰ ਹੀ ਜਾਂਚ ਕਰਾਏਗੀ ਕਿ ਇਸ ਪਿੱਛੇ ਕਿਸ ਦੇਸੀ ਜਾਂ ਵਿਦੇਸ਼ੀ ਤਾਕਤ ਦਾ ਹੱਥ ਹੈ। ਟਰੂਡੋ ਸਰਕਾਰ ਉੱਪਰ ਨਿੱਝਰ ਦੇ ਕਤਲ ਦੀ ਜਾਂਚ ਲਈ ਕਈ ਤਰ੍ਹਾਂ ਦੇ ਦਬਾਅ ਸਨ ਅਤੇ ਉਨ੍ਹਾਂ ਵੱਲੋਂ ਖ਼ੁਫ਼ੀਆ ਜਾਂਚ ਦੌਰਾਨ ਹਾਸਲ ਹੋਈ ਠੋਸ ਜਾਣਕਾਰੀ ਦੇ ਆਧਾਰ 'ਤੇ ਇਹ ਮੁੱਦਾ ਮੋਦੀ ਸਰਕਾਰ ਕੋਲ ਉਠਾਇਆ ਗਿਆ। ਇਸ ਘਟਨਾਕ੍ਰਮ ਨੂੰ ਸਿਰਫ਼ ਤੇ ਸਿਰਫ਼ ਕੈਨੇਡਾ ਵਿਚ ਸਿੱਖ ਵੋਟਰਾਂ ਨੂੰ ਭਰਮਾਉਣ ਦੀ ਵੋਟ ਸਿਆਸਤ ਅਤੇ ਮੋਦੀ ਵਜ਼ਾਰਤ ਵੱਲੋਂ 2018 ਦੀ ਫੇਰੀ ਸਮੇਂ ਤੇ ਹੁਣ ਜੀ-20 ਦੌਰਾਨ ਟਰੂਡੋ ਨੂੰ ਬਣਦਾ ਮਾਣ-ਸਨਮਾਨ ਨਾ ਜਾਣ ਵਿਰੁੱਧ ਉਸ ਦੀ ਨਾਰਾਜ਼ਗੀ ਤੱਕ ਸੀਮਤ ਕਰ ਕੇ ਨਹੀਂ ਦੇਖਿਆ ਜਾ ਸਕਦਾ। ਕੈਨੇਡਾ ਦੇ ਹੁਕਮਰਾਨਾਂ ਨੇ ਇਸ ਕਤਲ ਨੂੰ ਆਪਣੀ ਪ੍ਰਭੂਸੱਤਾ ਲਈ ਚੁਣੌਤੀ ਦੇ ਤੌਰ 'ਤੇ ਲਿਆ ਹੈ ਕਿ ਉਹ ਆਪਣੀ ਸਰਜ਼ਮੀਨ ਉੱਪਰ ਕਿਸੇ ਬਾਹਰਲੀ ਤਾਕਤ ਨੂੰ ਅਜਿਹੀਆਂ ਕਾਰਵਾਈਆਂ ਦੀ ਇਜਾਜ਼ਤ ਨਹੀਂ ਦੇਣਗੇ। ਤੱਥ ਦੇ ਤੌਰ 'ਤੇ ਵੀ ਕੈਨੇਡਾ 'ਚ ਸਿੱਖ ਵਸੋਂ ਮਹਿਜ਼ 2% ਹੈ ਅਤੇ ਹਿੰਦੂ ਵਸੋਂ ਸਿੱਖਾਂ ਤੋਂ ਕੁਝ ਵਧੇਰੇ ਹੀ ਹੈ।

ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆ ਦੇ ਹੁਕਮਰਾਨਾਂ ਵੱਲੋਂ ਕੈਨੇਡਾ ਦੀ ਉਪਰੋਕਤ ਜਾਂਚ ਸਬੰਧੀ "ਅੰਤਰਰਾਸ਼ਟਰੀ ਦਮਨ ਨੂੰ ਬਹੁਤ ਗੰਭੀਰਤਾ ਨਾਲ ਲੈਣ" ਦੀ ਚਿੰਤਾ ਪਾਖੰਡ ਤੋਂ ਸਿਵਾਏ ਕੁਝ ਨਹੀਂ। ਅਮਰੀਕਾ ਤੇ ਉਸ ਦੇ ਜੋਟੀਦਾਰ ਤਾਂ ਖ਼ੁਦ ਉਸ ਦਹਿਸ਼ਤਵਾਦੀ ਮੁਹਿੰਮ ਦੇ ਮੋਹਰੀ ਹਨ ਜਿਸ ਨੂੰ ਹੁਣ ਉਹ 'ਅੰਤਰਾਸ਼ਟਰੀ ਦਮਨ' ਦੱਸ ਰਹੇ ਹਨ। ਉਨ੍ਹਾਂ ਦੀ ਕੂਟਨੀਤੀ ਵਿਚ ਨਿਆਂ, ਇਮਾਨਦਾਰੀ, ਹਮਦਰਦੀ, ਗੰਭੀਰਤਾ ਤੇ ਹੋਰ ਮਨੁੱਖੀ ਮੁੱਲਾਂ ਲਈ ਕੋਈ ਜਗ੍ਹਾ ਨਹੀਂ ਹੈ। ਪੱਤਰਕਾਰ ਜਮਾਲ ਖ਼ਸ਼ੋਗੀ ਨੂੰ ਕਤਲ ਕਰਾਉਣ ਵਾਲਾ ਸਾਊਦੀ ਸ਼ਹਿਜ਼ਾਦਾ ਅਮਰੀਕਾ ਦਾ ਬਹੁਤ ਕਰੀਬੀ ਸਹਿਯੋਗੀ ਹੈ। ਉਸ ਕਤਲ ਪ੍ਰਤੀ ਅਮਰੀਕਾ ਤੇ ਉਸ ਦੇ ਜੋਟੀਦਾਰਾਂ ਦੀ ਗੰਭੀਰਤਾ ਦੀ ਗਵਾਹ ਪੂਰੀ ਦੁਨੀਆ ਹੈ। ਭਾਰਤ ਦੇ ਅੰਦਰ ਘੱਟਗਿਣਤੀਆਂ ਨਾਲ ਸਲੂਕ, ਪ੍ਰੈੱਸ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਿਆਂ ਅਤੇ ਗੁਆਂਢੀ ਮੁਲਕਾਂ 'ਚ ਮੋਦੀ ਹਕੂਮਤ ਦੇ 'ਸਰਜੀਕਲ ਹਮਲਿਆਂ' ਦੀ ਅਮਰੀਕਾ ਤੇ ਪੱਛਮੀ ਮੁਲਕਾਂ ਨੇ ਕਦੇ ਪ੍ਰਵਾਹ ਨਹੀਂ ਕੀਤੀ। ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਦੀ ਚਿੰਤਾਜਨਕ ਹਾਲਤ ਬਾਰੇ ਅਮਰੀਕਾ ਦੇ ਧਾਰਮਿਕ ਸੁਤੰਤਰਤਾ ਕਮਿਸ਼ਨ ਦੀ ਰਿਪੋਰਟ, ਕਸ਼ਮੀਰ ਅਤੇ ਮਨੀਪੁਰ ਦੇ ਹਾਲਾਤ ਵਰਗੇ ਕਿਸੇ ਵੀ ਬੇਹੱਦ ਚਿੰਤਾਜਨਕ ਮਾਮਲੇ ਨੂੰ ਵੀ ਬਾਇਡਨ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ ਕਿਉਂਕਿ ਚੀਨ-ਰੂਸ ਧੁਰੇ ਦਾ ਮੁਕਾਬਲਾ ਕਰਨ ਲਈ ਮੋਦੀ ਸਰਕਾਰ ਦਾ ਸਹਿਯੋਗ ਲੈਣ ਲਈ ਅਜਿਹੇ ਸਭ ਕਾਸੇ ਪ੍ਰਤੀ ਅੱਖਾਂ ਮੀਟਣਾ ਹੀ ਉਨ੍ਹਾਂ ਦੇ ਹਿਤ 'ਚ ਹੈ।

> **ਨਰਿੰਦਰ ਮੋਦੀ ਦਾ 2019 ਦਾ ਭਾਸ਼ਣ**
>
> ***"ਯੇਹ ਹਮਾਰਾ ਸਿਧਾਂਤ ਹੈ ਕਿ ਹਮ ਘਰ ਮੇਂ ਘੁਸ ਕਰ ਮਾਰੇਂਗੇ... ਮੈਂ ਲੰਮਾ ਇੰਤਜ਼ਾਰ ਨਹੀਂ ਕਰ ਸਕਤਾ"... "ਚੁਨ-ਚੁਨ ਕੇ ਹਿਸਾਬ ਲੇਨਾ, ਯੇ ਮੇਰੀ ਫ਼ਿਤਰਤ ਹੈ... ਵੋਹ ਅਗਰ ਸਾਤਵੇਂ ਪਤਾਲ ਮੇਂ ਭੀ ਛੁਪੇ ਹੋਂ, ਤੋ ਖੀਂਚ ਕਰ ਨਿਕਾਲ ਕਰ ਮਾਰੇਂਗੇ।"***

ਲੱਗਦਾ ਹੈ ਕਿ ਇਹ ਆਲਮੀ ਤਾਕਤਾਂ ਹੁਣ ਇਸ ਨਿਰਣੇ 'ਤੇ ਪਹੁੰਚ ਗਈਆਂ ਹਨ ਕਿ ਭਾਰਤ ਨੂੰ ਚੀਨ-ਰੂਸ ਧੁਰੇ ਤੋਂ ਦੂਰ ਰੱਖ ਕੇ ਆਪਣੇ ਹਿਤ 'ਚ ਭੁਗਤਾਉਣ ਲਈ ਹਿੰਦੂਤਵੀ ਹਕੂਮਤ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ 'ਚ ਕਟੌਤੀ ਕਰਨ ਦਾ ਵਕਤ ਆ ਗਿਆ ਹੈ। ਅਜਿਹਾ ਕਰਦੇ ਹੋਏ ਉਹ ਆਪਣੀ ਮੰਡੀ ਦੇ ਰੂਪ 'ਚ ਭਾਰਤ ਦੇ ਮਹੱਤਵ ਤੋਂ ਪੂਰੇ ਸੁਚੇਤ ਵੀ ਹਨ ਜਿਵੇਂ ਹੁਣੇ ਜਿਹੇ ਯੂ.ਐੱਨ. 'ਚ ਜੋਅ ਬਾਇਡਨ ਨੇ ਤਾਰੀਫ਼ ਵੀ ਕੀਤੀ ਕਿ ਭਾਰਤ "ਨਵਾਂ ਆਰਥਿਕ ਮਾਰਗ ਸਥਾਪਤ ਕਰਨ 'ਚ ਮਦਦ ਕਰ ਰਿਹਾ ਹੈ" ਪਰ ਉਨ੍ਹਾਂ ਨੇ ਟਰੂਡੋ ਸਰਕਾਰ ਨਾਲ ਖੜ੍ਹ ਕੇ ਹਿੰਦੂਤਵੀ ਹਕੂਮਤ ਦੀ ਘੇਰਾਬੰਦੀ ਕਰਨ ਅਤੇ 'ਵਿਸ਼ਵ ਗੁਰੂ' ਬਣਨ ਦੀਆਂ ਇਸ ਦੀਆਂ ਲਾਲਸਾਵਾਂ ਦੀ ਲਗਾਮ ਕੱਸਣ ਦਾ ਮਨ ਬਣਾ ਲਿਆ ਹੈ। ਪਿਛਲੇ ਸਮੇਂ 'ਚ ਇੰਗਲੈਂਡ ਤੇ ਆਸਟਰੇਲੀਆ ਵਿਚ ਹਿੰਦੂਤਵ ਗਰੁੱਪਾਂ ਦੀਆਂ ਭੜਕਾਊ ਕਾਰਵਾਈਆਂ ਬਾਰੇ ਸਬੰਧਤ ਸਰਕਾਰਾਂ ਦਾ ਵਤੀਰਾ ਵੀ ਕੁਝ ਬਦਲਿਆ ਹੋਇਆ ਨਜ਼ਰ ਆ ਰਿਹਾ। ਉਹ ਆਪਣੇ ਮੁਲਕਾਂ 'ਚ ਅਜਿਹੇ 'ਸਰਜੀਕਲ ਅਪਰੇਸ਼ਨਾਂ', ਹਿੰਦੂਤਵ ਦੇ ਹਮਲਾਵਰ ਵਧਾਰੇ-ਪਸਾਰੇ ਅਤੇ ਸੰਘ ਬ੍ਰਿਗੇਡ ਦੀਆਂ 'ਵਿਸ਼ਵ ਗੁਰੂ' ਬਣਨ ਦੀਆਂ ਬੇਲਗਾਮ ਲਾਲਸਾਵਾਂ ਨੂੰ ਇਕ ਹੱਦ ਤੋਂ ਅੱਗੇ ਵਧਣ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ। ਇਸ ਮਕਸਦ ਨਾਲ ਕੰਮ ਕਰਦੇ ਹੋਏ ਉਹ ਮੌਜੂਦਾ ਟਕਰਾਅ ਨੂੰ ਇਕ ਦਾਇਰੇ 'ਚ ਰੱਖਣ ਦੀ ਕੋਸ਼ਿਸ਼ 'ਚ ਵੀ ਹਨ। ਕੈਨੇਡਾ ਅਤੇ ਭਾਰਤ ਦੇ ਦੁਵੱਲੇ ਆਰਥਿਕ ਤੇ ਵਪਾਰਕ ਹਿਤ ਵੀ ਟਕਰਾਅ ਨੂੰ ਘਟਾਉਣ 'ਚ ਹੀ ਹਨ। ਦੋਵੇਂ ਸਰਕਾਰਾਂ ਟਕਰਾਅ ਨੂੰ ਇਕ ਹੱਦ ਤੋਂ ਅੱਗੇ ਵਧਾਉਣਾ ਨਹੀਂ ਚਾਹੁਣਗੀਆਂ।

ਕੈਨੇਡਾ ਦੀ ਜਾਂਚ ਅੰਤ 'ਚ ਕਿਸ ਨਤੀਜੇ 'ਤੇ ਪਹੁੰਚੇਗੀ, ਕਿਸੇ ਮੋਹਰੇ ਨੂੰ ਬਲੀ ਦਾ ਬੱਕਰਾ ਬਣਾ ਕੇ ਮਾਮਲਾ ਦਬਾ ਦਿੱਤਾ ਜਾਵੇਗਾ ਜਾਂ ਮੋਦੀ ਸਰਕਾਰ ਦੇ ਇਨਕਾਰੀ ਰਹਿਣ ਦੀ ਸੂਰਤ 'ਚ ਇਹ ਹੋਰ ਭਖੇਗਾ, ਤੇ ਇਸ ਦੇ ਭਾਰਤ-ਕੈਨੇਡਾ ਸਬੰਧਾਂ ਉੱਪਰ ਕੀ ਅਸਰ ਪੈਣਗੇ, ਇਸ ਬਾਰੇ ਅਜੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਆਮ ਲੋਕਾਂ ਦੇ ਹਿਤ ਮੰਗ ਕਰਦੇ ਹਨ ਕਿ ਵਿਦੇਸ਼ਾਂ 'ਚ ਕਤਲਾਂ ਦੀ ਜਵਾਬਦੇਹੀ ਲਾਜ਼ਮੀ ਤੈਅ ਹੋਵੇ, ਵਿਦੇਸ਼ਾਂ 'ਚ ਹਿੰਦੂਤਵ ਸਮੇਤ ਹਰ ਤਰ੍ਹਾਂ ਦੀ ਨਫ਼ਰਤ ਦੀ ਸਿਆਸਤ ਵਿਰੁੱਧ ਢੁੱਕਵੀਂ ਕਾਰਵਾਈ ਹੋਵੇ, ਦੋਹਾਂ ਸਰਕਾਰਾਂ ਵੱਲੋਂ ਲਾਈਆਂ ਵੀਜ਼ਾ ਰੋਕਾਂ ਖ਼ਤਮ ਕੀਤੀਆਂ ਜਾਣ ਅਤੇ ਖ਼ਾਹ-ਮਖ਼ਾਹ ਭੈਅ ਤੇ ਅਸੁਰੱਖਿਆ ਦਾ ਮਾਹੌਲ ਬਣਾਉਣਾ ਬੰਦ ਕੀਤਾ ਜਾਵੇ।

"ਯੇਹ ਹਮਾਰਾ ਸਿਧਾਂਤ ਹੈ ਕਿ ਹਮ ਘਰ ਮੇਂ ਘੁਸ ਕਰ ਮਾਰੇਂਗੇ... ਮੈਂ ਲੰਮਾ ਇੰਤਜ਼ਾਰ ਨਹੀਂ ਕਰ ਸਕਤਾ"... "ਚੁਨ-ਚੁਨ ਕੇ ਹਿਸਾਬ ਲੇਨਾ, ਯੇ ਮੇਰੀ ਫ਼ਿਤਰਤ ਹੈ... ਵੋਹ ਅਗਰ ਸਾਤਵੇਂ ਪਤਾਲ ਮੇਂ ਭੀ ਛੁਪੇ ਹੋਂ, ਤੋ ਖੀਂਚ ਕਰ ਨਿਕਾਲ ਕਰ ਮਾਰੇਂਗੇ।" (ਬਾਲਾਕੋਟ 'ਸਰਜੀਕਲ ਹਮਲਿਆਂ' ਨੂੰ ਜਾਇਜ਼ ਠਹਿਰਾਉਂਦਿਆਂ 5 ਮਾਰਚ 2019 ਨੂੰ ਮੋਦੀ ਵੱਲੋਂ ਚੋਣ ਭਾਸ਼ਣ 'ਚ ਕੀਤੇ ਐਲਾਨ)

# ਬੁਕਰ ਇਨਾਮ 'ਚ ਭਾਰਤ

**ਭਾਰਤੀ ਮੂਲ ਦੀ ਲੇਖਕ ਚੇਤਨਾ ਮਾਰੂ ਦੇ ਪਹਿਲੇ ਨਾਵਲ 'ਵੈਸਟਰਨ ਲੇਨ' ਨੂੰ 2023 ਦੇ ਬੁਕਰ ਪੁਰਸਕਾਰ ਲਈ ਅੰਤਿਮ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਕੀਨੀਆ ਵਿਚ ਜਨਮੀ ਮਾਰੂ ਦਾ ਨਾਵਲ ਬ੍ਰਿਟਿਸ਼ ਗੁਜਰਾਤੀ ਮਾਹੌਲ ਨਾਲ ਜੁੜਿਆ ਹੈ। ਬੁਕਰ ਪ੍ਰਾਈਜ਼ ਜਿਊਰੀ ਨੇ ਇਸ ਨਾਵਲ 'ਚ ਗੁੰਝਲਦਾਰ ਮਨੁੱਖੀ ਭਾਵਨਾਵਾਂ ਲਈ ਅਲੰਕਾਰ ਵਜੋਂ ਸਕੁਐਸ਼ ਦੀ ਖੇਡ ਦੀ ਵਰਤੋਂ ਦੀ ਪ੍ਰਸ਼ੰਸਾ ਕੀਤੀ ਹੈ।**

## ਕਲਾ ਪਰਿਕਰਮਾ

ਭਾਰਤੀ ਮੂਲ ਦੀ ਲੇਖਕ ਚੇਤਨਾ ਮਾਰੂ ਦੇ ਪਹਿਲੇ ਨਾਵਲ 'ਵੈਸਟਰਨ ਲੇਨ' ਨੂੰ 2023 ਦੇ ਬੁਕਰ ਪੁਰਸਕਾਰ ਲਈ ਅੰਤਿਮ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਕੀਨੀਆ ਵਿਚ ਜਨਮੀ ਮਾਰੂ ਦਾ ਨਾਵਲ ਬ੍ਰਿਟਿਸ਼-ਗੁਜਰਾਤੀ ਮਾਹੌਲ ਨਾਲ ਜੁੜਿਆ ਹੈ। ਬੁਕਰ ਪ੍ਰਾਈਜ਼ ਜਿਊਰੀ ਨੇ ਇਸ ਨਾਵਲ 'ਚ ਗੁੰਝਲਦਾਰ ਮਨੁੱਖੀ ਭਾਵਨਾਵਾਂ ਲਈ ਅਲੰਕਾਰ ਵਜੋਂ ਸਕੁਐਸ਼ ਦੀ ਖੇਡ ਦੀ ਵਰਤੋਂ ਦੀ ਪ੍ਰਸ਼ੰਸਾ ਕੀਤੀ ਹੈ।

ਇਸ ਨਾਵਲ ਦੀ ਕਹਾਣੀ ਗੋਪੀ ਨਾਂ ਦੀ 11 ਸਾਲਾ ਲੜਕੀ ਅਤੇ ਉਸ ਦੇ ਪਰਿਵਾਰ ਨਾਲ ਸਬੰਧਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਚੇਤਨਾ ਮਾਰੂ ਅੱਜ ਕੱਲ੍ਹ ਲੰਡਨ (ਇੰਗਲੈਂਡ)

ਆਮਨਾ ਕੌਰ


ਦੀ ਵਸਨੀਕ ਹੈ। ਪਹਿਲਾਂ ਉਹ ਅਕਾਊਂਟੈਂਟ ਵਜੋਂ ਕੰਮ ਕਰਦੀ ਸੀ ਪਰ ਹੁਣ ਉਹ ਸਿਰਫ ਲਿਖਣ ਦਾ ਕਾਰਜ ਕਰਦੀ ਹੈ।

'ਵੈਸਟਰਨ ਲੇਨ' ਨਾਵਲ 7 ਫਰਵਰੀ 2023 ਨੂੰ ਰਿਲੀਜ਼ ਕੀਤਾ ਗਿਆ ਸੀ। ਆਪਣੀ ਮਾਂ ਦੀ ਮੌਤ ਤੋਂ ਬਾਅਦ ਗੋਪੀ ਸਕੁਐਸ਼ ਰੈਕਟ ਫੜਦੀ ਹੈ ਅਤੇ ਉਸ ਦਾ ਪਿਤਾ ਉਸ ਦੀ ਖੂਬ ਸਿਖਲਾਈ ਕਰਦਾ ਹੈ। ਉਹ ਆਪਣਾ ਸਾਰਾ ਧਿਆਨ ਸਕੁਐਸ਼ 'ਤੇ ਲਾ ਦਿੰਦੀ ਹੈ। ਇਸ ਤੋਂ ਪਹਿਲਾਂ ਚੇਤਨਾ ਮਾਰੂ ਨੂੰ ਆਪਣੀ ਰਚਨਾ 'ਬ੍ਰਦਰਜ਼ ਐਂਡ ਸਿਸਟਰਜ਼' ਲਈ ਪਲਿੰਪਟਨ ਗਲਪ ਇਨਾਮ ਮਿਲ ਚੁੱਕਾ ਹੈ।

ਚੇਤਨਾ ਮਾਰੂ ਦੇ ਨਾਲ ਜਿਨ੍ਹਾਂ ਪੰਜ ਹੋਰ ਲੇਖਕਾਂ ਦਾ ਨਾਂ ਅੰਤਿਮ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ, ਉਨ੍ਹਾਂ ਵਿਚ ਪਾਲ ਲਿੰਚ, ਪਾਲ ਮੱਰੇ, ਸਾਰਾ ਬਰਨਸਟੀਨ, ਜੋਨਾਥਨ ਐਸਕਾਫਰੀ ਅਤੇ ਪਾਲ ਹਾਰਡਿੰਗ ਸ਼ਾਮਿਲ ਹਨ। ਪਾਲ ਲਿੰਚ (ਆਇਰਲੈਂਡ) ਦਾ ਨਾਵਲ 'ਪ੍ਰਾਫਿਟ ਸੌਂਗ' ਅਜਿਹੀ ਸਾਹਿਤਕ ਯਾਤਰਾ ਦਾ ਵਾਅਦਾ ਕਰਦਾ ਹੈ ਜੋ ਨਿਸ਼ਚਿਤ ਰੂਪ ਵਿਚ ਆਪਣੇ ਆਇਰਸ਼ ਆਕਰਸ਼ਣ ਅਤੇ ਜਿਸ ਦੀ ਕਹਾਣੀ ਕਹਿਣ ਦੀ ਚੁਸਤੀ ਪਾਠਕਾਂ ਨੂੰ ਖਿੱਚਦੀ ਹੈ। ਪਾਲ ਮੱਰੇ (ਆਇਰਲੈਂਡ) ਦਾ ਨਾਵਲ 'ਦਿ ਬੀ ਸਟਿੰਗ' ਅਜਿਹੀ ਕਹਾਣੀ ਬਿਆਨ ਕਰਦਾ ਹੈ ਜੋ ਪਾਠਕਾਂ ਅੰਦਰ ਹੁਲਾਸ ਭਰ ਦਿੰਦੀ ਹੈ। ਸਾਰਾ ਬਰਨਸਟੀਨ (ਕੈਨੇਡਾ) ਦੀ ਰਚਨਾ 'ਸਟੱਡੀ ਫਾਰ ਓਬੀਡੀਐਂਸ' ਆਧੁਨਿਕ ਦੁਨੀਆ ਅੰਦਰ ਆਗਿਆਕਾਰ ਹੋਣਾ ਅਤੇ ਇਸ ਦੀਆਂ ਜਟਿਲਤਾਵਾਂ ਬਾਰੇ ਗੱਲ ਕਰਦਾ ਹੈ। ਜੋਨਾਥਨ ਐਸਕਾਫਰੀ (ਅਮਰੀਕਾ) ਲਿਖਿਤ 'ਇਫ ਆਈ ਸਰਵਾਈਵ ਯੂ' ਜੀਵਨ ਯਾਤਰਾ ਦਾ ਬਿਰਤਾਂਤ ਉਸਾਰਦਾ ਹੈ। ਪਾਲ ਹਾਰਡਿੰਗ (ਅਮਰੀਕਾ) ਦੀ ਰਚਨਾ 'ਦਿਸ ਅਦਰ ਈਡਨ' ਰਹੱਸਮਈ ਹਾਲਾਤ ਦਾ ਵਰਣਨ ਹੈ।



ਲੰਡਨ ਵਿਚ ਵੱਸਦੀ ਭਾਰਤੀ ਮੂਲ ਦੀ ਲੇਖਕਾ ਚੇਤਨਾ ਮਾਰੂ।




ਚੇਤਨਾ ਮਾਰੂ ਦੇ ਨਾਵਲ 'ਵੈਸਟਰਨ ਲੇਨ' ਦਾ ਮੁਖੜਾ।


ਯਾਦ ਰਹੇ ਕਿ ਬੁਕਰ ਇਨਾਮ ਹਰ ਸਾਲ ਅੰਗਰੇਜ਼ੀ ਵਿਚ ਛਪੀਆਂ ਰਚਨਾਵਾਂ ਲਈ ਦਿੱਤਾ ਜਾਂਦਾ ਹੈ। ਸ਼ਰਤ ਇਹ ਹੈ ਕਿ ਕਿਤਾਬ ਇੰਗਲੈਂਡ ਜਾਂ ਆਇਰਲੈਂਡ ਵਿਚ ਛਪੀ ਹੋਣੀ ਚਾਹੀਦੀ ਹੈ। ਇਸ ਇਨਾਮ ਲਈ 50 ਹਜ਼ਾਰ ਪੌਂਡ ਦੀ ਰਾਸ਼ੀ ਦਿੱਤੀ ਜਾਂਦੀ ਹੈ।


ਅਰੁੰਧਤੀ ਰਾਇ ਪਹਿਲੀ ਭਾਰਤੀ ਲਿਖਾਰੀ ਸੀ ਜਿਸ ਨੂੰ 1997 ਵਿਚ ਬੁਕਰ ਇਨਾਮ ਮਿਲਿਆ। 1997 ਵਿਚ ਉਸ ਦੇ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' ਲਈ ਇਹ ਇਨਾਮ ਦਿੱਤਾ ਗਿਆ। ਉਦੋਂ ਇਸ ਨਾਵਲ ਦੀ ਖੂਬ ਚਰਚਾ ਹੋਈ ਸੀ। ਉਸ ਦਾ ਦੂਜਾ ਨਾਵਲ 'ਦਿ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ' 2017 ਵਿਚ ਛਪਿਆ ਜਿਸ ਦਾ ਪੰਜਾਬੀ ਅਨੁਵਾਦ 'ਦਰਬਾਰਿ-ਖੁਸ਼ੀਆਂ ਬੇਪਨਾਹ' ਵੀ ਛਪਿਆ। ਇਹ ਅਨੁਵਾਦ ਦਲਜੀਤ ਅਮੀ ਨੇ ਕੀਤਾ ਹੈ। ਉਂਝ, ਵੀ.ਐਸ. ਨਈਪਾਲ ਭਾਰਤੀ ਮੂਲ ਦਾ ਪਹਿਲਾ ਲੇਖਕ ਸੀ ਜਿਸ ਨੂੰ 1971 ਵਿਚ ਇਹ ਇਨਾਮ ਮਿਲਿਆ। ਹੁਣ ਤੱਕ ਭਾਰਤੀ ਲੇਖਕ ਜਾਂ ਭਾਰਤੀ ਮੂਲ ਦੇ ਇਨ੍ਹਾਂ ਲੇਖਕਾਂ ਨੂੰ ਬੁਕਰ ਇਨਾਮ ਮਿਲੇ ਹਨ: ਅਨੀਤਾ ਦੇਸਾਈ, ਸਲਮਾਨ ਰਸ਼ਦੀ, ਰੋਹਿੰਟਨ ਮਿਸਤਰੀ, ਕਿਰਨ ਦੇਸਾਈ, ਇੰਦਰਾ ਸਿਨਹਾ, ਅਰਵਿੰਦ ਅਡੀਗਾ, ਅਮਿਤਵ ਘੋਸ਼, ਅਤੇ ਜੀਤ ਤਾਇਲ।

ਬੁਕਰ ਇਨਾਮ ਵਾਲਿਆਂ ਨੇ 2004 ਵਿਚ ਕੌਮਾਂਤਰੀ ਬੁਕਰ ਇਨਾਮ ਦੇਣੇ ਸ਼ੁਰੂ ਕੀਤੇ ਸਨ। ਇਹ ਕਿਸੇ ਹੋਰ ਭਾਸ਼ਾ ਤੋਂ ਅੰਗਰੇਜ਼ੀ ਵਿਚ ਅਨੁਵਾਦਤ ਰਚਨਾ ਲਈ ਦਿੱਤਾ ਜਾਂਦਾ ਹੈ। ਹਿੰਦੀ ਲੇਖਕ ਗੀਤਾਂਜਲੀ ਸ਼੍ਰੀ ਨੂੰ ਪਿਛਲੇ ਸਾਲ ਇਹ ਕੌਮਾਂਤਰੀ ਬੁਕਰ ਇਨਾਮ ਉਸ ਦੇ ਨਾਵਲ 'ਟੌਂਬ ਆਫ ਸੈਂਡ' ਲਈ ਦਿੱਤਾ ਗਿਆ। ਇਹ ਨਾਵਲ ਮੂਲ ਰੂਪ ਵਿਚ ਹਿੰਦੀ ਵਿਚ 'ਰੇਤ ਸਮਾਧੀ' ਦੇ ਨਾਂ ਹੇਠ ਛਪਿਆ ਸੀ। ਇਸ ਇਨਾਮ ਲਈ ਵੀ 50 ਹਜ਼ਾਰ ਪੌਂਡ ਦੀ ਰਾਸ਼ੀ ਦਿੱਤੀ ਜਾਂਦੀ ਹੈ: 25 ਹਜ਼ਾਰ ਰੁਪਏ ਮੂਲ ਲੇਖਕ ਨੂੰ ਅਤੇ 25 ਹਜ਼ਾਰ ਰੁਪਏ ਅਨੁਵਾਦਕ ਨੂੰ ਦਿੱਤੇ ਜਾਂਦੇ ਹਨ।

ਯਾਦ ਰਹੇ ਕਿ ਬੁਕਰ ਇਨਾਮ ਇਨਾਮ 1969 ਵਿਚ ਆਰੰਭ ਕੀਤਾ ਗਿਆ ਸੀ। ਉਸ ਵਕਤ ਇਸ ਦਾ ਨਾਂ 'ਗਲਪ ਲਈ ਬੁਕਰ ਇਨਾਮ' (ਬੁਕਰ ਪ੍ਰਾਈਜ਼ ਫਾਰ ਫਿਕਸ਼ਨ) ਰੱਖਿਆ ਗਿਆ ਸੀ। ਇਹ ਨਾਂ 2001 ਤੱਕ ਚਲਾਇਆ ਗਿਆ। ਇਸ ਤੋਂ ਇਸ ਦਾ ਨਾਂ ਬਦਲ ਕੇ 'ਮੈਨ ਬੁਕਰ ਇਨਾਮ' (ਮੈਨ ਬੁਕਰ ਪ੍ਰਾਈਜ਼) ਕਰ ਦਿੱਤਾ ਗਿਆ ਪਰ 2019 ਵਿਚ ਇਸ ਦਾ ਇਕ ਵਾਰ ਫਿਰ ਬਦਲ ਕੇ ਬੁਕਰ ਇਨਾਮ (ਬੁਕਰ ਪ੍ਰਾਈਜ਼) ਰੱਖ ਲਿਆ ਗਿਆ।






ਸਾਲ 2022 ਦਾ ਕੌਮਾਂਤਰ ਬੁਕਰ ਇਨਾਮ ਜਿੱਤਣ ਵਾਲੀ ਭਾਰਤੀ ਲੇਖਕਾ ਗੀਤਾਂਜਲੀ ਸ਼੍ਰੀ, ਹਿੰਦੀ ਵਿਚ ਲਿਖਿਆ ਉਸ ਦਾ ਨਾਵਲ 'ਰੇਤ ਸਮਾਧੀ' ਅਤੇ ਅੰਗਰੇਜ਼ੀ ਵਿਚ ਅਨੁਵਾਦ ਨਾਵਲ 'ਟੌਂਬ ਆਫ ਸੈਂਡ' ਜਿਸ ਨੂੰ ਬੁਕਰ ਇਨਾਮ ਮਿਲਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਅਕਤੂਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-606



**ਮਾਂ-ਬਾਪ ਖੇਤਾਂ ਨੂੰ ਤੁਰ ਗਏ, ਘਰ ਛੱਡ ਕੇ ਧੀ ਨਿਆਣੀ,**
**ਰੋਟੀ ਟੁੱਕ ਨੂੰ ਕਹਿ ਗਏ ਨੇ, ਲੈ ਆਵੀਂ ਨੀਂ ਧੀ ਸਿਆਣੀ।**
**ਨੰਗੀਂ ਪੈਰੀਂ ਛੋਹਲੇ-ਛੋਹਲੇ, ਸਿਰ ਚੁੱਕ ਟੋਕਰੀ ਤੁਰ ਪਈ,**
**ਕਰ ਮੁਸ਼ੱਕਤ ਥੱਕੇ ਹੋਣੇ ਨੇ, ਵਿਚ ਖਿਆਲਾਂ ਦੇ ਖੁੱਭ ਗਈ।**

## ਕੈਪਸ਼ਨ ਮੁਕਾਬਲਾ-604



ਨੀਂਦ ਨਾ ਭਾਲੇ ਲੇਫ਼ ਤਲਾਈ,
ਨਾ ਮੰਜਾ ਨਾ ਬਿਸਤਰ,
ਝੱਟ ਆ ਢਾਵੇ ਆਪ ਮੁਹਾਰੇ,
ਐਸੀ ਹੈ ਇਹ ਕਲੰਦਰ।
ਅਨਭੋਲ ਬੈਠਾ ਹੋ ਮਜਬੂਰ,
ਤੰਗੀ ਤੁਰਛੀ ਦਿਨ ਕੱਟੇ,
ਸਬਜ਼ੀ ਰੱਖ ਪਟੜੀ ਲਾਈ,
ਸ਼ਾਵਾ! ਕੁੱਝ ਤਾਂ ਵੱਟੇ ਖੱਟੇ।
*-ਸੇਵਾ ਸਿੰਘ 'ਨੂਰਪੁਰੀ'*

---

ਅੱਖਾਂ 'ਚ ਨੀਂਦਰ
ਸੁਪਨਿਆਂ ਨੇ ਭਰੀ ਉਡਾਰੀ
ਮਜਬੂਰੀ ਨੇ ਘੇਰੀ ਨੰਨ੍ਹੀ ਜਿੰਦ ਵਿਚਾਰੀ।
ਤੱਪੜ ਵਿਛਾ ਬੂਹੇ 'ਚ ਕੀਤਾ
ਸਬਜ਼ੀ ਦਾ ਕਾਰੋਬਾਰ।
ਸੋਹਣੇ ਲੀੜੇ ਤੇ ਜੁੱਤੇ ਪਹਿਨੇ ਭਾਵੇਂ
ਛੋਟਾ ਹੀ ਵਪਾਰ।
ਢਿੱਡ ਦੀ ਖ਼ਾਤਰ ਹੱਥੀਂ ਮਿਹਨਤ
ਮੰਨਿਆ ਬੜੀ ਜ਼ਰੂਰੀ।
ਫਤਾ ਨਹੀਂ ਕਿਉਂ?
ਅੱਖੋਂ ਪਰੋਖੇ ਬਾਲ ਮਜ਼ਦੂਰੀ।
*-ਹਰਜੋਤ ਕੌਰ ਮਹੇਸ਼ਪੁਰਾ*
*ਫੋਨ: 734-883-6704*

ਭੋਲਾ ਬਚਪਨ ਲੰਮੀ ਸੋਚੇ
ਮੈਂ ਵੀ ਕੁੱਝ ਕਮਾਵਾਂ।
ਗੁਜ਼ਾਰਾ ਚਲਦਾ ਰੱਖਣ ਖਾਤਰ
ਮੈਂ ਵੀ ਹਿੱਸਾ ਪਾਵਾਂ।
ਪਰ ਨੀਂਦ ਨਾ ਛੱਡੇ ਖਹਿੜਾ
ਮੈਂ ਕਿੱਧਰ ਨੂੰ ਜਾਵਾਂ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਰੇੜੀ-ਫੜੀ ਬਣਾ ਘਰ ਮੂਹਰੇ,
ਬੱਚਾ ਪੱਟੜੀ ਉੱਤੇ ਬਿਠਾਇਆ।
ਸਬਜ਼ੀ ਵੇਚਣੀ ਭੁੱਲਿਆ,
ਜਦੋਂ ਨੀਂਦ ਆ ਘੇਰਾ ਪਾਇਆ।
ਹਮ-ਉਮਰਾਂ ਦੇ ਨਾਲ ਜਾ ਰਲਿਆ,
ਘਰ ਆਪਣੇ ਦੇ ਛੱਡ ਝਮੇਲੇ
ਵਣਜ-ਵਪਾਰ ਭੁੱਲ ਗਿਆ ਸਾਰੇ,
ਸੁਪਨੇ ਵਿਚ ਯਾਰਾਂ ਸੰਗ ਖੇਲੇ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਪਲੈਟੋ ਨੇ ਠਕਿ ਕਿਹਾ
ਆਦਮੀ ਜੰਮਦਿਆਂ ਤਾਂ ਆਜ਼ਾਦ ਹੁੰਦਾ
ਪਰ ਅੱਜ ਹਰ ਪਾਸੇ
ਉਹ ਜਕੜਿਆ ਹੋਇਆ ਹੈ
ਖੇਡਣ, ਪੜ੍ਹਨ, ਅੱਲ੍ਹੀ ਉਮਰੇ
ਕਿਉਂ ਕਰਨਾ ਪਿਆ ਹੈ ਕੰਮ
ਮਜਬੂਰੀ ਸਿਰ ਚੜ੍ਹ ਹੈ ਬੋਲਦੀ
ਜੇ ਭੁੱਖਾ ਢਿੱਡ ਨਾ ਹੁੰਦਾ
ਤਾਂ ਕਰਦਾ ਕਦੇ ਨਾ ਮਜ਼ਦੂਰੀ।
ਖੁੰਝਿਆ ਹੈ ਅਨੁਸ਼ਾਸਨ ਤੋਂ
ਕਿਉਂ ਹੈ ਅਜੇ ਬੱਚਾ
ਵਿਊਪਾਰੀ ਨਹੀਂ ਬਣਿਆ
ਗਲ ਪਿਆ ਢੋਲ ਵਜਾਉਣਾ
ਵੀ ਐਨਾ ਸੌਖਾ ਨਹੀਂ ਹੁੰਦਾ।
*-ਦਰਸ਼ਨ ਪਾਲ ਦੋਸਾਂਝ*

# ਪੁਰਾਣੇ ਤੋਂ ਨਵੇਂ ਸੰਸਦ ਭਵਨ ਤੱਕ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਕੇਂਦਰ ਦੀ ਵਰਤਮਾਨ ਸਰਕਾਰ ਨੇ ਇੱਕ ਬਹੁਤ ਚੰਗਾ ਕੰਮ ਇਹ ਕੀਤਾ ਹੈ ਕਿ ਨਵੀਂ ਦਿੱਲੀ ਵਿਚ ਪੁਰਾਣੇ ਸੰਸਦ ਭਵਨ ਤੇ ਇੰਡੀਆ ਗੇਟ ਦੇ ਨੇੜੇ ਨਵੇਂ ਸੰਸਦ ਭਵਨ ਦੀ ਉਸਾਰੀ ਕੀਤੀ ਹੈ। ਦੇਸ਼ ਦੀ ਲਗਾਤਾਰ ਵਧ ਰਹੀ ਆਬਾਦੀ ਤੇ ਉਨ੍ਹਾਂ ਦੇ ਪ੍ਰਤੀਨਿਧਾਂ ਦੀ ਵਧ ਰਹੀ ਗਿਣਤੀ 1947 ਤੋਂ ਪਹਿਲਾਂ ਸਿਰਜੇ ਸੰਸਦ ਭਵਨ ਲਈ ਕਾਫੀ ਨਹੀਂ ਸੀ। ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਦਬੜੂੰ ਘੁਸੜੂੰ ਕਰਕੇ ਸਮਾਉਂਦੇ ਸਨ।

ਇੱਕ ਹੋਰ ਚੰਗੀ ਗੱਲ ਇਹ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਰਾਣੇ ਭਵਨ ਵਿਚ ਦਿੱਤੇ ਆਪਣੇ 52 ਮਿੰਟ ਦੇ ਲੰਮੇ ਭਾਸ਼ਣ ਵਿਚ ਇਸਨੂੰ ਸਾਬਕਾ ਪ੍ਰਧਾਨ ਮੰਤਰੀਆਂ ਦੀ ਵਿਰਾਸਤ ਕਹਿੰਦੇ ਸਮੇਂ ਜਵਾਹਰ ਲਾਲ ਨਹਿਰੂ ਤੇ ਲਾਲ ਬਹਾਦਰ ਸ਼ਾਸਤਰੀ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਜਤਾਇਆ। ਏਧਰ ਕਾਂਗਰਸ ਪ੍ਰਤੀਨਿਧ ਅਧੀਰ ਰੰਜਨ ਚੌਧਰੀ ਨੇ ਵੀ ਅਟਲ ਬਿਹਾਰੀ ਵਾਜਪਾਈ ਦੇ ਯੋਗਦਾਨ ਨੂੰ ਉਚੇਚੇ ਤੌਰ 'ਤੇ ਯਾਦ ਕੀਤਾ। ਨਿਸ਼ਚੇ ਹੀ ਦੋਨਾਂ ਧਿਰਾਂ ਦਾ ਇਹ ਪੈਂਤੜਾ ਕਿਸੇ ਹੱਦ ਤੱਕ 2024 ਵਿਚ ਹੋਣ ਵਾਲੀਆਂ ਚੋਣਾਂ ਤੋਂ ਪ੍ਰੇਰਤ ਸੀ। ਫੇਰ ਵੀ ਇਸਦਾ ਸਵਾਗਤ ਕਰਨਾ ਬਣਦਾ ਹੈ।

ਏਸੇ ਤਰ੍ਹਾਂ ਵਰਤਮਾਨ ਸਰਕਾਰ ਵਲੋਂ ਨਵੇਂ ਸੰਸਦ ਭਵਨ ਵਿਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਪਹਿਲ ਦੇਣਾ ਤੇ ਕਾਂਗਰਸ ਪਾਰਟੀ ਵਲੋਂ ਇਸਦੀ ਬਿਨਾ ਸ਼ਰਤ ਹਮਾਇਤ ਕਰਨ ਦਾ ਐਲਾਨ ਕਰਨਾ ਮੌਕੇ ਦੀ ਸੰਜੀਦਗੀ ਦੇ ਹਾਣ ਦਾ ਸੀ।

ਮਾੜੀ ਗੱਲ ਇਹ ਕਿ ਇਸ ਉਤੇ ਪਹਿਰਾ ਨਹੀਂ ਦਿੱਤਾ ਗਿਆ। ਰਾਜ ਕਰ ਰਹੀ ਧਿਰ ਵਿਰੋਧੀ ਧਿਰ ਨੂੰ ਏਨਾ ਵੀ ਮਾਣ ਦੇਣ ਲਈ ਤਿਆਰ ਨਹੀਂ ਕਿ ਇਸ ਰਾਖਵਾਂਕਰਨ ਦੇ ਯਤਨ 1996, 1998, 2008 ਤੇ 2010 ਵਿਚ ਵੀ ਹੁੰਦੇ ਆਏ ਹਨ।

ਜਦੋਂ ਵਿਰੋਧੀ ਧਿਰ ਦੇ ਨੇਤਾ ਮਲਿਕਅਰਜੁਨ ਖੜਗੇ ਨੇ ਕੇਵਲ ਇਸ ਬਿੱਲ ਵਿਚ ਓ ਬੀ ਸੀ ਨੂੰ ਬਾਹਰ ਰੱਖਣ 'ਤੇ ਮਾਮੂਲੀ ਜਿਹਾ ਖਦਸ਼ਾ ਪ੍ਰਗਟ ਕੀਤਾ ਤਾਂ ਵਿੱਤ ਮੰਤਰੀ ਨਿਰਮਲ ਸੀਤਾ ਰਮਨ ਗਰਮਾ- ਗਰਮ ਬਹਿਸ ਉਤੇ ਉਤਰ ਆਈ। ਉਹ ਇਹ ਵੀ ਭੁੱਲ ਗਈ ਕਿ ਨਰਿੰਦਰ ਮੋਦੀ ਨੇ ਨਵੇਂ ਸੰਸਦ ਭਵਨ ਵਿਚ ਨਵੀਂ ਭਾਵਨਾ ਨੂੰ ਪਹਿਲ ਦੇਣ ਦੀ ਭਾਵਨਾ ਜਤਾਈ ਸੀ। ਮੋਦੀ ਦਾ ਇਹ ਕਹਿਣਾ ਵੀ ਭੁੱਲ ਗਈ ਕਿ ਇਹ ਭਾਰਤੀ ਲੋਕਤੰਤਰ ਵਿਚ ਹੀ ਸੰਭਵ ਹੈ ਕਿ ਉਹਦੇ ਵਰਗਾ ਰੇਲਵੇ ਸਟੇਸ਼ਨ 'ਤੇ ਕੰਮ ਕਰਦਾ ਨੌਜਵਾਨ ਵੀ ਦੇਸ਼ ਦਾ ਪ੍ਰਧਾਨ ਮੰਤਰੀ ਬਣ ਸਕਦਾ ਹੈ।



**ਮਹਿੰਦਰ ਸਿੰਘ ਸਰਨਾ ਨੂੰ ਚੇਤੇ ਕਰਦਿਆਂ**

25 ਸਤੰਬਰ ਨੂੰ ਰਾਵਲਪਿੰਡੀ ਦੇ ਜੰਮਪਲ ਤੇ ਪ੍ਰਸਿੱਧ ਪੰਜਾਬੀ ਲੇਖਕ ਮਹਿੰਦਰ ਸਿੰਘ ਸਰਨਾ ਨੇ ਸੌ ਸਾਲ ਦਾ ਹੋ ਜਾਣਾ ਸੀ। ਉਹ ਇੰਡੀਅਨ ਆਡਿਟ ਐਂਡ ਅਕਾਊਂਟਸ ਸਰਵਿਸ ਦਾ ਅਧਿਕਾਰੀ ਸੀ ਤੇ ਅਕਾਊਂਟੈਂਟ ਜਨਰਲ ਦੀ ਉਪਾਧੀ ਤੱਕ ਪਹੁੰਚਿਆ। ਮੇਰੀ ਪਹਿਲੀ ਸਰਕਾਰੀ ਨੌਕਰੀ ਸਮੇਂ ਉਹ ਮੇਰਾ ਵੱਡਾ ਅਫਸਰ ਸੀ। ਮੈਂ ਪੇਅ ਐਂਡ ਅਕਾਊਂਟਸ ਆਫਿਸ ਅਕਬਰ ਰੋਡ, ਨਵੀਂ ਦਿੱਲੀ ਵਿਚ ਅੱਪਰ ਡਿਵੀਜ਼ਨ ਕਲਰਕ ਸਾਂ ਤੇ ਉਹ ਉਸ ਦਫਤਰ ਦਾ ਮੁਖੀ। ਉਸਨੇ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਦੋ ਮਹਾਕਾਵਿ, ਚਾਰ ਨਾਵਲ ਤੇ 11 ਕਹਾਣੀ ਸੰਗ੍ਰਹਿ। ਮਹਿੰਦਰ ਸਿੰਘ ਸਰਨਾ ਅਣਥੱਕ ਰਚਨਾਕਾਰ ਸੀ। ਉਸਨੇ 'ਸਾਕਾ ਜਿਨ ਕੀਆ', 'ਪਾਉਂਟਾ' ਤੇ 'ਅਬ ਜੂਝਨ ਕੋ ਚਾਓ' ਵਰਗੇ ਮਹਾਕਾਵਿ ਹੀ ਨਹੀਂ ਰਚੇ 'ਪੀੜਾਂ-ਮੱਲੇ ਰਾਹ', 'ਕਾਂਗਾਂ ਤੇ ਕੰਢੇ' 'ਨੀਲਾ ਗੁਲਾਬ' ਤੇ 'ਸੂਹਾ ਰੰਗ ਮਜੀਠ ਦਾ' ਨਾਂ ਦੇ ਚਾਰ ਨਾਵਲਾਂ ਤੋਂ ਬਿਨਾ 'ਪਸਰਦੇ ਆਦਮੀ', 'ਸ਼ਗਨ ਭਰੀ ਸਵੇਰ' 'ਸੁਪਨਿਆਂ ਦੀ ਸੀਮਾ', 'ਵੰਝਲੀ ਤੇ ਵਿਲਕਣੀ', 'ਛਵ੍ਹੀਆਂ ਦੀ ਰੁੱਤ', 'ਕਲਿੰਗ', 'ਕਾਲਾ ਬੱਦਲ ਕੂਲੀ ਧੁੱਪ', 'ਸੂਹਾ ਸਾਲੂ ਸੂਹਾ ਗੁਲਾਬ', 'ਸੁੰਦਰ ਘਾਟੀ ਦੀ ਸਹੁੰ', 'ਨਵੇਂ ਯੁਗ ਦੇ ਵਾਰਸ', 'ਔਰਤ ਈਮਾਨ' ਆਦਿ ਦਰਜਣ ਭਰ ਕਹਾਣੀ-ਸੰਗ੍ਰਹਿ ਵੀ ਪੰਜਾਬੀ ਸਾਹਿਤ ਦੇ ਵੱਡੇ ਖਜ਼ਾਨੇ ਦਾ ਹਿੱਸੇ ਬਣਾਏ।

ਇਹ ਗੱਲ ਵੱਖਰੀ ਹੈ ਕਿ ਉਹ ਕਹਾਣੀ ਦੇ ਖੇਤਰ ਵਿਚ ਕੁਲਵੰਤ ਸਿੰਘ ਵਿਰਕ ਜਿੰਨਾ ਪ੍ਰਸਿੱਧ ਨਹੀਂ ਹੋਇਆ। ਉਸਦਾ ਵੱਡਾ ਕਾਰਨ, ਸ਼ਾਇਦ, ਇਹ ਸੀ ਕਿ ਮਨੁੱਖ ਵਜੋਂ ਉਹ ਬੜਾ ਸੰਗਾਊ ਸੀ ਤੇ ਬਹੁਤਾ ਮਿਲਾਪੜਾ ਵੀ ਨਹੀਂ ਸੀ।

ਉਹਦੇ ਦਫ਼ਤਰ ਵਿਚ ਅਫਸਰਾਂ, ਰਾਜ ਸਰਕਾਰਾਂ ਤੇ ਰਿਆਸਤਾਂ ਤੋਂ ਰਾਜ ਸਰਕਾਰਾਂ ਬਣਨ ਵਾਲੇ ਅਮਲੇ ਦੀਆਂ ਤਨਖਾਹਾਂ ਤੇ ਸਫਰੀ ਭੱਤੇ ਦੇ ਬਿੱਲ ਪਾਸ ਕਰਨ ਨਾਲ ਸਬੰਧ ਰਖਦਾ ਸੀ। ਖਾਸ ਕਰਕੇ ਸਫਰੀ ਭੱਤੇ ਦੇ ਬਿੱਲਾਂ ਨਾਲ। ਅਸੀਂ ਕਲਰਕ ਲੋਕਾਂ ਨੇ ਬਿੱਲ ਪਾਸ ਕਰਦੇ ਸਮੇਂ ਇਹ ਵੇਖਣਾ ਹੁੰਦਾ ਸੀ ਕਿ ਸਫਰ ਦਾ ਕਾਰਨ ਠੀਕ ਤਰ੍ਹਾਂ ਲਿਖਿਆ ਹੁੰਦਾ ਸੀ ਜਾਂ ਨਹੀਂ। ਜਾਂ ਫੇਰ ਕਿਸੇ ਨੇ ਟਰੈਵਲਿੰਗ ਐਲਾਊਂਸ ਵੱਧ ਤਾਂ ਨਹੀਂ ਭਰਿਆ ਹੋਇਆ।

ਅਸੀਂ ਆਰ ਆਈ ਓ (ਰਿਟਰਨਡ ਇਨ ਓਰੀਜਨਲ) ਲਿਖ ਕੇ ਕਾਰਨ ਦਸਦੇ ਸਮੇਂ ਲਿਖਦੇ ਹੁੰਦੇ ਸਾਂ ਕਿ ਇਸ ਬਿਲ ਵਿਚ ਕਿੰਨੇ ਪੈਸੇ ਵੱਧ ਕਲੇਮ ਕੀਤੇ ਗਏ ਹਨ।

ਬਹੁਤੇ ਬਿੱਲਾਂ ਵਿਚ ਇਹ ਕਲੇਮ ਚਾਰ-ਛੇ ਰੁਪਏ ਹੀ ਵੱਧ ਹੁੰਦਾ ਸੀ ਅਤੇ ਅਜਿਹੇ ਬਿੱਲ ਨੂੰ ਸੋਧ ਲਈ ਭੇਜਦੇ ਸਮੇਂ ਦਫਤਰ ਨੇ ਰਜਿਸਟਰਡ ਪਾਰਸਲ ਭੇਜਣਾ ਹੁੰਦਾ ਸੀ ਤੇ ਸੋਧ ਪਿੱਛੋਂ ਵਾਪਸ ਕਰਨ ਵਾਲੇ ਵੀ ਰਜਿਸਟਰੀ ਹੀ ਕਰਾਉਂਦੇ ਸਨ। ਦੋਨਾਂ ਧਿਰਾਂ ਵੱਲੋਂ ਰਜਿਸਟਰੀਆਂ ਉੱਤੇ ਕਲੇਮ ਕੀਤੇ ਪੈਸਿਆਂ ਨਾਲੋਂ ਵੱਧ ਲੱਗ ਜਾਂਦੇ ਸਨ।

ਮੇਰੇ ਮਨ ਵਿਚ ਆਈ ਕਿ ਰਜਿਸਟਰੀਆਂ ਦੇ ਖਰਚੇ ਤੋਂ ਬਿਨਾ ਬਿੱਲਾਂ ਦੀ ਭੇਜ ਭਜਾਈ ਕਾਰਨ ਵੀ 15-20 ਦਿਨ ਦੀ ਦੇਰੀ ਹੁੰਦੀ ਹੈ। ਕਿਉਂ ਨਾ ਉਨ੍ਹਾਂ ਦੇ ਵਾਧੂ ਪੈਸੇ ਖੁਦ ਹੀ ਕੱਟ ਕੇ ਬਿੱਲ ਪਾਸ ਕਰ ਦਿੱਤੇ ਜਾਣ। ਵਾਪਸ ਭੇਜਦੇ ਸਮੇਂ ਰਾਜ ਸਰਕਾਰਾਂ ਤੇ ਰਿਆਸਤੀ ਅਮਲੇ ਦੀ ਜਾਣਕਾਰੀ ਲਈ ਕੱਟਣ ਦਾ ਕਾਰਨ ਲਿਖ ਦਿੱਤਾ ਜਾਵੇ।

ਅਜਿਹਾ ਕੀਤਿਆਂ ਬਿੱਲ ਭਰਨ ਵਾਲਿਆਂ ਦਾ ਸਮਾਂ ਤੇ ਪੈਸੇ ਬਚ ਸਕਦੇ ਸਨ ਤੇ ਸਾਡੇ ਦਫ਼ਤਰ ਵਲੋਂ ਪਾਸ ਕਰਨ ਦੇ ਵੀ।

ਮੈਂ ਇਹ ਗੱਲ ਸਿੱਧੀ ਸੁਪਰਇਨਟੈਂਡੈਂਟ ਨਾਲ ਕੀਤੀ ਤਾਂ ਉਸਨੇ ਮੇਰੀ ਗੱਲ ਨਹੀਂ ਗੌਲੀ। ਉਸਦੀ ਦਲੀਲ ਇਹ ਸੀ ਕਿ ਚੰਗਾ ਭਲਾ ਕੰਮ ਚੱਲ ਰਿਹਾ ਸੀ। ਦਖਲ ਦੇਣ ਦੀ ਕੋਈ ਲੋੜ ਨਹੀਂ।

ਮੇਰੇ ਕੋਲੋਂ ਰਿਹਾ ਨਹੀਂ ਗਿਆ। ਮੈਂ ਸਿੱਧਾ ਵੱਡੇ ਅਫਸਰ ਮਹਿੰਦਰ ਸਿੰਘ ਸਰਨਾ ਕੋਲ ਗਿਆ ਤੇ ਆਪਣੀ ਦਲੀਲ ਉਹਦੇ ਨਾਲ ਸਾਂਝੀ ਕੀਤੀ। ਉਹ ਚੁਪ ਕਰ ਕੇ ਮੇਰੇ ਚਿਹਰੇ ਵੱਲ ਵੇਖਦਾ ਰਿਹਾ। ਘੰਟੀ ਵਜਾਈ ਤੇ ਸੁਪਰਇਨਟੈਂਡੈਂਟ ਨੂੰ ਸੱਦ ਲਿਆ। ਮੈਂ ਸਰਨਾ ਨੂੰ ਇਹ ਨਹੀਂ ਸੀ ਦੱਸਿਆ ਕਿ ਉਸ ਨੇ ਮੇਰੀ ਗੱਲ ਨਹੀਂ ਸੀ ਗੌਲੀ।

''ਕੀ ਤੁਸੀਂ ਐਨੀ ਗੱਲ ਲਈ ਬਿੱਲ ਪਾਸ ਨਹੀਂ ਕਰਦੇ ਤੇ ਲੋਟਾ ਦਿੰਦੇ ਹੋ?''

ਸਰਨਾ ਨੇ ਸਹਿਜ ਨਾਲ ਕਿਹਾ। ਮੈਨੂੰ ਉਥੇ ਬੈਠ ਵੇਖ ਸੁਪਰਇਨਟੈਂਡੈਂਟ ਸਮਝ ਗਿਆ ਕਿ ਮਾਮਲਾ ਕੀ ਹੈ।

''ਅੱਗੇ ਤੋਂ ਨਹੀਂ ਕਰਾਂਗੇ ਜਨਾਬ'' ਉਸਨੇ ਖਿਮਾ ਮੰਗੀ।''

ਸਰਨਾ ਦੇ ਸੁਪਰਇਨਟੈਂਡੈਂਟ ਨੂੰ ਤਾਂ ਜਾਣ ਦਿੱਤਾ। ਪਰ ਮੇਰੇ ਨਾਲ ਬਿੱਲਾਂ ਦੀ ਥਾਂ ਮੇਰੇ ਰੁਝੇਵਿਆਂ ਦੀਆਂ ਗੱਲਾਂ ਕਰਦਾ ਰਿਹਾ। ਦੋ ਕੱਪ ਚਾਹ ਦੇ ਮੰਗਵਾ ਕੇ। ਉਹ ਥੋੜ੍ਹੇ ਸ਼ਬਦਾਂ ਤੇ ਬਹੁਤੇ ਰੁਅਬ ਵਾਲਾ ਬੰਦਾ ਸੀ। ਉਸ ਤੋਂ ਪਿੱਛੋਂ ਮੈਂ 4-5 ਮਹੀਨੇ ਹੀ ਉਸ ਦਫਤਰ ਵਿਚ ਰਿਹਾ। ਵੱਡੇ ਅਫਸਰ ਸਰਨਾ ਦੇ ਚਹੇਤੇ ਵਜੋਂ।

ਅੰਤਿਕਾ

—ਸੁਰਜੀਤ ਪਾਤਰ—

ਕਦੀ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ
ਐਵੇਂ ਲੰਘ ਜਾਨੈ, ਪਾਣੀ ਕਦੀ 'ਵਾ ਬਣ ਕੇ
ਜਦੋਂ ਮਿਲਿਆ ਸੀ, ਹਾਣਦਾ ਸੀ ਸਾਂਵਲਾ ਜਿਹਾ
ਜਦੋਂ ਜੁਦਾ ਹੋਇਓਂ, ਤੁਰ ਗਿਓਂ ਖੁਦਾ ਬਣ ਕੇ।

# ਜੇ ਖਤ ਦਾ ਮਜ਼ਮੂਨ ਮਾੜਾ ਲੱਗੇ ਤਾਂ ਡਾਕੀਏ ਨੂੰ ਨਹੀਂ ਮਾਰੀਦਾ

ਕਹਿੰਦੇ ਹਨ ਕਿ ਜੇ ਖਤ ਦਾ ਮਜ਼ਮੂਨ ਮਾੜਾ ਲੱਗੇ ਤਾਂ ਡਾਕੀਏ ਨੂੰ ਨਹੀਂ ਮਾਰੀਦਾ! ਠੇਠ ਪੇਂਡੂ ਪੰਜਾਬੀ ਵਿਚ ਇਸ ਨੂੰ ਜ਼ਰਾ ਹੋਰ ਤਰ੍ਹਾਂ ਕਿਹਾ ਜਾਂਦੈ-ਜੇ ਮਹਿੰ/ਮੱਝ ਨਾ ਮਿਲੇ ਤਾਂ ਕੱਟੇ ਦੀਆਂ ਲੱਤਾਂ ਨਹੀਂ ਭੰਨੀਦੀਆਂ! ਅੰਗਰੇਜ਼ੀ, ਜਿਸ ਨਾਲ ਸੱਤਧਾਰੀ ਭਾਜਪਾ ਨੂੰ ਓਨੀ ਹੀ ਐਲਰਜੀ ਹੈ ਜਿੰਨੀ ਕਿ 'ਇੰਡੀਆ ਗੱਠਜੋੜ' ਦੇ ਸ਼ਬਦ 'ਇੰਡੀਆ' ਨਾਲ, ਵਿਚ ਇਸ ਨੂੰ 'ਸ਼ੂਟਿੰਗ ਦਾ ਮੈਸੇਂਜਰ' (ਸੰਦੇਸ਼-ਵਾਹਕ ਉਪਰ ਨਿਸ਼ਾਨਾ ਸੇਧਣਾ) ਕਿਹਾ ਜਾਂਦੈ! (ਇਸ ਐਲਰਜੀ ਕਾਰਨ ਹੀ ਤਾਂ ਅਗਲਿਆਂ ਨੇ 'ਇੰਡੀਆ, ਜੋ ਕਿ ਭਾਰਤ ਹੈ...'



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਵਾਲੇ ਸੰਵਿਧਾਨਕ ਵਾਕ-ਅੰਸ਼ ਦਾ ਥਾਂ ਥਾਂ ਸਰਕਾਰੀ ਤੌਰ ਉਪਰ ਸ਼ਬਦ 'ਭਾਰਤ' ਦੀ ਵਰਤੋਂ ਕਰ ਕੇ, ਇਸ ਦੇ ਅੰਗਰੇਜ਼ੀ ਵਾਲੇ ਭਾਗ ਦਾ ਭੋਗ ਹੀ ਪਾ ਦਿੱਤੈ ਤੇ ਹੁਣ ਪੂਰੀ ਸੰਭਾਵਨਾ ਹੈ ਕਿ ਸੰਸਦ ਦੇ ਵਿਸ਼ੇਸ਼ ਇਜਲਾਸ ਵਿਚ ਇਸ ਉਪਰ ਰਸਮੀ ਮੋਹਰ ਲਗਾ ਦਿੱਤੀ ਜਾਵੇਗੀ-ਮੋਹਰ ਤਾਂ ਲੱਗਣੀ ਹੀ ਹੋਈ ਕਿਉਂਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਆਸ.ਐਸ.). , ਜੋ ਭਾਜਪਾ ਸਮੇਤ 36 ਹਿੰਦੂ 'ਭਰਾਤਰੀ ਸੰਗਠਨਾਂ' ਦੀ ਮਾਂ ਹੈ, ਨੇ ਸਾਫ ਸਾਫ ਕਹਿ ਦਿੱਤੈ ਕਿ ਦੇਸ਼ ਦੇ ਦੋ ਨਾਵਾਂ ਦੀ ਕੋਈ ਤੁਕ ਨਹੀਂ, ਇਕੋ ਨਾਮ ਭਾਰਤ ਹੀ ਹੋਵੇਗਾ)।

ਖੈਰ, ਅਸੀਂ ਉਪਰੋਕਤ ਮੁਹਾਵਰਾ/ਮੁਹਾਵਰੇ ਮਨੀਪੁਰ ਦੀ ਪੁਲਿਸ ਵਲੋਂ ਭਾਰਤ ਦੀਆਂ ਅਖ਼ਬਾਰਾਂ ਦੇ ਸੰਪਾਦਕਾਂ ਦੀ ਸਿਰਮੌਰ ਜਥੇਬੰਦੀ 'ਐਡੀਟਰਜ਼ ਗਿਲਡ ਆਫ ਇੰਡੀਆ' ਦੀ ਪ੍ਰਧਾਨ ਸਮੇਤ ਚਾਰ ਮੈਂਬਰਾਂ ਵਿਰੁੱਧ ਕੇਸ ਦਰਜ ਕਰਨ ਕਰਕੇ ਵਰਤਿਆ/ਵਰਤੇ ਹੈ/ਹਨ। ਆਹ ਤਾਂ ਭਲਾ ਹੋਵੇ ਸੁਪਰੀਮ ਕੋਰਟ ਦਾ ਜਿਸ ਨੇ ਇਨ੍ਹਾਂ ਮੈਂਬਰਾਂ ਨੂੰ ਵਕਤੀ ਰਾਹਤ ਦੇ ਦਿੱਤੀ ਨਹੀਂ ਤਾਂ ਇਹ ਚਾਰੇ ਅੰਦਰ ਹੋਣੇ ਸੀ। ਧਾਰਾ ਵੀ ਭਾਰਤੀ ਦੰਡਾਵਲੀ ਦੀ 153-ਏ ਲਗਈ ਗਈ ਹੈ, ਜਿਸ ਦਾ ਅਰਥ ਹੁੰਦੈ-ਏ ਫਿਰਕਿਆਂ/ਗਰੁੱਪਾਂ ਦਰਮਿਆਨ ਧਰਮ, ਨਸਲ, ਭਾਸ਼ਾ ਆਦਿ 'ਤੇ ਆਧਾਰਤ ਦੁਸ਼ਮਣੀ ਵਧਾਉਣਾ। ਇਕ ਹੋਰ ਧਾਰਾ 200 ਵੀ ਲਗਾਈ ਗਈ ਹੈ, ਜਿਸ ਦਾ ਅਰਥ ਹੁੰਦੈ ਝੂਠੀ ਬਿਆਨਬਾਜ਼ੀ।

ਗਿਲਡ ਦੀ ਪ੍ਰਧਾਨ ਸੀਮਾ ਮੁਸਤਫਾ ਅਤੇ 3 ਕਾਰਜਕਾਰੀ ਮੈਂਬਰਾਂ ਸੰਜੇ ਕਪੂਰ, ਸੀਮਾ ਗੁਹਾ ਅਤੇ ਭਾਰਤ ਭੂਸ਼ਨ ਵਿਰੁੱਧ ਇਹ ਧਾਰਾਵਾਂ ਲਗਾਈਆਂ ਗਈਆਂ ਹਨ। ਉਨ੍ਹਾਂ ਦਾ ਦੋਸ਼ ਭਲਾ ਕੀ ਹੈ? ਮਨੀਪੁਰ ਦੀ ਨਸਲੀ ਹਿੰਸਾ ਸਬੰਧੀ ਉਥੋਂ ਦੇ ਮੀਡੀਆ ਵਲੋਂ ਰਿਪੋਰਟਿੰਗ ਬਾਰੇ ਤੱਥ ਪੇਸ਼ ਕਰਨੇ। ਸੰਪਾਦਕਾਂ ਦਾ ਇਹ ਤੱਥ-ਖੋਜ ਪੈਨਲ ਫੌਜੀ ਅਧਿਕਾਰੀਆਂ ਵਲੋਂ ਸੱਦੇ ਜਾਣ ਉਪਰੰਤ ਓਥੇ ਗਿਆ ਸੀ। 2 ਸਤੰਬਰ ਨੂੰ ਇਸ ਪੈਨਲ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਨਸਲੀ ਹਿੰਸਾ ਦੀ ਸਥਾਨਕ ਪੱਤਰਕਾਰਾਂ ਵਲੋਂ ਪੱਖਪਾਤੀ ਕਵਰੇਜ ਕੀਤੀ ਗਈ। ਮਨੀਪੁਰ ਸਰਕਾਰ ਵਲੋਂ ਇੰਟਰਨੈਟ ਉਪਰ ਪਾਬੰਦੀ ਲਗਾਉਣ ਦੀ ਆਲੋਚਨਾ ਵੀ ਕੀਤੀ ਗਈ ਅਤੇ ਮਨੀਪੁਰ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਦੀ ਭੂਮਿਕਾ ਉਪਰ ਵੀ ਸਵਾਲ ਕੀਤੇ ਗਏ।

ਲਓ ਜੀ, ਬਵਾਲ ਮਚ ਗਿਆ। ਮੱਚਣਾ ਈ ਸੀ। ਸੱਚ-ਪ੍ਰਸਤਾਂ ਨੂੰ ਬੜਾ ਸਮਝਾਇਐ ਸਾਡੇ ਸ਼ਾਇਰ ਸੁਰਜੀਤ ਪਾਤਰ ਨੇ ਕਿ 'ਏਨਾ ਸਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ,/ਚਾਰ ਕੁ ਬੰਦੇ ਰਖ ਲੈ ਮੋਢਾ ਦੇਣ ਲਈ''। ਪਰ ਕਿੱਥੇ ਜੀ, ਸੱਚ ਬੋਲਣਾ ਵੀ ਇਕ ਬੀਮਾਰੀ ਹੈ ਤੇ ਜਾਂ ਪਤਾ ਨਹੀਂ ਖੁਮਾਰੀ ਹੈ ਜੋ ਚੜ੍ਹੇ ਤਾਂ ਉਤਰਦੀ ਈ ਨਹੀਂ। ਪਰ ਸੱਚ ਕਿਤੇ ਪਚਦੈ ਤੇ ਉਹ ਵੀ ਸਰਕਾਰਾਂ ਨੂੰ? ਗੋਦੀ ਮੀਡੀਆ ਦੇ ਯੁੱਗ ਵਿਚ ਟੁੱਕਰਬੋਚਾਂ ਦੀ ਟਸ਼ਨ ਹੈ ਪਰ ਤੜਕ-ਮੜ੍ਹਕ ਵਾਲਿਆਂ ਦਾ ਵੀ ਆਪਣਾ ਹੀ ਜਸ਼ਨ ਹੈ ਤੇ ਸਿਰ 'ਤੇ ਬੱਧਾ ਰਹਿੰਦਾ ਕਫਨ ਹੈ!

ਮਨੀਪੁਰ ਦੇ ਮੁੱਖ ਮੰਤਰੀ ਨੇ 3 ਸਤੰਬਰ ਨੂੰ ਬਿਆਨ ਦਾਗ ਦਿੱਤੇ ਕਿ ਇਹ ਰਿਪੋਰਟ ਰਾਜ ਅਤੇ ਦੇਸ਼-ਵਿਰੋਧੀ ਹੈ। ਇਕ ਸਮਾਜ ਸੇਵਕ ਨੇ ਝੱਟ ਦੇਣੀ ਸ਼ਿਕਾਇਤ ਦਰਜ ਕਰਵਾ ਦਿੱਤੀ ਅਤੇ ਮਨੀਪੁਰ ਪੁਲਿਸ ਨੇ ਫਟ ਦੇਣੀ ਗਿਲਡ ਵਾਲਿਆਂ ਵਿਰੁੱਧ ਦੋ ਕੇਸ ਦਰਜ ਕਰ ਮਾਰੇ!

ਮੀਡੀਆ ਰਿਪੋਰਟਾਂ ਤਾਂ ਇਹ ਵੀ ਕਹਿੰਦੀਆਂ ਹਨ ਕਿ ਇਸ ਤੱਥ-ਖੋਜ ਰਿਪੋਰਟ ਦੇ ਛਪਣ ਉਪਰੰਤ ਮਨੀਪੁਰ ਵਿਚ ਫਿਰ ਤਣਾਅ ਹੋ ਗਿਆ ਅਤੇ ਹਜੂਮ ਨੇ ਪੈਨਲ ਦੇ ਦੋ ਮੈਂਬਰਾਂ ਦੇ ਘਰਾਂ ਅੰਦਰ ਵੜ ਕੇ ਸ਼ਰੇਆਮ ਖੁਲ੍ਹ ਕੇ ਫਰੋਲਾ ਫਰਾਲੀ ਕੀਤੀ। ਇਸ ਸਭ ਕੁਝ ਦੇ ਮੱਦੇਨਜ਼ਰ ਗਿਲਡ ਦੇ ਮੈਂਬਰਾਂ ਨੇ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਪਾਈ ਜਿਸ ਉਪਰ 6,11,15 ਸਤੰਬਰ ਨੂੰ ਸੁਣਵਾਈ ਹੋ ਚੁਕੀ ਹੈ ਤੇ ਅਗੋਂ ਜਾਰੀ ਹੈ।

ਦੇਸ਼ ਦੀ ਸਰਬ-ਉੱਚ ਅਦਾਲਤ ਦੇ ਮੁੱਖ ਨਿਆਂਧੀਸ਼ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੇ 3-ਮੈਂਬਰੀ ਬੈਂਚ ਨੇ, ਜਿਸ ਵਿਚ ਜਸਟਿਸ ਜੇ.ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਸ਼ਾਮਿਲ ਹਨ, ਨੇ ਕੇਸ ਦੀ ਸੁਣਵਾਈ ਕਰਦਿਆਂ ਗਿਲਡ ਦੇ ਮੈਂਬਰਾਂ ਨੂੰ ਗ੍ਰਿਫਤਾਰੀ ਤੋਂ ਰਾਹਤ ਦਿਤੀ ਪਰ ਉਨ੍ਹਾਂ ਦੀ ਇਸ ਪ੍ਰਾਰਥਨਾ ਕਿ ਐਫ.ਆਈ.ਆਰਜ਼ ਰੱਦ ਕੀਤੀਆਂ ਜਾਣ ਅਤੇ ਕੇਸ ਦੀ ਸੁਣਵਾਈ ਜਾਂ ਤਾਂ ਸਿਖਰਲੀ ਅਦਾਲਤ ਖੁਦ ਕਰੇ ਤੇ ਜਾਂ ਕੇਸ ਦਿੱਲੀ ਹਾਈ ਕੋਰਟ ਹਵਾਲੇ ਕੀਤਾ ਜਾਵੇ, ਉਪਰ ਸੁਣਵਾਈ ਹੋਣੀ ਹੈ।

ਪਰ ਬੈਂਚ, ਖਾਸ ਕਰਕੇ ਜਸਟਿਸ ਚੰਦਰਚੂੜ ਦੀਆਂ ਮੌਖਿਕ ਟਿੱਪਣੀਆਂ, ਬਹੁਤ ਉਤਸ਼ਾਹਵਰਧਕ ਹਨ। ਉਨ੍ਹਾਂ ਨੇ ਮਨੀਪੁਰ ਦੀ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸੋਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਸਵਾਲ ਕੀਤਾ ਕਿ ਮਹਿਜ਼ ਇਕ ਰਿਪੋਰਟ ਦੇ ਆਧਾਰ 'ਤੇ ਸੈਕਸ਼ਨ 153-ਏ ਕਿਵੇਂ ਲਗਾਇਆ ਜਾ ਸਕਦੈ? ਬੈਂਚ ਨੇ ਕਿਹਾ, 'ਆਖਿਰਕਾਰ ਇਹ ਇਕ ਰਿਪੋਰਟ ਹੀ ਤਾਂ ਹੈ। ਮੁੱਦਲਾ ਸਵਾਲ ਇਹ ਹੈ, ਜੋ ਕਿ ਉਹ (ਗਿਲਡ ਵਾਲੇ) ਦਲੀਲ ਦੇ ਰਹੇ ਹਨ, ਕਿ ਉਨ੍ਹਾਂ ਨੇ ਇਕ ਰਿਪੋਰਟ ਤਿਆਰ ਕੀਤੀ ਜੋ ਕਿ ਉਨ੍ਹਾਂ ਦੀ ਨਿੱਜੀ ਰਾਇ ਹੈ... ਇਹ ਕੋਈ ਉਨ੍ਹਾਂ ਮਾਮਲਿਆਂ 'ਚੋਂ ਨਹੀਂ ਜਿੱਥੇ ਕੋਈ ਜਣਾ ਉਸ ਥਾਂ ਹਾਜ਼ਰ ਸੀ ਅਤੇ ਉਸ ਨੇ ਕੋਈ ਜੁਰਮ ਕੀਤਾ ਸੀ'।

ਇਹ ਬੜੀ ਅਰਥਭਰਪੂਰ ਟਿੱਪਣੀ ਹੈ ਜਿਸ ਦਾ ਸਪਸ਼ਟ ਮਤਲਬ ਇਹ ਹੈ ਕਿ ਰਿਪੋਰਟ ਕੋਈ ਜੁਰਮ ਨਹੀਂ ਹੈ ਅਤੇ ਜੁਰਮ ਕਰਨ ਲਈ ਮੁਜਰਮ ਦਾ ਉਸ ਥਾਂ ਹਾਜ਼ਰ ਹੋਣਾ ਹੁੰਦੈ।

ਜਸਟਿਸ ਚੰਦਰਚੂੜ ਨੇ ਤਾਂ ਇਕ ਸੁਣਵਾਈ ਵੇਲੇ ਬੜੀ ਸਖਤ ਟਿੱਪਣੀ ਕੀਤੀ 'ਕਿ ਲਗਦੈ ਸ਼ਿਕਾਇਤ ਰਿਪੋਰਟ ਦੇ ਤੱਥਾਂ ਨੂੰ ਨਕਾਰਨ ਲਈ ਮਨੀਪੁਰ ਸਰਕਾਰ ਵਲੋਂ ਪੈਨਲ ਵਿਰੁੱਧ ਇਕ 'ਕਾਊਂਟਰ ਨੈਰੇਟਿਵ' (ਵਿਰੋਧੀ-ਬਿਆਨੀਆਂ) ਸਿਰਜਣ ਦੀ ਕਵਾਇਦ ਹੈ'। ਇਸ ਟਿੱਪਣੀ ਨੇ ਤੁਸ਼ਾਰ ਮਹਿਤਾ, ਜੋ ਕੇਸ ਨੂੰ ਮਨੀਪੁਰ ਹਾਈ ਕੋਰਟ ਵਿਚ ਤਬਦੀਲ ਕਰਨ ਉਪਰ ਜ਼ੋਰ ਦੇ ਰਿਹਾ ਸੀ, ਨੂੰ ਢੈਲਾ ਪਾ ਦਿਤਾ ਤੇ ਉਸ ਨੇ ਬੈਂਚ ਨੂੰ ਸੁਝਾਇਆ ਕਿ ਜੇ ਉਹ ਚਾਹੁਣ ਤਾਂ ਕੇਸ ਦਿੱਲੀ ਹਾਈ ਕੋਰਟ ਦੇ ਹਵਾਲੇ ਕਰ ਸਕਦੇ ਹਨ।

ਜਸਟਿਸ ਚੰਦਰਚੂੜ ਨੇ ਤਾਂ ਹੋਰ ਕਿਹਾ ਕਿ ਗਲਤ ਖਬਰਾਂ ਰੋਜ਼ ਰਿਪੋਰਟ ਹੁੰਦੀਆਂ ਹਨ ਤੇ ਕਿਸੇ ਵੀ ਲੇਖ ਵਿਚਲੀ ਝੂਠੀ ਬਿਆਨਬਾਜ਼ੀ ਕਾਰਨ 153-ਏ ਵਰਗੀ ਸਖਤ ਧਾਰਾ ਲਗਾਏ ਜਾਣ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਧਾਰਾ 200 ਤਹਿਤ ਝੂਠੀ ਬਿਆਨਬਾਜ਼ੀ ਵਾਲੀ ਧਾਰਾ ਅਸਲ ਵਿਚ ਕੋਰਟ ਵਿਚ ਕੀਤੀ ਗਈ ਝੂਠੀ ਬਿਆਨਬਾਜ਼ੀ ਨਾਲ ਸਬੰਧਤ ਹੈ।

ਗਿਲਡ ਦਾ ਵਕੀਲ ਮਨੀਪੁਰ ਵਿਚ ਕੇਸ ਦੀ ਤਬਦੀਲੀ ਕਰਨ ਦਾ ਇਸ ਦਲੀਲ ਨਾਲ ਵਿਰੋਧ ਕਰ ਰਿਹਾ ਸੀ ਕਿ ਓਥੇ ਇਨ੍ਹਾਂ ਮੈਂਬਰਾਂ ਦੀ ਸੁਰੱਖਿਆ ਨੂੰ ਖ਼ਤਰਾ ਹੈ ਅਤੇ ਇਸ ਸਬੰਧੀ ਉਸ ਨੇ ਬੈਂਚ ਨੂੰ ਦਸਿਆ ਕਿ ਮਨੀਪੁਰ ਨਾਲ ਸਬੰਧਤ ਦੋ ਮੈਂਬਰਾਂ ਦੇ ਘਰਾਂ ਵਿਚ ਹਜੂਮ ਵਲੋਂ ਘੁਸ ਕੇ ਫਰੋਲਾ-ਫਰਾਲੀ ਕੀਤੀ ਜਾ ਚੁੱਕੀ ਹੈ।

ਬੈਂਚ ਨੇ ਗਿਲਡ ਦੇ ਮੈਂਬਰਾਂ ਨੂੰ ਦਿੱਤੀ ਰਾਹਤ ਦੋ ਹਫਤੇ ਲਈ ਹੋਰ ਵਧਾ ਦਿੱਤੀ ਅਤੇ ਹਦਾਇਤ ਕੀਤੀ ਕਿ ਤਦ ਤਕ ਉਨ੍ਹਾਂ ਖ਼ਿਲਾਫ਼ ਕੋਈ ਵੀ ਬਲਪੂਰਵਕ ਕਾਰਵਾਈ ਨਾ ਕੀਤੀ ਜਾਵੇ। ਬੈਂਚ ਨੇ ਸ਼ਿਕਾਇਤ ਕਰਤਾ ਨੂੰ ਵੀ ਹਦਾਇਤ ਕੀਤੀ ਕਿ ਉਹ ਗਿਲਡ ਦੀ ਪਟੀਸ਼ਨ ਸਬੰਧੀ ਜਵਾਬ ਦੋ ਹਫਤਿਆਂ ਵਿਚ ਦਾਇਰ ਕਰੇ। ਕੇਸ ਨੂੰ ਦਿੱਲੀ ਹਾਈ ਕੋਰਟ ਵਿਚ ਸ਼ਿਫਟ ਕਰਨ ਜਾਂ ਨਾ ਕਰਨ ਸਬੰਧੀ ਫੈਸਲਾ ਅਗਲੀ ਸੁਣਵਾਈ 'ਤੇ ਛੱਡ ਦਿੱਤਾ।

'ਮੀ ਲੌਰਡ'! ਸੱਚੀ, ਨਿਰਪੱਖ ਤੇ ਨਿਡਰ ਪੱਤਰਕਾਰੀ ਬੜੇ ਖ਼ਤਰੇ ਵਿਚ ਹੈ। ਥਾਂ ਥਾਂ ਪਰਚੇ ਦਰਜ ਹੋ ਰਹੇ ਹਨ, ਦੇਸ਼-ਵਿਰੋਧੀ ਹੋਣ ਦੇ ਇਲਜ਼ਾਮ ਲਗਾਏ ਜਾ ਰਹੇ ਹਨ ਤੇ ਕਈ ਤਾਂ ਸਚਿਆਰੇ ਕਲਮ-ਯੋਧਿਆਂ ਨੂੰ ਹਿੰਸਾ ਦਾ ਵੀ ਸਾਹਮਣਾ ਕਰਨਾ ਪੈ ਰਿਹੈ।

ਵਕਾਰੀ ਗਿਲਡ ਦੇ ਮਾਣਯੋਗ ਮੈਂਬਰਾਂ ਵਿਰੁੱਧ ਦਰਜ ਕੇਸ ਖਾਰਜ ਕੀਤਾ ਜਾਵੇ, ਵਰਨਾ 'ਸਾਂਚ ਕੋ ਆਂਚ ਨਹੀਂ' ਵਾਲੇ ਹਿੰਦੀ ਮੁਹਾਵਰੇ ਨੂੰ ਮਿਹਣਾ ਵੱਜੂ। ਪ੍ਰੈਸ ਦੀ ਆਜ਼ਾਦੀ ਨੂੰ ਖ਼ਤਰਾ ਹੋਰ ਵਧੂ, ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਮੌਲਿਕ ਅਧਿਕਾਰਾਂ ਉਪਰ ਵੀ ਪ੍ਰਸ਼ਨ ਚਿੰਨ੍ਹ ਲਗੂ।

ਤੱਥ-ਖੋਜ ਪੈਨਲ ਵਾਲਿਆਂ ਤਾਂ ਤੱਥ-ਆਧਾਰਤ ਰਿਪੋਰਟ ਹੀ ਪੇਸ਼ ਕੀਤੀ ਹੈ ਅਤੇ ਤੱਥ-ਖੋਜ ਵੀ ਫੌਜ ਦੇ ਕਹਿਣ ਉਪਰੰਤ ਕੀਤੀ ਹੈ।

ਜੇ ਐਫ.ਆਈ.ਆਰਜ਼. ਖਾਰਜ ਨਾ ਹੋਈਆਂ ਤਾਂ ਇਹ ਤਾਂ ਫਿਰ ਓਹੀ ਗਲ ਹੋਊ ਕਿ 'ਖਾਧਾ ਪੀਤਾ ਕੁਝ ਨਹੀਂ, ਗਲਾਸ ਟੁਟਾ, ਬਾਰਾਂ ਆਨੇ'!

ਉਂਝ ਵੀ, ਆਜ਼ਾਦੀ ਦੇ ਇਸ 75ਵੇਂ 'ਅੰਮ੍ਰਿਤ ਕਾਲ' ਦੌਰਾਨ ਐਨਾ ਕੁ ਤਾਂ ਬਣਦਾ ਈ ਐ ਕਿ ਨਿਰਪੱਖ ਪੱਤਰਕਾਰੀ ਦੇ ਹਿੱਸੇ ਵੀ ਇਸ ਅੰਮ੍ਰਿਤ ਦੀਆਂ ਕੁਝ ਕੁ ਬੂੰਦਾਂ ਤਾਂ ਆਉਣ!

ਇਥੇ ਸਾਨੂੰ ਮਿਰਜ਼ਾ ਮੁਹੰਮਦ ਰਫੀ 'ਸੌਦਾ' ਦਾ ਸ਼ੇਅਰ ਯਾਦ ਆ ਰਿਹੈ-

''ਗੁਲ ਫੈਂਕੇ ਹੈਂ ਔਰੋਂ ਕੀ ਤਰਫ ਬਲਕਿ ਸਮਰ* ਭੀ,
ਐ ਖਾਨਾ-ਬਰ-ਅੰਦਾਜ਼-ਏ-ਚਮਨ** ਕੁਛ ਤੋ ਇਧਰ ਭੀ''!

-*ਫਲ, **ਸ਼ਾਹ-ਖਰਚ/ਉਜਾੜੂ ਬਾਗ਼ਬਾਂ

# ਹਰਦੀਪ ਸਿੰਘ ਨਿੱਝਰ ਦੀ ਮੰਦਭਾਗੀ ਹੱਤਿਆ ਅਤੇ ਭਾਰਤੀ ਖ਼ੁਫੀਆ ਏਜੰਸੀਆਂ!

## ਸਿੱਖ ਭਾਈਚਾਰੇ ਨੂੰ ਸਖਤ ਚੌਕਸੀ ਦੀ ਲੋੜ!

***ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਮਾਮਲਾ ਸਾਰੇ ਸਿੱਖ ਭਾਈਚਾਰੇ ਵਿਚ ਚਿੰਤਾ ਅਤੇ ਵਿਵਾਦ ਦਾ ਮਸਲਾ ਬਣਿਆ ਹੋਇਆ ਹੈ, ਅਮਰੀਕਾ ਦੇ ਸੀਨੀਅਰ ਨੇਤਾਵਾਂ ਨੇ ਕੈਨੇਡੀਅਨ ਰਾਸ਼ਟਰਪਤੀ ਜਸਟਿਨ ਟਰੂਡੋ ਦੀ ਪਿੱਠ ਪੂਰ ਕੇ ਇਸ ਨੂੰ ਹੋਰ ਵੀ ਵਿਵਾਦਪੂਰਨ ਅਤੇ ਸ਼ੱਕੀ ਬਣਾ ਦਿੱਤਾ ਹੈ। ਇਸ ਸਾਰੇ ਮਸਲੇ 'ਤੇ ਹਰਚਰਨ ਪਰਹਾਰ ਹੁਰਾਂ ਨੇ ਵਿਸਥਾਰਤ ਚਰਚਾ ਕੀਤੀ ਹੈ ਅਤੇ ਕੁਝ ਸੰਜੀਦਾ ਕਿੰਤੂ ਉਠਾਏ ਹਨ, ਜਿਹੜੇ ਅੱਗੋਂ ਹੋਰ ਗੰਭੀਰ ਵਿਚਾਰ-ਚਰਚਾ ਦੀ ਮੰਗ ਕਰਦੇ ਹਨ। ਪਾਠਕਾਂ ਦੇ ਪ੍ਰਤੀਕਰਮਾਂ ਦਾ ਸਵਾਗਤ ਕੀਤਾ ਜਾਵੇਗਾ।***

18 ਸਤੰਬਰ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਪਾਰਲੀਮੈਂਟ ਵਿਚ ਇਕ ਬਿਆਨ ਦੇ ਕੇ ਸਾਰੀ ਦੁਨੀਆਂ ਵਿਚ ਸਨਸਨੀ ਫੈਲਾ ਦਿੱਤੀ ਕਿ 18 ਜੂਨ, 2023 ਨੂੰ ਸਰੀ ਦੇ ਇੱਕ ਗੁਰਦੁਆਰੇ ਦੀ ਪਾਰਕਿੰਗ ਲਾਟ ਵਿਚ ਅਣਪਛਾਤੇ ਹਮਲਾਵਰਾਂ ਵਲੋਂ ਮਾਰੇ ਗਏ ਖਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ ਹੋ ਸਕਦਾ ਹੈ। ਪ੍ਰਧਾਨ ਮੰਤਰੀ ਟਰੂਡੋ ਦੀ ਸਟੇਟਮੈਂਟ ਜੇ ਸੱਚ ਹੈ ਤਾਂ ਅਸੀਂ ਇਸਦੀ ਭਰਪੂਰ ਨਿੰਦਾ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ



**ਹਰਚਰਨ ਸਿੰਘ ਪਰਹਾਰ**
**ਫੋਨ:** 403-681-8689
**ਈਮੇਲ:** hparharwriter@gmail.com

ਕੈਨੇਡੀਅਨ ਪੁਲਿਸ ਤੇ ਏਜੰਸੀਆਂ ਜਲਦ ਹੀ ਕਾਤਲਾਂ ਤੇ ਸਾਜ਼ਿਸ਼ਕਾਰਾਂ ਨੂੰ ਗ੍ਰਿਫਤਾਰ ਕਰ ਕੇ ਸਖਤ ਸਜ਼ਾਵਾਂ ਦਿਵਾਉਣਗੀਆਂ। ਅਸੀਂ ਸ਼ੁਰੂ ਤੋਂ ਹਰ ਤਰ੍ਹਾਂ ਦੀ ਸਰਕਾਰੀ ਤੇ ਗੈਰ-ਸਰਕਾਰੀ ਹਿੰਸਾ ਤੇ ਨਫਰਤ ਦੀ ਨਿੰਦਾ ਕਰਦੇ ਰਹੇ ਹਾਂ। ਸਾਡਾ ਇਹ ਮੰਨਣਾ ਹੈ ਕਿ ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦੀ।

ਪ੍ਰਧਾਨ ਮੰਤਰੀ ਟਰੂਡੋ ਦੀ ਪਾਰਲੀਮੈਂਟ ਵਿਚ ਦਿੱਤੀ ਦੋ ਲਾਈਨਾਂ ਦੀ ਸਟੇਟਮੈਂਟ ਇਸ ਤਰ੍ਹਾਂ ਸੀ: Canadian security Agencies have been Actively pursuing credible allegations of a potential link between agents of the Government of India and the killing of a Canadian citizen, Hardeep Singh Nijjar ਜਿਸਦਾ ਪੰਜਾਬੀ ਤਰਜ਼ਮਾ ਇਸ ਤਰ੍ਹਾਂ ਹੈ: 'ਕੈਨੇਡੀਅਨ ਸੁਰੱਖਿਆ ਏਜੰਸੀਆਂ ਭਾਰਤ ਸਰਕਾਰ ਦੇ ਏਜੰਟਾਂ ਅਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਰਮਿਆਨ ਸੰਭਾਵੀ ਸਬੰਧਾਂ ਦੇ ਭਰੋਸੇਯੋਗ ਦੋਸ਼ਾਂ ਦੀ ਸਰਗਰਮੀ ਨਾਲ ਪੈਰਵੀ ਕਰ ਰਹੀਆਂ ਹਨ'। ਜੇ ਇਸ ਸਟੇਟਮੈਂਟ ਨੂੰ ਬਰੀਕੀ ਨਾਲ ਵਿਚਾਰਿਆ ਜਾਵੇ ਤਾਂ ਟਰੂਡੋ ਸਾਹਿਬ ਨੇ ਕਿਤੇ ਵੀ ਅਜਿਹਾ ਨਹੀਂ ਕਿਹਾ ਕਿ ਸਾਡੇ ਕੋਲ ਇਸ ਕਤਲ ਸਬੰਧੀ ਭਾਰਤੀ ਏਜੰਸੀਆਂ ਦੇ ਸ਼ਾਮਿਲ ਹੋਣ ਦੇ ਕੋਈ ਪੁਖ਼ਤਾ ਸਬੂਤ ਹਨ? ਇਸ ਸਟੇਟਮੈਂਟ ਦਾ ਭਾਵ ਇਹ ਬਣਦਾ ਹੈ ਕਿ ਜਿਹੜੇ ਭਰੋਸੇਯੋਗ ਇਲਜ਼ਾਮ ਭਾਰਤੀ ਏਜੰਸੀਆਂ 'ਤੇ ਲੱਗੇ ਸਨ, ਉਨ੍ਹਾਂ ਦੀ ਕੈਨੇਡੀਅਨ ਸੁਰੱਖਿਆ ਏਜੰਸੀਆਂ ਸਰਗਰਮੀ ਨਾਲ ਜਾਂਚ ਕਰ ਰਹੀਆਂ ਹਨ? ਸਵਾਲ ਇਹ ਉਠਦਾ ਹੈ ਕਿ ਕੀ ਇਹ ਭਰੋਸੇਯੋਗ ਇਲਜ਼ਾਮ ਕੈਨੇਡੀਅਨ ਏਜੰਸੀਆਂ ਨੇ ਲਗਾਏ ਸਨ ਜਾਂ ਕੈਨੇਡੀਅਨ ਸਰਕਾਰ ਨੇ? ਪਿਛਲੇ ਤਿੰਨ ਮਹੀਨਿਆਂ ਵਿਚ ਪੁਲਿਸ, ਏਜੰਸੀਆਂ ਜਾਂ ਕੈਨੇਡਾ ਸਰਕਾਰ ਨੇ ਕਿਤੇ ਵੀ ਅਜਿਹੇ ਇਲਜ਼ਾਮ ਨਹੀਂ ਲਗਾਏ ਸਨ? ਫਿਰ ਇਲਜ਼ਾਮ ਕਿਸ ਨੇ ਲਗਾਏ ਸਨ, ਜਿਨ੍ਹਾਂ ਦੀ ਏਜੰਸੀਆਂ ਜਾਂਚ ਕਰ ਰਹੀਆਂ ਹਨ? ਪਬਲੀਕਲੀ ਅਜਿਹੇ ਭਰੋਸੇਯੋਗ ਇਲਜ਼ਾਮ ਪਹਿਲੇ ਦਿਨ ਤੋਂ ਹੀ ਨਿੱਝਰ ਦੀਆਂ ਸਮਰਥਕ ਖਾਲਿਸਤਾਨੀ ਧਿਰਾਂ ਹੀ ਲਗਾ ਰਹੀਆਂ ਸਨ। ਕੀ ਫਿਰ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਖਾਲਿਸਤਾਨੀ ਧਿਰਾਂ ਵਲੋਂ ਲਗਾਏ ਜਾ ਰਹੇ ਇਲਜ਼ਾਮਾਂ ਦੇ ਆਧਾਰ 'ਤੇ ਹੀ ਟਰੂਡੋ ਨੇ ਇਹ ਬਿਆਨ ਦੇ ਦਿੱਤਾ? ਪਿਛਲੇ 3 ਮਹੀਨਿਆਂ ਵਿਚ ਕਤਲ ਕੇਸ ਦੀ ਜਾਂਚ ਕਰ ਰਹੀ ਟੀਮ ਨੇ ਕਿਤੇ ਵੀ ਅਜਿਹਾ ਸੰਕੇਤ ਨਹੀਂ ਦਿੱਤਾ ਸੀ ਕਿ ਉਹ ਅਜਿਹੇ ਇਲਜ਼ਾਮਾਂ ਦੀ ਜਾਂਚ ਕਰ ਰਹੀਆਂ ਸਨ ਜਾਂ ਉਨ੍ਹਾਂ ਕੋਲ ਕਾਤਲਾਂ ਬਾਰੇ ਕੋਈ ਜਾਣਕਾਰੀ ਹੈ। ਨਾ ਹੀ ਜਾਂਚ ਟੀਮ ਨੇ ਕਿਸੇ ਨੂੰ ਸ਼ੱਕ ਦੇ ਆਧਾਰ 'ਤੇ ਪੁਛਗਿੱਛ ਲਈ ਗ੍ਰਿਫਤਾਰ ਹੀ ਕੀਤਾ ਹੈ। ਫਿਰ ਅਜਿਹਾ ਕੀ ਹੋਇਆ ਕਿ ਭਾਰਤ ਵਿਚ ਹੋਈ ਜੀ-20 ਦੇਸ਼ਾਂ ਦੀ ਮੀਟਿੰਗ ਤੋਂ ਬਾਅਦ ਕੈਨੇਡਾ ਆਉਂਦੇ ਹੀ ਟਰੂਡੋ ਸਾਹਿਬ ਨੂੰ ਪਾਰਲੀਮੈਂਟ ਵਿਚ ਬਿਨਾਂ ਠੋਸ ਸਬੂਤਾਂ ਦੇ ਅਜਿਹਾ ਬਿਆਨ ਦੇਣਾ ਪਿਆ? ਹੁਣ ਹਫਤਾ ਬੀਤਣ ਤੋਂ ਬਾਅਦ ਵੀ ਸਾਰੀ ਦੁਨੀਆਂ ਦੇ ਪੁੱਛਣ 'ਤੇ ਵੀ ਕੈਨੇਡਾ ਸਰਕਾਰ ਜਾਂ ਕੋਈ ਵੀ ਕੈਨੇਡੀਅਨ ਏਜੰਸੀ ਅਜਿਹੇ ਕੋਈ ਸਬੂਤ ਪੇਸ਼ ਨਹੀਂ ਕਰ ਸਕੀ ਅਤੇ ਸਿਰਫ ਇਹੀ ਕਿਹਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਜਾਂਚ ਵਿਚ ਸਹਿਯੋਗ ਦੇਵੇ। ਜਾਂਚ ਵਿਚ ਸਹਿਯੋਗ ਦੇ ਦੋ ਮਤਲਬ ਹੋ ਸਕਦੇ ਹਨ, ਇੱਕ, ਸਾਡੇ ਕੋਲ ਸਬੂਤ ਨਹੀਂ, ਤੁਸੀਂ ਕਾਤਲਾਂ ਨੂੰ ਫੜਾਉਣ ਵਿਚ ਸਾਡਾ ਸਹਿਯੋਗ ਕਰੋ ਤੇ ਦੂਜਾ ਕਿ ਸਾਡੇ ਕੋਲ ਸਬੂਤ ਤਾਂ ਨਹੀਂ, ਤੁਸੀਂ ਸਾਡੇ ਵਲੋਂ ਲਾਏ ਇਲਜ਼ਾਮਾਂ ਨੂੰ ਸੱਚ ਮੰਨ ਲਓ।

ਪਿਛਲੇ ਹਫਤੇ ਤੋਂ ਇਸ ਕੇਸ ਸਬੰਧੀ ਕੈਨੇਡਾ ਤੇ ਭਾਰਤ ਪੱਖੀ ਦੋਨੋਂ ਧਿਰਾਂ ਇਸ ਕੇਸ ਨੂੰ ਆਪਣੀ-ਆਪਣੀ ਸਮਝ ਤੇ ਹਿੱਤਾਂ ਅਨੁਸਾਰ ਪੇਸ਼ ਕਰ ਰਹੀਆਂ ਹਨ। ਇਸ ਮਸਲੇ ਦੀ ਤੀਜੀ ਪ੍ਰਮੁੱਖ ਖਾਲਿਸਤਾਨੀ ਧਿਰ, ਹੁਣ ਪੂਰੀ ਤਰ੍ਹਾਂ ਚੁੱਪ ਹੈ। ਉਨ੍ਹਾਂ ਨੂੰ ਇਸ ਗੱਲ ਦੀ ਹੀ ਤਸੱਲੀ ਹੈ ਕਿ ਕੈਨੇਡਾ ਤੇ ਅਮਰੀਕਾ ਵਰਗੀ ਮਹਾਂ ਸ਼ਕਤੀ, ਅਸੂਲੀ ਅਤੇ ਇਖਲਾਕੀ ਪੈਂਤੜਾ ਲੈਂਦਿਆਂ, ਉਨ੍ਹਾਂ ਦੇ ਹੱਕ ਅਤੇ ਭਾਰਤ ਦੀ ਮੋਦੀ ਹਕੂਮਤ ਵਿਰੁੱਧ ਖੜ੍ਹ ਗਈ ਹੈ? ਉਨ੍ਹਾਂ ਨੂੰ ਇਸ ਵਿਚੋਂ ਹੀ ਖਾਲਿਸਤਾਨ ਦੇ ਸੰਘਰਸ਼ ਲਈ ਵੱਡੀ ਪ੍ਰਾਪਤੀ ਦਿਸ ਰਹੀ ਹੈ। ਇਸ ਦੌਰਾਨ ਭਾਰਤ ਸਰਕਾਰ ਨੇ ਨਿੱਝਰ ਕਤਲ ਕੇਸ ਵਿਚ ਕਿਸੇ ਤਰ੍ਹਾਂ ਦੀ ਵੀ ਸ਼ਮੂਲੀਅਤ ਨੂੰ ਮੁੱਢੋਂ ਰੱਦ ਕਰਦੇ ਹੋਏ, ਇਸਨੂੰ 'ਬੇਹੂਦਾ ਇਲਜ਼ਾਮਬਾਜ਼ੀ' (absurd allegations) ਕਰਾਰ ਦਿੱਤਾ ਹੈ। ਇਸ ਸਬੰਧੀ ਬੇਸ਼ਕ ਰਾਜਸੀ ਖੇਤਰਾਂ ਤੇ ਮੀਡੀਆ ਵਿਚ ਵੱਖ-ਵੱਖ ਤਰ੍ਹਾਂ ਦੇ ਵਿਚਾਰ ਆ ਰਹੇ ਹਨ, ਪਰ ਉਨ੍ਹਾਂ ਵਿਚੋਂ ਕੈਨੇਡਾ ਦੇ ਸੂਬੇ ਬੀ.ਸੀ. ਦੇ ਪ੍ਰੀਮਅਰ ਡੇਵਿਡ ਏਬੀ ਦੀ ਪ੍ਰੈਸ ਸਟੇਟਮੈਂਟ ਬਹੁਤ ਮਹੱਤਵਪੂਰਨ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪਾਰਲੀਮੈਂਟ ਵਿਚ ਅਨਾਊਂਸਮੈਂਟ ਤੋਂ ਪਹਿਲਾਂ ਕੈਨੇਡੀਅਨ ਖੁਫੀਆ ਏਜੰਸੀ ਸੀਸਿਸ (CSIS) ਦੇ ਡਾਇਰੈਕਟਰ ਵਲੋਂ ਉਨ੍ਹਾਂ ਨੂੰ ਇਸ ਕੇਸ ਵਿਚ ਜੋ ਜਾਣਕਾਰੀ ਦਿੱਤੀ ਗਈ ਸੀ, ਉਸ ਤੋਂ ਮੈਨੂੰ ਬਹੁਤ ਨਿਰਾਸ਼ਾ ਹੋਈ ਕਿਉਂਕਿ ਉਸ ਜਾਣਕਾਰੀ ਵਿਚ ਅਜਿਹਾ ਕੁਝ ਵੀ ਤੱਥ ਭਰਪੂਰ ਨਹੀਂ ਸੀ। ਇਹ ਜਾਣਕਾਰੀ ਕੋਈ ਵੀ ਗੂਗਲ 'ਤੇ ਸਰਚ ਕਰ ਕੇ ਕੱਢ ਸਕਦਾ ਹੈ। ਯਾਦ ਰਹੇ ਪ੍ਰੀਮੀਅਰ ਡੇਵਿਡ ਏਬੀ ਕਿੱਤੇ ਵਜੋਂ ਵਕੀਲ, ਲਾਅ ਪ੍ਰੋਫੈਸਰ ਤੇ ਬੀਸੀ ਦੇ ਅਟਾਰਨੀ ਜਨਰਲ ਵੀ ਰਹੇ ਹਨ। ਜਿਨ੍ਹਾਂ ਨੂੰ ਕਾਨੂੰਨ ਦੀਆਂ ਸਾਰੀਆਂ ਬਰੀਕੀਆਂ ਦਾ ਪਤਾ ਹੈ। ਇਸ ਤੋਂ ਇਲਾਵਾ ਇਕ ਹੋਰ ਮਹੱਤਵਪੂਰਨ ਜਾਣਕਾਰੀ ਅਮਰੀਕਾ ਸਰਕਾਰ ਦੇ ਕੈਨੇਡਾ ਸਥਿਤ ਅੰਬੈਸਡਰ ਡੇਵਿਡ ਕੋਹੇਨ ਵਲੋਂ ਦਿੱਤੀ ਗਈ: "There was shared intelligence Among 'five eyes' partners that helped lead Canada to (make) the statements that the prime minister made," U.S, ambassador David Cohen told Canadian CTV News Network. ਇਸ ਸਟੇਟਮੈਂਟ ਅਨੁਸਾਰ ਅਮਰੀਕਾ ਨੇ ਪੰਜ ਆਈਜ਼ ਰਾਹੀਂ ਇਕੱਠੀ ਕੀਤੀ ਜਾਣਕਾਰੀ ਕੈਨੇਡਾ ਸਰਕਾਰ ਨਾਲ ਸਾਂਝੀ ਕੀਤੀ ਸੀ, ਜਿਸ ਦੇ ਆਧਾਰ 'ਤੇ ਮਿ. ਟਰੂਡੋ ਨੇ ਪਾਰਲੀਮੈਂਟ ਵਿਚ ਬਿਆਨ ਦਿੱਤਾ। ਇਸ ਜਾਣਕਾਰੀ ਵਿਚ ਕੁਝ ਵਿਅਕਤੀਆਂ ਦੀ ਇਸ ਕਤਲ ਸਬੰਧੀ ਸ਼ੱਕੀ ਗੱਲਬਾਤ ਅਤੇ ਕੁਝ ਫੋਨ ਟੇਪਿੰਗ ਜਾਂ ਕਿਸੇ ਹੋਰ ਇਲੈਕਟ੍ਰੌਨਿਕ ਢੰਗ ਨਾਲ ਸ਼ੱਕੀ ਜਾਣਕਾਰੀ ਇਕੱਠੀ ਕੀਤੀ ਗਈ ਸੀ? ਕੀ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਕੈਨੇਡੀਅਨ ਏਜੰਸੀਆਂ ਕੋਲ ਇਸ ਸਬੰਧੀ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ ਤੇ ਟਰੂਡੋ ਸਾਹਿਬ ਨੇ ਅਮਰੀਕਨ ਏਜੰਸੀਆਂ ਵਲੋਂ ਸ਼ੱਕੀ ਇਲਜ਼ਾਮਾਂ ਦੀ ਜਾਣਕਾਰੀ ਦੇ ਆਧਾਰ 'ਤੇ ਪਾਰਲੀਮੈਂਟ ਵਿਚ ਬਿਆਨ ਦੇ ਦਿੱਤਾ? ਇਸੇ ਜਾਣਕਾਰੀ ਦੀ ਪੁਸ਼ਟੀ ਕਰਦਿਆਂ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਅਤੇ ਸੈਕਟਰੀ ਆਫ ਸਟੇਟ ਐਨਟੋਨੀ ਬਲਿੰਕਨ ਵਲੋਂ ਟਰੂਡੋ ਦੀ ਪਿੱਠ 'ਤੇ ਆ ਜਾਣ ਨੇ ਇਸ ਸਭ ਕੁਝ ਨੂੰ ਸ਼ੱਕ ਦੇ ਘੇਰੇ ਵਿਚ ਲੈ ਆਂਦਾ ਹੈ। ਕੀ ਇਸ ਤੋਂ ਸਪੱਸ਼ਟ ਨਹੀਂ ਕਿ ਟਰੂਡੋ ਨੂੰ ਸਾਰੀ ਜਾਣਕਾਰੀ ਦਿੱਤੀ ਹੀ ਅਮਰੀਕਨ ਖੁਫੀਆ ਤੰਤਰ ਵਲੋਂ ਸੀ? ਅਮਰੀਕਾ ਕੋਲ ਇਹ ਜਾਣਕਾਰੀ ਕਿੱਥੋਂ ਆਈ? ਕੀ ਅਮਰੀਕਨ ਏਜੰਸੀਆਂ ਕੈਨੇਡਾ ਵਿਚ ਭਾਰਤੀ ਅੰਬੈਸੀਆਂ ਦੀ ਜਾਸੂਸੀ ਕਰਦੀਆਂ ਸਨ? ਕੀ



***ਅਮਰੀਕਾ ਦੇ ਸੈਕਟਰੀ ਆਫ ਸਟੇਟ ਐਨਟੋਨੀ ਬਲਿੰਕਨ***

ਅਜਿਹਾ ਕਰਨਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਨਹੀਂ? ਜਦੋਂ ਕਿ ਕੈਨੇਡੀਅਨ ਏਜੰਸੀਆਂ ਕੋਲ ਅਜਿਹੀ ਕਿਸੇ ਜਾਣਕਾਰੀ ਦਾ ਸੁਰਾਗ ਵੀ ਨਹੀਂ ਸੀ? ਕੀ ਹੁਣ ਕੈਨੇਡਾ ਸਰਕਾਰ ਵਿਦੇਸ਼ੀ ਦਖਲ ਵਾਲੀ ਜਾਂਚ ਵਿਚ ਅਮਰੀਕਾ ਨੂੰ ਵੀ ਸ਼ਾਮਿਲ ਕਰੇਗਾ?

ਇਸ ਸਾਰੇ ਮਸਲੇ ਦਾ ਇਕ ਹੋਰ ਬੜਾ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਨਿੱਝਰ ਦੇ ਕਤਲ ਤੋਂ ਕੁਝ ਹਫਤੇ ਪਹਿਲਾਂ ਖੁਫੀਆ ਏਜੰਸੀਆਂ ਉਸਨੂੰ ਜਾਣਕਾਰੀ ਦਿੰਦੀਆਂ ਹਨ ਕਿ 'ਤੇਰੀ ਜਾਨ ਨੂੰ ਖਤਰਾ ਹੈ'? ਪਰ ਕਿਸ ਕੋਲੋਂ ਖਤਰਾ ਹੈ, ਇਹ ਨਹੀਂ ਦੱਸਦੀਆਂ? ਜੇ ਇਹ ਖਤਰਾ ਇਤਨਾ ਵੱਡਾ ਸੀ ਤਾਂ ਫਿਰ ਨਿੱਝਰ ਨੂੰ ਸੁਰੱਖਿਆ ਪ੍ਰਦਾਨ ਕਿਉਂ ਨਹੀਂ ਕੀਤੀ ਗਈ? ਦੂਜੇ ਪਾਸੇ ਅਮਰੀਕਨ ਖੁਫੀਆ ਏਜੰਸੀ ਐਫ ਬੀ ਆਈ, ਅਮਰੀਕਾ ਵਿਚ ਕੁਝ ਖਾਲਿਸਤਾਨੀ ਲੀਡਰਾਂ ਨੂੰ ਸੱਦ ਕੇ ਅਜਿਹੀ ਹੀ ਜਾਣਕਾਰੀ ਦਿੰਦੀ ਹੈ ਕਿ ਤੁਹਾਡੀ ਜਾਨ ਨੂੰ ਖਤਰਾ ਹੈ? ਪਰ ਕਿਸ ਕੋਲੋਂ ਅਜਿਹਾ ਨਹੀਂ ਦੱਸਿਆ ਜਾਂਦਾ..? ਪਰ ਖਾਲਿਸਤਾਨੀ ਲੀਡਰ ਆਪ ਹੀ ਅੰਦਾਜ਼ਾ ਲਗਾ ਲੈਂਦੇ ਹਨ ਕਿ ਉਨ੍ਹਾਂ ਨੂੰ ਭਾਰਤ ਤੋਂ ਬਿਨਾਂ ਹੋਰ ਖਤਰਾ ਕਿਸ ਕੋਲੋਂ ਹੋ ਸਕਦਾ ਹੈ? ਕੀ ਭਾਰਤੀ ਏਜੰਸੀਆਂ ਤੋਂ ਕਿਸੇ ਸੰਭਾਵੀ ਖਤਰੇ ਦੀਆਂ ਇਨ੍ਹਾਂ ਸੰਭਾਵਨਾਵਾਂ ਵਿਚੋਂ ਹੀ ਇਹ ਇਲਜ਼ਾਮ ਤੇ ਨਹੀਂ ਨਿਕਲੇ, ਜੋ ਟਰੂਡੋ ਸਾਹਿਬ ਨੇ ਪਾਰਲੀਮੈਂਟ ਵਿਚ ਲਗਾਏ ਹਨ? ਕੀ ਇਸ ਤੋਂ ਸ਼ੱਕ ਨਹੀਂ ਪੈਦਾ ਹੁੰਦਾ ਕਿ ਖੁਫੀਆ ਏਜੰਸੀਆਂ ਵਲੋਂ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਵਿਚ ਖਤਰੇ ਦਾ ਸਹਿਮ ਤਾਂ ਪਾਇਆ ਗਿਆ, ਪਰ ਉਨ੍ਹਾਂ ਨੂੰ ਨਾ ਕੋਈ ਸਕਿਉਰਿਟੀ ਦਿੱਤੀ ਗਈ ਤੇ ਨਾ ਹੀ ਕਿਸ ਤੋਂ ਖਤਰਾ ਬਾਰੇ ਜਾਣਕਾਰੀ ਦਿੱਤੀ ਗਈ। ਇਹ ਨਿਰਣਾ ਹੁਣ ਪਾਠਕਾਂ 'ਤੇ ਛੱਡਦੇ ਹਾਂ ਕਿ ਨਿੱਝਰ ਦੀ ਹੱਤਿਆ ਵਿਚ ਕਿਸਦਾ ਹੱਥ ਹੋ ਸਕਦਾ ਹੈ...।

ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਜੇ ਕੈਨੇਡਾ ਸਰਕਾਰ ਕੋਲ ਅਜੇ ਕੋਈ ਪੁਖਤਾ ਤੇ ਤੱਥ ਭਰਪੂਰ ਸਬੂਤ ਨਹੀਂ ਸਨ ਤਾਂ ਉਨ੍ਹਾਂ ਨੂੰ ਪਾਰਲੀਮੈਂਟ ਵਿਚ ਜਾਣ ਦੀ ਇਤਨੀ ਕਾਹਲ ਕਿਉਂ ਸੀ? ਕੀ ਅਜਿਹੀ ਜਾਣਕਾਰੀ ਕਤਲ ਦੀ ਜਾਂਚ ਕਰ ਰਹੀ ਟੀਮ ਵਲੋਂ ਨਹੀਂ ਸ਼ੇਅਰ ਕੀਤੀ ਜਾ ਸਕਦੀ ਸੀ? ਜੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਸ਼ੱਕੀ ਇਲਜ਼ਾਮਾਂ 'ਤੇ ਆਧਾਰਿਤ ਜਾਣਕਾਰੀ ਸਾਂਝੀ ਕਰ ਹੀ ਦਿੱਤੀ ਸੀ ਤਾਂ ਫਿਰ ਭਾਰਤ ਸਰਕਾਰ ਦਾ ਪੱਖ ਆਏ ਤੋਂ ਪਹਿਲਾਂ ਹੀ ਬੜੀ ਕਾਹਲੀ ਵਿਚ ਓਟਵਾ ਵਿਚ ਭਾਰਤੀ ਕੌਂਸਲੇਟ ਵਿਚ ਤਾਇਨਾਤ ਇਕ ਸੀਨੀਅਰ ਭਾਰਤੀ ਅਧਿਕਾਰੀ ਦੀ ਮੁਅੱਤਲੀ ਤੇ ਉਸਨੂੰ ਦੇਸ਼ ਛੱਡਣ ਦੇ ਹੁਕਮ ਦੇਣ ਦੇ ਕੀ ਕਾਰਨ ਸਨ? ਬੇਸ਼ਕ ਟਰੂਡੋ ਸਾਹਿਬ ਨੇ ਭਾਰਤ ਵਲੋਂ ਜਵਾਬੀ ਕਾਰਵਾਈ ਤੋਂ ਬਾਅਦ ਇਹ ਬਿਆਨ ਵੀ ਦਿੱਤੇ ਸਨ ਕਿ ਸਾਡਾ ਮਕਸਦ ਭਾਰਤ ਨੂੰ ਉਕਸਾ ਕੇ ਦੋਨਾਂ ਦੇਸ਼ਾਂ ਦੇ ਰਿਸ਼ਤੇ ਖਰਾਬ ਕਰਨਾ ਨਹੀਂ ਸੀ? ਕੀ ਅਜਿਹਾ ਪਹਿਲਾਂ ਨਹੀਂ ਸੋਚਿਆ ਗਿਆ ਸੀ ਕਿ ਅਜਿਹੀ ਭੜਕਾਹਟ ਵਾਲੀ ਕਾਰਵਾਈ ਨਾਲ ਦੋਨਾਂ ਦੇਸ਼ਾਂ ਦੇ ਸਬੰਧ ਹੀ ਨਹੀਂ ਵਿਗੜਨਗੇ, ਸਗੋਂ ਕੈਨੇਡਾ ਦੇ ਹੋਰ ਸਹਿਯੋਗੀ ਦੇਸ਼ ਵੀ ਧਰਮ ਸੰਕਟ ਵਿਚ ਫਸ ਜਾਣਗੇ? ਕੀ ਅਜਿਹਾ ਐਕਸ਼ਨ ਟਰੂਡੋ ਸਾਹਿਬ ਨੇ ਆਪਣੀ 2018 ਅਤੇ ਕੁਝ ਦਿਨ ਪਹਿਲਾਂ ਦੀ ਭਾਰਤ ਯਾਤਰਾ ਦੌਰਾਨ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੇ ਗੁੱਸੇ ਵਿਚ ਕੀਤਾ ਸੀ?

ਮਿ. ਟਰੂਡੋ ਦੇ ਪਾਰਲੀਮੈਂਟ ਵਿਚ ਦਿੱਤੇ ਬਿਆਨ ਤੇ ਭਾਰਤੀ ਡਿਪਲੋਮੈਟ ਨੂੰ ਦੇਸ਼ ਛੱਡਣ ਦੇ ਹੁਕਮਾਂ ਤੋਂ ਬਾਅਦ ਭਾਰਤ ਸਰਕਾਰ ਵਲੋਂ ਕੀਤੀ ਜਵਾਬੀ ਕਾਰਵਾਈ ਵਿਚ ਕੈਨੇਡਾ ਸਰਕਾਰ ਦੇ ਡਿਪਲੋਮੈਟ ਨੂੰ ਦੇਸ਼ ਛੱਡਣ ਦੇ ਹੁਕਮਾਂ ਤੋਂ ਇਲਾਵਾ ਕੈਨੇਡੀਅਨ ਨਾਗਰਿਕਾਂ ਨੂੰ ਨਵੇਂ ਵੀਜ਼ੇ ਇਸ਼ੂ ਕਰਨ 'ਤੇ ਪਾਬੰਧੀ ਲਗਾਉਣ ਅਤੇ ਭਾਰਤੀ ਏਜੰਸੀ ਐਨ ਆਈ ਏ ਵਲੋਂ 43 ਅਜਿਹੇ ਅਪਰਾਧੀਆਂ ਦੀ ਲਿਸਟ ਜਾਰੀ ਕੀਤੀ ਹੈ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਇਹ ਲੋਕ ਕੈਨੇਡਾ ਪਨਾਹ ਲੈ ਕੇ ਬੈਠੇ ਹਨ। ਭਾਰਤ ਸਰਕਾਰ ਵਲੋਂ ਸਖ਼ਤ ਰੁਖ ਅਖਤਿਆਰ ਕਰਦਿਆਂ, ਕੈਨੇਡਾ 'ਤੇ ਗੰਭੀਰ ਇਲਜ਼ਾਮ ਵੀ ਲਗਾਏ ਹਨ ਕਿ 'ਕੈਨੇਡਾ ਹੁਣ ਅਪਰਾਧੀਆਂ ਲਈ ਸਵਰਗ' ਬਣ ਚੁੱਕਾ ਹੈ। ਉਨ੍ਹਾਂ ਕੈਨੇਡਾ ਸਰਕਾਰ ਦੀ ਜਾਂਚ ਵਿਚ ਸਹਿਯੋਗ ਦੀ ਮੰਗ ਦੇ ਜਵਾਬ ਵਿਚ ਇਹ ਮੰਗ ਵੀ ਰੱਖ ਦਿੱਤੀ ਕਿ ਪਹਿਲਾਂ ਤੱਥ ਪੇਸ਼ ਕਰੋ ਤੇ ਨਾਲ ਹੀ ਭਾਰਤ ਸਰਕਾਰ ਦੇ ਮੁਜਰਿਮ, ਜੋ ਕੈਨੇਡਾ ਵਿਚ ਪਨਾਹ ਲਈ ਬੈਠੇ ਹਨ, ਉਨ੍ਹਾਂ ਨੂੰ ਭਾਰਤ ਹਵਾਲੇ ਕਰੋ। ਕੀ ਕੈਨੇਡਾ ਸਰਕਾਰ ਨੇ ਭਾਰਤੀ ਏਜੰਸੀਆਂ 'ਤੇ ਇਲਜ਼ਾਮ ਲਗਾਉਣ ਤੋਂ ਪਹਿਲਾਂ ਸੋਚਿਆ ਸੀ ਕਿ ਜੇ ਭਾਰਤ ਸਰਕਾਰ ਨੇ ਅਜਿਹਾ ਸਖ਼ਤ ਰੁਖ਼ ਅਖਤਿਆਰ ਕਰ ਲਿਆ ਤਾਂ ਉਸ ਸਥਿਤੀ ਵਿਚ ਸਾਡਾ ਕੀ ਜਵਾਬ ਹੋਵੇਗਾ? ਇੱਥੇ ਇਹ ਵੀ ਵਰਣਨਯੋਗ ਹੈ ਕਿ ਪਿਛਲੇ ਦਿਨੀਂ ਮਿ. ਟਰੂਡੋ ਵਲੋਂ ਯੂਕਰੇਨ ਦੇ ਰਾਸ਼ਟਰਪਤੀ ਮਿ. ਜ਼ੇਲੈਂਸਕੀ ਨੂੰ ਪਾਰਲੀਮੈਂਟ ਵਿਚ ਸੱਦ ਕੇ ਸਨਮਾਨਿਤ ਕਰਨ ਮੌਕੇ 98 ਸਾਲਾ ਯਾਰੋਸਲਾਵ ਹੁੰਕਾ ਨੂੰ ਵੀ ਸਨਮਾਨਤ ਕੀਤਾ ਗਿਆ, ਜੋ ਹਿਟਲਰ ਦੀਆਂ ਨਾਜ਼ੀ ਫੌਜਾਂ ਵਿਚ ਸ਼ਾਮਿਲ ਰਿਹਾ ਸੀ। ਜਿਨ੍ਹਾਂ ਨੇ ਦੂਜੀ ਸੰਸਾਰ ਜੰਗ ਤੋਂ ਪਹਿਲਾਂ 60 ਲੱਖ ਯਹੂਦੀ ਮਾਰ ਮੁਕਾਏ ਸਨ। ਇਸ ਸਬੰਧੀ ਕੈਨੇਡਾ ਦੇ ਮਸ਼ਹੂਰ ਅਖ਼ਬਾਰ 'ਨੈਸ਼ਨਲ ਪੋਸਟ' ਦੀ ਖ਼ਬਰ ਅਨੁਸਾਰ ਕੈਨੇਡਾ 'ਤੇ ਪਿਛਲੇ 70 ਸਾਲ ਤੋਂ ਇਲਜ਼ਾਮ ਲੱਗਦੇ ਰਹੇ ਹਨ ਕਿ ਕੈਨੇਡਾ ਜੰਗ ਦੇ ਮੁਜਰਿਮ ਨਾਜ਼ੀਆਂ ਲਈ ਸਵਰਗ ਰਿਹਾ ਹੈ ਤੇ ਕੈਨੇਡਾ ਨੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਉਣ ਵਿਚ ਹਮੇਸ਼ਾਂ ਹਿਚਕਚਾਹਟ ਦਿਖਾਈ ਹੈ। ਕੀ ਇਸ ਖ਼ਬਰ ਦੇ ਛਪਣ ਨਾਲ ਭਾਰਤ ਸਰਕਾਰ ਦੇ ਇਲਜ਼ਾਮਾਂ 'ਕੈਨੇਡਾ ਅਪਰਾਧੀਆਂ ਤੇ ਅੱਤਵਾਦੀਆਂ ਲਈ ਸਵਰਗ ਬਣ ਚੁੱਕਾ ਹੈ' ਨੂੰ ਬਲ ਨਹੀਂ ਮਿਲਿਆ ਹੈ?

ਕੈਨੇਡੀਅਨ, ਅਮਰੀਕਨ ਤੇ ਭਾਰਤੀ ਮੀਡੀਏ ਵਲੋਂ ਇਸ ਸਾਰੇ ਘਟਨਾਕ੍ਰਮ ਨੂੰ ਵੱਖ-ਵੱਖ ਪੱਖਾਂ ਤੋਂ ਵਿਚਾਰਿਆ ਜਾ ਰਿਹਾ ਹੈ। ਬਹੁਤ ਸਾਰੇ ਕੈਨੇਡੀਅਨ ਮੀਡੀਆ ਅਦਾਰਿਆਂ ਅਨੁਸਾਰ ਚੀਨ ਦੀ ਕੈਨੇਡੀਅਨ ਸਿਆਸਤ ਅਤੇ 2019 ਤੇ 2021 ਦੀਆਂ ਚੋਣਾਂ ਵਿਚ ਦਖ਼ਲ-ਅੰਦਾਜ਼ੀ ਸਬੰਧੀ 6 ਸਤੰਬਰ ਨੂੰ 'ਪਬਲਿਕ ਇਨਕੁਆਰੀ' ਕਰਨ ਨੂੰ ਇਜਾਜ਼ਤ ਦੇਣ ਤੋਂ ਬਾਅਦ ਟਰੂਡੋ ਨੇ ਆਪਣੇ ਬਚਾਅ ਲਈ ਭਾਰਤ ਦੀ ਦਖਲ-ਅੰਦਾਜ਼ੀ ਦਾ ਮੁੱਦਾ ਗਰਮਾ ਕੇ ਚੀਨ ਦੀ ਜਾਂਚ ਵਾਲੀ ਇਨਕੁਆਰੀ ਨੂੰ ਭਟਕਾਉਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਇਹ ਚਰਚਾਵਾਂ ਵੀ ਸਾਰੇ ਮੀਡੀਆ ਵਿਚ ਪ੍ਰਮੁੱਖ ਤੌਰ 'ਤੇ ਚੱਲ ਰਹੀਆਂ ਹਨ ਕਿ ਅਮਰੀਕਾ ਨੇ ਮੋਦੀ ਸਰਕਾਰ ਦੀ ਬਾਂਹ ਮਰੋੜਨ ਲਈ ਹੀ ਟਰੂਡੋ ਤੋਂ ਇਹ ਕਦਮ ਚੁਕਵਾਇਆ ਹੈ। ਕੀ ਅਮਰੀਕਾ ਮੋਦੀ ਨੂੰ ਨੀਵਾਂ ਕਰ ਕੇ ਉਸਨੂੰ ਲੰਮਾ ਪਾਉਣਾ ਚਾਹੁੰਦਾ ਹੈ ਜਾਂ ਹਰਿਆਣੇ ਵਿਚ ਨੂਹ ਜ਼ਿਲ੍ਹੇ ਦੇ ਮੁਸਲਿਮ ਵਿਰੋਧੀ ਦੰਗਿਆਂ ਤੇ ਉਸ ਤੋਂ ਪਹਿਲਾਂ ਮਨੀਪੁਰ ਵਿਚ ਇਸਾਈਆਂ ਵਿਰੁੱਧ ਦੰਗੇ ਭੜਕਾਉਣ ਦੇ ਦੋਸ਼ਾਂ ਕਾਰਨ ਨਮੋਸ਼ੀ ਨਾਲ ਪਹਿਲਾਂ ਹੀ ਲੰਮੇ ਪਏ ਮੋਦੀ ਨੂੰ ਸ਼ਹੀਦ ਬਣਾ ਕੇ ਉਸਨੂੰ 2024 ਦੀਆਂ ਚੋਣਾਂ ਵਿਚ ਨਾਇਕ ਬਣਾਉਣਾ ਚਾਹੁੰਦਾ ਹੈ? ਅਮਰੀਕਾ ਨੂੰ ਚੀਨ ਤੇ ਰੂਸ ਦਾ ਮੁਕਾਬਲਾ ਕਰਨ ਲਈ ਸਾਊਥ ਏਸ਼ੀਆ ਵਿਚ ਕੋਈ ਪੱਕਾ ਸਹਿਯੋਗੀ ਚਾਹੀਦਾ ਹੈ, ਪਰ ਯੂਕਰੇਨ ਜੰਗ, ਇਰਾਨ ਨਾਲ ਰੇੜਕੇ, ਅਫਗਾਨਿਸਤਾਨ ਆਦਿ ਅਨੇਕਾਂ ਅੰਤਰਰਾਸ਼ਟਰੀ ਮੁੱਦਿਆਂ 'ਤੇ ਭਾਰਤ ਆਪਣੀ ਆਜ਼ਾਦ ਭੂਮਿਕਾ ਨਿਭਾਉਂਦਾ ਰਿਹਾ ਹੈ, ਜੋ ਕਿ ਅਮਰੀਕਾ ਤੇ ਨਾਟੋ ਦੇਸ਼ਾਂ ਨੂੰ ਰਾਸ ਨਹੀਂ ਆ ਰਹੀ। ਜੀ-20 ਦੇਸ਼ਾਂ ਦੀ ਮੀਟਿੰਗ ਵਿਚ ਜਿੱਥੇ ਭਾਰਤ ਅਫਰੀਕਨ ਦੇਸ਼ਾਂ ਦੇ ਸੰਘ ਨੂੰ ਜੀ-20 ਦੇਸ਼ਾਂ ਵਿਚ ਸ਼ਾਮਿਲ ਕਰਾਉਣ ਵਿਚ ਸਫਲ ਰਿਹਾ ਹੈ, ਉਥੇ ਪੱਛਮੀ ਦੇਸ਼ ਇਸ ਮੀਟਿੰਗ ਵਿਚ ਯੂਕਰੇਨ ਜੰਗ ਲਈ ਰੂਸ ਖਿਲਾਫ਼ ਕੋਈ ਮਤਾ ਵੀ ਪਾਸ ਨਹੀਂ ਕਰਾ ਸਕੇ ਸਨ? ਇਹ ਵੀ ਅਫਵਾਹਾਂ ਚੱਲ ਰਹੀਆਂ ਹਨ ਕਿ 2024 ਦੀਆਂ ਚੋਣਾਂ ਵਿਚ ਮੋਦੀ ਸਰਕਾਰ ਨੂੰ ਲਾਂਭੇ ਕਰਨ ਲਈ ਇਕ ਵੱਡੀ ਗੇਮ ਖੇਡੀ ਜਾ ਰਹੀ ਹੈ। ਇਸੇ ਲੜੀ ਵਿਚ ਪਿਛਲੇ ਕਈ ਮਹੀਨਿਆਂ ਤੋਂ ਅਜਿਹੀਆਂ ਖ਼ਬਰਾਂ ਚੱਲ ਰਹੀਆਂ ਹਨ ਕਿ ਮੋਦੀ ਸਰਕਾਰ ਵਿਰੁੱਧ ਪੱਛਮੀ 'ਨਾਟੋ' ਦੇਸ਼ਾਂ ਵਲੋਂ 'ਪ੍ਰਾਪੇਗੰਡਾ ਵਾਰ ਕੰਪੇਨ' ਚਲਾਈ ਜਾ ਰਹੀ ਹੈ, ਬੇਸ਼ੱਕ ਇਸ ਵਿਚ ਬਹੁਤ ਕੁਝ ਸਚਾਈ ਵੀ ਹੋਵੇਗੀ, ਪਰ ਚੋਣਾਂ ਤੋਂ ਪਹਿਲਾਂ ਅਜਿਹਾ ਕੁਝ ਮਹਿਜ਼ ਇਤਫਾਕ ਨਹੀਂ ਮੰਨਿਆ ਜਾ ਸਕਦਾ? ਅਮਰੀਕਾ ਲਈ ਅਜਿਹਾ ਕਰਨਾ ਕੋਈ ਨਵੀਂ ਗੱਲ ਨਹੀਂ, ਪਿਛਲੇ 60-70 ਸਾਲਾਂ ਵਿਚ ਅਜਿਹੇ ਕਈ ਰਾਜ ਪਲਟੇ ਸੀ ਆਈ ਏ ਨੇ ਕਰਾਏ ਹਨ। ਜਿਨ੍ਹਾਂ ਦੇ ਖੁਲਾਸੇ ਸੀ ਆਈ ਏ ਦੇ ਅਧਿਕਾਰੀਆਂ ਦੀਆਂ ਆਪਣੀਆਂ ਕਿਤਾਬਾਂ ਵਿਚ ਦਰਜ ਹਨ। ਅਜੇ ਕੁਝ ਮਹੀਨੇ ਪਹਿਲਾਂ 1972 ਵਿਚ 'ਚਿੱਲੀ' ਦੇ ਅਮਰੀਕਾ ਵਲੋਂ ਕਰਵਾਏ ਰਾਜ ਪਲਟੇ ਦੇ ਦਸਤਾਵੇਜ 50 ਸਾਲ ਬਾਅਦ ਰਿਲੀਜ਼ ਹੋਏ ਹਨ। ਮਿ. ਨਿੱਝਰ ਦੀ ਹੱਤਿਆ ਦੁਖਦਾਈ ਹੈ ਤੇ ਇਸਦੀ ਨਿਰਪੱਖ ਜਾਂਚ ਵੀ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਪਰ ਕੀ ਸਚਮੁੱਚ ਕੈਨੇਡਾ, ਅਮਰੀਕਾ ਜਾਂ ਪੱਛਮੀ ਦੇਸ਼ਾਂ ਨੂੰ ਨਿੱਝਰ ਦੀ ਹੱਤਿਆ ਦਾ ਇਤਨਾ ਦਰਦ ਹੈ ਕਿ ਉਹ ਇੰਡੀਆ ਵਰਗੀ ਵੱਡੀ ਮੰਡੀ ਅਤੇ ਜੀਓ ਪਾਲਿਟਿਕਸ (Geopolitics) ਦੇ ਸਹਿਯੋਗੀ ਖ਼ਿਲਾਫ ਇਤਨਾ ਵੱਡਾ ਐਕਸ਼ਨ ਲੈਣਗੇ?

ਬੜੀ ਹੈਰਾਨੀ ਦੀ ਗੱਲ ਹੈ ਕਿ ਸਿੱਖ ਚਿੰਤਕ ਸ. ਅਜਮੇਰ ਸਿੰਘ ਇਸ ਵਿਸ਼ੇ 'ਤੇ ਆਪਣੀ ਵੀਡੀਓ ਵਿਚ ਕਹਿੰਦੇ ਹਨ ਕਿ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਕੁਝ ਅਸੂਲ ਹਨ, ਕੁਝ ਨੈਤਿਕ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਦੀ ਉਹ ਹਮੇਸ਼ਾਂ ਰਾਖੀ ਕਰਦੇ ਹਨ? ਅਜਮੇਰ ਸਿੰਘ ਵਰਗੇ ਪੁਰਾਣੇ ਹੰਢੇ ਵਰਤੇ ਮਾਰਕਸੀ ਚਿੰਤਕ ਨੂੰ ਕੀ ਇਹ ਵੀ ਯਾਦ ਨਹੀਂ ਕਿ ਅਮਰੀਕਨ ਖੁਫੀਆ ਤੰਤਰ ਨੇ ਸਭ ਇਖਲਾਕੀ ਕਦਰਾਂ ਨੂੰ ਛਿੱਕੇ ਟੰਗ ਕੇ ਕਿਵੇਂ ਅਫਰੀਕਨ ਦੇਸ਼ ਕਾਂਗੋ ਦੇ ਲੋਕਤੰਤਰੀ ਢੰਗ ਨਾਲ ਚੁਣੇ ਹਰਮਨ ਪਿਆਰੇ ਰਾਸ਼ਟਰਰਪਤੀ ਪੈਟਰਿਸ ਲੂਮੰਬਾ ਨੂੰ ਕਤਲ ਕਰਵਾਇਆ ਸੀ। ਉਸਦੀ ਮੌਤ ਤੋਂ ਬਾਅਦ ਸ਼ੁਰੂ ਹੋਈ ਘਰੇਲੂ ਜੰਗ ਵਿਚ 60 ਲੱਖ ਜਾਨਾਂ ਜਾਣ ਤੋਂ ਬਾਅਦ ਵੀ ਇਹ ਜਾਰੀ ਹੈ। ਬਹੁਤਾ ਦੂਰ ਕੀ ਜਾਣਾ, ਅਜੇ 2003 ਵਿਚ ਹੀ ਅਮਰੀਕਾ ਤੇ ਨਾਟੋ ਦੇਸ਼ਾਂ ਨੇ ਬਹੁਤ ਪੁਖਤਾ ਸਬੂਤਾਂ ਦੇ ਆਧਾਰ 'ਤੇ ਇਰਾਕ 'ਤੇ ਇਹ ਇਲਜ਼ਾਮ ਲਗਾ ਕੇ ਹਮਲਾ ਕੀਤਾ ਸੀ ਕਿ ਉਸ ਕੋਲ 'ਮਾਸ ਡਿਸਟਰੱਕਸ਼ਨ ਦੇ ਕੈਮੀਕਲ ਹਥਿਆਰ' (Chemical weapons of Mass Destruction) ਹਨ, ਪਰ ਸਾਰੇ ਇਰਾਕ ਦੀ ਤਬਾਹੀ ਤੇ ਲੱਖਾਂ ਲੋਕਾਂ ਦੀ ਮੌਤ ਤੋਂ ਬਾਅਦ ਕੀ ਨਿਕਲਿਆ? ਇਸੇ ਤਰ੍ਹਾਂ ਅਫਗਾਨਿਸਤਾਨ ਵਿਚ ਖੜੇ ਕੀਤੇ ਮੁਜ਼ਾਹਦੀਨਾਂ ਤੋਂ ਬਣੇ ਤਾਲਿਬਾਨਾਂ ਨਾਲ ਸਿੱਝਣ ਦੇ ਨਾਮ 'ਤੇ ਸਾਰਾ ਦੇਸ਼ ਹੀ ਬਰਬਾਦ ਨਹੀਂ ਕੀਤਾ, ਸਗੋਂ ਲੱਖਾਂ ਲੋਕ ਵੀ ਮਾਰੇ ਗਏ।

ਸਾਨੂੰ ਕੈਨੇਡਾ ਵਿਚ ਵਾਪਰੀਆਂ ਕੁਝ ਘਟਨਾਵਾਂ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਤਾਂ ਕਿ ਅਸੀਂ ਕਿਸੇ ਸਹੀ ਨਤੀਜੇ 'ਤੇ ਪਹੁੰਚ ਸਕੀਏ?

ਅਜਮੇਰ ਸਿੰਘ ਵਾਂਗੂੰ ਹੀ ਇਕ ਹੋਰ ਸਿਰਮੌਰ ਸਿੱਖ ਚਿੰਤਕ ਤੇ ਸਾਬਕਾ ਸੀਨੀਅਰ

***(ਬਾਕੀ ਅਗਲੇ ਸਫੇ 'ਤੇ)***

# ਟਰੂਡੋ ਦੇ ਬਿਆਨ ਨਾਲ ਸਿੱਖ ਇਤਿਹਾਸ ਨੇ ਨਵੀਂ ਪਲਾਂਘ ਪੁਟੀ, ਇਕ ਨਵੀਂ ਅੰਗੜਾਈ ਲਈ

## 'ਖਾਲਸਾ ਪੰਥ 'ਰਾਜਨੀਤਕ ਕੌਮ' ਬਣ ਕੇ ਉਭਰਿਆ'

***ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਆਏ ਬਿਆਨ ਨੇ ਸਿੱਖ ਸਿਆਸਤ ਵਿਚ ਹਲਚਲ ਮਚਾਈ ਹੋਈ ਹੈ। ਵੱਖ-ਵੱਖ ਸਿਆਸੀ ਵਿਸ਼ਲੇਸ਼ਕ ਇਸ ਦੇ ਵੱਖ-ਵੱਖ ਅਰਥ ਕੱਢ ਰਹੇ ਹਨ ਅਤੇ ਆਪੋ-ਆਪਣੇ ਹਿਸਾਬ ਨਾਲ ਸਮੁੱਚੇ ਹਾਲਾਤ ਦੀ ਵਿਆਖਿਆ ਕਰ ਰਹੇ ਹਨ। ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਨੇ ਇਸ ਮਸਲੇ ਬਾਰੇ ਇਹ ਟਿੱਪਣੀ 'ਪੰਜਾਬ ਟਾਈਮਜ਼' ਲਈ ਭੇਜੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।***

ਦੋਸਤੋ, ਸੱਚੀ ਗੱਲ ਇਹੋ ਹੈ ਕਿ ਜਸਟਿਨ ਟਰੂਡੋ ਦੇ ਬਿਆਨ ਨਾਲ ਖੁਸ਼ੀ ਅਤੇ ਚਿੰਤਾ ਆਸਮਾਨ ਨੂੰ ਜਾ ਲੱਗੀਆਂ ਹਨ। ਖੁਸ਼ੀ ਇਸ ਗੱਲ ਦੀ ਕਿ "ਖਾਲਿਸਤਾਨੀ ਤੇ ਸਿੱਖ" ਇਕ ਹੁੰਦੇ ਜਾ ਰਹੇ ਹਨ। ਜਿਸਨੂੰ "ਹਾਸ਼ੀਏ ਵਾਲੀ ਬਰਾਦਰੀ" ਜਾਂ ਗੁਮਰਾਹ ਹੋਏ ਲੋਕ ਕਿਹਾ ਜਾਂਦਾ ਸੀ ਜਾਂ ਮੁੱਠੀ ਭਰ ਕਹਿੰਦੇ ਹਨ, ਉਹ ਅਸਲ ਵਿਚ ਸਿੱਖ ਕੌਮ ਦੀ ਰਾਜਨੀਤਕ ਕਿਸਮਤ ਘੜ ਰਹੇ ਹਨ। ਪਰ ਇਸ ਅਲਬੇਲੀ ਤੇ ਖੁਸ਼ਗਵਾਰ ਹਾਲਤ ਨੂੰ ਬਿਆਨ ਕਰਨ ਜਾਂ ਇਸ ਖੁਸ਼ੀ ਦੇ ਹੱਕ ਵਿਚ ਖਲੋਣ ਵਾਲੀ, ਜਾਂ ਇਸ ਖੁਸ਼ੀ ਨੂੰ ਸੰਭਾਲਣ ਵਾਲੀ ਦਾਨਿਸ਼ਵਰ ਲੀਡਰਸ਼ਿਪ ਕਿਤੇ ਵੀ ਨਜ਼ਰੀਂ ਨਹੀਂ ਪੈਂਦੀ। ਜਰਮਨੀ ਦੇ ਬਜ਼ੁਰਗਾਂ ਦਾ ਸਿੱਟਾ ਇਹ ਹੈ ਕਿ ਮਾੜੀ ਕਿਸਮਤ ਅਤੇ ਚੰਗੀ ਕਿਸਮਤ ਦੋ ਬਾਲਟੀਆਂ ਹਨ ਜੋ ਇੱਕੋ ਖੂਹ ਵਿਚ ਪਈਆਂ ਹੋਈਆਂ ਹਨ। ਸਾਡੀ ਹਾਲਤ ਇਹ ਹੈ।

ਆਪਾਂ ਸਾਰੇ ਪੰਜਾਬ ਦੀ ਸਿਆਸਤ ਨਾਲ ਹੀ ਕਲੋਲ ਕਰਦੇ ਆ ਰਹੇ ਹਾਂ। ਖੂਹ ਦੇ ਰਾਜਨੀਤਕ ਡੱਡੂ ਹੀ ਬਣੇ ਰਹੇ। ਇਹ ਕੁੱਕੜ ਉਡਾਰੀ ਸੀ, ਪਰ ਟਰੂਡੋ ਨੇ ਪਹਿਲਾਂ ਆਪਣੇ ਦੇਸ਼ ਦੀ ਪਾਰਲੀਮੈਂਟ ਵਿਚ ਅਤੇ ਫਿਰ ਦੁਨੀਆਂ ਦੀ ਪਾਰਲੀਮੈਂਟ (ਯੂ ਐਨ ਓ) ਵਿਚ ਦਿੱਤੇ ਬਿਆਨ ਨਾਲ ਸਾਡੇ ਵਜੂਦ ਦਾ, ਸਾਡੀ ਵੱਖਰੀ ਹੋਂਦ ਦਾ, ਸਾਡੀ ਪ੍ਰਭੂਸੱਤਾ ਦਾ ਪ੍ਰਕਾਸ਼ ਦੁਨੀਆਂ ਵਿਚ ਕਰ ਦਿੱਤਾ।



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 99150-91063

ਪਰ ਦੁਨੀਆਂ ਨੂੰ ਸਮਝਣਾ ਇੰਨਾ ਆਸਾਨ ਨਹੀਂ। ਦਸਮੇਸ਼ ਪਿਤਾ ਦੇ ਜਾਪੁ ਸਾਹਿਬ (ਰੱਬ ਕਰੇ ਉਨ੍ਹਾਂ ਦਾ ਹੁਮਾ ਪੰਛੀ ਸਦਾ ਸਾਡੇ ਸਿਰ 'ਤੇ ਰਹੇ) ਮੁਤਾਬਿਕ 'ਕਲਾ-ਸੰਜੁਗਤ' ਲੀਡਰਸ਼ਿਪ ਚਾਹੀਦੀ ਹੈ ਜਿਸ ਵਿਚ ਸਾਰੀਆਂ ਬਾਰੀਕ ਕਲਾਵਾਂ ਦਾ ਹੁਸਨ ਹੋਵੇ, ਬਾਰੀਕ ਮਿਲਾਪ ਹੋਵੇ, ਬਾਰੀਕ ਨਿਚੋੜ ਹੋਵੇ ਅਤੇ ਬਾਰੀਕ ਕਸ਼ੀਦੀਕਰਣ ਹੋਵੇ।

ਪਰ ਬੌਧਿਕ ਕੰਗਾਲੀ, ਸਾਫ ਨਜ਼ਰ ਆ ਰਹੀ ਹੈ। ਆਪਣੀ ਹੋਂਦ ਦਾ 'ਸੁਤੰਤਰ ਬਿਰਤਾਂਤ' ਸਾਡੇ ਕੋਲ ਅਜੇ ਨਹੀਂ। ਮੰਨੋ ਭਾਵੇਂ ਨਾ ਮੰਨੋ, ਪਰ ਇਮਾਨਦਾਰ ਤੇ ਸੰਜੀਦਾ ਹੁੰਦੇ ਹੋਏ ਵੀ ਕਿਸੇ ਨਾ ਕਿਸੇ ਰੂਪ ਵਿਚ 'ਹੋਰ ਦੇ ਬਿਰਤਾਂਤ' ਦੀ ਹੀ ਅਸੀਂ ਸੇਵਾ ਕਰ ਰਹੇ ਹਾਂ। ਕੁਝ ਵੀਰ ਸੁਚੇਤ ਰੂਪ ਵਿਚ ਵੀ ਸੇਵਾ ਵਿਚ ਲੱਗੇ ਹੋਏ ਹਨ।

ਜਦੋਂ ਅਸੀਂ ਇਹ ਗੱਲਾਂ ਕਰ ਹੀ ਰਹੇ ਹਾਂ ਤਾਂ 'ਦੀਪ ਸਿੱਧੂ ਤੇ ਹੰਝੂ' ਇਕ ਥਾਂ 'ਤੇ ਇਕੱਠੇ ਹੋ ਗਏ ਹਨ। ਜੇ ਕਿਤੇ ਉਹ ਸਾਡੇ ਵਿਚ ਅੱਜ ਮੌਜੂਦ ਹੁੰਦਾ ਤਾਂ ਸਾਡੀ ਡਿਪਲੋਮੈਟਿਕ ਸਿਆਣਪ, ਕੂਟਨੀਤਕ ਸੋਚ ਦੀਆਂ ਧੁੰਮਾਂ ਅੰਤਰਰਾਸ਼ਟਰੀ ਵਿਹੜਿਆਂ ਵਿਚ ਪੈ ਜਾਣੀਆਂ ਸਨ। ਅਸੀਂ ਉਸ ਵਿੱਛੜੀ ਰੂਹ ਨੂੰ ਪਛਾਣਿਆ ਹੀ ਨਹੀਂ, ਬਸ ਈਰਖਾ ਹੀ ਈਰਖਾ ਕਰਦੇ ਰਹੇ ਤੇ ਦੂਜੇ ਨੂੰ ਹੁਣ ਅਸੀਂ ਡਿਬਰੂਗੜ੍ਹ ਜੇਲ੍ਹ ਵਿਚ ਸੁੱਟ ਦਿੱਤਾ ਹੈ।

ਜਿੰਨੇ ਵੀ ਸਿੱਖ ਲੀਡਰ ਚੈਨਲਾਂ ਉੱਤੇ ਆ ਰਹੇ ਹਨ ਜਾਂ ਅਖਬਾਰਾਂ ਵਿਚ ਲਿਖ ਰਹੇ ਹਨ, ਉਨ੍ਹਾਂ ਦਾ ਰਾਜਨੀਤਕ ਅਤੇ ਬੌਧਿਕ ਕੱਦ ਟਰੂਡੋ ਦੇ ਬਿਆਨ ਦਾ ਰਾਜਨੀਤਕ ਹਾਣੀ ਨਹੀਂ ਬਣ ਸਕਿਆ। ਉਨ੍ਹਾਂ ਦੇ ਵਿਸ਼ਲੇਸ਼ਣਾਂ ਵਿਚ ਬੇਬਸੀ, ਕਮਜ਼ੋਰੀ, ਖੁਸ਼ਾਮਦ ਅਤੇ ਰਾਜਨੀਤਕ ਗ਼ੁਲਾਮੀ ਸਮਝਣੀ ਇੰਨੀ ਵੀ ਮੁਸ਼ਕਲ ਨਹੀਂ। ਜਦੋਂ ਉਹ ਟਰੂਡੋ ਦੇ ਹੱਕ ਵਿਚ ਬੋਲ ਵੀ ਰਹੇ ਹੁੰਦੇ ਹਨ ਤਾਂ ਗੋਲ-ਮੋਲ ਹੀ ਦਲੀਲ ਦਿੰਦੇ ਹਨ।

ਹੁਣ ਅਸਲ ਵਿਚ ਹੋ ਕੀ ਰਿਹਾ ਹੈ? ਹਾਏ, ਕਿਤੇ ਸਾਨੂੰ ਦੇਸ਼ ਧਰੋਹੀ ਨਾ ਕਹਿ ਦੇਣ, ਕਿਤੇ ਸਾਡੀ ਵਫ਼ਾਦਾਰੀ ਸ਼ੱਕ ਦੇ ਘੇਰੇ ਵਿਚ ਨਾ ਆ ਜਾਵੇ, ਕਿਤੇ ਸਾਡੀਆਂ ਜਾਇਦਾਦਾਂ ਹੀ ਕੁਰਕ ਨਾ ਹੋ ਜਾਣ, ਕਿਤੇ ਸਾਡੀ ਔਲਾਦ ਉਤੇ ਹੀ ਸੰਕਟ ਨਾ ਆ ਜਾਏ, ਕਿਤੇ ਸਾਨੂੰ ਵੀ ਹਰਦੀਪ ਸਿੰਘ ਨਿੱਝਰ ਦੀ ਕਤਾਰ ਵਿਚ ਖੜ੍ਹਾ ਨਾ ਕਰ ਦਿੱਤਾ ਜਾਵੇ। ਬੱਸ ਅਸੀਂ ਨਿਮਾਣੇ, ਨਿਤਾਣੇ ਤੇ ਨਿਆਸਰੇ ਬਣ ਕੇ ਸਫ਼ਾਈਆਂ ਦੇਣ ਵਿਚ ਹੀ ਲੱਗੇ ਹੋਏ ਹਾਂ। ਲੇਕਿਨ ਨਹੀਂ ਜਾਣਦੇ ਕਿ ਅਸੀਂ ਤਾਂ 1947 ਤੋਂ ਹੀ ਸ਼ੱਕ ਦੇ ਘੇਰੇ ਵਿਚ ਹਾਂ। ਕਹਾਵਤ ਹੈ ਕਿ ਲੰਬੇ ਸਿੰਗਾਂ ਵਾਲੇ ਬਲਦ ਨੇ ਟੱਕਰ ਨਾ ਵੀ ਮਾਰੀ ਹੋਵੇ ਤਾਂ ਵੀ ਸ਼ੱਕ ਉਸੇ ਉੱਤੇ ਕੀਤਾ ਜਾਂਦਾ ਹੈ।

ਸਿੱਖ ਲੀਡਰਸ਼ਿਪ ਦਾ ਇਕ ਹਿੱਸਾ ਹੁਣ geopolitics ਦਾ ਗਿਆਨ ਦੇ ਰਿਹਾ ਹੈ। ਸਤਈ ਪੱਧਰ ਦੇ ਸਬਕ ਪੜ੍ਹਾਉਣ ਵਿਚ ਲੱਗਾ ਹੋਇਆ ਹੈ। ਇਹ ਕਹਿ ਰਿਹਾ ਹੈ ਅਖੇ, ਇਹ ਤਾਂ ਅੰਤਰਰਾਸ਼ਟਰੀ ਤਾਕਤਾਂ ਦੇ ਭੇੜ ਵਿਚ ਸਿੱਖਾਂ ਨੂੰ ਵਰਤਣ ਦੀ ਚਾਲ ਹੈ, ਅਖੇ ਸਿੱਖ ਐਵੇਂ ਕਮਲੇ ਹੋਏ ਫਿਰਦੇ ਹਨ, ਅਖੇ, ਟਰੂਡੋ ਨੂੰ ਤਾਂ ਆਪਣੇ ਹੀ ਦੇਸ਼ ਵਿਚ ਕੋਈ ਨਹੀਂ ਪੁੱਛਦਾ, ਅਖੇ ਅਮਰੀਕਾ ਵੀ ਭਾਰਤ ਦੀ ਬਾਂਹ ਮਰੋੜ ਕੇ ਉਸ ਨੂੰ ਰੂਸ ਨਾਲੋਂ ਤੋੜ ਕੇ ਆਪਣੇ ਨਾਲ ਲਾਉਣਾ ਚਾਹੁੰਦਾ ਹੈ ਅਤੇ ਇਹੋ ਜਿਹੇ ਹੋਰ ਕਈ ਪੁੱਠੇ ਸਿੱਧੇ ਬਿਆਨ ਬੌਧਿਕਤਾ ਦੀ ਪੁੱਠ ਦੇ ਕੇ ਹਵਾ ਵਿਚ ਛੱਡੇ ਜਾ ਰਹੇ ਹਨ। ਆਪਾਂ ਤਰਸ ਹੀ ਕਰ ਸਕਦੇ ਹਾਂ ਇਹੋ ਜਿਹੇ ਵੀਰਾਂ ਉੱਤੇ।

ਦੋਸਤੋ, ਸਮਝੋ, ਜ਼ਰਾ ਅਕਲ ਨੂੰ ਹੱਥ ਮਾਰੋ, ਭਾਰਤ ਸਰਕਾਰ ਮਰਨੇ ਪਈ ਹੋਈ ਹੈ। ਜੀ20 ਵਿਚ ਹਾਸਲ ਕੀਤੀ ਟੌਅਰ ਟਰਪਲ, ਚੰਦਰਯਾਨ ਦੀ ਸਫਲਤਾ ਅਤੇ ਵਿਸ਼ਵ-ਗੁਰੂ ਬਣਨ ਦੀ ਤਮੰਨਾ ਟਰੂਡੋ ਵਲੋਂ ਦਿੱਤੇ ਇਕ ਝਟਕੇ ਨਾਲ ਮੂਧੜੇ ਮੂੰਹ ਡਿੱਗ ਪਈ ਹੈ ਅਤੇ ਸਰਕਾਰ ਉਠਣ ਜੋਗੀ ਨਹੀਂ ਰਹੀ। ਇਤਿਹਾਸ ਦੀ ਇਸ ਚਾਲ ਨੂੰ ਖ਼ਾਲਸਾਈ ਅਰਥਾਂ ਵਿਚ ਸਮਝਣ ਬੁੱਝਣ ਦੀ ਲੋੜ ਹੈ। ਇਸ ਸਮਝ ਵਿਚ ਸਾਰੇ ਪੰਥ ਨੂੰ ਸਾਂਝਾ ਹਿੱਸਾ ਪਾਉਣਾ ਚਾਹੀਦਾ ਹੈ।

ਦੋਸਤੋ, ਆਪਣੀ ਅੰਦਰਲੀ ਰੌਸ਼ਨੀ ਨੂੰ ਗੁੱਸੇ ਵਿਚ ਢਾਲ ਕੇ ਅਖਬਾਰਾਂ ਤੇ ਚੈਨਲਾਂ ਵੱਲ ਵੀ ਧਿਆਨ ਦਿਓ ਕਿ ਇਸ ਸਮੇਂ ਚੈਨਲਾਂ ਤੇ ਅਖਬਾਰਾਂ ਵਿਚ ਜੋ ਹੋ ਰਿਹਾ ਹੈ ਉਸ ਨੂੰ ਪਰਾਪੇਗੰਡਾ ਜੰਗ ਕਿਹਾ ਜਾ ਸਕਦਾ ਹੈ। ਇਸ ਜੰਗ ਵਿਚ ਕਈ ਢੰਗ ਤਰੀਕੇ ਵਰਤੇ ਜਾ ਰਹੇ ਹਨ। ਉੱਚੀ ਉੱਚੀ ਬੋਲਣਾ, ਇਕ ਪਾਸੜ ਜਜ਼ਬਿਆਂ ਨਾਲ ਖੇਡਣਾ, ਏਕਤਾ ਅਤੇ ਅਖੰਡਤਾ ਦਾ ਰੌਲਾ ਪਾਉਣਾ, ਇਕ ਪਾਸੜ ਤੱਥਾਂ ਦਾ ਮੀਂਹ ਵਰ੍ਹਾਉਣਾ, ਕੱਚੀ ਪਿੱਲੀ ਅਕਲ ਦੀ ਨੁਮਾਇਸ਼ ਲਾਉਣੀ, ਅਫਵਾਹਾਂ ਦੀ ਰੱਜ ਕੇ ਵਰਤੋਂ ਕਰਨੀ, ਸੁਣੀਆਂ ਸੁਣਾਈਆਂ ਗੱਲਾਂ ਨੂੰ ਹਕੀਕਤ ਬਣਾ ਕੇ ਪੇਸ਼ ਕਰਨਾ- ਯਾਨੀ ਜੋ ਕੌਮ ਜ਼ੁਲਮ ਦਾ ਸ਼ਿਕਾਰ ਹੈ ਉਸ ਨੂੰ ਹੀ ਉਲਟਾ ਕਸੂਰਵਾਰ ਸਿੱਧ ਕਰ ਕੇ ਨਿਤਾਣਾ, ਨਿਮਾਣਾ ਅਤੇ ਵਿਚਾਰਾ ਜਿਹਾ ਬਣਾ ਕੇ ਸਫਾਈਆਂ ਦੇਣ ਵਾਲੀ ਹਾਲਤ ਵਿਚ ਸੁੱਟ ਦੇਣਾ ਇਸ ਪਰਾਪੇਗੰਡਾ ਮਸ਼ੀਨਰੀ ਦਾ ਮੁੱਖ ਮਨੋਰਥ ਹੈ।



ਇਸ ਹਾਲਤ ਵਿਚ ਸਿਆਣਪਾਂ ਵਾਲੇ ਲੋਕਾਂ ਨੂੰ ਅਤੇ ਚੰਗੀ ਸੋਚ ਨੂੰ ਜਾਂ ਤਾਂ ਨੁੱਕਰੇ ਲਾ ਦਿੱਤਾ ਜਾਂਦਾ ਹੈ ਜਾਂ ਫਿਰ ਰੌਲੇ ਹੇਠ ਗੁੰਮ ਕਰ ਦਿੱਤਾ ਜਾਂਦਾ ਹੈ।

ਅਜੇ ਦੋ ਦਿਨ ਪਹਿਲਾਂ ਬੁੱਧੀਜੀਵੀਆਂ ਦੀ ਇਕ ਮਹਿਫ਼ਲ ਵਿਚ ਟਰੂਡੋ ਦੇ ਬਿਆਨ ਦੇ ਸੰਭਾਵੀ ਨਤੀਜਿਆਂ ਦਾ ਜਦੋਂ ਵਿਸ਼ਲੇਸ਼ਣ ਕੀਤਾ ਜਾ ਰਿਹਾ ਸੀ ਤਾਂ ਇਕ ਉੱਘੇ ਇਤਿਹਾਸਕਾਰ ਦਾਨਿਸ਼ਵਰ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਟਰੂਡੋ ਦੇ ਬਿਆਨ ਨਾਲ 'ਇਕ ਕਲਾ' ਵਰਤੀ ਹੈ। ਇਹ ਇਕ 'ਖੇਡ' ਹੈ ਜਿਸ ਨੂੰ ਤਰਕ ਦੇ ਘੇਰਿਆਂ ਵਿਚ ਰੱਖ ਕੇ ਸਮਝਿਆ ਨਹੀਂ ਜਾ ਸਕਦਾ। ਇਤਿਹਾਸ ਨੂੰ ਅਧਿਆਤਮਕ ਤਰਕ ਨਾਲ ਵੀ ਸਮਝਣਾ ਚਾਹੀਦਾ ਹੈ। ਬਾਹਰ ਮੁਖੀ ਤਰਕ ਤੇ ਅਧਿਆਤਮਕ ਤਰਕ ਦੇ ਸਜੀਵ ਅਤੇ ਜਿਊਂਦੇ ਜਾਗਦੇ ਰਿਸ਼ਤੇ ਬਾਰੇ ਵੀ ਸਮਝ ਹੋਣੀ ਚਾਹੀਦੀ ਹੈ। ਹੁਣ ਗੱਲ ਟਰੂਡੋ ਤਕ ਹੀ ਨਹੀਂ ਰਹਿ ਗਈ, ਟਰੂਡੋ ਕੱਲ੍ਹ ਨੂੰ ਮਜਬੂਰੀਆਂ ਕਰਕੇ ਕਿਸੇ ਹੋਰ ਪਾਸੇ ਵੀ ਖਲੋ ਸਕਦਾ ਹੈ। ਪਰ ਜੋ ਉਸ ਨੇ ਪਾਰਲੀਮੈਂਟ ਵਿਚ ਕਿਹਾ, ਯੂ ਐਨ ਓ ਵਿਚ ਕਿਹਾ, ਜਿਵੇਂ ਹੋਰ ਵੱਡੇ ਮੁਲਕ ਵੀ ਉਸ ਦੇ ਨਾਲ ਖਲੋ ਗਏ, ਜਿਵੇਂ ਸਰਕਾਰ ਨੂੰ ਲਗਾਤਾਰ ਸਿਰ ਪੀੜ ਲੱਗੀ ਹੋਈ ਹੈ ਅਤੇ ਉਹ ਨਹੀਂ ਚਾਹੁੰਦੀ ਕਿ ਸਿੱਖ ਇਕ ਮੰਚ ਉੱਤੇ ਖੜ੍ਹੇ ਹੋ ਜਾਣ, ਕਿਸੇ ਵੱਡੀ ਤੇ ਵਿਸ਼ਾਲ ਏਕਤਾ ਵਿਚ ਪਰੋਏ ਜਾਣ, ਇਸੇ ਲਈ ਉਹ ਕਦੇ ਕੈਪਟਨ ਅਮਰਿੰਦਰ ਸਿੰਘ ਨੂੰ ਅਤੇ ਕਦੇ ਕਿਸੇ ਹੋਰ ਨੂੰ ਆਪਣੇ ਹਿੱਤਾਂ ਲਈ ਇਸਤੇਮਾਲ ਕਰ ਰਹੀ ਹੈ।

ਦੋਸਤੋ, ਇਹ ਉਹ ਕੈਪਟਨ ਹੈ ਜਿਸ ਨੇ ਅੰਮ੍ਰਿਤਸਰ ਐਲਾਨਨਾਮੇ ਉਤੇ ਦਸਤਖ਼ਤ ਕੀਤੇ ਹਨ ਅਤੇ ਜਿਸ ਵਿਚ ਪ੍ਰਭੂ ਸੰਪੰਨ ਸਿੱਖ ਸਟੇਟ ਦੀ ਮੰਗ ਕੀਤੀ ਗਈ ਸੀ। ਇਸ ਦਾ ਪਿਓ ਵੀ ਕਿਸੇ ਸਮੇਂ ਸਿੱਖ ਰਾਜ ਦੀ ਮੰਗ ਕਰਦਾ ਰਿਹਾ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਕ ਸਮੇਂ ਦਸਤਖ਼ਤ ਕਰ ਕੇ ਸਿੱਖਾਂ ਲਈ ਸਵੈ-ਨਿਰਣੇ ਦੀ ਮੰਗ ਕੀਤੀ ਸੀ ਅਤੇ ਉਹ ਯਾਦ ਪੱਤਰ ਯੂ ਐਨ ਓ ਦੇ ਤਤਕਾਲੀਨ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਪੇਸ਼ ਕੀਤਾ ਗਿਆ ਸੀ। ਉਸਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ। ਜੇ ਉਸ ਨੇ ਖਾਲਸਾ ਪੰਥ ਵਿਚ ਆਪਣੀ ਖੁਸ਼ੀ ਤੇ ਗੁਆਚੀ ਸ਼ਕਤੀ ਅਤੇ ਸ਼ਾਨ ਨੂੰ ਮੁੜ ਬਹਾਲ ਕਰਨਾ ਹੈ ਤਾਂ ਅੱਜ ਪੰਥ ਨਾਲ ਜੁੜਨ ਲਈ ਉਸ ਵਾਸਤੇ ਇਹ ਸੁਨਹਿਰੀ ਮੌਕਾ ਹੈ। ਹੋ ਸਕਦਾ ਹੈ ਪੰਥ ਉਸ ਨੂੰ ਉਨ੍ਹਾਂ ਦੇ ਭਿਆਨਕ ਗੁਨਾਹਾਂ ਲਈ ਮੁਆਫ਼ ਕਰ ਦੇਵੇ। ਇਤਿਹਾਸ ਇਹੋ ਜਿਹੇ ਮੌਕੇ ਕਦੇ ਕਦੇ ਹੀ ਬਖ਼ਸ਼ਦਾ ਹੈ।

ਗੈਬ ਤੋਂ ਆਉਣ ਵਾਲੇ ਇਸ਼ਾਰੇ ਸਾਫ ਹਨ। ਗੁੱਝੀਆਂ ਰਮਜ਼ਾਂ ਦੇ ਭੇਤ ਵੀ ਕੁਝ ਕੁਝ ਸਮਝ ਆਉਂਦੇ ਹਨ।

ਜੇ ਗੁਰਮਤਿ ਦਰਸ਼ਨ ਦੀਆਂ ਗਹਿਰਾਈਆਂ ਵਿਚ ਉਤਰਨ



ਦਾ ਚਾਅ ਹੋਵੇ ਤਾਂ ਇੜਾ, ਪਿੰਗਲਾ ਅਤੇ ਸੁਖਮਨਾ ਅਰਥਾਤ ਕਾਇਨਾਤ ਦੀਆਂ ਸਾਰੀਆਂ ਨਾੜੀਆਂ (ਵਇਨਸ) ਇੱਕ ਥਾਂ 'ਤੇ ਇਕਾਗਰ ਹੋ ਕੇ ਕੁਝ ਤਾਂ ਕਹਿ ਹੀ ਰਹੀਆਂ ਹਨ।

ਅਮਰੀਕੀ ਟੀਮ ਦੇ ਫੁੱਟਬਾਲ ਦੇ ਖਿਡਾਰੀਆਂ ਦੀਆਂ ਬਨੈਣਾਂ 'ਤੇ ਖਾਲਸਾ ਜੀ ਦੇ ਜਰਨੈਲ ਹਰੀ ਸਿੰਘ ਨਲੂਏ ਦੀਆਂ ਤਸਵੀਰਾਂ ਦਾ ਜਲਾਲ ਅਤੇ ਜਮਾਲ ਕੁਝ ਤਾਂ ਸੁਨੇਹਾ ਦੇ ਹੀ ਰਿਹਾ ਹੈ।

ਕੈਨੇਡਾ ਦਾ ਰਾਜਦੂਤ ਇਹ ਸਰਜ਼ਮੀਨ ਛੱਡਣ ਤੋਂ ਪਹਿਲਾਂ ਦਰਬਾਰ ਸਾਹਿਬ ਦੇ ਦੀਦਾਰ ਲਈ ਕਿਉਂ ਉਤਾਵਲਾ ਹੈ?

ਕਿਸੇ ਦੇਸ਼ ਦਾ ਪ੍ਰਧਾਨ ਮੰਤਰੀ ਪਹਿਲੀ ਵਾਰ ਇਕ ਕੌਮ ਦੇ ਹੱਕ ਵਿਚ ਇਨਸਾਫ ਦੇ ਮੰਦਰ ਅੰਦਰ ਅਰਥਾਤ ਹਾਊਸ ਆਫ਼ ਕਾਮਨਜ਼ ਵਿਚ ਗਰਜਿਆ ਹੈ। ਇਸ ਦੇ ਰੂਹਾਨੀ ਅਰਥ ਕੀ ਹਨ? ਅਤੇ ਮਾਇਆ ਦੇ ਰੰਗ ਵਿਚ ਖੇਡਣ ਵਾਲੇ ਸਿੱਖ ਭਲਾ ਕੀ ਅਰਥ ਕੱਢਦੇ ਹਨ?

ਗੱਲ "ਹਾਅ ਦੇ ਨਾਅਰੇ" ਦੇ ਇਤਿਹਾਸਕ ਸੰਕਲਪ ਅਤੇ ਹਮਦਰਦੀ ਤੋਂ ਕੀ ਬਹੁਤ ਅੱਗੇ ਚਲੀ ਗਈ ਨਹੀਂ ਲੱਗਦੀ? ਕਿਉਂਕਿ ਦੁਨੀਆਂ ਦੀ ਪਾਰਲੀਮੈਂਟ ਅਰਥਾਤ ਯੂ ਐਨ ਓ ਵਿਚ "ਇਸ ਬੰਦੇ" ਨੇ ਸਿੱਖਾਂ ਦੇ ਰਾਜਨੀਤਕ ਦਰਦ ਨੂੰ ਅੰਤਰਰਾਸ਼ਟਰੀ ਰਾਡਾਰ 'ਤੇ ਲੈ ਆਂਦਾ ਹੈ।

ਦੁਨੀਆਂ ਦੇ ਵੱਡੇ ਮੁਲਕ ਹੁਣ ਤਾਂ ਖੁੱਲ੍ਹੇਆਮ ਕਹਿ ਰਹੇ ਹਨ ਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਕਿਸ ਦੇਸ਼ ਦੇ ਹੱਥ ਖੂਨ ਨਾਲ ਰੰਗੇ ਹੋਏ ਹਨ।

ਬਹੁਗਿਣਤੀ ਵਾਲਿਆਂ ਦੇ ਖਾਲੀ ਤੇ ਵੱਡੇ ਢੋਲ ਵੀ ਚੈਨਲਾਂ ਉੱਤੇ ਖੂਬ ਭੁੜਕ ਰਹੇ ਹਨ। ਭੀੜ ਬੋਲੀ ਜਾ ਰਹੀ ਹੈ ਪਰ ਸੁਣਦੀ ਕੁਝ ਵੀ ਨਹੀਂ।

ਕਈ ਸਿੱਖ ਵੀ ਬਹੁ-ਗਿਣਤੀ ਦੇ ਕੁਹਾੜੇ ਦੇ ਦਸਤੇ ਬਣ ਕੇ ਤਮਾਸ਼ੇ ਵਿਚ ਭਰਪੂਰ ਹਿੱਸਾ ਪਾ ਰਹੇ ਹਨ। ਜਿਸ ਟਾਹਣੀ ਉੱਤੇ ਬੈਠੇ ਹਨ, ਉਸੇ ਟਾਹਣੀ ਨੂੰ ਹੀ ਕੱਟ ਰਹੇ ਹਨ।

ਸਵਾਰਥਾਂ ਦੀ ਦੌੜ ਦਾ ਮੁਕਾਬਲਾ ਵੀ ਖੂਬ ਰੰਗ ਦਿਖਾ ਰਿਹਾ ਹੈ। ਕਈ ਅਕਲਾਂ ਵਾਲੇ ਸੁੱਕੇ ਪੱਤਿਆਂ ਵਾਂਗ ਜਿਧਰ ਵਾ ਲਈ ਜਾਂਦੀ ਹੈ, ਉੱਧਰ ਉੱਡਦੇ ਜਾ ਰਹੇ ਹਨ, ਪਰ ਨਹੀਂ ਜਾਣਦੇ ਕਿ "ਜਾਨ ਦੇ ਵੈਰੀ" ਵੀ ਕਈ ਵਾਰ ਦੋਸਤਾਂ ਵਾਂਗ ਮਿਲਿਆ ਕਰਦੇ ਹਨ।

---

## ਹਰਦੀਪ ਸਿੰਘ ਨਿੱਝਰ ਦੀ ਮੰਦਭਾਗੀ ਹੱਤਿਆ ਅਤੇ ਭਾਰਤੀ ਖੁਫੀਆ ਏਜੰਸੀਆਂ!

*(ਪਿਛਲੇ ਸਫੇ ਦਾ ਬਾਕੀ)*

ਪੱਤਰਕਾਰ ਕਰਮਜੀਤ ਸਿੰਘ ਵੀ ਟਰੂਡੋ ਦੇ ਬਿਆਨਾਂ 'ਤੇ ਇਤਨਾ ਖੁਸ਼ ਹਨ ਕਿ ਲਗਦਾ ਉਨ੍ਹਾਂ ਤੋਂ ਖੁਸ਼ੀ ਨਹੀਂ ਸੰਭਾਲੀ ਜਾ ਰਹੀ, ਜਦੋਂ ਉਹ ਆਪਣੀ ਫੇਸਬੁੱਕ ਪੋਸਟ ਵਿਚ ਲਿਖਦੇ ਹਨ: ਟਰੂਡੋ ਦੇ ਬਿਆਨ ਨਾਲ ਸਿੱਖ ਇਤਿਹਾਸ ਨੇ ਇੱਕ ਨਵੀਂ ਪਲਾਂਘ ਪੁਟੀ, ਇਕ ਨਵੀਂ ਅੰਗੜਾਈ ਲਈ। ਪਰ ਬਿਆਨ ਦੇ ਹਾਣ ਦੀ ਨਹੀਂ ਹੈ, ਅਜੇ ਸਾਡੀ ਸਿੱਖ ਲੀਡਰਸ਼ਪਿ, ਗੋਲ-ਮੋਲ ਗੱਲਾਂ ਕਰ ਰਹੀ ਹੈ। ਨਿੱਝਰ ਦੀ ਸ਼ਹਾਦਤ ਪਿੱਛੋਂ ਖਾਲਸਤਾਨੀ ਤੇ ਸਿੱਖ ਹੁਣ ਇਕ ਸਮਝੇ ਜਾਣ ਲੱਗੇ। ਖਾਲਸਾ ਪੰਥ "ਰਾਜਨੀਤਕ ਕੌਮ" ਬਣ ਕੇ ਉੱਭਰਿਆ।

ਰੱਬ ਹੀ ਬਚਾਏ ਸਾਡੇ ਭਾਈਚਾਰੇ ਦੇ ਅਜਿਹੇ ਸਿੱਖ ਸ਼ੁਭ ਚਿੰਤਕਾਂ ਤੋਂ...।

ਅਮਰੀਕੀ ਸੈਕਟਰੀ ਆਫ ਸਟੇਟ ਐਨਟੋਨੀ ਬਲਿੰਕਨ ਦੇ ਅਸੂਲੀ ਤੇ ਇਖਲਾਕੀ ਬਿਆਨ ਤੋਂ ਬਾਅਦ ਮੇਰੇ ਇਕ ਮਿੱਤਰ ਦੀ ਟਿੱਪਣੀ ਸੀ: 'ਸ਼ੈਤਾਨ ਕੁਰਾਨ ਦੀਆਂ ਆਇਤਾਂ ਦੇ ਅਰਥ ਕਰ ਰਿਹਾ ਹੈ, ਸਿੱਖਾਂ ਦੀ ਖ਼ੈਰ ਹੋਵੇ'!

ਪੱਛਮੀ ਜਗਤ ਦੀਆਂ ਨੈਤਿਕ ਕਦਰਾਂ-ਕੀਮਤਾਂ ਦੇ ਦੋਹਰੇ ਮਿਆਰਾਂ ਨੂੰ ਸਾਰੀ ਦੁਨੀਆਂ ਚੰਗੀ ਤਰ੍ਹਾਂ ਜਾਣਦੀ ਹੈ ਕਿ ਕਿਵੇਂ ਦੂਜੇ ਦੇਸ਼ਾਂ ਦੀ ਧਰਤੀ ਤੇ ਆਮ ਨਾਗਰਿਕ ਹੀ ਨਹੀਂ, ਵੱਡੇ-ਵੱਡੇ ਰਾਜਨੀਤਕ ਲੀਡਰ, ਫੌਜੀ ਜਨਰਲ ਆਦਿ ਕਿਵੇਂ ਮਾਰ ਮੁਕਾਏ ਗਏ ਸਨ? ਸਾਲ 2011 ਵਿਚ ਅਮਰੀਕਾ ਦੇ ਮੋਸਟ ਵਾਂਟੇਡ ਅੱਤਵਾਦੀ ਉਸਾਮਾ ਬਿਨ ਲਾਦੇਨ ਨੂੰ ਕਿਵੇਂ ਡਰੋਨ ਹਮਲੇ ਵਿਚ ਪਾਕਿਸਤਾਨ ਦੀ ਧਰਤੀ 'ਤੇ ਉਡਾ ਦਿੱਤਾ ਗਿਆ ਸੀ ਤੇ ਪਾਕਿਸਤਾਨ ਨੂੰ ਭਿਣਕ ਨਹੀਂ ਪੈਣ ਦਿੱਤੀ ਸੀ। ਇਸੇ ਤਰ੍ਹਾਂ ਜਨਵਰੀ, 2020 ਵਿਚ ਇਰਾਨ ਦੇ ਪ੍ਰਮੁੱਖ ਫੌਜੀ ਜਨਰਲ ਕਾਸੇਮ ਸੋਲੇਮਾਨੀ ਨੂੰ ਡਰੋਨ ਨਾਲ਼ ਇਰਾਨ ਵਿਚ ਹੀ ਉਡਾ ਦਿੱਤਾ ਸੀ। ਕਿਊਬਾ ਦੇ ਰਾਸ਼ਟਰਪਤੀ ਫੀਡਲ ਕਾਸਟਰੋ ਨੂੰ ਮਾਰਨ ਦੇ ਅਨੇਕਾਂ ਯਤਨ ਕੀਤੇ ਗਏ। ਅਮਰੀਕਨ ਖੁਫੀਆ ਏਜੰਸੀ ਸੀ ਆਈ ਏ ਵਲੋਂ ਇਰਾਨ, ਇਰਾਕ, ਗੁਆਟਾਮਾਲਾ, ਨਿਕਾਰਾਗੋਆ, ਕੌਂਗੋ, ਵੀਅਤਨਾਮ, ਚਿੱਲੀ, ਅਫਗਾਨਿਸਤਾਨ ਆਦਿ ਅਨੇਕਾਂ ਦੇਸ਼ਾਂ ਵਿਚ ਰਾਜ ਪਲਟੇ ਕਰਵਾ ਕੇ ਆਪਣੀਆਂ ਕਠਪੁਤਲੀ ਸਰਕਾਰਾਂ ਬਣਾਈਆਂ ਗਈਆਂ। ਪੱਛਮੀ ਦੇਸ਼ਾਂ ਦੇ ਨੈਤਿਕਤਾ ਤੇ ਲੋਕਤੰਤਰ ਦੇ ਅਖੌਤੀ ਅਸੂਲਾਂ ਦੇ ਸੋਹਲੇ ਅਜਮੇਰ ਸਿੰਘ, ਕਰਮਜੀਤ ਸਿੰਘ ਵਰਗੇ ਅਨੇਕਾਂ ਸਿੱਖ ਵਿਦਵਾਨ ਪਤਾ ਨਹੀਂ ਕਿਸ ਆਧਾਰ 'ਤੇ ਗਾ ਰਹੇ ਹਨ?

ਅਸੀਂ ਇਸ ਗੱਲ ਦੇ ਧਾਰਨੀ ਹਾਂ ਕਿ ਕਿਸੇ ਵੀ ਵਿਅਕਤੀ ਜਾਂ ਸਰਕਾਰ ਜਾਂ ਏਜੰਸੀ ਨੂੰ ਕਿਸੇ ਦੀ ਵੀ ਜਾਨ ਲੈਣ ਦਾ ਕੋਈ ਹੱਕ ਨਹੀਂ? ਜਿਹੜੇ ਅਜਿਹਾ ਕਰਦੇ ਹਨ, ਉਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ। ਪਰ ਕੀ ਕੈਨੇਡੀਅਨ ਜਾਂ ਅਮਰੀਕਨ ਸਰਕਾਰਾਂ ਨਿੱਝਰ ਦੇ ਕਤਲ 'ਤੇ ਸੰਜੀਦਾ ਹਨ? ਜਾਂ ਇਸ ਕੇਸ ਨੂੰ ਆਪਣੇ ਹਿੱਤਾਂ ਲਈ ਹੀ ਵਰਤਿਆ ਜਾ ਰਿਹਾ ਹੈ ਅਤੇ ਜਦੋਂ ਅੰਦਰਖਾਤੇ ਕੋਈ ਸਮਝੌਤਾ ਹੋ ਗਿਆ ਤਾਂ ਸਭ ਕੁਝ ਵਿਚੇ ਛੱਡ ਦਿੱਤਾ ਜਾਵੇਗਾ? ਜੇ ਇਨ੍ਹਾਂ ਸਰਕਾਰਾਂ ਨੂੰ ਸਿੱਖਾਂ ਪ੍ਰਤੀ ਇਤਨੀ ਹਮਦਰਦੀ ਹੁੰਦੀ ਤਾਂ 38 ਸਾਲ ਬੀਤਣ ਬਾਅਦ ਵੀ ਕਨਿਸ਼ਕਾ ਕਾਂਡ ਦੇ ਦੋਸ਼ੀਆਂ ਤੇ ਸਾਜ਼ਿਸ਼ਕਾਰਾਂ ਨੂੰ ਸਜ਼ਾਵਾਂ ਨਾ ਦਿੱਤੀਆਂ ਹੁੰਦੀਆਂ? ਤਕਰੀਬਨ 25 ਸਾਲ ਪਹਿਲਾਂ ਕੈਨੇਡੀਅਨ ਪੱਤਰਕਾਰ ਤਾਰਾ ਸਿੰਘ ਹੇਅਰ ਦਾ ਉਸਦੇ ਘਰ ਹੀ ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ ਸੀ, ਇਹੀ ਏਜੰਸੀਆਂ 25 ਸਾਲ ਬਾਅਦ ਵੀ ਕਾਤਲਾਂ ਦਾ ਖੁਰਾ-ਖੋਜ ਕਿਉਂ ਨਹੀਂ ਲੱਭ ਸਕੀਆਂ? ਇਸੇ ਤਰ੍ਹਾਂ ਪਿਛ਼ਲੇ ਸਾਲ ਸਿੱਖ ਬਿਜ਼ਨੈਸਮੈਨ ਤੇ ਏਅਰ ਇੰਡੀਆ ਜਹਾਜ਼ ਕਾਂਡ ਵਿਚ ਕੁਝ ਸਾਲਾਂ ਲਈ ਗ੍ਰਿਫਤਾਰ ਕੀਤੇ ਗਏ ਰਿਪੁਦਮਨ ਸਿੰਘ ਮਲਿਕ ਦਾ ਕਤਲ ਵੀ ਦਿਨ-ਦਿਹਾੜੇ ਹੋਇਆ ਸੀ, ਉਸਦੇ ਸਾਜ਼ਿਸ਼ਕਾਰਾਂ ਬਾਰੇ ਵੀ ਏਜੰਸੀਆਂ ਅਜੇ ਤੱਕ ਕੋਈ ਸੁਰਾਗ ਨਹੀਂ ਲੱਭ ਸਕੀਆਂ? ਇਨ੍ਹਾਂ ਹੀ ਸਿੱਖ ਜਥੇਬੰਦੀਆਂ ਨੇ ਪਹਿਲੇ ਸ਼ੱਕੀ ਕਤਲਾਂ ਬਾਰੇ ਤਾਂ ਕਦੇ ਆਵਾਜ਼ ਨਹੀਂ ਉਠਾਈ ਸੀ ਕਿ ਇਸ ਪਿੱਛੇ ਕਿਸਦਾ ਹੱਥ ਹੈ? ਜਿਸ ਜਹਾਜ਼ ਕਾਂਡ ਬਾਰੇ ਇਨ੍ਹਾਂ ਸਿੱਖ ਜਥੇਬੰਦੀਆਂ ਵਲੋਂ ਕਿਹਾ ਜਾਂਦਾ ਹੈ ਕਿ ਉਸ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਸੀ, ਉਸੇ ਕਾਂਡ ਬਾਰੇ ਕੈਨੇਡੀਅਨ ਏਜੰਸੀਆਂ ਤੇ ਕੈਨੇਡੀਅਨ ਸੁਪਰੀਮ ਕੋਰਟ ਵਲੋਂ ਐਲਾਨੇ ਮਾਸਟਰ ਮਾਈਂਡ ਨੂੰ ਇਹ ਆਪਣਾ ਹੀਰੋ ਤੇ ਸ਼ਹੀਦ ਦੱਸਦੇ ਹਨ? ਇਹ ਕਿਹੋ ਜਿਹਾ ਦੋਹਰਾ ਕਿਰਦਾਰ ਹੈ?

ਸਥਿਤੀ ਦਾ ਵਿਅੰਗ ਵੇਖੋ ਕਿ ਸਾਡੇ ਸਿੱਖ ਚਿੰਤਕ ਤੇ ਲੀਡਰ ਤਾਂ ਪੱਛਮੀ ਦੇਸ਼ਾਂ, ਖਾਸਕਰ ਅਮਰੀਕਾ ਅਤੇ ਕੈਨੇਡਾ ਦੀ ਜਮਹੂਰੀਅਤ ਦੇ ਗੋਗੇ ਗਾ ਰਹੇ ਹਨ। ਇਸੇ ਮੌਕੇ ਪੈਂਟਾਗਨ ਦੇ ਸੀਨੀਅਰ ਅਧਿਕਾਰੀ ਮਾਈਕਲ ਰੂਬਨ 'ਹਡਸਨ ਇੰਸਟੀਚਿਊਟ ਥਿੰਕ ਟੈਂਕ' ਦੇ ਇੱਕ ਡਿਸਕਸ਼ਨ ਪੈਨਲ ਵਿਚ ਬੋਲਦੇ ਹੋਏ, ਟਰੂਡੋ ਨੂੰ ਇਸ ਸਾਰੇ ਘਟਨਾਕ੍ਰਮ ਲਈ ਸਖਤ ਸ਼ਬਦਾਂ 'ਚ ਫਿਟਕਾਰ ਪਾ ਰਹੇ ਹਨ ਅਤੇ ਪੱਛਮੀ ਨੇਤਾਵਾਂ ਨੂੰ ਅਜਿਹੀਆਂ ਗੰਦੀਆਂ ਖੇਡਾਂ ਤੋਂ ਬਾਜ਼ ਆਉਣ ਦੀ ਤਾਕੀਦ ਕਰ ਰਹੇ ਹਨ। ਉਨ੍ਹਾਂ ਟਰੂਡੋ ਨੂੰ ਯਾਦ ਕਰਾਇਆ ਕਿ ਮਿ. ਨਿੱਝਰ ਕੋਈ ਆਮ ਨਿਰਦੋਸ਼ ਪਲੰਬਰ ਨਹੀਂ ਸੀ, ਉਹ ਅੱਤਵਾਦੀ ਜਥੇਬੰਦੀ ਕੇ ਟੀ ਐਫ ਦਾ ਮੁਖੀ ਸੀ, ਜਿਸ 'ਤੇ ਭਾਰਤ ਸਰਕਾਰ ਨੇ ਕਤਲਾਂ ਦੀਆਂ ਕਈ ਵਾਰਦਾਤਾਂ ਵਿਚ ਸ਼ਾਮਿਲ ਹੋਣ ਕਾਰਨ 10 ਲੱਖ ਦਾ ਇਨਾਮ ਰੱਖਿਆ ਹੋਇਆ ਸੀ।

ਸਮੇਂ ਦੀ ਮੰਗ ਹੈ ਕਿ ਅਸੀਂ ਜਜ਼ਬਾਤੀ ਹੋ ਕੇ ਫੈਸਲੇ ਕਰਨ ਦੀ ਥਾਂ ਦੂਰ-ਅੰਦੇਸ਼ੀ ਨਾਲ਼ ਚੱਲੀਏ! ਪੱਛਮੀ ਤਾਕਤਾਂ ਦਾ ਪਿਛਲਾ ਇਤਿਹਾਸ ਇਹੀ ਹੈ ਕਿ ਉਹ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਲਈ ਕਿਸੇ ਨੂੰ ਵੀ ਬਲ਼ੀ ਦਾ ਬੱਕਰਾ ਬਣਾ ਸਕਦੀਆਂ ਹਨ ਤੇ ਬਣਾਉਂਦੀਆਂ ਰਹੀਆਂ ਹਨ? ਸਿੱਖਾਂ ਨੇ '84 ਦੇ ਦੌਰ ਵਿਚ ਅਜਿਹੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਪਹਿਲਾਂ ਹੀ ਬਹੁਤ ਨੁਕਸਾਨ ਕਰਵਾਇਆ ਹੈ..? ਕੌਮ ਹੁਣ ਕੁਝ ਸੰਭਲ਼ੀ ਹੈ ਤੇ ਦੇਸ਼-ਵਿਦੇਸ਼ ਵਿਚ ਆਪਣਾ ਸਥਾਨ ਬਣਾ ਰਹੀ ਹੈ, ਹੁਣ ਦੁਬਾਰਾ ਉਹੀ ਗ਼ਲਤੀਆਂ ਦੁਹਰਾ ਕੇ ਨੌਜਵਾਨੀ ਨੂੰ ਸਿਵਿਆਂ ਦੇ ਰਾਹ ਤੋਰਨ ਤੋਂ ਗੁਰੇਜ਼ ਕਰੀਏ...। ਇਹ ਹੀ ਦੇਸ਼-ਵਿਦੇਸ਼ ਵਿਚ ਵਸਦੇ ਖਾਲਸਾ ਪੰਥ ਦੇ ਹਿੱਤ ਵਿਚ ਹੈ।

# ਮਨ ਦੀ ਮੰਨਦਿਆਂ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੰਦਾ ਅਕਸਰ ਜ਼ਿਆਦਾਤਰ ਮਨ ਦੀ ਮੰਨਦਾ। ਇਸਦੇ ਆਖੇ ਲੱਗ ਕੇ ਆਪਣੀਆਂ ਤਰਜੀਹਾਂ, ਤਮੰਨਾਵਾਂ ਅਤੇ ਤਾਂਘਾਂ ਨੂੰ ਤਰਤੀਬ ਦਿੰਦਾ ਅਤੇ ਮਨਚਾਹੇ ਵਕਤ ਨੂੰ ਮਾਣਦਾ। ਪਰ ਮਨ ਕੀ ਏ। ਕਿਉਂ ਮਨੁੱਖ ਮਨ ਦੇ ਆਖੇ ਲੱਗਦਾ? ਕੀ ਮਨ ਸਥੂਲ ਏ ਜਾਂ ਅਸਥੂਲ? ਮਨ ਦੀਆਂ ਪੈੜਾਂ ਨੂੰ ਨੱਪਣਾ ਕਿਉਂ ਜ਼ਰੂਰੀ? ਮਨ ਤੀਕ ਪਹੁੰਚਣਾ ਅਤੇ ਇਸਨੂੰ ਮੁਖ਼ਾਤਬ ਹੋਣਾ, ਮਨੁੱਖੀ ਫ਼ਿਤਰਤ ਲਈ ਕਿੰਨਾ ਕੁ ਜ਼ਰੂਰੀ?

ਬਹੁਤ ਪ੍ਰਸ਼ਨ ਮਨ ਵਿਚ ਪੈਦਾ ਹੁੰਦੇ ਅਤੇ ਇਨ੍ਹਾਂ ਦਾ ਜਵਾਬ ਵੀ ਮਨ ਨੂੰ ਕੁਰੇਦ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ।

ਕੀ ਮਨ ਮਨੁੱਖੀ ਭਾਵਨਾਵਾਂ ਦਾ ਕੇਂਦਰ ਏ? ਕੀ ਇਹ ਮਨੁੱਖ ਦੀਆਂ ਇੰਦਰਾਈ ਕਿਰਿਆਵਾਂ ਦਾ ਬਿੰਦੂ ਏ? ਕੀ ਇਹ ਮਨੁੱਖੀ ਵਿਹਾਰ ਨਾਲ ਪੈਦਾ ਹੋਏ ਸੁਖਨ ਨੂੰ ਪ੍ਰਾਪਤ ਕਰਨ ਦਾ ਸਰੋਤ ਏ? ਕੀ ਮਨ, ਮਨਚਾਹੇ ਸੁੱਖਾਂ, ਵਰਤਾਰਿਆਂ ਅਤੇ ਭਾਵਾਂ ਦੀ ਪੂਰਤੀ ਦਾ ਸਬੱਬ ਏ? ਅਸੀਂ ਬਹੁਤ ਕੁਝ ਸੋਚਦੇ। ਵੱਖ-ਵੱਖ ਪਰਤਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਫਰੋਲਦੇ। ਕਈ ਕਿਆਸੇ ਵੀ ਲਾਉਂਦੇ ਪਰ ਅਸੀਂ ਕਰਦੇ ਉਹੀ ਕੁਝ ਹਾਂ ਜੋ ਸਾਡੇ ਮਨ ਨੂੰ ਭਾਉਂਦਾ। ਭਾਵੇਂ ਇਹ ਖਾਣਾ ਹੋਵੇ, ਪਹਿਨਣਾ ਹੋਵੇ, ਕਿਸੇ ਨੂੰ ਮਿਲਣਾ ਹੋਵੇ, ਖਰੀਦਣਾ ਹੋਵੇ, ਪੜ੍ਹਨਾ ਹੋਵੇ ਜਾਂ ਕੁਝ ਵੀ ਕਰਨਾ ਹੋਵੇ। ਜਦ ਅਸੀਂ ਮਨ ਅਨੁਸਾਰ ਕੁਝ ਕਰਾਂਗੇ ਤਾਂ ਇਸਦੇ ਸਿੱਟੇ ਕਮਾਲ ਦੇ ਹੋਣਗੇ। ਦਰਅਸਲ ਉਚੇਰੀਆਂ ਪ੍ਰਾਪਤੀਆਂ ਦਾ ਮੂਲ ਸਿਧਾਂਤ ਹੀ ਇਹ ਹੈ ਕਿ ਆਪਣੇ ਮਨ ਦੀਆਂ ਮੁਹਾਰਾਂ ਨੂੰ ਮਨਚਾਹੇ ਟੀਚਿਆਂ ਵੱਲ ਮੋੜੋ ਜੋ ਸੁਖਨ ਦਾ ਸਭ ਤੋਂ ਵੱਡਾ ਸਾਧਨ ਅਤੇ ਸਰੋਤ ਬਣੇਗਾ।

ਮਨ ਦੀ ਮਹਿਮਾ ਚਾਰੇ ਪਾਸੇ। ਸਾਡੀਆਂ ਸਾਰੀਆਂ ਕਿਰਿਆਵਾਂ ਮਨ ਦੀ ਮਰਜ਼ੀ 'ਤੇ ਨਿਰਭਰ। ਅਸੀਂ ਕੀ ਕਰਨਾ, ਕਿਉਂ ਕਰਨਾ, ਕਿਸ ਵਾਸਤੇ ਕਰਨਾ, ਕਿੰਝ ਕਰਨਾ, ਕਿੰਨੀ ਦੇਰ ਕਰਨਾ ਆਦਿ ਸਭ ਕੁਝ ਮਨ 'ਤੇ ਨਿਰਭਰ।

ਕੋਈ ਵਿਅਕਤੀ ਕਤਲ ਕਰਦਾ, ਚੋਰੀ ਕਰਦਾ, ਧੋਖਾ ਦਿੰਦਾ, ਠੱਗੀ ਮਾਰਦਾ ਜਾਂ ਰਿਸ਼ਵਤ ਲੈਂਦਾ, ਇਹ ਸਭ ਮਨ ਦੀਆਂ ਘਤਿੱਤਾਂ। ਪਰ ਇਸਦੀ ਸਜ਼ਾ ਕਦੇ ਵੀ ਮਨ ਨੂੰ ਨਹੀਂ ਮਿਲਦੀ ਸਗੋਂ ਸਰੀਰ ਨੂੰ ਮਿਲਦੀ। ਇਸਲਾਮਿਕ ਦੇਸ਼ਾਂ ਵਿਚ ਚੋਰੀ ਕਰਦਿਆਂ ਪਕੜੇ ਜਾਣ 'ਤੇ ਹੱਥ ਵੱਢ ਦਿੱਤੇ ਜਾਂਦੇ। ਮਨ ਦਾ ਕਸੂਰ, ਪਰ ਭੁਗਤਦੇ ਹੱਥ। ਅੱਖ ਬਦਲੇ ਅੱਖ ਜਾਂ ਕਿਸੇ ਕਸੂਰ ਬਦਲੇ ਦੋਸ਼ੀ ਦੇ ਉਹੀ ਅੰਗ ਨੂੰ ਸਜ਼ਾ ਦੇਣੀ, ਮਨ ਨੂੰ ਮੁਆਫ਼ ਕਰਨ ਦੇ ਬਰਾਬਰ।

ਅਸੀਂ ਸਾਰੇ ਮਨ ਦੇ ਗੁਲਾਮ। ਜੋ ਮਨ ਕਹਿੰਦਾ ਉਹੀ ਕਰਦੇ, ਇਹ ਜਾਣਦਿਆਂ ਵੀ ਕਿ ਕਤਲ ਕਰਨਾ, ਧੋਖਾ ਦੇਣਾ, ਫਰੇਬ ਕਰਨਾ, ਝੂਠ ਬੋਲਣਾ ਬਹੁਤ ਮਾੜਾ। ਪਰ ਫਿਰ ਵੀ ਅਸੀਂ ਇਨ੍ਹਾਂ ਅਲਾਮਤਾਂ ਤੋਂ ਨਹੀਂ ਬਚਦੇ। ਸਗੋਂ ਕਈ ਵਾਰ ਤਾਂ ਬੱਚਿਆਂ ਦੇ ਸਾਹਮਣੇ ਝੂਠ ਬੋਲ ਕੇ ਆਪਣੇ ਬੱਚਿਆਂ ਨੂੰ ਕੂੜ-ਕੁਸੱਤ ਦੇ ਮਾਰਗ ਤੋਰਨ ਤੋਂ ਟਲਦੇ ਨਹੀਂ।

ਮਨ ਦੀ ਕੇਹੀ ਮੌਜ ਕਿ ਉਹ ਕਈ ਵਾਰ ਸਭ ਕੁਝ ਹੁੰਦਿਆਂ ਵੀ ਨਿਰਲੇਪਤਾ ਹੰਢਾਵੇ, ਰਾਜਾ ਹੁੰਦਿਆਂ ਵੀ ਭਿਖਾਰੀ ਬਣਨਾ ਚਾਹਵੇ, ਮਹਿਲਾਂ ਵਿਚ ਵੱਸਦਾ ਵੀ ਝੁੱਗੀਆਂ ਨੂੰ ਘਰ ਬਣਾਵੇ ਅਤੇ ਐਸ਼ੋ-ਇਸ਼ਰਤ ਹੰਢਾਉਂਦਿਆਂ ਵੀ ਜੰਗਲਾਂ 'ਚ ਡੇਰਾ ਲਾਵੇ। ਮਨ ਦਾ ਇਹ ਕੇਹਾ ਆਲਮ ਸੀ ਕਿ ਰਾਜਕੁਮਾਰ ਸਿਧਾਰਥ, ਮਹਿਲਾਂ 'ਚੋਂ ਨਿਕਲ ਜੰਗਲੀਂ ਚਲੇ ਗਿਆ ਅਤੇ ਸਿਧਾਰਥ ਤੋਂ ਮਹਾਤਮਾ ਬੁੱਧ ਬਣ ਗਿਆ।

ਮਨ ਬਹੁਤ ਤਰਲ। ਅਕਸਰ ਹੀ ਡੋਲ ਜਾਂਦਾ। ਕਈ ਵਾਰ ਕੁਝ ਛਿੱਲੜਾਂ ਖਾਤਰ ਵਿਕ ਜਾਂਦਾ ਪਰ ਕਈ ਵਾਰ ਕਰੋੜਾਂ ਵਿਚ ਵੀ ਵਿਕਣ ਤੋਂ ਨਾਂਹ ਕਰਦਾ। ਇਹ ਮਨ ਹੀ ਹੈ ਕਿ ਅਸੀਂ ਲਾਵਾਰਸ ਪਿਆ ਨੋਟਾਂ ਨਾਲ ਭਰਿਆ ਪਰਸ, ਇਸਦੇ ਮਾਲਕ ਨੂੰ ਵਾਪਸ ਕਰਨਾ ਹੈ ਜਾਂ ਇਸਨੂੰ ਹਜ਼ਮ ਕਰ ਜਾਣਾ। ਜਦ ਕੋਈ ਰਿਕਸ਼ੇ ਵਾਲਾ ਕਿਸੇ ਸਵਾਰੀ ਦਾ ਪਰਸ ਮੋੜਦਾ ਤਾਂ ਇਹ ਉਸਦੀ ਦਿਆਨਤਦਾਰੀ ਦਾ ਪ੍ਰਮਾਣ ਹੁੰਦਾ।

ਰੋਜ਼ਾਨਾ ਜੀਵਨ ਵਿਚ ਮਨ ਦਾ ਵਰਤਾਰਾ ਬਹੁਤ ਹੀ ਅਜੀਬ। ਅਸੀਂ ਰਿਕਸ਼ੇ ਵਾਲੇ ਜਾਂ ਸਬਜ਼ੀ ਵਾਲੇ ਨਾਲ ਜ਼ਰੂਰ ਬਹਿਸਦੇ ਕਿ ਫਲਾਣੀ ਚੀਜ਼ ਸਸਤੀ ਦੇ ਦੇ ਜਾਂ ਕਿਰਾਇਆ ਘੱਟ ਲੈ ਲਵੀਂ। ਪਰ ਅਸੀਂ ਕਿਸੇ ਮਹਿੰਗੇ ਰੈਸਟੋਰੈਂਟ ਵਿਚ ਖਾਣਾ ਖਾਣ ਤੋਂ ਬਾਅਦ ਜਾਂ ਵੱਡੇ ਸਟੋਰ ਵਿਚ ਖ਼ਰੀਦਦਾਰੀ ਕਰਨ ਸਮੇਂ ਕਦੇ ਵੀ ਕੀਮਤ ਘਟਾਉਣ ਬਾਰੇ ਮੂੰਹ ਨਹੀਂ ਖੋਲਦੇ ਕਿਉਂਕਿ ਅਸੀਂ ਖ਼ੁਦ ਨੂੰ ਉਚੇ ਘਰਾਣੇ ਦਾ ਸਾਬਤ ਕਰਨਾ ਹੁੰਦਾ।

ਮਨ ਦੀ ਖ਼ੂਬਸੂਰਤੀ ਹੀ ਇਸ ਵਿਚ ਹੁੰਦੀ ਕਿ ਸੀਮਤ ਸਾਧਨਾਂ ਵਿਚ ਹੀ ਜ਼ਿੰਦਗੀ ਦੇ ਹਰ ਰੰਗ ਨੂੰ ਮਾਣਿਆ ਜਾਵੇ। ਸਰਬ ਸੁਖਨ ਵਿਚੋਂ ਹੀ ਸਾਹਾਂ ਦੀ ਸੰਪੂਰਨਤਾ ਲੋਚੀ ਜਾਵੇ। ਆਪਣੀ ਰੋਟੀ ਵਿਚੋਂ ਅੱਧੀ ਕਿਸੇ ਭੁੱਖੇ ਨੂੰ ਦੇ ਕੇ ਰੂਹ ਦਾ ਰੱਜ ਮਾਣੋ। ਸ਼ੁਕਰਗੁਜ਼ਾਰੀ ਵਿਚੋਂ ਹੀ ਜੀਵਨ ਦੀ ਗਨੀਮਤਾ ਨੂੰ ਸਮਝੋ। ਮਨ ਜਦ ਸ਼ੁਕਰਾਨੇ ਦੀ ਅਰਦਾਸ ਵਿਚ ਲੀਨ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੇ ਆਪਣੇ ਆਪ ਨੂੰ ਪਛਾਣ ਲਿਆ ਅਤੇ ਹੁਣ ਉਹ ਆਪਣਾ ਸੂਰਜ ਆਪ ਹੀ ਬਣ ਗਿਆ ਏ।

ਸਾਡੇ ਗੁਰੂਆਂ, ਪੀਰਾਂ, ਰਿਸ਼ੀਆਂ, ਮੁਨੀਆਂ ਅਤੇ ਪੈਗੰਬਰਾਂ ਨੇ ਮਨ ਦੀਆਂ ਮੁਹਾਰਾਂ ਨੂੰ ਉਸਾਰੂ ਪਾਸੇ ਲਾਉਣ ਅਤੇ ਪ੍ਰਤੀਤੀ ਵਿਚੋਂ ਪੈਗੰਬਰੀ ਦਾ ਰਾਹ ਅਪਨਾਉਣ ਦੀ ਜੁਗਤ ਸਮਝਾਈ ਹੈ। ਕਦੇ ਇਸਨੂੰ ਯੋਗ ਰਾਹੀਂ ਮੋੜਿਆ ਅਤੇ ਕਦੇ ਭਗਤੀ ਰਾਹੀਂ। ਪਰ ਸਭ ਤੋਂ ਸੁੰਦਰ ਤਾਂ ਗੁਰਬਾਣੀ ਦੱਸਦੀ ਕਿ ਗ੍ਰਹਿਸਥੀ ਜੀਵਨ ਵਿਚੋਂ ਵੀ ਬ੍ਰਹਮਚਾਰੀ ਵਰਗੀ



ਜੀਵਨ-ਜਾਚ ਮਾਣੀ ਜਾ ਸਕਦੀ ਹੈ। ਮਨ ਦੀ ਸ਼ਾਂਤੀ ਅਤੇ ਸਬਰ, ਜੀਵਨ ਦੀ ਮਾਨਵੀ ਧਾਰਨਾ ਬਣਾਈ ਜਾ ਸਕਦੀ। ਮਨ ਨੂੰ ਸਮਝੌਤੀ ਕਰਦਿਆਂ ਗੁਰਬਾਣੀ ਵਿਚ ਸ਼ਬਦ ਹਨ ਜਿਨ੍ਹਾਂ ਦੀ ਸੇਧ ਵਿਚ ਜੀਵਨ ਜਿਉਂਦਿਆਂ ਮਨ ਦੀ ਸਾਧਨਾ ਵੀ ਕਰ ਸਕਦੇ ਹਾਂ ਅਤੇ ਇਸਨੂੰ ਉਲਾਰ ਬਿਰਤੀ ਤੋਂ ਬਚਾਅ ਕੇ ਜੀਵਨੀ ਬੁਲੰਦੀਆਂ ਦਾ ਹਾਸਲ ਵੀ ਬਣ ਸਕਦੇ ਹਾਂ। ਜਿਵੇਂ

'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ'

...

ਮਨੁ ਤਨੁ ਜੀਤ ਸਬਦੁ ਲੈ ਲਾਹਾ

...

ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ

...

ਮਨ ਮੇਰੇ ਨਾਮਿ ਰਤੇ ਸੁਖੁ ਹੋਇ।

...

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ।

...

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ।

...

ਮਨ, ਸਾਡੀ ਬਿਰਤੀ ਦਾ ਬਿਰਤਾਂਤ। ਸਾਡੀਆਂ ਖਾਹਸ਼ਾਂ ਦਾ ਖ਼ਾਬ। ਸਾਡੀਆਂ ਚਾਹਤਾਂ ਦੀ ਚੰਗੇਰ। ਸਾਡੀਆਂ ਮਨੋਕਾਮਨਾਵਾਂ ਦਾ ਮੰਦਰ। ਸਾਡੇ ਭਵਿੱਖ ਦੀ ਭਵਿੱਖਬਾਣੀ। ਸਾਡੇ ਅੱਜ ਦੀ ਚਸ਼ਮਦੀਦੀ। ਸਾਡੀ ਜੀਵਨ-ਜਾਚ ਦਾ ਆਧਾਰ ਅਤੇ ਸਾਡੇ ਵਿਅਕਤੀਤਵ ਦਾ ਪਾਸਾਰ।

ਮਨ ਕੁਝ ਨਾ ਵੀ ਹੁੰਦਿਆਂ ਸਭ ਕੁਝ। ਸਥੂਲ ਨਾ ਹੁੰਦਿਆਂ ਵੀ ਹਾਜ਼ਰ-ਨਾਜ਼ਰ। ਅਸੀਂ ਮਾਨਸਿਕ ਅਪਾਹਜਤਾ ਦੀ ਅਣਦੇਖੀ ਤਾਂ ਕਰਦੇ ਹਾਂ ਪਰ ਮਨ ਦੀ ਅਵੱਗਿਆ ਕਦੇ ਨਹੀਂ ਕਰਦੇ ਕਿਉਂਕਿ ਸਾਡੀ ਸਮੁੱਚਤਾ ਹੀ ਮਨ 'ਤੇ ਨਿਰਭਰ।

ਜਦ ਮਨ ਮਰ ਜਾਂਦਾ ਤਾਂ ਬੰਦਾ ਜਿਉਂਦਿਆਂ ਹੀ ਮਰ ਜਾਂਦਾ। ਮਨ ਦੇ ਮਰਨ 'ਤੇ ਭੁੱਖ ਮਰ ਜਾਂਦੀ। ਸਾਨੂੰ ਸੰਵਰਨਾ ਅੱਛਾ ਨਾ ਲੱਗਦਾ। ਅਸੀਂ ਦੁਨੀਆਂ ਤੋਂ ਲੁਕਦੇ ਕਿਉਂਕਿ ਦੁਨੀਆਂ ਸਾਨੂੰ ਚੰਗੀ ਨਹੀਂ ਲੱਗਦੀ। ਜਦ ਨੀਂਦ, ਪਿਆਸ ਤੇ ਭੁੱਖ ਮਰ ਜਾਵੇ, ਜਿਉਣ ਨੂੰ ਚਿੱਤ ਨਾ ਕਰੇ ਤਾਂ ਸਮਝੋ ਕਿ ਮਨ ਮਰ ਚੁੱਕਾ ਹੈ। ਫਿਰ ਬੰਦੇ ਦੇ ਜਿਉਣ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਤਾਂ ਹੀ ਅਕਸਰ ਕਿਹਾ ਜਾਂਦਾ ਕਿ ਕੁਝ ਲੋਕ 'ਕੇਰਾਂ ਮਰਦੇ ਪਰ ਕੁਝ ਲੋਕ ਹਰ ਰੋਜ਼ ਜਾਂ ਹਰ ਪਲ ਵੀ ਮਰਦੇ। ਮਨ ਦੀ ਮੌਤ, ਸਰੀਰਕ ਮੌਤ ਨਾਲੋਂ ਵੀ ਜ਼ਿਆਦਾ ਕਸ਼ਟਦਾਇਕ ਅਤੇ ਖ਼ਤਰਨਾਕ ਹੁੰਦੀ। ਸਰੀਰਕ ਮੌਤ 'ਤੇ ਸਬਰ ਹੋ ਜਾਂਦਾ ਪਰ ਮਾਨਸਿਕ ਮੌਤ 'ਤੇ ਕਿੰਜ ਕੋਈ ਸਬਰ ਕਰੇਗਾ? ਸਗੋਂ ਤਿਲ ਤਿਲ ਕਰ ਕੇ ਮਰੇਗਾ।

ਇਹ ਮਨ ਹੀ ਹੁੰਦਾ ਏ ਕਿ ਉਹ ਲੜਕਪਣ ਦੀ ਉਮਰੇ ਹੀ ਜਵਾਨ ਹੋਣਾ ਲੋਚਦਾ, ਬਜ਼ੁਰਗ ਹੋ ਕੇ ਵੀ ਜਵਾਨੀ ਵਾਲੇ ਰੰਗ ਮਾਨਣਾ ਚਾਹੁੰਦਾ। ਕਈ ਵਾਰ ਬਜ਼ੁਰਗ ਹੁੰਦਿਆਂ ਵੀ ਬੱਚਾ ਬਣਨ ਦੀ ਚਾਹਨਾ ਹੁੰਦੀ। ਮਨ ਬੀਤੇ ਨੂੰ ਵਾਰ ਵਾਰ ਜਿਉਣਾ ਚਾਹੁੰਦਾ। ਆਪਣੇ ਬਚਪਨੇ ਦੀਆਂ ਥਾਂਵਾਂ ਨੂੰ ਕਈ ਵਾਰ ਤਾਂ ਉਡ ਕੇ ਜਾਣਾ ਲੋਚਦਾ। ਮਨ ਵਿਚ ਹੀ ਉਹ ਕਈ ਪਤਾਲਾਂ, ਦੇਸ਼ਾਂ, ਧਰਤੀਆਂ, ਜੰਗਲਾਂ ਅਤੇ ਸਮੁੰਦਰਾਂ ਨੂੰ ਗਾਹ ਕੇ ਪਲ ਭਰ ਵਿਚ ਵਾਪਸ ਪਰਤ ਆਉਂਦਾ।

ਮਨ ਦੀ ਉਡਾਣ ਹੁੰਦੀ ਹੈ ਸਭ ਤੋਂ ਤੇਜ਼, ਵਚਿੱਤਰ ਅਤੇ ਮਨ, ਮਨ-ਚਾਹੀਆਂ ਥਾਵਾਂ 'ਤੇ ਛਿਣ ਭਰ ਵਿਚ ਪਹੁੰਚ ਜਾਂਦਾ। ਪਲ ਵਿਚ ਬੀਤੇ ਦ੍ਰਿਸ਼ ਅਤੇ ਪਲਾਂ ਨੂੰ ਮਾਣਦਾ।

ਟੁੱਟੇ ਮਨ ਵਾਲਾ 'ਕੇਰਾਂ ਡਿੱਗਣ ਤੋਂ ਬਾਅਦ ਕਦੇ ਵੀ ਖੜਾ ਨਹੀਂ ਹੋ ਸਕਦਾ ਅਤੇ ਛੋਟੇ ਮਨ ਵਾਲਾ ਸਭ ਕੁਝ ਹੁੰਦਿਆਂ ਵੀ ਸਦਾ ਬੌਣਾ ਹੀ ਰਹਿੰਦਾ। ਇਹ ਮਨ ਦੀ ਤਾਕਤ ਹੀ ਹੁੰਦੀ ਕਿ ਬੰਦਾ ਕਿਸੇ ਵੀ ਅੰਬਰ ਨੂੰ ਕਲਾਵੇ ਵਿਚ ਲੈ ਸਕਦਾ, ਤਾਰਿਆਂ ਨਾਲ ਆੜੀ ਗੰਢ ਸਕਦਾ ਅਤੇ ਚੰਦ ਨੂੰ ਬਨੇਰੇ 'ਤੇ ਉਤਾਰ ਸਕਦਾ। ਮਨ ਹੀ ਬੰਦਾ ਦੇ ਸਭ ਤੋਂ ਸ਼ਕਤੀਸ਼ਾਲੀ ਸਾਧਨ ਅਤੇ ਇਸ ਨਾਲ ਉਹ ਜੀਅ ਵਿਚ ਆਈ ਹਰ ਮੰਜ਼ਲ ਨੂੰ ਪ੍ਰਾਪਤ ਕਰ ਸਕਦਾ।

ਯਾਦ ਰਹੇ ਕਿ ਦੁਨੀਆਂ ਦੇ ਸਭ ਤੋਂ ਮਹਾਨ ਅਤੇ ਤਾਕਤਵਰ ਵਿਅਕਤੀ ਸਿਰਫ਼ ਆਪਣੀ ਮਨ ਦੀ ਸ਼ਕਤੀ ਕਾਰਨ ਹੀ ਬੁਲੰਦੀਆਂ ਦਾ ਸਿਰਨਾਵਾਂ ਬਣੇ। ਗੁਬਾਰਾ ਉਪਰ ਨੂੰ ਸਿਰਫ਼ ਆਪਣੀ ਅੰਦਰਲੀ ਹਵਾ ਸਦਕਾ ਹੀ ਚੜ੍ਹਦਾ ਜਦਕਿ ਬਾਹਰਲੀ ਹਵਾ ਦਾ ਇਸ ਵਿਚ ਕੋਈ ਯੋਗਦਾਨ ਨਹੀਂ ਹੁੰਦਾ। ਅੰਦਰੋਂ ਤਕੜੇ ਸ਼ਖ਼ਸ ਲਈ ਹਰ ਮੰਜ਼ਲ ਸੰਭਵ।

'ਮਨ ਜੀਤੇ ਜਗ ਜੀਤ' ਦਾ ਮੂਲ ਮੰਤਰ ਰੱਟਨ ਵਾਲੇ ਲੋਕਾਂ ਦੀ ਜਿੱਤ ਨਿਸ਼ਚਿਤ ਹੁੰਦੀ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਮਨ ਵਿਚ ਜਿੱਤ ਨੂੰ ਸਾਕਾਰ ਕੀਤਾ ਹੁੰਦਾ। ਦੁਨੀਆਂ ਨੂੰ ਜਿੱਤ ਤਾਂ ਕੁਝ ਸਮੇਂ ਬਾਅਦ ਹੀ ਨਜ਼ਰ ਆਉਂਦੀ।

ਮਨ ਦੀ ਜਰਖ਼ੇਜ਼ਤਾ ਵਿਚ ਕਦੇ ਵੀ ਡਰ ਦਾ ਬੀਅ ਨਾ ਬੀਜੋ। ਕੁਝ ਸਮਾਂ ਬਾਅਦ ਇਹ ਭਿਆਨਕ ਦਰਖ਼ਤ ਬਣ ਕੇ ਤੁਹਾਨੂੰ ਹਜ਼ਮ ਕਰ ਜਾਵੇਗਾ। ਜ਼ਿੰਦਗੀ ਵਿਚ ਜਿੱਤ ਜਾਂ ਹਾਰ ਤੁਹਾਡੀ ਮਾਨਸਿਕ ਬਣਤਰ ਹੀ ਨਿਸ਼ਚਿਤ ਕਰਦੀ। ਮੰਨ ਲਓ ਤਾਂ ਹਾਰ ਹੁੰਦੀ ਪਰ ਮਨ ਵਿਚ ਧਾਰ ਲਓ ਤਾਂ ਜਿੱਤ ਤੁਹਾਡੇ ਕਦਮਾਂ ਨੂੰ ਚੁੰਮਦੀ।

ਚੇਤੇ ਰੱਖੋ ਕਿ ਮਨ ਜਦ ਕਮਜ਼ੋਰ ਹੁੰਦਾ ਤਾਂ ਹਾਲਾਤ ਤੁਹਾਡੇ ਲਈ ਸਮੱਸਿਆ ਬਣਦੇ। ਸੰਤੁਲਤ ਮਨ ਲਈ ਉਹੀ ਹਾਲਾਤ ਇਕ ਚੁਣੌਤੀ ਬਣ ਜਾਂਦੇ। ਪਰ ਤਕੜੇ ਮਨ ਵਾਲਿਆਂ ਲਈ ਉਹੀ ਹਾਲਾਤ ਇਕ ਮੌਕਾ ਦਿੰਦੇ, ਕੁਝ ਕਰ ਗੁਜ਼ਰਨ ਲਈ ਅਤੇ ਆਪਣੇ ਆਪ ਨੂੰ ਸਾਬਤ ਕਰਨ ਲਈ।

ਮਨ ਇਕ ਪਾਵਰ ਹਾਊਸ। ਅਗਰ ਤੁਸੀਂ ਇਸਨੂੰ ਨਕਾਰਾਤਮਿਕਤਾ ਨਾਲ ਭਰੋਗੇ ਤਾਂ ਤੁਹਾਡੇ ਲਈ ਜੀਵਨ ਨਰਕ ਹੋਵੇਗਾ। ਪਰ ਜੇ ਤੁਸੀਂ ਇਸਨੂੰ ਸਕਾਰਾਤਮਕ ਵਿਚਾਰਾਂ ਦਾ ਖ਼ਜ਼ਾਨਾ ਬਣਾਓਗੇ ਤਾਂ ਤੁਸੀਂ ਸਵਰਗ ਦੇ ਵਾਸੀ ਹੋਵੋਗੇ। ਸਵਰਗ ਜਾਂ ਨਰਕ ਤਾਂ ਬੰਦਾ ਇਸੇ ਜੀਵਨ ਵਿਚ ਹੀ ਭੋਗਦਾ। ਮਰਨ ਤੋਂ ਬਾਅਦ ਤਾਂ ਰਾਖ਼, ਮਿੱਟੀ ਵਿਚ ਮਿਲ ਜਾਵੇਗੀ।

ਜੀਵਨ ਵਿਚ ਚੰਗੇ ਮਨ ਵਾਲਾ ਹੋਣਾ ਹੀ ਕਾਫ਼ੀ ਨਹੀਂ ਹੁੰਦਾ। ਲੋੜ ਹੁੰਦੀ ਹੈ ਕਿ ਅਸੀਂ ਮਨ ਦੀ ਸਹੀ ਵਰਤੋਂ ਕਰ ਕੇ ਸਮਾਜ ਅਤੇ ਸੰਸਾਰ ਲਈ ਕੁਝ ਅਜਿਹਾ ਕਰੀਏ ਕਿ ਸਾਡੇ ਜਾਣ ਤੋਂ ਬਾਅਦ ਵੀ ਸਾਡਾ ਕਾਰਜ ਲੋਕ-ਚੇਤਿਆਂ ਵਿਚ ਵੱਸਦਾ ਰਹੇ।

ਮੈਂ ਅਕਸਰ ਹੀ ਮਨ ਨੂੰ ਮਿਲਦਾ ਹਾਂ  
ਰਾਤ ਨੂੰ ਸੌਣ ਤੋਂ ਪਹਿਲਾਂ  
ਅਤੇ ਸਵੇਰੇ ਅੱਖ ਖੁੱਲ੍ਹਣ 'ਤੇ  
ਮਨ ਮੇਰੀ ਜਾਮਾ-ਤਲਾਸ਼ੀ ਕਰਦਾ  
ਮੇਰੀਆਂ ਬੇਮਾਇਨੀਆਂ ਅਤੇ ਫ਼ਜ਼ੂਲ ਗੱਲਾਂ ਤੋਂ ਟੋਕਦਾ  
ਮੇਰੀਆਂ ਕੁਤਾਹੀਆਂ ਤੇ ਕਮੀਨਗੀਆਂ ਨੂੰ ਚਿਤਾਰਦਾ  
ਮੇਰੀਆਂ ਨੇਕੀਆਂ ਤੇ ਬਦੀਆਂ ਨੂੰ ਤੋਲਦਾ।

ਅਤੇ ਇਕ ਬੈਲੈਂਸ ਸ਼ੀਟ ਮੇਰੇ ਸਾਹਵੇਂ ਕਰਦਿਆਂ  
ਮੇਰੀ ਔਕਾਤ ਮੇਰੇ ਸਾਹਵੇਂ ਪ੍ਰਦਰਸ਼ਤ ਕਰਦਾ  
ਅਤੇ ਪੁੱਛਦਾ ਕਿ  
ਤੂੰ ਕਿਹੜੇ ਮਨ ਦੇ ਆਖੇ ਲੱਗ  
ਸਾਰਾ ਦਿਨ ਅਜੇਹਾ ਕੁਝ ਕਿਉਂ ਕੀਤਾ  
ਕਿ ਤੇਰਾ ਸਿਰ ਨੀਵਾਂ ਹੋਵੇ  
ਤੇ ਤੂੰ ਆਪਣੀ ਜ਼ਮੀਰ ਸਾਹਵੇਂ ਸ਼ਰਮਿੰਦਾ ਹੋਵੇਂ।  
ਝੱਲਿਆ!  
ਕੁਝ ਤਾਂ ਅਜੇਹਾ ਕਰਿਆ ਕਰ  
ਕਿ ਤੇਰੀ ਰੂਹ ਦਾਗਦਾਰ ਨਾ ਹੋਵੇ  
ਤੇਰੇ ਤਨ ਦੀ ਚਾਦਰ 'ਤੇ ਕੋਈ ਕਾਲਖ਼ ਨਾ ਲੱਗੇ  
ਤੇਰੀ ਕਿਰਤ ਵਿਚ ਕਪਟ ਦਾ ਰੰਗ ਨਾ ਹੋਵੇ  
ਅਤੇ ਤੇਰੀ ਕਮਾਈ  
ਤੇਰੀਆਂ ਪੀਹੜੀਆਂ ਨੂੰ ਗਾਲ਼ ਨਾ ਦੇਵੇ।  
ਭਲਿਆ!  
ਅਜੇਹਾ ਕੁਝ ਕਰੀਂ ਕਿ  
ਜ਼ਿੰਦਗੀ ਦਾ ਖਿੜਿਆ ਤੇ ਮੁਸਕਰਾਂਦਾ ਚਿਹਰਾ ਲੈ ਕੇ  
ਇਸ ਜਹਾਨ ਤੋਂ ਰੁੱਖ਼ਸਤ ਹੋਈਂ  
ਤਾਂ ਕਿ ਤੇਰੀ ਅਰਥੀ ਮਗਰ ਜਾਂਦੇ ਲੋਕਾਂ ਦੀ ਜ਼ੁਬਾਨ 'ਤੇ  
ਤੇਰੀ ਦਰਿਆਦਿਲੀ,  
ਦਿਆਨਤਦਾਰੀ ਅਤੇ ਦੀਨਤਾ ਦੀਆਂ ਬਾਤਾਂ  
ਬਲਦੇ ਸਿਵੇ ਦੀ ਫ਼ਿਜ਼ਾ ਵਿਚ ਫੈਲਣ

ਅਤੇ ਹਰ ਰੋਂਦੀ ਹੋਈ ਅੱਖ  
ਤੇਰੀ ਰੂਹ ਦੇ ਪ੍ਰਕਾਸ਼ ਵਿਚੋਂ  
ਚਾਨਣ ਦੀ ਇਕ ਕਾਤਰ ਲੈ ਕੇ  
ਆਪਣੇ ਘਰ ਨੂੰ ਵਾਪਸ ਪਰਤੇ।

ਮਨ ਨੂੰ ਮਨ ਮਿਲਦਾ ਤਾਂ ਕ੍ਰਿਸ਼ਮੇ ਹੁੰਦੇ। ਕਰਤਾਰੀ ਕਰਾਮਾਤਾਂ ਲਈ ਜ਼ਰੂਰੀ ਹੁੰਦਾ ਕਿ ਮਨ, ਆਪਣੇ ਜੇਹੇ ਮਨਾਂ ਨਾਲ ਮਿਲਦੇ ਰਹਿਣ। ਮਨਾਂ ਦੀ ਇਕਸੁਰਤਾ ਹੀ ਜੀਵਨੀ-ਜੁਗਤਾਂ ਅਤੇ ਜਾਗਰੂਕਤਾ ਨਾਲ, ਸਮੇਂ ਦੀਆਂ ਹਾਣੀ ਸੋਚਾਂ ਨੂੰ ਹਰ ਮਨ ਦੇ ਨਾਮ ਲਾਉਂਦੀ। ਮਨ ਦੀ ਪਾਰਦਸ਼ਤਾ, ਮਨੁੱਖੀ ਜੀਵਨ ਲਈ ਅਹਿਮ। ਕਾਲਖ਼ ਭਰੇ ਮਨ ਸਮਾਜ ਲਈ ਕਲੰਕ। ਉਹ ਪਰਿਵਾਰ ਅਤੇ ਸ਼ਰੀਕੇ ਵਿਚ ਸੂਲਾਂ ਦੀ ਖੇਤੀ ਕਰਦੇ ਜਦ ਕਿ ਪਾਕ ਮਨਾਂ ਵਾਲੇ ਲੋਕ ਸਮਾਜਕ-ਬਗੀਚੀ ਦਾ ਅਜੇਹਾ ਸਰੂਪ ਹੁੰਦੇ ਜਿਨ੍ਹਾਂ ਦੀ ਸੁਗੰਧ, ਵਕਤ ਨੂੰ ਸੰਦਲੀ ਸਮਿਆਂ ਦਾ ਪਹਿਰ ਬਣਾਉਂਦੀ।

ਇਕਸੁਰ ਮਨਾਂ ਦੀ ਸੰਗਤ, ਸੰਜੀਵਨੀ ਜਦ ਕਿ ਵਿਰੋਧੀ ਸੁਰਾਂ ਵਾਲੇ ਮਨਾਂ ਦੀ ਬੇਜੋੜਤਾ, ਸਾਹਾਂ ਦਾ ਸੰਤਾਪ। ਮਨ ਜਦ ਮਨ ਵਿਚ ਤਰਲ ਹੋ ਜਾਂਦਾ ਤਾਂ ਮਾਨਸਿਕ ਅਭਿੱਜਤਾ ਹਾਸਲ ਹੁੰਦੀ। ਇਹੀ ਤਰਲਤਾ ਹੀ ਬੋਲਾਂ ਨੂੰ ਸੰਵੇਦਨਾ, ਸੁਰ, ਸਥਿਰਤਾ ਤੇ ਸ਼ਬਦਕੋਸ਼ ਦਾ ਰੁਤਬਾ ਪ੍ਰਦਾਨ ਕਰਦੀ।

ਮਨ ਦੀ ਕਦੇ ਅਵੱਗਿਆ ਨਾ ਕਰੋ। ਇਸਦੀ ਅਧੀਨਗੀ ਵਿਚੋਂ ਹੀ ਤੁਸੀਂ ਦੁਨੀਆਂ ਦੀਆਂ ਸਾਰੀਆਂ ਰਹਿਮਤਾਂ ਦੇ ਮਾਲਕ ਹੋਵੋਗੇ। ਮਨ ਦੀ ਮੁੱਨਕਰੀ, ਮਰਨ-ਰੁੱਤ ਦੀ ਦਸਤਕ। ਅੱਖਰ ਅਰਦਾਸ ਕਰਦੇ ਨੇ ਤੁਹਾਡੇ ਮਨ-ਵਿਹੜੇ ਵਿਚ ਅਜੇਹੀ ਰੁੱਤ ਦਸਤਕ ਨਾ ਦੇਵੇ। ਤੁਸੀਂ ਸਰਬ-ਨਿਆਮਤਾਂ ਦੀ ਰਹਿਬਰੀ ਮਾਣੋ।

# ਗੁਰਮਤਿ ਗਿਆਨ ਦੀ ਅੰਬਰੀ ਪ੍ਰਵਾਜ਼: ਡਾ. ਗੁਰਨਾਮ ਕੌਰ

ਸਿੱਖ-ਸਿਧਾਂਤ ਅਤੇ ਗੁਰਬਾਣੀ ਬਾਰੇ ਗੱਲ ਕਰਨੀ ਅੰਬਰੀ ਪ੍ਰਵਾਜ਼ ਭਰਨ ਅਤੇ ਗੁਰਮਤਿ ਗਿਆਨ ਦੇ ਵਿਸ਼ਾਲ ਸਾਗਰ ਵਿਚੋਂ ਹੀਰੇ ਮੋਤੀ ਤਲਾਸ਼ਣ ਵਰਗੀ ਕਿਰਿਆ ਹੈ। ਇਸ ਬਿਖਮ ਮਾਰਗ 'ਤੇ ਤੁਰਨ ਦਾ ਕੋਈ ਸਿਦਕੀ, ਸਿਰੜੀ ਤੇ ਬਿਬੇਕੀ ਬਿਰਤੀ ਦਾ ਮਾਲਕ ਹੀ ਹੀਆ ਕਰ ਸਕਦਾ ਹੈ। ਪਰ ਸਾਡੇ ਸਮੇਂ ਦੀ, ਕੈਨੇਡਾ ਦੇ ਸ਼ਹਿਰ ਬਰੈਂਪਟਨ ਦੀ ਮਹਾਨ ਵਿਦਵਾਨ ਤੇ ਗੁਣਵਾਨ ਹਸਤੀ ਹੈ- ਡਾ. ਗੁਰਨਾਮ ਕੌਰ; ਜੋ ਗੁਰਮਤਿ ਗਿਆਨ ਅਤੇ ਗੁਰਬਾਣੀ ਦੇ ਸੂਖਮ ਤੇ ਬਿਖਮ ਰਹੱਸ ਦੀਆਂ ਪਰਤਾਂ ਖੋਜਣ, ਪੜਤਾਲਨ ਅਤੇ ਵਿਆਖਿਆ ਕਰਨ ਲਈ ਤਤਪਰ ਰਹਿੰਦੀ ਹੈ ਅਤੇ

ਪੂਰਨ ਸਿੰਘ ਪਾਂਧੀ

ਉਹ ਜਿਸ ਸਿਰੜ, ਸਿਦਕ ਤੇ ਸਮਰਪਿਤ ਭਾਵਨਾ ਨਾਲ਼ ਅਤੇ ਜਿਸ ਡੂੰਘਾਈ ਤੇ ਬਰੀਕੀ ਨਾਲ਼ ਗੁਰਮਤਿ ਖੋਜ ਦੇ ਕਾਰਜਾਂ ਵਿਚ ਚੁੱਪ ਚਾਪ ਲੱਗੀ ਹੋਈ ਹੈ; ਉਸ ਦੀ ਉਹ ਇਕੋ ਇਕ ਆਪ ਹੀ ਮਿਸਾਲ ਹੈ। "ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ" ਵਾਲੀ ਗੱਲ ਹੈ। ਉਹ ਸਿੱਖ ਫ਼ਲਸਫ਼ੇ ਦੀ ਆਚਾਰੀਆ ਅਤੇ ਸਿੱਖ-ਸਾਹਿਤ ਦੀ ਵਿਦਵਾਨ ਵਿਆਖਿਆਕਾਰ ਹੈ। ਸਿੱਖ ਵਿਚਾਰਧਾਰਾ, ਗੁਰਮਤਿ ਗਿਆਨ ਅਤੇ ਧੁਰ ਕੀ ਬਾਣੀ ਦੀ ਅੰਬਰੀ ਪ੍ਰਵਾਜ਼ ਹੈ।

ਜ਼ਿੰਦਗੀ ਦੇ ਅਰੰਭ ਤੋਂ ਇਸ ਨੇ ਆਪਣੀ ਯੋਗਤਾ ਤੇ ਪ੍ਰਤਿਭਾ ਦਾ ਰੁਖ ਗੰਭੀਰ ਤੇ ਸੰਵੇਦਨਸ਼ੀਲ ਧਾਰਮਿਕ ਖੇਤਰ ਦੇ ਖੋਜ ਕਾਰਜਾਂ ਨਾਲ਼ ਜੋੜੀ ਰੱਖਿਆ ਹੈ। ਉਸ ਦੀਆਂ ਆਪਣੀਆਂ ਛਪੀਆਂ ਕਿਤਾਬਾਂ ਤੋਂ ਇਲਾਵਾ ਉਸ ਦੇ ਖੋਜ ਭਰੇ ਸੈਂਕੜੇ ਲੇਖਾਂ ਦਾ ਵਿਸਥਾਰ ਅਤਿਅੰਤ ਹੈਰਾਨ ਕਰਦਾ ਕਾਰਜ ਹੈ। ਹੈਰਾਨ ਕਰਦੀ ਗੱਲ ਇਹ ਵੀ ਹੈ ਕਿ ਦਰਜਨ ਦੇ ਕਰੀਬ ਕਿਤਾਬਾਂ ਦੇ ਖਰੜੇ ਇਸ ਦੀਆਂ ਫਾਈਲਾਂ ਵਿਚ ਚਿਣ ਚਿਣ ਕੇ ਸੰਤੋਖੇ ਪਏ ਹਨ। ਉਨ੍ਹਾਂ ਖਰੜਿਆਂ ਨੂੰ ਚਾਨਣ ਵਿਚ ਆਉਣ ਤੇ ਛਪਣ ਦਾ ਸੁਭਾਗ ਸਮਾਂ ਕਦੋਂ ਮਿਲੇਗਾ, ਮਿਲੇਗਾ ਵੀ ਕਿ ਨਹੀਂ, ਕਿਸੇ ਨੂੰ ਕੁਝ ਪਤਾ ਨਹੀਂ।

ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਛਪਦੇ ਹਫ਼ਤਾਵਾਰੀ ਅਖਬਾਰ "ਪੰਜਾਬ ਟਾਈਮਜ਼" ਦੀ ਇਹ ਸਥਾਈ ਲੇਖਕਾ ਹੈ; ਉਸ ਦੇ ਹਰ ਅੰਕ ਵਿਚ ਇਸ ਦੇ ਨਵੇਂ ਤੋਂ ਨਵੇਂ ਬਹੁਮੁੱਲੇ ਲੇਖ ਨਿਰੰਤਰ ਛਪਦੇ ਆ ਰਹੇ ਹਨ। ਰੇਡੀਓ ਅਤੇ ਟੀ. ਵੀ. ਵਿਚ ਵੀ ਇਸ ਨੂੰ ਦੇਖਿਆ-ਸੁਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ "ਭਗਤਾਂ ਤੇ ਭੱਟਾਂ" ਬਾਰੇ ਅਤੇ ਗੁਰਬਾਣੀ ਦੀ ਮਹਾਨਤਾ ਨੂੰ ਪ੍ਰਗਟ ਕਰਦੇ ਵੱਖ ਵੱਖ ਅਨੇਕਾਂ ਵਿਸ਼ਿਆਂ ਬਾਰੇ ਇਸ ਦੇ ਸੈਂਕੜੇ ਲੇਖ ਹਨ: ਜੋ 'ਪੰਜਾਬ ਟਾਈਮਜ਼' ਵਿਚ ਅਤੇ ਹੋਰ ਵੱਖ ਵੱਖ ਅਖਬਾਰਾਂ-ਰਸਾਲਿਆਂ ਵਿਚ ਛਪਦੇ ਰਹਿੰਦੇ ਹਨ। ਹੈਰਾਨ ਦੀ ਗੱਲ ਹੈ ਕਿ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੇ ਅੰਤਾਂ ਦੇ ਰੁਝੇਵਿਆਂ ਵਿਚੋਂ ਏਨਾ ਸਮਾਂ ਤੇ ਏਨੀ ਇਕਾਗਰਤਾ ਕਿਵੇਂ ਹਾਸਲ ਕਰ ਲੈਂਦੀ ਹੈ, ਗੁਰਮਤਿ ਗਿਆਨ ਦੇ ਏਨੇ ਡੂੰਘੇ ਤੇ ਵਿਸ਼ਾਲ ਸਾਗਰਾਂ ਵਿਚ ਕਿਵੇਂ ਉੱਤਰਦੀ ਹੈ ਅਤੇ ਮਹਾਨ ਗੁਰਮਤੀ ਹੀਰੇ ਮੋਤੀ ਕਿਵੇਂ ਤਲਾਸ਼ ਕਰ ਲੈਂਦੀ ਹੈ?

ਸਚਾਈ ਇਹ ਹੈ ਕਿ ਜਿਸ ਸਿਰੜ, ਸਿਦਕ ਤੇ ਸ਼ਿੱਦਤ ਨਾਲ, ਡੂੰਘੀ ਲਗਨ ਤੇ ਅਪਾਰ ਮਿਹਨਤ ਨਾਲ਼ ਡਾ. ਗੁਰਨਾਮ ਕੌਰ ਗੁਰਮਤਿ ਦੇ ਖੋਜ ਕਾਰਜਾਂ 'ਚ ਜੁਟੀ ਵਿਚ ਹੋਈ ਹੈ, ਇਸ ਮਹਾਨ ਹਸਤੀ ਤੋਂ ਬਗੈਰ, ਪੂਰੇ ਸਿੱਖ ਪੰਥ ਵਿਚ, ਇਸ ਪੱਧਰ ਦੀ ਇਸਤ੍ਰੀ ਲੇਖਕਾ ਹੋਰ ਕੋਈ ਦਿਖਾਈ ਨਹੀਂ ਦਿੰਦੀ। ਪੂਰੇ ਪੰਥ ਦੀ ਇੱਕੋ ਇੱਕ ਇਹ ਵਿਦਵਾਨ ਇਸਤ੍ਰੀ ਲੇਖਕਾ ਹੈ। ਇਹ ਵੱਡੀ ਵਡਿਆਈ ਤੇ ਹਾਰਦਿਕ ਪ੍ਰਸ਼ੰਸਾ ਦੀ ਗੱਲ ਹੈ।

ਡਾ. ਗੁਰਨਾਮ ਕੌਰ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ 'ਘੁੰਗਰਾਲੀ ਸਿੱਖਾਂ' ਦੇ ਸਧਾਰਨ ਕਿਸਾਨ ਪਿਤਾ ਬਚਨ ਸਿੰਘ, ਮਾਤਾ ਹਰਬੰਸ ਕੌਰ ਦੇ ਘਰ 2 ਮਾਰਚ, 1945 ਨੂੰ ਹੋਇਆ। ਮਾਤਾ ਪਿਤਾ ਦੋਵੇਂ ਧਾਰਮਿਕ ਬਿਰਤੀ ਦੇ ਮਾਲਕ, ਪਰਉਪਕਾਰੀ ਤੇ ਗੁਰੂ-ਵਰੋਸਾਏ ਜਿਊੜੇ ਸਨ। ਇਨ੍ਹਾਂ ਦਾ ਪਰਿਵਾਰ 'ਅਕਾਲੀ' ਨਾਂ ਨਾਲ਼ ਜਾਣਿਆ ਜਾਂਦਾ ਸੀ। ਆਪਣੇ ਪਰਿਵਾਰ ਵਿਚ ਇਹ ਚਾਰ ਭੈਣਾਂ ਤੇ ਦੋ ਭਰਾ ਹਨ। ਗੁਰਨਾਮ ਕੌਰ ਨੇ 1963 ਵਿਚ ਪਹਿਲੇ ਨੰਬਰ ਵਿਚ ਰਹਿ ਕੇ ਦਸਵੀਂ ਪਾਸ ਕੀਤੀ। 1969 ਵਿਚ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਫਿਲਾਸਫੀ ਦੀ ਐਮ.ਏ. ਯੂਨੀਵਰਸਿਟੀ ਵਿਚ ਦੂਜੇ ਸਥਾਨ 'ਤੇ ਰਹਿ ਕੇ ਪਾਸ ਕੀਤੀ। 1979 ਵਿਚ ਇਸ ਦੀ ਗੁਰਦਿਆਲ ਸਿੰਘ ਬੱਲ ਨਾਲ਼ ਸ਼ਾਦੀ ਹੋਈ। 1990 ਵਿਚ ਇਸ ਸੁਭਾਗ ਜੋੜੀ ਨੇ ਅਰਬਨ ਅਸਟੇਟ ਫੇਜ਼ ਇਕ ਵਿਚ ਆਪਣੀ ਕੋਠੀ ਬਣਾਈ। 1969 ਵਿਚ 'ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਰਵਿਸ ਜੁਆਇਨ ਕੀਤੀ।

ਇਸ ਯੂਨੀਵਰਸਿਟੀ ਵਿਚ ਜਿਨ੍ਹਾਂ ਮਹਾਨ ਵਿਦਵਾਨ ਹਸਤੀਆਂ ਦਾ ਮਾਣ-ਮੱਤਾ ਤੇ ਖੁਸ਼ਬੂਦਾਰ ਸੰਗ-ਸਾਥ ਮਿਲਿਆ ਉਹ ਸਨ: ਡਾ. ਤਾਰਨ ਸਿੰਘ, ਡਾ. ਅਵਤਾਰ ਸਿੰਘ, ਪ੍ਰੋ. ਗੁਲਵੰਤ ਸਿੰਘ, ਡਾ. ਮਹਿੰਦਰਪਾਲ ਕੋਹਲੀ, ਡਾ. ਬਲਕਾਰ ਸਿੰਘ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਪ੍ਰੋ. ਪਿਆਰਾ ਸਿੰਘ ਪਦਮ ਆਦਿ ਜੋ ਆਪਣੇ ਸਮੇਂ ਦੀਆਂ ਮਹਾਨ ਵਿਦਵਾਨ ਲੇਖਕ ਹਸਤੀਆਂ ਸਨ।


ਪਹਿਲੀ ਨਜ਼ਰੇ ਦੇਖਿਆਂ ਡਾ. ਗੁਰਨਾਮ ਕੌਰ ਸਧਾਰਣ ਪੇਂਡੂ ਪਹਿਰਾਵੇ ਵਿਚ ਸਧਾਰਣ ਸੁਆਣੀ ਦੇ ਰੂਪ ਵਿਚ ਦਿਖਾਈ ਦੇਵੇਗੀ। ਅਸਲੋਂ ਪੇਂਡੂ ਪੱਧਰ ਦਾ ਸਧਾਰਣ ਪਹਿਰਾਵਾ, ਸਧਾਰਣ ਚਾਲ ਢਾਲ, ਚੁੰਨੀ ਨਾਲ਼ ਢਕਿਆ ਸਿਰ, ਨਿਰਛਲ ਬੋਲ ਚਾਲ। ਦਿਖਾਵੇ ਲਈ ਕੋਈ ਗਹਿਣਾ ਨਹੀਂ, ਕੋਈ ਹਾਰ ਸ਼ਿੰਗਾਰ ਨਹੀਂ। ਕੋਈ ਜਾਣ ਹੀ ਨਹੀਂ ਸਕਦਾ ਕਿ ਸਧਾਰਣ ਰੂਪ ਵਿਚ ਦਿਖਾਈ ਦਿੰਦੀ ਇਹ ਸੁਆਣੀ ਕੋਈ ਵਿਦਵਾਨ, ਚਿੰਤਕ ਤੇ ਗੁਰਮਤਿ ਦੀ ਮਹਾਨ ਆਚਾਰੀਆ ਹੋਵੇਗੀ। ਜਾਣਿਆਂ ਹੀ ਪਤਾ ਚਲਦਾ ਹੈ ਕਿ ਉਹ ਇੱਕ ਰੱਜੀ, ਪ੍ਰਸੰਨ ਤੇ ਸੰਤੁਸ਼ਟ ਹਸਤੀ, ਫਿਲਾਸਫੀ ਦੀਆਂ ਸਰਬੋਤਮ ਡਿਗਰੀਆਂ, ਵੱਡੀਆਂ ਪਦਵੀਆਂ ਅਤੇ ਉਚਤਮ ਵਿਚਾਰਸ਼ੀਲ ਗਹਿਣਿਆਂ ਦੀ ਮਾਲਕ ਹੈ।

ਡਾ. ਗੁਰਨਾਮ ਕੌਰ ਵਰਤਣ ਵਿਹਾਰ ਵਿਚ ਤੇ ਗੱਲਬਾਤ ਵਿਚ ਵੀ ਅਤਿਅੰਤ ਸਰਲ, ਸਹਿਜ ਤੇ ਸਧਾਰਣ ਹੈ। ਉਸ ਨੂੰ ਆਪਣੀ ਕੋਈ ਗੱਲ ਲੁਕਾਉਣੀ ਨਹੀਂ ਆਉਂਦੀ ਨਾ ਹੀ ਆਪਣੀ ਕੋਈ ਗੱਲ ਵਧਾਅ-ਚੜ੍ਹਾਅ ਕੇ ਆਖਣੀ ਆਉਂਦੀ ਹੈ। ਸਹਿਜ ਤੇ ਧੀਰਜ ਉਸ ਦੇ ਗਹਿਣੇ ਹਨ, ਸੰਤੋਖ ਤੇ ਠਰੰਮੇ ਨਾਲ਼ ਗੱਲ ਕਰਨ ਤੇ ਸੁਣਨ ਦਾ ਸਬਰ ਤੇ ਸਲੀਕਾ ਹੈ। ਪਹਿਲੀ ਮਿਲਣੀ ਵਿਚ ਹੀ ਉਸ ਦੇ ਸੁਭਾਅ ਦੇ ਸਾਰੇ ਰੰਗ ਰੂਪ, ਸੰਤਰੇ ਦੀਆਂ ਫਾੜੀਆਂ ਵਾਂਗ ਖਿੱਲਰ ਕੇ ਸਾਹਮਣੇ ਆ ਜਾਂਦੇ ਹਨ। ਗੁਰਨਾਮ ਕੌਰ ਦੇ ਦੱਸਣ ਅਨੁਸਾਰ ਉਸ ਨੇ ਆਪਣੇ ਸੁਭਾਅ ਦਾ ਬਹੁਤਾ ਹਿੱਸਾ ਆਪਣੇ ਪਰਿਵਾਰ ਦੇ ਸਿੱਖੀ ਰਹਿਤ ਬਹਿਤ ਵਿਚੋਂ ਅਤੇ ਬਾਣੀ ਦੀ ਵਿਦਿਆਰਥਣ ਹੋਣ ਵਿਚੋਂ ਗ੍ਰਹਿਣ ਕੀਤਾ ਹੈ।

ਡਾ. ਗੁਰਨਾਮ ਕੌਰ ਬਹੁਤ ਕੋਮਲ, ਸਰਲ ਤੇ ਸੰਵੇਦਨਸ਼ੀਲ ਸੁਭਾਅ ਦੀ ਮਾਲਕ ਹੈ। ਬਹੁਤਾ ਛਪਣ, ਆਪਣੀ ਮਸ਼ਹੂਰੀ ਕਰਾਉਣ ਜਾਂ ਕਿਸੇ ਇਨਾਮ ਸਨਮਾਨ ਦੀ ਇੱਛਾ ਜਾਂ ਲਾਲਸਾ ਤੋਂ ਅਸਲੋਂ ਪਾਕ ਪਵਿੱਤਰ ਤੇ ਨਿਰਲੇਪ ਹਸਤੀ ਹੈ। ਫਿਰ ਵੀ ਕਈ ਸਨਮਾਨਯੋਗ ਐਵਾਰਡ ਇਸ ਦੀ ਝੋਲ਼ੀ ਵਿਚ ਪੈ ਚੁੱਕੇ ਹਨ। ਸੁਧਾਰਵਾਦੀ ਰੁਚੀਆਂ ਦੀ ਮਾਲਕ ਹੈ। ਸਮਾਜਿਕ ਤੇ ਲੋਕ-ਭਲਾਈ ਦੇ ਕੰਮਾਂ ਦੀ ਲਗਨ ਹੈ। ਪਰ ਕਿਸੇ ਧਾਰਮਿਕ, ਸਮਾਜਿਕ ਜਾਂ ਰਾਜਨੀਤਕ ਇਕੱਠ ਦਾ ਹਿੱਸਾ ਬਣਨ, ਵੱਡੀ ਪਦਵੀ ਪ੍ਰਾਪਤ ਕਰਨ ਜਾਂ ਉੱਚੇ ਅਹੁਦੇ ਹਾਸਲ ਕਰਨ ਦੀ ਲਾਲਸਾ ਤੋਂ ਇਹ ਹਸਤੀ ਅਸਲੋਂ ਨਿਰਲੋਭ ਤੇ ਨਿਰਲੇਪ ਹੈ। ਸਾਹਿਤਕ ਖੇਤਰ ਵਿਚ ਵੀ ਸੰਜਮੀ, ਸੰਕੋਚੀ ਤੇ ਛੁਪੇ ਰਹਿਣ ਦੀ ਭਾਵਨਾ ਨਾਲ਼ ਭਰੀ ਹੋਈ ਹੈ।

ਡਾ. ਗੁਰਨਾਮ ਕੌਰ ਦੇ ਆਚਾਰ ਤੇ ਕਿਰਦਾਰ ਵਿਚ ਸਚਾਈ, ਸਫਾਈ ਤੇ ਮਿਠਾਸ ਕੱਚੇ ਦੁੱਧ ਵਰਗੀ, ਵਿਚਾਰਾਂ ਵਿਚ ਨਿਰਮਲਤਾ ਤੇ ਨਿਮਰਤਾ ਨਦੀ ਦੇ ਨਿਰਮਲ ਨੀਰ ਵਰਗੀ ਅਤੇ ਵਰਤਣ ਵਿਹਾਰ ਵਿਚ ਕਸਤੂਰੀ ਦੀ ਮਹਿਕ ਵਰਗੀ ਹੁੰਦੀ ਹੈ। ਇੱਕ ਤਿਆਗੀ ਵੈਰਾਗੀ ਸਾਧੂ-ਸਨਿਆਸੀ ਵਾਂਗ ਜੀਵਨ ਦੀਆਂ ਕਾਮਨਾਵਾਂ ਤੇ ਇੱਛਾਵਾਂ ਤੋਂ ਅਸਲੋਂ ਪਾਕ ਪਵਿੱਤਰ ਹੈ ਅਤੇ ਸਬਰ, ਸ਼ੁਕਰ, ਸੰਤੋਖ ਤੇ ਰੱਬੀ ਰਜ਼ਾ ਤੇ ਭਾਣੇ ਵਿਚ ਰਹਿਣ ਵਾਲੀ ਹਸਤੀ ਹੈ। ਉਸ ਦੀ ਲਿਖਣ-ਸ਼ੈਲੀ ਵੀ ਉਸ ਦੇ ਸਾਦੇ ਰਹਿਣ ਸਹਿਣ ਵਾਂਗ ਸਾਦੀ ਭਾਸ਼ਾ ਵਿਚ ਸਹਿਭਾਵੀ ਹੁੰਦੀ ਹੈ।

ਦੂਜੇ ਪਾਸੇ ਡਾ. ਗੁਰਨਾਮ ਕੌਰ ਦਾ ਜੀਵਨ ਸਾਥੀ ਗੁਰਦਿਆਲ ਸਿੰਘ ਬੱਲ ਵੀ ਨਿਰਾਲੀ ਤੇ ਵਿਲੱਖਣ ਹਸਤੀ ਹੈ। ਸੰਸਾਰ ਦੀ ਭੀੜ ਵਿਚ ਗੁਆਚਿਆ ਹੋਇਆ, ਚਿੰਤਕ, ਦਰਵੇਸ਼, ਵਿਸਮਾਦੀ ਬਿਰਤੀ ਦਾ ਮਾਲਕ, ਪੱਕਾ ਘੁਮੱਕੜ। ਸੋਚਾਂ ਵਿਚ ਗੁਆਚੇ ਦਰਵੇਸ਼ ਵਰਗੀ ਚਾਲ ਢਾਲ, ਮੋਢੇ ਨਾਲ਼ ਲਟਕਦਾ ਕਾਮਰੇਡੀ ਥੈਲਾ, ਸਿਰ ਦੇ ਗੰਜ ਵਿਚ ਬੈਠੀ ਐਨਕ ਤੋਂ ਉਹ ਕਿਸੇ ਅਨੋਖੀ ਤੇ ਨਿਰਾਲੀ ਦੁਨੀਆਂ ਦਾ ਵਾਸੀ ਜਾਪੇਗਾ। ਅਸਲ ਵਿਚ ਉਸ ਦਾ ਅਜਿਹੇ ਪੁਰਸ਼ਾਂ ਵਿਚ ਸ਼ੁਮਾਰ ਹੋਣਾ ਵਧੇਰੇ ਜਚਦਾ ਹੈ; ਜਿਨ੍ਹਾਂ ਨੂੰ ਬੁੱਧੀਜੀਵੀ ਵਰਗ ਵਿਚ ਦਾਰਸ਼ਨਿਕ, ਚਿੰਤਕ ਜਾਂ ਫਿਲਾਸਫਰ ਆਖਿਆ ਜਾਂਦਾ ਹੈ। ਸੰਸਾਰ ਦੇ ਰਹੱਸ ਨੂੰ ਜਾਨਣ ਅਤੇ ਮਨੁੱਖੀ ਮਨ ਦੀ ਨਬਜ਼ ਪਛਾਨਣ ਦੀ ਉਸ ਦੇ ਅੰਦਰ ਅੰਤਾਂ ਦੀ ਪਿਆਸ ਸਮਾਈ ਹੋਈ ਹੈ।



**ਡਾ. ਗੁਰਨਾਮ ਕੌਰ ਦੇ ਆਚਾਰ ਤੇ ਕਿਰਦਾਰ ਵਿਚ ਸਚਾਈ, ਸਫਾਈ ਤੇ ਮਿਠਾਸ ਕੱਚੇ ਦੁੱਧ ਵਰਗੀ, ਵਿਚਾਰਾਂ ਵਿਚ ਨਿਰਮਲਤਾ ਤੇ ਨਿਮਰਤਾ ਨਦੀ ਦੇ ਨਿਰਮਲ ਨੀਰ ਵਰਗੀ ਅਤੇ ਵਰਤਣ ਵਿਹਾਰ ਵਿਚ ਕਸਤੂਰੀ ਦੀ ਮਹਿਕ ਵਰਗੀ ਹੁੰਦੀ ਹੈ। ਇੱਕ ਤਿਆਗੀ ਵੈਰਾਗੀ ਸਾਧੂ-ਸਨਿਆਸੀ ਵਾਂਗ ਜੀਵਨ ਦੀਆਂ ਕਾਮਨਾਵਾਂ ਤੇ ਇੱਛਾਵਾਂ ਤੋਂ ਅਸਲੋਂ ਪਾਕ ਪਵਿੱਤਰ ਹੈ ਅਤੇ ਸਬਰ, ਸ਼ੁਕਰ, ਸੰਤੋਖ ਤੇ ਰੱਬੀ ਰਜ਼ਾ ਤੇ ਭਾਣੇ ਵਿਚ ਰਹਿਣ ਵਾਲੀ ਹਸਤੀ ਹੈ। ਉਸ ਦੀ ਲਿਖਣ-ਸ਼ੈਲੀ ਵੀ ਉਸ ਦੇ ਸਾਦੇ ਰਹਿਣ ਸਹਿਣ ਵਾਂਗ ਸਾਦੀ ਭਾਸ਼ਾ ਵਿਚ ਸਹਿਭਾਵੀ ਹੁੰਦੀ ਹੈ।**

ਕਿਤਾਬਾਂ ਉਸ ਦੀਆਂ ਸਾਥਣਾਂ ਹਨ। ਰੋਟੀ ਮਿਲੇ ਨਾ ਮਿਲੇ, ਕੋਈ ਪ੍ਰਵਾਹ ਨਹੀਂ, ਕਿਤਾਬਾਂ ਬਗੈਰ ਗੁਜ਼ਾਰਾ ਮੁਸ਼ਕਲ ਹੈ।

ਗੁਰਦਿਆਲ ਸਿੰਘ ਬੱਲ ਦੀ ਬੋਲ ਬਾਣੀ ਵਿਚ ਦੋ ਵਿਸ਼ੇਸ਼ ਲੱਛਣ ਵੇਖੇ ਜਾਂਦੇ ਹਨ: ਜੋ ਉਸ ਦੀ ਸ਼ਖ਼ਸੀਅਤ ਨੂੰ ਹੋਰਾਂ ਤੋਂ ਵਖਰਿਆਉਂਦੇ ਤੇ ਵਿਸ਼ੇਸ਼ ਬਣਾਉਂਦੇ ਹਨ: ਇੱਕ ਉਦੋਂ, ਜਦੋਂ ਉਹ ਆਪਣੇ ਬੀਰ-ਰਸੀ ਅੰਦਾਜ਼ ਵਿਚ ਹੁੰਦਾ ਹੈ ਅਤੇ ਕੜਾਕੇਦਾਰ ਗਾਲ੍ਹ ਨਾਲ਼ ਆਪਣਾ ਵਾਕ ਅਰੰਭ ਕਰਦਾ ਹੈ। ਉਦੋਂ ਉਸ ਦੀ ਆਵਾਜ਼ ਤਬਲੇ ਦੀ ਸੁਰ ਹੋਈ ਕਿਨਾਰ ਵਾਂਗ ਟੁਣਕਦੀ ਹੈ। ਹਰ ਸਭਾ ਵਿਚ ਉਹ ਅਗਰਬੱਤੀ ਦੀ ਸੁਗੰਧੀ ਵਾਂਗ ਛਾ ਜਾਂਦਾ ਹੈ। ਇਸ ਦੇ ਵਿਪਰੀਤ ਦੂਜਾ ਉਦੋਂ, ਜਦੋਂ ਕਿਸੇ ਦੀ ਆਖੀ ਕੋਈ ਗੱਲ ਉਸ ਨੂੰ ਬਹੁਤ ਪਿਆਰੀ ਲੱਗੇ। ਉਦੋਂ ਉਹ ਮੁਹੱਬਤੀ ਸਰੂਰ ਵਿਚ ਭਿੱਜ ਕੇ, ਮਾਖਿਓਂ ਮਿੱਠੇ ਮੂੰਹ ਨਾਲ 'ਹਾਇ ਰੱਬ ਜੀ' ਆਖਦਾ ਹੈ। 'ਹਾਇ ਰੱਬ ਜੀ' ਉਸ ਦਾ ਤਕੀਆ ਕਲਾਮ ਹੈ। ਇਸ ਤਕੀਆ ਕਲਾਮ ਨਾਲ਼ ਉਸ ਦੀ ਸਾਰੀ ਦੀ ਸਾਰੀ ਕਾਇਆ ਮਿਸ਼ਰੀ ਦੀ ਡਲ਼ੀ ਬਣੀ ਹੁੰਦੀ ਹੈ ਤੇ ਉਸ ਦਾ ਤਨ ਬਦਨ ਅੰਤਾਂ ਦੀ ਮਿਠਾਸ ਨਾਲ਼ ਭਰਿਆ ਹੁੰਦਾ ਹੈ। ਇਸ ਤਰ੍ਹਾਂ ਇਹ ਵਿਦਵਾਨ, ਗੁਣਵਾਨ ਤੇ ਸੁਭਾਗਸ਼ੀਲ ਜੋੜੀ ਕੈਨੇਡਾ ਦੀ ਹਰ ਸਾਹਿਤ ਸਭਾ ਦੀ ਇਕੱਤਰਤਾ ਦਾ ਸ਼ਿੰਗਾਰ ਹੁੰਦੀ ਹੈ ਅਤੇ ਆਪਣੇ ਬੋਲਾਂ ਤੇ ਵਿਚਾਰਾਂ ਨਾਲ਼ ਹਰ ਸਭਾ ਨੂੰ ਸ਼ਰਸ਼ਾਰ ਕਰਦੀ ਹੈ।

ਡਾ. ਗੁਰਨਾਮ ਕੌਰ ਦੀਆਂ ਬਹੁਤ ਗੰਭੀਰ ਤੇ ਗੂੜ੍ਹ ਫਿਲਾਸਫੀ ਦੀਆਂ ਪੁਸਤਕਾਂ, "ਰੀਜਨ ਐਂਡ ਰੈਵੇਲੇਸ਼ਨ ਇਨ ਸਿੱਖਇਜ਼ਮ", "ਸਟੱਡੀ ਇਨ ਸਿੱਖਇਜ਼ਮ", "ਬਾਣੀ ਅਤੇ ਧਰਮ ਦਰਸ਼ਨ" ਆਦਿ ਛਪ ਚੁੱਕੀਆਂ ਹਨ। ਵਿਭਾਗੀ ਮੈਗਜ਼ੀਨ "ਨਾਨਕ ਪ੍ਰਕਾਸ਼ ਪਤ੍ਰਿਕਾ" ਦੀ ਕਈ ਸਾਲ ਦੀ ਸੰਪਾਦਕੀ ਤੋਂ ਇਲਾਵਾ ਉਸ ਦੀਆਂ ਸੰਪਾਦਤ ਕੀਤੀਆਂ ਪੁਸਤਕਾਂ ਵਿਚੋਂ ਕੁੱਝ ਕੁ ਵਰਣਨਯੋਗ ਹਨ: "ਖਾਲਸਾ-ਏ ਥਿਮੈਟਿਕ ਪਰਸਪੈਕਟਿਵ", "ਦਾ ਡੀਵਾਈਨ ਵਰਸੀਫਾਇਰ", "ਸਿੱਖ ਵੈਲਿਊ ਸਿਸਟਮ ਐਂਡ ਸੋਸ਼ਲ ਚੇਂਜ", "ਫਿਲਸਾਫੀਕਲ ਪਰਸਪੈਕਟਿਵਜ਼ ਆਫ ਸਿਖਇਜ਼ਮ-ਲੇਖਕ ਸਵਰਗੀ ਡਾਕਟਰ ਅਵਤਾਰ ਸਿੰਘ", ਸਿੱਖ ਪ੍ਰਸਪੈਕਟਿਵ ਆਫ ਹਿਊਮਨ ਵੈਲੂਇਜ਼", "ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ" "ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ" "ਗੁਰੂ ਖਾਲਸਾ ਪੰਥ" "ਸ੍ਰੀ ਗੁਰੂ ਅੰਗਦ ਦੇਵ-ਗੁਰੂ ਚੇਲਾ, ਚੇਲਾ ਗੁਰੂ"। ਪਰ ਹੁਣ ਲੰਮੇ ਸਮੇਂ ਦੀ ਚੁੱਪ ਪਿੱਛੋਂ ਇਕੱਠੀਆਂ ਤਿੰਨ ਹੋਰ ਕਿਤਾਬਾਂ ਛਪੀਆਂ ਹਨ: "ਆਪਣੀ ਮਿੱਟੀ 'ਚੋਂ ਉਗਦਿਆਂ","ਬੀਤੇ ਪਲਾਂ ਦੀ ਦਾਸਤਾਨ" ਅਤੇ "ਜਬ ਲਗ ਦੁਨੀਆਂ ਰਹੀਐ ਨਾਨਕ"।




ਡਾ. ਗੁਰਨਾਮ ਕੌਰ ਦੀਆਂ ਪੁਸਤਕਾਂ 'ਜਬ ਲਗ ਦੁਨੀਆਂ ਰਹੀਐ ਨਾਨਕ', 'ਆਪਣੀ ਮਿੱਟੀ 'ਚੋਂ ਉਗਦਿਆਂ' ਅਤੇ 'ਬੀਤੇ ਪਲਾਂ ਦੀ ਦਾਸਤਾਨ' ਦੇ ਸਰਵਰਕ।

"ਆਪਣੀ ਮਿੱਟੀ 'ਚੋਂ ਉਗਦਿਆਂ" ਪੁਸਤਕ ਵਿਚ ਅੰਤਿਕਾ ਸਮੇਤ ਕੁੱਲ ਅਠਾਰਾਂ ਲੇਖ ਹਨ ਜਿਨ੍ਹਾਂ ਵਿਚੋਂ ਪਹਿਲੇ ਛੇ ਲੇਖ ਉਸ ਦੇ ਆਪਣੇ ਪਿੰਡ ਘੁੰਗਰਲੀ ਸਿੱਖਾਂ ਅਤੇ ਉਥੇ ਵਸਦੇ ਭਾਈਚਾਰੇ, ਰੀਤੀ-ਰਿਵਾਜ਼ ਅਤੇ ਪਿੰਡ ਦੇ ਆਮ ਜੀਵਨ ਬਾਰੇ ਹਨ। ਅਗਲੇ ਲੇਖਾਂ ਵਿਚ ਆਪਣੇ ਸਕੂਲ ਘੁੰਗਰਾਲੀ ਸਿੱਖਾਂ ਅਤੇ ਕੋਟਲਾ ਸ਼ਮਸ਼ਪੁਰ, ਲੁਧਿਆਣੇ ਦਾ ਲੜਕੀਆਂ ਦਾ ਸਰਕਾਰੀ ਕਾਲਜ ਅਤੇ ਉਥੋਂ ਦਾ ਹੋਸਟਲ ਜੀਵਨ ਜਿੱਥੋਂ ਉਸ ਨੇ ਬੀ ਏ ਦੀ ਡਿਗਰੀ ਕੀਤੀ ਅਤੇ ਕੁਰੂਕਸ਼ੇਤਰ ਵਿਸ਼ਵਵਿਦਿਆਲੇ ਵਿਚ ਬਿਤਾਏ ਸਮੇਂ ਦਾ ਹਾਲ-ਹਵਾਲ ਹੈ ਜਿੱਥੋਂ ਫਿਲਾਸਫੀ ਦੀ ਮਾਸਟਰ ਡਿਗਰੀ ਕੀਤੀ। ਉਨ੍ਹਾਂ ਸਮਿਆਂ ਵਿਚ ਜਦੋਂ ਪਿੰਡਾਂ ਵਿਚ ਕੁੜੀਆਂ ਨੂੰ ਪੜ੍ਹਾਉਣ ਦੀ ਰਵਾਇਤ ਆਮ ਨਹੀਂ ਸੀ, ਪਿੰਡੋਂ ਬਾਹਰ ਦੇ ਸਕੂਲਾਂ-ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹਨ ਜਾਣਾ ਆਪਣੇ-ਆਪ ਵਿਚ ਵਿਸ਼ੇਸ਼ ਮਾਅਨੇ ਰੱਖਦਾ ਹੈ।

"ਬੀਤੇ ਪਲਾਂ ਦੀ ਦਾਸਤਾਨ" ਪੁਸਤਕ ਵਿਚ 21 ਲੇਖ ਹਨ। ਮੁੱਢਲੇ ਲੇਖਾਂ ਵਿਚ ਡਾਕਟਰ ਸਾਹਿਬ ਨੇ ਆਪਣੇ ਜੀਵਨ ਦੇ ਉਸ ਸੰਘਰਸ਼ ਭਰੇ ਪਲਾਂ ਦੀ ਵਿਥਿਆ ਬਿਆਨ ਕੀਤੀ ਹੈ; ਜਿਨ੍ਹਾਂ ਪਲਾਂ ਵਿਚ ਹਰ ਵਿਅਕਤੀ ਜ਼ਿੰਦਗੀ ਦੇ ਭਵ-ਸਾਗਰ ਵਿਚੋਂ ਕਿਸੇ ਕਿਨਾਰੇ ਲੱਗਣ ਦੀ ਦੌੜ ਵਿਚ ਹੁੰਦਾ ਹੈ। ਇਸ ਦੀ ਇਸ ਮੈਰਾਥਨ ਦੌੜ ਦਾ ਮੈਦਾਨ ਪੰਜਾਬ ਦੀ ਫਿਜ਼ਾ ਵਿਚ 1962 ਵਿਚ ਹੋਂਦ ਵਿਚ ਆਈ "ਪੰਜਾਬੀ ਯੂਨੀਵਰਸਿਟੀ, ਪਟਿਆਲਾ" ਸੀ। ਕਿਤਾਬ ਦੇ ਮੁੱਢਲੇ ਲੇਖ "ਨੌਕਰੀ ਦੀ ਭਾਲ ਵਿਚ" ਤੇ "ਅਕਾਦਮਿਕ ਪ੍ਰਵੇਸ਼ ਅਤੇ ਪ੍ਰਬੰਧਕੀ ਰਵੱਈਆ" ਵਿਚ ਸੁਘੜ ਸੁਜਾਨ ਲੇਖਕਾ ਨੇ ਉਨ੍ਹਾਂ ਦੁਸ਼ਵਾਰੀਆਂ ਤੇ ਪ੍ਰੇਸ਼ਾਨੀਆਂ ਦਾ ਜ਼ਿਕਰ ਕੀਤਾ ਹੈ; ਜੋ ਤਕਰੀਬਨ ਹਰ ਕਿਸੇ ਨੂੰ ਅਕਸਰ ਨੌਕਰੀ ਵਿਚ ਪ੍ਰਵੇਸ਼ ਕਰਦਿਆਂ ਹੰਢਾਉਣੀਆਂ ਪੈਂਦੀਆਂ ਹਨ।

ਆਖਰ ਉਹ ਸੁਨਹਿਰੀ ਸਮਾਂ ਆ ਹੀ ਜਾਂਦਾ ਹੈ; ਜਦੋਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਸੈਕਿੰਡ ਰਹਿ ਕੇ ਫਿਲਾਸਫੀ ਦੀ ਐਮ.ਏ. ਕਰਨ ਵਾਲੀ ਡਾ. ਗੁਰਨਾਮ ਕੌਰ ਨੂੰ ਉਸ ਦੀ ਘਾਲ ਕਮਾਈ ਅਤੇ ਮਿਹਨਤ ਦਾ ਫਲ਼ ਪ੍ਰਾਪਤ ਹੁੰਦਾ ਹੈ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਨਮਾਨਯੋਗ ਨੌਕਰੀ ਮਿਲ ਜਾਂਦੀ ਹੈ। ਇਸ ਯੂਨੀਵਰਸਿਟੀ ਵਿਚ ਪਹਿਲਾਂ ਉਹ "ਗੁਰੂ ਗ੍ਰੰਥ ਸਾਹਿਬ ਵਿਭਾਗ" ਵਿਚ ਬਤੌਰ ਲੈਕਚਰਾਰ ਲੱਗੀ। ਫਿਰ "ਰੀਜਨ ਐਂਡ ਰੈਵੇਲੇਸ਼ਨ ਇਨ ਸਿੱਖਇਜ਼ਮ" ਵਿਸ਼ੇ 'ਤੇ ਪੀ.ਐਚ.ਡੀ. ਕਰਨ ਉਪਰੰਤ, ਇਸੇ ਯੂਨੀਵਰਸਿਟੀ ਵਿਚ ਰੀਡਰ ਅਤੇ ਫਿਰ ਪ੍ਰੋਫੈਸਰ ਦੀ ਪਦਵੀ 'ਤੇ ਸੁਸ਼ੋਭਿਤ ਹੋ ਗਈ। ਇਸ ਯੂਨੀਵਰਸਿਟੀ ਵਿਚ ਡਾ. ਗੁਰਨਾਮ ਕੌਰ ਨੇ ਲਗਾਤਾਰ ਸਾਢੇ ਪੈਂਤੀ ਸਾਲ ਸੇਵਾ ਕੀਤੀ ਅਤੇ 31 ਮਾਰਚ 2005 ਨੂੰ ਸੇਵਾ ਮੁਕਤ ਹੋਈ। ਪੁਸਤਕ ਵਿਚ ਉਸ ਦਾ ਇਹ ਸਮਾਂ ਅਤਿਅੰਤ ਸੁਰੀਲਾ ਅੜ੍ਹੇ ਰੌਚਕਤਾ ਭਰਿਆ ਬਿਰਤਾਂਤ ਹੈ।

ਕਿਤਾਬ ਦੇ ਅਗਲੇ 3 ਤੋਂ 11 ਨੰਬਰ ਤੱਕ ਦੇ 9 ਲੇਖਾਂ ਵਿਚ ਯੂਨੀਵਰਸਿਟੀ ਵਿਚ ਨਵੇਂ ਤੇ ਅਨੋਖੇ ਮਾਹੌਲ ਦੀਆਂ ਅਤਿਅੰਤ ਮਾਣਮੱਤੀਆਂ, ਰੌਚਕ ਤੇ ਪ੍ਰੇਰਨਾਦਾਇਕ ਗਤੀਵਿਧੀਆਂ ਦਾ ਲੇਖਾ ਜੋਖਾ ਹੈ। ਯੂਨੀਵਰਸਿਟੀ ਦੇ ਅੰਦਰਲੇ ਮਾਹੌਲ ਦੀ ਬਹੁ-ਮੁੱਲੀ ਜਾਣਕਾਰੀ ਤੇ ਗਿਆਨ ਭਰਪੂਰ ਲੇਖ ਹਨ। ਇਨ੍ਹਾਂ ਦੀ ਮਹਾਨਤਾ ਦਾ ਪੜ੍ਹਿਆਂ ਹੀ ਪਤਾ ਲਗ ਸਕਦਾ ਹੈ। 12 ਤੋਂ 21 ਤੱਕ ਦੇ ਲੇਖ ਵੱਖ ਵੱਖ ਵਿਸ਼ਿਆਂ ਨਾਲ਼ ਗਿਆਨ ਦਾ ਭੰਡਾਰ ਸਮੋਈ ਬੈਠੇ ਹਨ; ਜਿਨ੍ਹਾਂ ਨੂੰ ਪੜ੍ਹ ਕੇ ਹੀ ਅਨੰਦ ਮਾਣਿਆ ਜਾ ਸਕਦਾ ਹੈ। ਸਮੁੱਚੇ ਤੌਰ 'ਤੇ ਇਹ ਪੁਸਤਕ ਹਰ ਵਿਅਕਤੀ ਲਈ, ਵਿਸ਼ੇਸ਼ ਕਰਕੇ ਉਭਰਦੀ ਜੁਆਨੀ ਲਈ, ਅਤਿਅੰਤ ਪ੍ਰੇਰਨਾਦਾਇਕ, ਸਿਖਿਆਦਾਇਕ ਅਤੇ ਗਿਆਨਦਾਤੀ ਪੁਸਤਕ ਹੈ।

ਡਾ. ਗੁਰਨਾਮ ਕੌਰ ਦੀ ਤੀਜੀ ਪੁਸਤਕ ਦਾ ਨਾਂ ਹੈ-"ਜਬ ਲਗੁ ਦੁਨੀਆਂ ਰਹੀਐ ਨਾਨਕ"। ਗੁਰੂ ਨਾਨਕ ਸਾਹਿਬ ਦੀ ਇਹ ਤੁਕ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਧਨਾਸਰੀ ਵਿਚ 661 ਸਫੇ 'ਤੇ ਹੈ। ਸਾਰੀ ਤੁਕ ਇੰਜ ਹੈ: "ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਇਸ ਤੁਕ ਵਿਚ ਜੀਵਨ ਵਿਚ ਆਖਣ ਤੇ ਸੁਣਨ ਦੀ ਮਹਾਨਤਾ, ਸੂਖਮਤਾ ਅਤੇ ਸੁੱਚਮਤਾ ਦਾ ਵਿਸਥਾਰ ਛੁਪਿਆ ਹੋਇਆ ਹੈ। ਪੁਸਤਕ ਵਿਚ 16 ਬਹੁ-ਮੁੱਲੇ ਲੇਖ ਹਨ। ਪੁਸਤਕ ਪੜ੍ਹ ਕੇ ਹੀ ਲੇਖਕਾ ਦੇ ਗਿਆਨ ਤੇ ਘਾਲਣਾ ਨੂੰ 'ਬੱਲੇ ਬੱਲੇ' ਆਖਣ ਨੂੰ ਦਿਲ ਕਰਦਾ ਹੈ। ਕਿਤਾਬ ਦੇ ਸਿਰਲੇਖ ਦੇਖੋ: 'ਜਬ ਲਗ ਦੁਨੀਆਂ ਰਹੀਐ ਨਾਨਕ', 'ਸੇਵਕ ਕੀ ਅਰਦਾਸ', 'ਵਿਸ਼ਵ ਸਿੱਖ ਸਮੇਲਨ ਤੋਂ ਬਾਅਦ ਦਾ ਖਾਲਸਾ ਮਾਰਚ', 'ਸਿੱਖ ਬੀਬੀਆਂ ਦੀ ਸੇਵਾ', 'ਕਹਿਣੀ ਤੇ ਕਰਨੀ', 'ਧਰਤੀ ਪੰਜ ਦਰਿਆਵਾਂ ਦੀ', 'ਸ੍ਰੀ ਗੁਰੂ ਗ੍ਰੰਥ ਸਾਹਿਬ, ਸਤਿਕਾਰ ਕਮੇਟੀਆਂ ਅਤੇ ਨਾਨਕ-ਨਾਮ ਲੇਵਾ ਸੰਗਤ', 'ਇਛ ਪੁੰਨੀ ਸਰਧਾ ਸਭ ਪੂਰੀ' 'ਤੇਰਾ ਥਾਨ ਸੁਹਾਵਾ' 'ਫਿਰਿ ਬਾਬਾ ਆਇਆ ਕਰਤਾਰਪੁਰ' ਅਤੇ ਹੋਰ ਲੇਖ। ਕਿਤਾਬ ਦੇ ਬਹੁਤੇ ਲੇਖ ਗੁਰਬਾਣੀ ਦੀਆਂ ਤੁਕਾਂ ਤੋਂ ਲਏ ਗਏ ਹਨ; ਜਿਸ ਤੋਂ ਡਾਕਟਰ ਸਾਹਿਬ ਦੇ ਗੁਰਬਾਣੀ ਦੇ ਗਿਆਨ ਦੀਆਂ ਪਹੁੰਚਾਂ ਤੇ ਪ੍ਰਾਪਤੀਆਂ ਦਾ ਅਤੇ ਬਾਣੀ ਵਿਚ ਸ਼ਰਧਾ ਤੇ ਵਿਸ਼ਵਾਸ ਦਾ ਪਤਾ ਲਗਦਾ ਹੈ। ਕਿਤਾਬ ਬਾਰੇ ਭਾਵੇਂ ਬਹੁਤ ਕੁਝ ਆਖਿਆ ਜਾ ਸਕਦਾ ਹੈ ਪਰ ਸੰਖੇਪ ਵਿਚ ਗੱਲ ਇਥੇ ਮੁਕਦੀ ਹੈ ਕਿ ਇਹ ਪੁਸਤਕ ਬਹੁ-ਪੱਖੀ ਗਿਆਨ ਅਤੇ ਵਿਆਪਕ ਜਾਣਕਾਰੀ ਦਾ ਮਿਨੀ ਐਨਸਾਈਕਲੋਪੀਡੀਆ ਹੈ। ਇਹ ਤਿੰਨੋਂ ਪੁਸਤਕਾਂ ਹਰ ਸੂਝਵਾਨ ਤੇ ਅਗਾਂਹਵਧੂ ਸੋਚ ਵਾਲੇ ਹਰ ਵਿਅਕਤੀ ਦੇ ਘਰ ਦਾ ਸ਼ਿੰਗਾਰ ਹੋਣੀਆਂ ਚਾਹੀਦੀਆਂ ਹਨ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**




Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*


Gurbaksh S Randhawa
Call: 317-800-2976
Sam Bhullar: 317-995-2020

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਫਿਰ ਗੁਰਸੀਰ ਦਾ ਭਰਾ ਬਲਵੀਰ ਵੀ ਕੈਨੇਡਾ ਪੁੱਜ ਜਾਂਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਦਸ



**ਹਰਪ੍ਰੀਤ ਸੇਖਾ**
**ਫੋਨ: +1-778-231-1189**

### ਕਰਨਵੀਰ

ਰੋਡ ਟੈਸਟ ਲਈ ਕਰਨਵੀਰ ਨੇ ਕਲਿੰਟਨ ਸ਼ਹਿਰ ਵੱਲ ਚੜ੍ਹਾਈ ਕਰ ਦਿੱਤੀ। ਉਸ ਦੇ ਨਾਲ਼ ਦਰਸ਼ਨ ਦੇ ਸਹਾਇਕ ਮਨੋਜ ਦੀ ਕਾਰ ਵਿਚ ਤਿੰਨ ਸਿਖਾਂਦਰੂ ਹੋਰ ਗਏ ਸਨ। ਅਗਲੀ ਸਵੇਰ ਮੋਟਲ ਤੋਂ ਰੋਡ ਟੈਸਟ ਲਈ ਜਾਣ ਲੱਗਿਆਂ ਜਦੋਂ ਦਰਸ਼ਨ ਨੇ ਉਨ੍ਹਾਂ ਚਾਰਾਂ ਤੋਂ ਪੰਜ-ਪੰਜ ਸੌ ਵਾਧੂ ਡਾਲਰ ਮੰਗੇ ਤਾਂ ਕਰਨਵੀਰ ਅੰਦਰ ਪ੍ਰਸ਼ਨ ਉੱਠਿਆ। ਉਸ ਨੇ ਸੋਚਿਆ, 'ਕਿਤੇ ਦੋ ਹਜ਼ਾਰ ਤਾਂ ਨਹੀਂ ਟਰੱਕ ਦਾ ਖਰਚ ਆ ਗਿਆ ਹੋਣਾ? ਮੋਟਲ ਅਤੇ ਖਾਣੇ ਦਾ ਅਸੀਂ ਚਾਰਾਂ ਨੇ ਖਰਚਾ ਦਿੱਤਾ ਏ' ਪਰ ਉਸ ਨੇ ਕਿਹਾ ਕੁਝ ਨਹੀਂ ਤੇ ਹਜ਼ਾਰ ਡਾਲਰ ਕੱਢ ਕੇ ਦਰਸ਼ਨ ਨੂੰ ਫੜਾ ਦਿੱਤਾ।

ਰੋਡ ਟੈਸਟ ਦੇਣ ਦੀ ਸਭ ਤੋਂ ਪਹਿਲਾਂ ਵਾਰੀ ਕਰਨਵੀਰ ਦੀ ਹੀ ਸੀ। ਬ੍ਰੈਂਪਟਨ ਦੇ ਮੁਕਾਬਲੇ ਬਹੁਤ ਘੱਟ ਟ੍ਰੈਫਿਕ ਹੋਣ ਕਰ ਕੇ ਉਸ ਨੂੰ ਉਮੀਦ ਸੀ ਕਿ ਉਹ ਟੈਸਟ ਪਾਸ ਕਰ ਜਾਵੇਗਾ। ਮਨਿਸਟਰੀ ਦੀ ਇਮਾਰਤ ਮੂਹਰੇ ਟਰੱਕ ਰੋਕ ਕੇ ਦਰਸ਼ਨ ਬੋਲਿਆ, "ਜਿਹੜੀਆਂ ਗੱਲਾਂ ਤੈਨੂੰ ਸਿਖਾਈਆਂ, ਚੇਤੇ ਰੱਖੀਂ। ਘਬਰਾ ਨਾ ਜਾਵੀਂ।"

'ਸਾਰੇ ਝੂਠ ਚੇਤੇ ਨੇ।' ਕਰਨਵੀਰ ਦੇ ਚਿੱਤ 'ਚ ਆਈ ਪਰ ਉਸ ਨੇ ਕਿਹਾ ਕੁਝ ਨਹੀਂ ਤੇ ਮੁਸਕਰਾ ਕੇ ਟਰੱਕ ਵਿਚੋਂ ਉੱਤਰ ਗਿਆ।

ਦਫ਼ਤਰ ਵਿਚ ਕਰਨਵੀਰ ਦੇ ਮੂਹਰੇ ਲਾਈਨ ਵਿਚ ਕੋਈ ਵੀ ਨਹੀਂ ਸੀ। ਉਸ ਨੂੰ ਬ੍ਰੈਂਪਟਨ ਵਾਲ਼ਾ ਦਫ਼ਤਰ ਯਾਦ ਆ ਗਿਆ ਜਿੱਥੇ ਅਮੁੱਕ ਦਿਸਦੀ ਲੰਮੀ ਕਤਾਰ ਹੁੰਦੀ। ਐਗਜ਼ਾਮੀਨਰ ਦੀ "ਗੁੱਡ ਮੌਰਨਿੰਗ" ਕਹਿੰਦੀ ਮਿੱਠੀ ਆਵਾਜ਼ ਸੁਣ ਕੇ ਕਰਨਵੀਰ ਹੋਰ ਹੌਸਲੇ ਵਿਚ ਹੋ ਗਿਆ। ਐਗਜ਼ਾਮੀਨਰ ਨੇ ਪੁੱਛਿਆ, "ਟਰੱਕ ਕਿਰਾਏ 'ਤੇ ਕੀਤਾ ਹੈ?"

"ਹਾਂ।"

"ਕਿਰਾਏ ਵਾਲ਼ਾ ਐਗਰੀਮੈਂਟ ਪੇਪਰ ਦਿਖਾ।"

"ਮੇਰੇ ਕੋਲ ਲਾਈਸੰਸ ਹੈ ਨਹੀਂ, ਇਸ ਕਰ ਕੇ ਮੈਂ ਤਾਂ ਟਰੱਕ ਕਿਰਾਏ 'ਤੇ ਨਹੀਂ ਲੈ ਸਕਦਾ ਸੀ। ਉਹ ਮੇਰੇ ਭਰਾ ਦੇ ਨਾਂ 'ਤੇ ਕਿਰਾਏ 'ਤੇ ਲਿਆ। ਉਸ ਕੋਲ ਨੇ ਪੇਪਰ ਸਾਰੇ।"

ਐਗਜ਼ਾਮੀਨਰ ਨੇ ਨਿਗਾਹ ਉੱਪਰ ਕਰ ਕੇ ਕਰਨਵੀਰ ਵੱਲ ਦੇਖਿਆ। ਕਰਨਵੀਰ ਨੂੰ ਆਪਣੀਆਂ ਲੱਤਾਂ ਕੰਬਦੀਆਂ ਲੱਗੀਆਂ। ਉਹ ਬੋਲੀ, "ਟਰੱਕ ਦੀ ਨੰਬਰ ਪਲੇਟ ਕੀ ਹੈ?"

"ਯਾਦ ਨਹੀਂ।"

"ਕੀ ਤੂੰ ਬਾਹਰ ਜਾ ਕੇ ਉਸ ਦੀ ਫ਼ੋਟੋ ਖਿੱਚ ਕੇ ਲਿਆ ਸਕਦਾ ਹੈਂ?"

ਕਰਨਵੀਰ ਨੂੰ ਦਰਸ਼ਨ ਨੇ ਇਸ ਬਾਰੇ ਕੁਝ ਨਹੀਂ ਸੀ ਦੱਸਿਆ। ਕਰਨਵੀਰ ਨੂੰ ਪਤਾ ਨਾ ਲੱਗਾ ਕਿ ਕੀ ਜਵਾਬ ਦੇਵੇ। ਫਿਰ ਉਹ ਬੋਲਿਆ, "ਹਾਂ।"

ਕਰਨਵੀਰ ਨੇ ਬਾਹਰ ਆ ਕੇ ਦੇਖਿਆ ਕਿ ਦਰਸ਼ਨ ਟਰੱਕ ਵਿਚ ਬੈਠਾ ਸੀ। ਉਹ ਟਰੱਕ 'ਚੋਂ ਬਾਹਰ ਆ ਗਿਆ। ਉਸ ਨੇ ਪੁੱਛਿਆ, "ਹਾਂ?"

"ਗੋਰੀ ਕਹਿੰਦੀ ਟਰੱਕ ਦੀ ਨੰਬਰ ਪਲੇਟ ਨੋਟ ਕਰ ਕੇ ਲਿਆ।" ਕਰਨਵੀਰ ਨੇ ਦੱਸਿਆ।

"ਲੈ ਪੈ ਗਿਆ ਪੰਗਾ। ਅੱਗੇ ਤਾਂ ਕਦੇ ਕਿਸੇ ਨੇ ਪੁੱਛਿਆ ਨੀ ਸੀ ਏਦਾਂ। ਜਾਹ ਕਹਿ ਦੇਈਂ ਕਿ ਉਹ ਤਾਂ ਚਲਿਆ ਗਿਆ।" ਆਖ ਕੇ ਦਰਸ਼ਨ ਨੇ ਟਰੱਕ ਤੋਰ ਲਿਆ। ਉਦੋਂ ਹੀ ਐਗਜ਼ਾਮੀਨਰ ਨੇ ਬਾਹਰ ਆ ਕੇ ਟਰੱਕ ਦਾ ਨੰਬਰ ਨੋਟ ਕਰ ਲਿਆ। ਕਰਨਵੀਰ ਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਤੁਰੇ ਜਾਂਦੇ ਟਰੱਕ ਵੱਲ ਜਾਵੇ ਜਾਂ




ਐਗਜ਼ਾਮੀਨਰ ਦੇ ਮਗਰ ਦਫ਼ਤਰ ਵਿਚ ਜਾਵੇ। ਜਦੋਂ ਦਰਸ਼ਨ ਨੇ ਇਹ ਗੱਲਾਂ ਕਰਨਵੀਰ ਨੂੰ ਸਿਖਾਈਆਂ ਸਨ, ਉਦੋਂ ਹੀ ਕਰਨਵੀਰ ਦੇ ਦਿਮਾਗ਼ ਵਿਚ ਪ੍ਰਸ਼ਨ ਉੱਠੇ ਸਨ। ਉਸ ਨੇ ਪੁੱਛਿਆ ਸੀ, "ਸਰ, ਆਪਾਂ ਪ੍ਰਾਈਵੇਟ ਬੁਕਿੰਗ ਕਿਉਂ ਕੀਤੀ ਏ। ਸਕੂਲ ਦੇ ਨਾਂ ਹੇਠ ਕਿਉਂ ਨਹੀਂ ਕਰਵਾਈ?"

"ਸਕੂਲਾਂ ਦੇ ਨਾਂ ਹੇਠ ਕਿੱਥੇ ਮਿਲਦੀਐਂ! ਸਾਰੀਆਂ ਥਾਵਾਂ ਭਰੀਆਂ ਪਈਐਂ। ਏਹ ਪਤਾ ਨਹੀਂ ਕੀ ਚੱਕਰ ਐ ਪ੍ਰਾਈਵੇਟ ਰੋਡ ਟੈਸਟ ਲਈ-ਦੇਈ ਜਾਂਦੇ ਆ। ਏਨ੍ਹਾਂ ਬਾਰੇ ਹਾਲੇ ਆਪਣੇ ਬੰਦਿਆਂ ਨੂੰ ਪਤਾ ਨਹੀਂ ਲੱਗਾ, ਨਹੀਂ ਤਾਂ ਏਹ ਵੀ ਨਾ ਲੱਭਣ।" ਦਰਸ਼ਨ ਦੇ ਇਸ ਜਵਾਬ ਨਾਲ਼ ਕਰਨਵੀਰ ਦੀ ਪੂਰੀ ਤਸੱਲੀ ਨਹੀਂ ਸੀ ਹੋਈ। ਉਸ ਨੇ ਫਿਰ ਪੁੱਛਿਆ, "ਪਰ ਸਰ, ਆਪਣੇ ਟਰੇਲਰ 'ਤੇ ਤਾਂ ਵੱਡੇ ਅੱਖਰਾਂ 'ਚ ਆਪਣੇ ਸਕੂਲ ਦਾ ਨਾਂ ਲਿਖਿਆ ਹੋਇਆ ਏ। ਉਨ੍ਹਾਂ ਨੂੰ ਪਤਾ ਨਾ ਲੱਗੇਗਾ ਕਿ ਟਰੱਕ ਰੈਂਟਲ ਏ ਕਿ ਸਕੂਲ ਦਾ ਏ?"

"ਟਰੱਕ ਰੈਂਟਲ ਚਾਹੀਦੈ। ਟਰੇਲਰ ਭਾਵੇਂ ਕਿਸੇ ਸਕੂਲ ਦਾ ਹੀ ਹੋਵੇ। ਨਾਲ਼ੇ ਉਹ ਇਸ ਵੱਲ ਬਹੁਤਾ ਧਿਆਨ ਨੀ ਦਿੰਦੇ। ਚੱਲੀ ਜਾਂਦੈ ਕੰਮ।" ਦਰਸ਼ਨ ਨੇ ਜਵਾਬ ਦਿੱਤਾ ਸੀ।

'ਕਿੱਧਰ ਫਸ ਗਿਆ! ਹੁਣ ਕਿਸੇ ਝੂਠ ਦੇ ਕੇਸ 'ਚ ਹੀ ਨਾ ਫਸਾ ਦੇਣ।' ਇਸ ਡਰ ਨਾਲ਼ ਕਰਨਵੀਰ ਦਾ ਦਿਲ ਕੀਤਾ ਕਿ ਉਹ ਟਰੱਕ ਦੇ ਮਗਰ ਹੀ ਦੌੜ ਜਾਵੇ। 'ਐਂ ਕਿੱਥੋਂ ਤਕ ਨੱਠ ਲਵਾਂਗਾ?' ਸੋਚ ਕੇ ਕਰਨਵੀਰ ਹੌਲ਼ੀ-ਹੌਲ਼ੀ ਪੈਰ ਘੜੀਸਦਾ ਦਫ਼ਤਰ ਵਿਚ ਚਲਾ ਗਿਆ। ਐਗਜ਼ਾਮੀਨਰ ਅੰਦਰ ਕਿਤੇ ਚਲੀ ਗਈ ਸੀ। ਉਨੀ ਦੇਰ ਕਰਨਵੀਰ ਦਾ ਸਾਹ ਸੂਤਿਆ ਰਿਹਾ। ਕੁਝ ਦੇਰ ਬਾਅਦ ਬਾਹਰ ਆ ਕੇ ਉਹ ਬੋਲੀ, "ਤੈਨੂੰ ਪਤਾ ਹੈ ਨਾ ਕਿ ਤੇਰੀ ਅਪੁਇੰਟਮੈਂਟ ਪ੍ਰਾਈਵੇਟ ਹੈ, ਕਿਸੇ ਟਰੱਕ ਡਰਾਈਵਿੰਗ ਸਕੂਲ ਦੇ ਨਾਂ ਨਾਲ਼ ਨਹੀਂ?"

"ਹਾਂ।"

"ਤੈਨੂੰ ਇਹ ਵੀ ਪਤਾ ਹੈ ਨਾ ਕਿ ਪ੍ਰਾਈਵੇਟ ਬੁਕਿੰਗ ਨਾਲ਼ ਕਿਸੇ ਸਕੂਲ ਦੇ ਟਰੱਕ 'ਤੇ ਰੋਡ ਟੈਸਟ ਨਹੀਂ ਦੇ ਸਕਦੇ?"

ਕਰਨਵੀਰ ਕੁਝ ਨਾ ਬੋਲਿਆ। ਐਗਜ਼ਾਮੀਨਰ ਫਿਰ ਬੋਲੀ, "ਇਹ ਟਰੱਕ ਦਰਸ਼ਨ ਸਿੰਘ ਦੇ ਨਾਂ ਹੇਠ ਰਜਿਸਟਰ ਹੈ। ਦਰਸ਼ਨ ਸਿੰਘ ਦਾ 'ਸਿਰੇ ਸੱਟ ਡਰਾਈਵਿੰਗ ਸਕੂਲ' ਹੈ। ਤੁਸੀਂ ਟਰੱਕ ਕਿਰਾਏ 'ਤੇ ਲੈ ਕੇ ਕਿਉਂ ਨਹੀਂ ਰੋਡ ਟੈਸਟ ਦੇ ਸਕਦੇ? ਕਿਰਾਏ ਦੇ ਡਾਲਰ ਬਚਾਉਣ ਲਈ ਤੁਸੀਂ ਲੋਕ ਧੋਖਾ ਕਿਉਂ ਕਰਦੇ ਆਂ?" ਕਰਨਵੀਰ ਦਾ ਐਗਜ਼ਾਮੀਨਰ ਦੇ ਕਹੇ ਸ਼ਬਦ 'ਤੁਸੀਂ ਲੋਕ' ਵੱਲ ਧਿਆਨ ਨਾ ਗਿਆ। ਉਸ ਦਾ ਧਿਆਨ ਤਾਂ 'ਕਿਰਾਏ ਦੇ ਪੈਸੇ' ਬਚਾਉਣ ਵਾਲੀ ਗੱਲ ਨੇ ਖਿੱਚ ਲਿਆ ਸੀ। ਉਸ ਨੂੰ ਕਹਾਣੀ ਦੀ ਸਮਝ ਆਉਣ ਲੱਗੀ ਸੀ ਕਿ ਦਰਸ਼ਨ ਨੇ ਉਨ੍ਹਾਂ ਤੋਂ ਤਾਂ ਕਿਰਾਏ ਦੇ ਪੈਸੇ ਲੈ ਲਏ ਸਨ ਪਰ ਉਹ ਟਰੱਕ ਕਿਰਾਏ 'ਤੇ ਲੈਣ ਦੀ ਥਾਂ ਆਪਣਾ ਵਰਤ ਕੇ ਹੀ ਕਿਰਾਏ ਵਾਲੇ ਪੈਸੇ ਕਮਾਉਣੇ ਚਾਹੁੰਦਾ ਸੀ। ਕਰਨਵੀਰ ਨੇ ਇਹ ਸਭ ਐਗਜ਼ਾਮੀਨਰ ਨੂੰ ਨਾ ਦੱਸਿਆ। ਉਹ ਡੌਰ ਭੌਰ ਹੋਇਆ ਐਗਜ਼ਾਮੀਨਰ ਵੱਲ ਦੇਖਦਾ ਰਿਹਾ। ਉਹ ਬੋਲੀ, "ਮੈਂ ਤੇਰੀ ਅਪੁਇੰਟਮੈਂਟ ਰੱਦ ਕਰਦੀ ਹਾਂ। ਹੁਣ ਨਵੇਂ ਸਿਰੇ ਤੋਂ ਫ਼ੀਸ ਭਰ ਕੇ ਦੁਬਾਰਾ ਬੁੱਕ ਕਰਵਾ। ਚੇਤਾ ਰੱਖੀਂ, ਅੱਗੇ ਤੋਂ ਪ੍ਰਾਈਵੇਟ ਬੁਕਿੰਗ ਕੀਤੀ ਤਾਂ ਟਰੱਕ ਕਿਸੇ ਡਰਾਈਵਿੰਗ ਸਕੂਲ ਦਾ ਨਾ ਹੋਵੇ।"

ਇਹ ਸੁਣ ਕੇ ਕਰਨਵੀਰ ਨੇ ਸੁੱਖ ਦਾ ਸਾਹ ਲਿਆ। ਉਸ ਨੇ ਸੋਚਿਆ, 'ਡੇਢ ਸੌ ਡਾਲਰ ਫ਼ੀਸ ਦਾ ਤਾਂ ਕੋਈ ਨਹੀਂ, ਕਿਸੇ ਕੇਸ 'ਚ ਫਸਣ ਤੋਂ ਤਾਂ ਬਚ ਗਏ।'

ਕਰਨਵੀਰ ਨੂੰ ਮਿਲਦਿਆਂ ਹੀ ਦਰਸ਼ਨ ਨੇ ਪੁੱਛਿਆ, "ਆਪਣੇ ਸਕੂਲ ਨੂੰ ਜੁਰਮਾਨਾ ਤਾਂ ਨੀ ਕੀਤਾ?"

"ਨਾ, ਮੈਨੂੰ ਤਾਂ ਨਹੀਂ ਕਿਹਾ ਕੁਛ।"

"ਕੋਈ ਜੁਰਮਾਨਾ ਨਾ ਕਰ ਦੇਣ!"

'ਹੋਣਾ ਤਾਂ ਚਾਹੀਦਾ ਏ ਜਿਹੜੇ ਐਨਾ ਲਾਲਚ ਕਰਦੇ ਓ।' ਕਰਨਵੀਰ ਦੇ ਚਿੱਤ 'ਚ ਆਈ ਪਰ ਉਸ ਨੇ ਇਸ ਦੀ ਥਾਂ'ਤੇ ਕਿਹਾ, "ਹੁਣ ਕੀ ਹੋਊ?"

"ਮੈਨੂੰ ਹੁਣ ਕੀ ਪਤੈ ਯਾਰ। ਮੈਨੂੰ ਆਵਦਾ ਫ਼ਿਕਰ ਐ। ਪਤਾ ਨੀ ਕੀ ਕਰਨਗੇ। ਥੋਨੂੰ ਛੇਤੀ ਰੋਡ ਟੈਸਟਾਂ ਦੀ ਪਈ ਐ।"

ਤੇ ਫਿਰ ਬ੍ਰੈਂਪਟਨ ਆਪਣੇ ਦਫ਼ਤਰ ਪਹੁੰਚ ਕੇ ਆਪਣੇ ਫੋਨ ਵੱਲ ਦੇਖਦਾ ਦਰਸ਼ਨ ਬੋਲਿਆ, "ਬਰਲਿੰਗਟਨ ਸ਼ਹਿਰ 'ਚ ਹੈ ਕੱਲ੍ਹ ਦੀ ਪ੍ਰਾਈਵੇਟ ਦੋ ਵਜੇ ਦੀ ਇਕ ਥਾਂ ਵਿਹਲੀ। ਟਰੱਕ ਦੇ ਕਿਰਾਏ ਦਾ ਖਰਚਾ ਤੇ ਮੇਰਾ ਪੰਜ ਸੌ, ਜੇ ਮਨਜ਼ੂਰ ਹੈ ਤਾਂ ਕਰਦੇ ਬੁੱਕ।"

ਕੁਝ ਦੇਰ ਸੋਚਣ ਤੋਂ ਬਾਅਦ ਕਰਨਵੀਰ ਬੋਲਿਆ, "ਡੇਢ ਸੌ ਬੁਕਿੰਗ ਫ਼ੀਸ ਵੀ ਲੱਗਣੀ ਹੈ। ਤੁਸੀਂ ਆਵਦਾ ਤਾਂ ਪੰਜ ਸੌ ਨਾ ਲਓ। ਰੋਡ ਟੈਸਟ ਤਾਂ ਤੁਸੀਂ ਦਿਵਾਉਣਾ ਹੀ ਸੀ।"

"ਮੈਂ ਵੀ ਪਰਿਵਾਰ ਪਾਲਣੈ ਕਿ ਨਹੀਂ? ਮੇਰੀ ਸਾਰੀ ਦਿਹਾੜੀ ਲੱਗ ਜਾਣੀ ਐ।"

"ਮੇਰੇ ਤਾਂ ਅੱਜ ਵੀ ਦੇਖ ਲਓ ਕਿੰਨੇ ਲੱਗ ਗਏ?"

"ਅੱਜ ਦੀ ਅੱਜ ਨਾਲ਼। ਕੱਲ੍ਹ ਦੀ ਕੱਲ੍ਹ ਨਾਲ਼। ਜੇ ਮਨਜ਼ੂਰ ਹੈ ਤਾਂ ਦੱਸ ਟਰੱਕ ਰੈਂਟ ਕਰੀਏ। ਨਹੀਂ ਫੇਰ ਵੇਟ ਕਰ, ਜਦੋਂ ਕਿਤੇ ਤਿੰਨ-ਚਾਰ 'ਕੱਠੀਆਂ ਖਾਲੀ ਥਾਵਾਂ ਮਿਲੀਆਂ, ਉਦੋਂ ਸਹੀ। ਟਰੱਕ ਦਾ ਰੈਂਟ ਵੰਡਿਆ ਜਾਊ ਤਿੰਨੀ-ਚਾਰੀਂ ਥਾਈਂ?"

ਕਰਨਵੀਰ ਸੋਚਣ ਲੱਗਾ। ਦਰਸ਼ਨ ਫਿਰ ਬੋਲਿਆ, "ਬਰਲਿੰਗਟਨ ਤਾਂ ਆਹ ਨਾਲ਼ ਐ ਘੰਟੇ ਦੀ ਵਾਟ 'ਤੇ। ਮੈਨੂੰ ਉਥੋਂ ਦੇ ਰੋਡ ਟੈਸਟ ਦੇ ਰੂਟਾਂ ਦਾ ਵੀ ਪਤੈ। ਨਾਲ਼ੇ 'ਕੱਠੀਆਂ ਥਾਵਾਂ ਪਤਾ ਨੀ ਮਿਲਣ ਪਤਾ ਨੀ ਨਾ। ਆਪਾਂ ਲੱਕੀ ਸੀ ਜਿਹੜੀਆਂ ਅੱਜ ਆਪਾਂ ਨੂੰ ਮਿਲ ਗਈਆਂ ਸੀ।"

'ਕਾਹਦੇ ਲੱਕੀ ਸੀ? ਐਨੇ ਖੱਜਲ ਹੋਏ। ਕਿੰਨਾ ਵਾਧੂ 'ਚ ਹੀ ਖਰਚਾ ਹੋ ਗਿਆ' ਪਰ ਉਸ ਨੇ ਇਹ ਨਾ ਕਿਹਾ ਸਗੋਂ ਬੋਲਿਆ, "ਠੀਕ ਏ ਜੀ ਨਬੇੜੀਏ ਕੰਮ ਇਹ।"

ਅਗਲੇ ਦਿਨ ਉਨ੍ਹਾਂ ਨੇ ਬ੍ਰੈਂਪਟਨ ਤੋਂ ਟਰੱਕ ਕਿਰਾਏ 'ਤੇ ਲੈ ਲਿਆ। ਉਸ ਨਾਲ਼ 'ਸਿਰੇ ਸੱਟ ਡਰਾਈਵਿੰਗ ਸਕੂਲ' ਦਾ ਟਰਾਲਾ ਜੋੜ ਕੇ ਕਰਨਵੀਰ ਫਿਰ ਮਿਸ਼ਨ 'ਤੇ ਚੱਲ ਪਿਆ। ਬਰਲਿੰਗਟਨ ਪਹੁੰਚ ਕੇ ਦਰਸ਼ਨ ਬੋਲਿਆ, "ਤੈਨੂੰ ਰੋਡ ਟੈਸਟ ਦੇ ਰੂਟ 'ਤੇ ਗੇੜੇ ਕਢਾਉਣ ਤੋਂ ਪਹਿਲਾਂ ਲੰਚ ਕਰ ਲਈਏ।"

ਵ੍ਹਾਈਟ ਸਪਾਟ ਰੈਸਟੋਰੈਂਟ ਵਿਚ ਬੈਠਦਾ ਹੀ ਦਰਸ਼ਨ ਬੋਲਿਆ, "ਮੈਂ ਤਾਂ ਫਿਸ਼ ਐਂਡ ਚਿੱਪਸ ਖਾਊਂਗਾ। ਤੂੰ ਆਵਦੀ ਪਸੰਦ ਦਾ ਕਰ ਦੇ ਆਰਡਰ।" ਕਰਨਵੀਰ ਨੇ ਸੋਚਿਆ ਕਿ ਅੱਜ ਇਹ ਬੜਾ ਦਿਆਲ ਹੋਇਆ ਹੈ ਪਰ ਉਸ ਦਾ ਇਹ ਭੁਲੇਖਾ ਖਾਣਾ ਖਤਮ ਹੁੰਦਿਆਂ ਹੀ ਦੂਰ ਹੋ ਗਿਆ, ਜਦੋਂ ਦਰਸ਼ਨ ਨੇ ਕਿਹਾ, "ਬਿੱਲ ਦੇ ਨਾਲ਼ ਟਿੱਪ ਜ਼ਰੂਰ ਦੇ ਦੀਂ, ਨਹੀਂ ਤਾਂ ਚੰਗਾ ਨੀ ਲਗਦਾ।"

ਰੋਡ ਟੈਸਟ ਵਾਲੇ ਰੂਟ ਤੋਂ ਮੁੜ ਕੇ ਉਹ ਮਨਿਸਟਰੀ ਦੀ ਬਿਲਡਿੰਗ ਮਗਰ ਬਣੇ ਬੇਅ 'ਤੇ ਟਰੱਕ ਬੈਕ ਲਾਉਣ ਦੀ ਪ੍ਰੈਕਟਿਸ ਕਰਨ ਲੱਗੇ। ਉਦੋਂ ਹੀ ਅੰਦਰੋਂ ਆ ਕੇ ਕੋਈ ਬੋਲਿਆ, "ਤੁਸੀਂ ਇੱਥੇ ਨਹੀਂ ਪ੍ਰੈਕਟਿਸ ਕਰ ਸਕਦੇ, ਕਿਤੇ ਹੋਰ ਜਾਓ।"

ਇਹ ਖਰ੍ਹਵੀ ਆਵਾਜ਼ ਸੁਣ ਕੇ ਕਰਨਵੀਰ ਦੇ ਅੰਦਰ ਧੁੜਕੂ ਪੈਦਾ ਹੋ ਗਿਆ ਕਿ ਕਿਤੇ ਅੱਜ ਵੀ ਸਾਰਾ ਖਰਚਾ ਇਵੇਂ ਹੀ ਨਾ ਜਾਵੇ। ਉਸ ਦੇ ਚਿੱਤ 'ਚ ਆਈ, 'ਕਿਤੇ ਇਹ ਹੀ ਨਾ ਹੋਵੇ ਰੋਡ ਟੈਸਟ ਲੈਣ ਵਾਲ਼ਾ।'

ਪਰ ਉਸ ਦਾ ਇਹ ਡਰ ਦੂਰ ਹੋ ਗਿਆ, ਜਦੋਂ ਰੋਡ ਟੈਸਟ ਲੈਣ ਵਾਲ਼ਾ ਦੂਰੋਂ ਹੀ ਦਰਸ਼ਨ ਨੂੰ ਬੋਲਿਆ, "ਹੇ ਡਰਸ਼ਨ, ਕੀ ਹਾਲ ਹੈ ਦੋਸਤ? ਲੰਮੇ ਸਮੇਂ ਤੋਂ ਦੇਖਿਆ ਹੀ ਨੀ?"

ਤੇ ਫਿਰ ਪ੍ਰੀ ਟ੍ਰੈਪ ਇਨਸਪੈਕਸ਼ਨ ਕਰਦਾ ਕਰਨਵੀਰ ਪੂਰਾ ਹੌਸਲਾ ਫੜ ਗਿਆ। ਉਹ ਫਰਨ-ਫਰਨ ਸਾਰੀ ਕਾਰਵਾਈ ਕਰਨ ਲੱਗਾ। ਰੋਡ ਟੈਸਟ ਦੇ ਕੇ ਉਹ ਦੁਚਿੱਤੀ 'ਚ ਹੀ ਸੀ ਕਿ ਪਾਸ ਸੀ ਜਾਂ ਫੇਲ੍ਹ, ਭਾਵੇਂ ਉਸ ਨੂੰ ਲਗਦਾ ਸੀ ਕਿ ਉਸ ਨੇ ਟਰੱਕ ਠੀਕ ਚਲਾਇਆ ਸੀ; ਤੇ ਜਦੋਂ ਐਗਜ਼ਾਮੀਨਰ ਨੇ 'ਪਾਸ' ਕਿਹਾ, ਕਰਨਵੀਰ ਨੇ ਝੱਟ ਆਪਣਾ ਫੋਨ ਜੇਬ 'ਚੋਂ ਬਾਹਰ ਕੱਢ ਲਿਆ ਅਤੇ ਐਗਜ਼ਾਈਮਨਰ ਦੇ ਪਾਸੇ ਹੁੰਦਿਆਂ ਹੀ ਜੀਤੀ ਨੂੰ ਸੁਨੇਹਾ ਲਿਖ ਦਿੱਤਾ, "ਮਿਲ ਗਿਆ ਲਾਈਸੰਸ।"

ਜੀਤੀ ਦਾ ਝੱਟ ਮੁੜਵਾਂ ਸੁਨੇਹਾ ਆ ਗਿਆ, "ਪਾਰਟੀ ਹੋ ਗਈ। ਇਸ ਵਾਰ ਤੈਨੂੰ ਨਹੀਂ ਰੋਕਾਂਗੀ। ਮੇਰੇ ਖਾਣੇ ਦੇ ਵੀ ਤੂੰ ਹੀ ਪੇਅ ਕਰੀਂ।"

ਫਿਰ ਉਸ ਦਾ ਇਕ ਹੋਰ ਸੁਨੇਹਾ ਆ ਗਿਆ, "ਨਿਆਗਰਾ ਫਾਲਜ਼ ਜਾ ਕੇ ਪਾਰਟੀ ਕਰਾਂਗੇ।"

"ਜਿੱਥੇ ਕਹੇਂਗੀ।" ਲਿਖ ਕੇ ਕਰਨਵੀਰ ਨੇ ਮੁੜ ਜੀਤੀ ਦਾ ਪਹਿਲਾ ਸੁਨੇਹਾ ਪੜ੍ਹਿਆ। ਉਸ ਦੇ ਚਿਹਰੇ 'ਤੇ ਮੁਸਕਾਨ ਆ ਗਈ। ਉਸ ਨੇ ਜੀਤੀ ਦੀ ਫ਼ੋਟੋ ਵੱਲ ਹੀ ਬੁੱਲ੍ਹ ਮਰੋੜ ਕੇ ਚੁੰਮਣ ਭੇਜਿਆ।

ਆਪਣਾ ਅਸਥਾਈ ਲਾਈਸੰਸ ਲੈ ਕੇ ਕਰਨਵੀਰ ਕੁਝ ਪਲ ਉਸ ਵੱਲ ਦੇਖਦਾ ਰਿਹਾ ਜਿਵੇਂ ਆਖਦਾ ਹੋਵੇ, 'ਤੂੰ ਮੈਨੂੰ ਬੜਾ ਸਤਾਇਆ ਸੀ', ਫਿਰ ਉਸ ਨੂੰ ਸੰਭਾਲ਼ ਕੇ ਜੇਬ ਵਿਚ ਰੱਖਿਆ ਅਤੇ ਦਫ਼ਤਰ ਵਿਚੋਂ ਬਾਹਰ ਆ ਗਿਆ।

ਉਸ ਦੇ ਚਿਹਰੇ ਦੀ ਮੁਸਕਾਨ ਦੇਖ ਕੇ ਦਰਸ਼ਨ ਬੋਲਿਆ, "ਮਿਲ ਗਿਆ?"

"ਹਾਂ ਜੀ।"

"ਏਸ ਐਗਜ਼ਾਮੀਨਰ ਨੂੰ ਮੈਂ ਹੀ ਟਰੇਂਡ ਕੀਤੈ। ਇਹ ਨੀ ਮੇਰੇ ਟਰੇਨੀਆਂ ਨੂੰ ਫੇਲ੍ਹ ਕਰਦਾ।" ਦਰਸ਼ਨ ਦੀ ਇਹ ਗੱਲ ਸੁਣ ਕੇ ਕਰਨਵੀਰ ਨੂੰ ਲੱਗਾ ਕਿ ਕਿਤੇ ਦਰਸ਼ਨ ਉਸ ਤੋਂ ਇਸ ਪਛਾਣ ਦੀ ਵੀ ਵਾਧੂ ਫ਼ੀਸ ਨਾ ਮੰਗ ਲਵੇ। ਦਰਸ਼ਨ ਨੇ ਇਹ ਨਾ ਮੰਗੀ ਅਤੇ ਟਰੱਕ ਵਿਚ ਬੈਠਦਾ ਹੀ ਬੋਲਿਆ, "ਮੇਰੀ ਪਾਰਟੀ ਦਾ ਸੌ ਕੱਢ।"

ਕਰਨਵੀਰ ਨੂੰ ਲੱਗਾ ਕਿ ਉਹ ਮਜ਼ਾਕ ਕਰ ਰਿਹਾ ਸੀ, ਉਸ ਨੇ ਹੱਸ ਕੇ ਟਾਲ ਦਿੱਤਾ। ਦਰਸ਼ਨ ਫਿਰ ਬੋਲਿਆ, "ਦੰਦ ਕੱਢ ਕੇ ਨਾ ਸਾਰ। ਮੇਰੀ ਪਾਰਟੀ ਬਣਦੀ ਐ। ਸਾਰੀ ਦਿਹਾੜੀ ਤੇਰੇ 'ਤੇ ਲਾਤੀ।"

ਕਰਨਵੀਰ ਨੂੰ ਫਿਰ ਵੀ ਲੱਗਾ ਕਿ ਖੁਸ਼ੀ 'ਚ ਆਖ ਰਿਹਾ ਸੀ। ਉਹ ਕੁਝ ਨਾ ਬੋਲਿਆ। ਦਰਸ਼ਨ ਬੋਲਿਆ, "ਟਰੱਕ ਫੇਰ ਤੋਰੂੰ, ਪਹਿਲਾਂ ਪਾਰਟੀ ਕੱਢ।"

ਕਰਨਵੀਰ ਨੇ ਬਟੂਏ ਵਿਚੋਂ ਸੌ ਦਾ ਨੋਟ ਕੱਢ ਕੇ ਦਰਸ਼ਨ ਨੂੰ ਦਿਖਾਉਂਦਿਆਂ ਕਿਹਾ, "ਸਰ, ਇਹ ਆਖਰੀ ਏ। ਘਰਦਿਆਂ ਵਾਸਤੇ ਵੀ ਸ਼ਾਮ ਨੂੰ ਕੁਝ ਖਾਣ-ਪੀਣ ਲਈ ਲੈ ਕੇ ਜਾਣਾ ਏ।"

"ਹਾਲੇ ਤਾਂ ਸ਼ੇਰਾ ਟਰੱਕ 'ਚ ਡੀਜ਼ਲ ਵੀ ਪਵਾਉਣੈ।" ਦਰਸ਼ਨ ਨੇ ਕਰਨਵੀਰ ਦੇ ਹੱਥੋਂ ਨੋਟ ਖਿੱਚਦਿਆਂ ਕਿਹਾ; ਤੇ ਫਿਰ ਨੋਟ ਆਪਣੀ ਜੈਕਟ ਦੀ ਜੇਬ ਦੇ ਹਵਾਲੇ ਕਰਦਾ ਬੋਲਿਆ, "ਕਾਰਡ ਵਰਤ ਲੀਂ।"

"ਕਾਰਡ ਮੈਂ ਜਾਣ ਕੇ ਨਹੀਂ ਵਰਤਦਾ ਕਿ ਕਿਤੇ ਜ਼ਿਆਦਾ ਖਰਚਾ ਨਾ ਕਰ ਬੈਠਾਂ।"

"ਹੁਣ ਨਾ ਸਰਫਾ ਕਰ। ਲਾਈਸੰਸ ਮਿਲ ਗਿਆ ਤੇ ਰੋਗ ਕੱਟੇ ਗਏ। ਖੁਸ਼ੀਆਂ ਮਨਾ।"

'ਸੱਚੀਂ ਰੋਗ ਕੱਟੇ ਗਏ? ਕਿਤੇ ਇਵੇਂ ਹੀ ਹੋਵੇ!' ਕਰਨਵੀਰ ਨੇ ਸੋਚਿਆ। ਉਸ ਨੂੰ ਚਿੱਟੀ ਦਾ ਕਿਹਾ ਯਾਦ ਆ ਗਿਆ। ਉਸ ਨੇ ਕਿਹਾ ਸੀ, "ਟਰੱਕ ਦਾ ਲਾਈਸੰਸ ਲੈ ਆ। ਪਿੱਛੋਂ ਮੇਰਾ ਕੰਮ।"

'ਚੱਲ ਵੱਡਾ ਪੜਾਅ ਤਾਂ ਪਾਰ ਕਰ ਹੀ ਲਿਆ।' ਕਰਨਵੀਰ ਨੇ ਸੋਚਿਆ ਅਤੇ ਉਹ ਚਿੱਟੀ ਨੂੰ ਇਹ ਖ਼ਬਰ ਦੇਣ ਲੱਗ ਪਿਆ। ***(ਚੱਲਦਾ)***

# ਚਾਚੀ ਵੀਰੋ

## ਕਹਾਣੀ

ਉਸ ਦੀ ਤੇ ਸਾਡੇ ਘਰ ਦੀ ਛੱਤ ਸਾਂਝੀ ਸੀ। ਇਕ ਕੰਧ ਦਾ ਹੀ ਪਰਦਾ ਸੀ। ਇਕ ਪਾਸੇ ਮਾਂ ਰੁਮਾਲ ਦੀ ਗੰਢ ਖੋਲ੍ਹ ਕੇ ਇਕ-ਇਕ ਟੂੰਬ ਮੁਕੱਦਮੇ 'ਤੇ ਲਾਉਣ ਲਈ ਦੇ ਰਹੀ ਸੀ ਤੇ ਦੂਜੇ ਪਾਸੇ ਉਹ ਲਾਸਾਂ ਭਰੇ ਪਿੰਡੇ ਨਾਲ ਜ਼ਿੰਦਗੀ ਦੀ ਦੁਪਹਿਰ ਹੰਢਾ ਰਹੀ ਸੀ। ਮੈਂ ਉਸ ਨੂੰ 'ਚਾਚੀ ਵੀਰੋ' ਆਖਦੀ ਸਾਂ। ਸਕੀ ਚਾਚੀ ਤੇ ਨਹੀਂ ਸੀ ਸਗੋਂ ਉਸ ਦੀ ਤੇ ਜਾਤ ਵੀ ਹੋਰ ਸੀ।

ਇਕ ਦਿਨ ਮਿੱਟੀ ਦੇ ਕੂੰਡੇ ਵਿਚ ਭੰਗ ਘੋਟਦਾ ਗਿਆਨ ਆਖ ਰਿਹਾ ਸੀ, ''ਮੈਂ ਭੰਗ ਪੀਂਦਾ ਹਾਂ ਤੇ ਪੀਵਾਂਗਾ ਇਹ ਕੌਣ ਹੁੰਦੀ ਆ ਰੋਕਣ ਵਾਲੀ?''

ਗਿਆਨ ਚਾਚੀ ਵੀਰੋ ਦਾ ਘਰਵਾਲਾ ਸੀ। ਆਖਦੀ ਤੇ ਮੈਂ ਉਸ ਨੂੰ ਵੀ ਚਾਚਾ ਸੀ ਪਰ ਦਿਲੋਂ ਨਹੀਂ ਸੀ ਆਖਦੀ। ਉਸ ਨੂੰ ਬੋਲਦਾ ਸੁਣ ਕੇ ਗੁਆਂਢੀ ਪੂਰਨ ਨੇ ਝਿੜਕ ਦਿੱਤੀ, ''ਉਏ ਚੁੱਪ ਕਰ! ਮਿਹਨਤ ਕਰ ਕੇ ਟੱਬਰ ਪਾਲ ਰਹੀ ਏ।''

ਇਸੇ ਵਕਤ ਬਾਹਰ ਦਾ ਬੂਹਾ ਖੜਕਿਆ। ਗਿਆਨ ਬੂਹੇ ਨੂੰ ਕੁੰਡੀ ਮਾਰ ਕੇ ਰੱਖਦਾ ਸੀ। ਉਸ ਨੇ ਝੀਥ 'ਚੋਂ ਦੇਖਿਆ, ਵੀਰੋ ਸਿਰ 'ਤੇ ਘਾਹ ਦੀ ਪੰਡ ਚੁੱਕੀ ਖੜ੍ਹੀ ਸੀ। ਘਾਹ ਦੀਆਂ ਤਿੜਾਂ 'ਚੋਂ ਤਰੇਲ ਦੇ ਤੁਬਕੇ ਸਿੰਮ-ਸਿੰਮ ਕੇ ਉਸ ਦੀਆਂ ਖ਼ੁਸ਼ਕ ਅੱਖਾਂ ਵੱਲ ਆ ਰਹੇ ਸਨ। ਗਿਆਨ ਨੇ ਬੂਹਾ



ਦਵਿੰਦਰ ਕੌਰ ਗੋਰਾਇਆ

ਖੋਲ੍ਹ ਕੇ ਭੰਗ ਘੋਟਣ ਵਾਲਾ ਡੰਡਾ ਵੀਰੋ ਦੀ ਬਾਂਹ 'ਤੇ ਮਾਰ ਦਿੱਤਾ। ਚੂੜੀਆਂ ਟੁੱਟ ਕੇ ਡਿੱਗ ਪਈਆਂ ਤੇ ਨਾਲ਼ ਹੀ ਸਿਰ ਤੋਂ ਡਿੱਗ ਕੇ ਪੰਡ ਵੀ ਖੁੱਲ੍ਹ ਗਈ। ਪੰਡ ਵਿਚ ਲੁਕਾਏ ਹੋਏ ਹਰੇ ਗੰਢਿਆਂ ਤੇ ਕੱਦੂ ਨੇ ਚੂੜੀਆਂ ਟੁੱਟਣ ਦਾ ਬਦਸ਼ਗਨ ਭੁਲਾ ਦਿੱਤਾ। ਫੇਰ ਵੀਰੋ ਘਾਹ ਇਕੱਠਾ ਕਰਦੀ ਦੇਖਦੀ ਰਹਿ ਗਈ। ਗਿਆਨ ਨੇ ਕੱਦੂ ਚੁੱਕ ਕੇ ਕੰਧ ਉੱਤੋਂ ਦੀ ਛੱਪੜ ਵਿਚ ਸੁੱਟ ਦਿੱਤਾ ਸੀ।

ਚਾਚੀ ਵੀਰੋ ਨੂੰ ਕੁਝ ਸੁੱਝ ਨਹੀਂ ਸੀ ਰਿਹਾ।

ਉਸ ਨੇ ਘਬਰਾਅ ਕੇ ਸੁੱਕੀਆਂ ਢੀਂਗਰਾਂ ਤੋੜ ਕੇ ਚੁੱਲ੍ਹੇ ਅੱਗੇ ਰੱਖ ਦਿੱਤੀਆਂ ਤੇ ਆਪਣੇ-ਆਪ ਨਾਲ ਗੱਲਾਂ ਕਰਨ ਲੱਗ ਪਈ, ''ਚੰਗਾ ਹੋਇਆ ਕੱਲ੍ਹ ਹਨੇਰੀ ਵਗੀ ਤੇ ਟਹਿਣਾ ਗਲੀ ਵਿਚ ਡਿੱਗ ਪਿਆ, ਜੇ ਅੰਦਰ-ਵਾਰ ਡਿੱਗਦਾ ਤਾਂ ਮਾਂ ਨੂੰ ਕਿਹੜਾ ਕਿਸੇ ਨੇ ਚੁੱਕਣ ਦੇਣਾ ਸੀ?''

ਵੀਰੋ ਦਾਣੇ ਭੁੰਨਦੀ ਨੇ ਦੇਖਿਆ ਸੀ, ਮਾਂ ਟਾਹਣਾ ਘੜੀਸਦੀ ਤੁਰੀ ਆਉਂਦੀ ਨੂੰ।

ਅਚਾਨਕ ਅੰਦਰੋਂ ਮਾਂ ਦੇ ਖੰਘਣ ਦੀ ਆਵਾਜ਼ ਸੁਣ ਕੇ ਵੀਰੋ ਨੇ ਦੱਬੀ ਅੰਗਿਆਰੀ ਫੋਲ ਕੇ ਅੱਗ ਬਾਲ ਦਿੱਤੀ। ਫਿਰ ਯਾਦ ਆਇਆ, 'ਹੈਹੈਂ! ਕੱਦੂ?'

ਉਸ ਨੇ ਕਾਹਲੀ ਨਾਲ ਕੰਧ ਉੱਤੋਂ ਦੀ ਛੱਪੜ ਵੱਲ ਦੇਖਿਆ ਤੇ ਫਿਰ ਪੈਰਾਂ ਥੱਲੇ ਮਿੱਧੇ ਗੰਢੇ ਚੁੱਕ ਕੇ ਇੱਧਰ-ਉੱਧਰ ਦੇਖਦੀ ਅੰਦਰ ਮਾਂ ਕੋਲ ਚਲੀ ਗਈ।

ਮਾਂ ਵੱਡੀ ਪੋਤਰੀ ਨੂੰ ਦਸੂਤੀ ਕੱਢਣਾ ਸਿਖਾਅ ਰਹੀ ਸੀ।

''ਆਂਦਾ ਈ ਕੁਝ ਰਿੰਨਣ ਨੂੰ ਵੀਰੋ ਪੁੱਤ? ਆਟਾ ਕੁੜੀ ਲੰਬੜਾਂ ਘਰੋਂ ਲੈ ਆਈ ਆ,'' ਮਾਂ ਨੇ ਆਸ ਭਰੀ ਨਜ਼ਰ ਨਾਲ ਨੂੰਹ ਵੱਲ ਦੇਖਿਆ।

''ਲਿਆ ਮਾਂ ਲੱਤਾਂ ਘੁੱਟ ਦਿਆਂ,'' ਵੀਰੋਂ ਮਾਂ ਦੀਆਂ ਪੈਂਦਾਂ ਵੱਲ ਬੈਠ ਗਈ।

''ਲੱਤਾਂ ਘੁੱਟਿਆਂ ਭੁੱਖ ਨਹੀਂ ਮਿਟਦੀ,'' ਮਾਂ ਕੰਬਦੇ ਹੱਥਾਂ ਨਾਲ ਸੋਟੀ ਸੰਭਾਲਦੀ ਬਾਹਰ ਨੂੰ ਚਲੀ ਗਈ।

''ਫੁੱਲ ਕੱਢਣਾ ਸਿੱਖਿਆਂ ਵੀ ਭੁੱਖ ਨਹੀਂ ਮਿਟਦੀ ਮਾਂ,'' ਵੀਰੋ ਨੇ ਹਰਖ ਕੇ ਕੁੜੀ ਦੇ ਹੱਥੋਂ ਸੂਈ ਖੋਹ ਕੇ ਕੰਧ ਵਿਚ ਗੱਡ ਦਿੱਤੀ। ਫਿਰ ਹੱਥ ਵਿਚ ਫੜੇ ਮੈਲੇ ਜਿਹੇ ਕੱਪੜੇ ਵੱਲ ਦੇਖ ਕੇ ਬੋਲੀ, ''ਹੂੰ! ਰੀਝਾਂ ਵੀ ਸਾਡੇ ਵਰਗਿਆਂ ਦੀਆਂ ਸੁਆਹ ਵਰਗੀਆਂ ਹੁੰਦੀਆਂ ਨੇ।''

ਗਿਆਨ ਨੇ ਭੰਗ ਪੀ ਕੇ ਗਿਲਾਸ ਬੂਹੇ ਵੱਲ ਵਗਾਹ ਕੇ ਮਾਰ ਦਿੱਤਾ। ਕਾਹਲੀ ਨਾਲ ਬਾਹਰ ਆਉਂਦੀ ਵੀਰੋ ਦਾ ਪੈਰ ਦਹਿਲੀਜ਼ ਨਾਲ ਅੜ ਗਿਆ ਤੇ ਉਹ ਡਿੱਗ ਪਈ। ਮਾਂ ਹੱਥ ਨਾਲ ਕਲੇਜਾ ਘੁੱਟੀ ਕੁੜੀ ਨੂੰ ਆਵਾਜ਼ਾਂ ਮਾਰਨ ਲੱਗ ਪਈ। ਗਿਆਨ ਵੇਹੜੇ ਦੇ ਚੱਕਰ ਕੱਢਦਾ ਬਾਹਰ ਨੂੰ ਚਲਾ ਗਿਆ। ਕੁਝ ਚਿਰ ਬਾਅਦ ਚਾਚੀ ਵੀਰੋ ਕੋਠੇ 'ਤੇ ਪਾਥੀਆਂ ਥੱਲ ਰਹੀ ਸੀ। ਉਹ ਕਦੀ ਮੱਥੇ 'ਤੇ ਹੱਥ ਰੱਖ ਕੇ ਰੋਣ ਲੱਗ ਪੈਂਦੀ ਤੇ ਕਦੀ ਇੱਧਰ-ਉੱਧਰ ਦੇਖ ਕੇ ਅੱਖਾਂ ਪੂੰਝ ਲੈਂਦੀ।

ਚਾਚੀ ਵੀਰੋ ਨੂੰ ਗ਼ੁੱਸਾ ਕਿਉਂ ਨਹੀਂ ਆਉਂਦਾ? ਇਹ ਕਦੀ ਕਿਸੇ ਨਾਲ ਰੁੱਸਦੀ ਕਿਉਂ ਨਹੀਂ? ਸੋਚਦਿਆਂ ਮੈਂ ਉੱਧਰ ਦੇਖਿਆ, ਉਹ ਸਾਡੇ ਘਰ ਵੱਲ ਤੁਰੀ ਆਉਂਦੀ ਸੀ। ਮੈਨੂੰ ਲੱਗਾ ਜਿਵੇਂ ਮੇਰੀ ਚੋਰੀ ਫੜੀ ਗਈ ਹੋਵੇ। ਮੈਂ ਘਬਰਾ ਕੇ ਪੁੱਛਿਆ, ''ਚਾਚੀ ਅੱਜ ਭੱਠੀ ਨਹੀਂ ਤਾਉਣੀ?''

''ਲੈ ਤਾਉਣੀ ਕਿਉਂ ਨਹੀਂ! ਤੂੰ ਲੈ ਆ ਚੁੰਗ, ਮੈਂ ਮਾਂ ਨੂੰ ਰੋਟੀ ਦੇ ਕੇ ਅੱਗ ਬਾਲਦੀ ਆਂ,'' ਚਾਚੀ ਵੀਰੋ ਨੇ ਮਾਂ ਤੋਂ ਆਚਾਰ ਮੰਗਿਆ। ਉਸ ਨੇ ਕੌਲੀ ਭਰ ਕੇ ਆਚਾਰ ਦਿੱਤਾ। ਇਕ ਪਲ ਮੈਨੂੰ ਲੱਗਾ ਮਾਂ ਸਭ ਮਾਵਾਂ ਤੋਂ ਚੰਗੀ ਮਾਂ ਹੈ।

ਚਾਚੀ ਵੀਰੋ ਦੀ ਭੱਠੀ ਦਾ ਬਾਲਣ ਹਮੇਸ਼ਾ ਗਿੱਲਾ ਹੁੰਦਾ। ਉਹ ਫੂਕਾਂ ਮਾਰ-ਮਾਰ ਅੱਗ ਮਚਾਉਂਦੀ। ਫਿਰ ਕੜਾਹੀ ਵਿਚ ਮਾਂਝਾ ਫੇਰ ਕੇ ਰੇਤ ਤਪਾਉਂਦੀ। ਜਦੋਂ ਦਾਣੇ ਖਿੜ-ਖਿੜ ਭੁੱਜਦੇ ਤਾਂ ਉਸ ਦੇ ਚਿਹਰੇ 'ਤੇ ਰੌਣਕ ਆ ਜਾਂਦੀ। ਅੱਜ ਸੋਚਦੀ ਹਾਂ, ਸ਼ਾਇਦ ਉਹ 'ਸ਼ਿਵ' ਦੀ 'ਲੂਣਾ' ਵਰਗੀ ਸੀ, ਜੋ ਦਾਣਿਆਂ ਨਾਲ ਆਪਣੀਆਂ ਪੀੜਾਂ ਵੀ ਭੁੰਨ-ਸਾੜ ਕੇ ਤਰੋ-ਤਾਜ਼ਾ ਹੋ ਜਾਂਦੀ ਸੀ।

ਇਕ ਰਾਤ ਦੁਹਾਈ ਮੱਚ ਗਈ।

ਗਿਆਨ ਵੀਰੋ ਨੂੰ ਮਾਰਦਾ-ਗਾਲਾਂ ਕੱਢਦਾ ਕੋਠੇ ਤੋਂ ਘੜੀਸ ਕੇ ਹੇਠਾਂ ਲਿਜਾ ਰਿਹਾ ਸੀ। ਕੁਝ ਆਦਮੀ ਛੁਡਾਉਣ ਗਏ ਤਾਂ ਦੇਖਿਆ ਗਿਆਨ ਦਾ ਭਰਾ ਸ਼ਾਮ ਹੱਥ ਵਿਚ ਵੀਰੋ ਦੀ ਚੁੰਨੀ ਫੜੀ ਬਨੇਰੇ ਨਾਲ ਲੱਗਾ ਕੰਬ ਰਿਹਾ ਸੀ। ਫਿਰ ਕਿਸੇ ਨੇ ਗਿਆਨ ਦੇ 'ਸ਼ੱਕ' ਨੂੰ ਸੱਚ ਮੰਨਿਆ ਤੇ ਕਿਸੇ ਨੇ ਵੀਰੋ ਦੇ ਦੁੱਖਾਂ ਦੀ ਹਾਮੀ ਭਰੀ।

ਰੌਲਾ ਤੇ ਕੁੱਟ-ਮਾਰ ਸੁਣ ਕੇ ਮਾਂ ਦਾ ਦਿਲ ਬੈਠ ਗਿਆ। ਵਾਰ-ਵਾਰ ਆਵਾਜ਼ਾਂ ਮਾਰਦੀ ਦਾ ਗਲਾ ਸੁੱਕ ਗਿਆ। ਗਿਆਨ ਨੇ ਵੀਰੋ ਨੂੰ ਅੰਦਰ ਬੰਦ ਕਰ ਕੇ ਕੁੰਡੀ ਮਾਰ ਦਿੱਤੀ। ਫਿਰ ਭੰਗ ਘੋਟ ਕੇ ਪੀਤੀ ਤੇ ਪਿੰਡ ਦਾ ਚੱਕਰ ਕੱਢਣ ਚਲਾ ਗਿਆ।

''ਮਾਂ ਪਾਣੀ,'' ਸ਼ਾਮ ਨੇ ਆਲੇ-ਦੁਆਲੇ ਦੇਖਿਆ ਵੀਰੋ ਦੀਆਂ ਸਿਸਕੀਆਂ ਤੋਂ ਬਿਨਾਂ ਸਭ ਸ਼ਾਂਤ ਸੀ। ਉਸ ਨੇ ਹੌਲੀ ਨਾਲ ਬੂਹਾ ਖੋਲ੍ਹ ਕੇ ਅੰਦਰ ਚੁੰਨੀ ਸੁੱਟੀ ਤੇ ਚਲਾ ਗਿਆ। ਪਾਣੀ ਦਾ ਘੁੱਟ ਭਰਦਿਆਂ ਮਾਂ ਨੇ ਜਾਂਦੇ ਸ਼ਾਮ ਵੱਲ ਦੇਖਿਆ। ਉਸ ਦੇ ਹੱਥੋਂ ਗਿਲਾਸ ਡਿੱਗ ਗਿਆ। ਫਿਰ ਖ਼ਾਲੀ ਹੱਥ ਛਾਤੀ 'ਤੇ ਘੁੱਟ ਕੇ ਕੰਧ ਨਾਲ ਲੱਗ ਗਈ।

ਅਗਲੀ ਸਵੇਰ ਚਿੜੀਆਂ ਦੀ ਚਹਿ-ਚਹਿ ਦੇ ਨਾਲ਼ ਹੀ ਵੀਰੋ ਦੇ ਰੋਣ ਦੀ ਆਵਾਜ਼ ਆਈ। ਮਾਂ ਧੰਤੀ ਦੀ ਮੌਤ ਹੋ ਗਈ ਸੀ। ਮਾਂ ਦੀਆਂ ਕੁੜੀਆਂ ਤੇ ਸ਼ਾਮ ਨੂੰ ਸੁਨੇਹਾ ਭੇਜ ਦਿੱਤਾ ਗਿਆ।

ਅਮਰ ਸਿੰਘ ਮਜ਼੍ਹਬੀ (ਜੋ ਲੁਹਾਰਾ ਕੰਮ ਕਰਦਾ ਸੀ) ਲੱਕੜਾਂ ਪਾੜਦਾ ਨਾਲ-ਨਾਲ ਗੌਂ ਰਿਹਾ ਸੀ -'ਰਾਜਾ ਰੰਕ ਨਾ ਰਿਹਾ, ਸਭ ਜੱਗ ਚੱਲਣ ਹਾਰ।'

ਸਸਕਾਰ ਤੋਂ ਬਾਅਦ ਲੋਕ ਆਪੋ-ਆਪਣੇ ਘਰਾਂ ਨੂੰ ਚਲੇ ਗਏ। ਪਿੰਡ ਦੇ ਕੁਝ ਮੋਹਰੀ ਬੰਦੇ ਬਾਕੀ ਰਸਮਾਂ ਦੀ ਸਲਾਹ ਕਰਨ ਲਈ ਸ਼ਾਮ ਨਾਲ ਘਰ ਆ ਗਏ। ਅਚਾਨਕ ਅੰਦਰੋਂ ਭਾਂਡੇ ਖੜਕਣ ਦੀ ਆਵਾਜ਼ ਆਈ। ਵੱਡੀ ਕੁੜੀ ਨੇ ਅੰਦਰ ਜਾ ਕੇ ਦੇਖਿਆ ਗਿਆਨ ਭਾਂਡੇ ਬੋਰੀ ਵਿਚ ਪਾ ਰਿਹਾ ਸੀ। ਇਹ ਪੁਰਾਣੇ ਭਾਂਡੇ ਮਾਂ ਨੇ ਕੱਚੀ ਕੋਠੀ ਵਿਚ ਜੰਦਰਾ ਮਾਰ ਕੇ ਰੱਖੇ ਹੋਏ ਸਨ। ਫਾਕੇ ਦੇ ਦਿਨਾਂ ਵਿਚ ਵੀ ਉਸ ਨੇ ਇਹ ਜਾਇਦਾਦ ਖੁਰਨ ਨਹੀਂ ਸੀ ਦਿੱਤੀ। ਉਹ ਵੀਰੋ ਨੂੰ ਆਖਦੀ ਹੁੰਦੀ ਸੀ, ''ਕੁੜੀਆਂ ਦੇ ਵਿਆਹਾਂ ਵੇਲੇ ਦੋਹਾਂ ਨੂੰ ਅੱਧੇ-ਅੱਧੇ ਵੰਡ ਦੇਵੀਂ।''

ਟੱਬਰ ਦੀ ਰੋਟੀ ਦਾ ਵਸੀਲਾ ਉਹ ਲੋਕਾਂ ਦੇ ਘਰ ਕੰਮ ਕਰ ਕੇ, ਟੁੱਪੇ ਦੀਆਂ ਚਾਦਰਾਂ ਕੱਢ ਕੇ ਤੇ ਗਾਈਂ ਦਾ ਪਾਈਆ ਦੁੱਧ ਵੇਚ ਕੇ ਕਰਦੀਆਂ। ਮਾਂ ਦੀ ਮੌਤ ਤੋਂ ਬਾਅਦ ਘਰ ਦੀ ਹਾਲਤ ਹੋਰ ਖਰਾਬ ਹੋ ਗਈ। ਗਿਆਨ ਵੀਰੋ ਨੂੰ ਕੁੱਟ-ਮਾਰ ਕੇ ਪੈਸੇ ਖੋਹ ਲੈਂਦਾ। ਕਈ ਵਾਰ ਇਕ ਵੇਲੇ ਦੀ ਰੋਟੀ ਵੀ ਘਰ ਵਿਚ ਨਾ ਪੱਕਦੀ।

ਸ਼ਾਮ ਵਿਚ-ਵਾਰ ਆ ਕੇ ਕੁਝ ਸਾਮਾਨ ਦੇ ਜਾਂਦਾ। ਉਸ ਦਿਨ ਦੀ ਖ਼ੁਸ਼ੀ ਉਨ੍ਹਾਂ ਤੋਂ ਸਾਂਭੀ ਨਾ ਜਾਂਦੀ। ਚਾਚੀ ਵੀਰੋ ਦੇ ਚਿਹਰੇ 'ਤੇ ਰੌਣਕ ਆ ਜਾਂਦੀ। ਇਕ ਦਿਨ ਮਾਂ ਨੂੰ ਆਖਦੀ ਸੀ, ''ਭੈਣ! ਜੋ ਔਰਤ ਦੀ ਭੁੱਖ ਦਾ ਖਿਆਲ ਕਰੇ, ਉਹ ਹੀ ਰੱਬ ਹੁੰਦਾ ਏ। ਫਿਰ ਮੈਂ ਗਿਆਨ ਵਰਗੇ ਰਾਖਸ਼ ਤੋਂ ਡਰ ਕੇ ਤੇ ਰੱਬ ਤੋਂ ਨਹੀਂ ਮੂੰਹ ਮੋੜ ਸਕਦੀ।''

ਜੂਨ ਦਾ ਮਹੀਨਾ ਸੀ। ਅੰਤਾਂ ਦੀ ਗਰਮੀ ਕਾਰਨ ਲੋਕ ਕੋਠਿਆਂ 'ਤੇ ਅਲ੍ਹਾਣੀਆਂ ਮੰਜੀਆਂ 'ਤੇ ਪਾਸੇ ਮਾਰ ਰਹੇ ਸਨ। ਵੀਰੋ ਵੀ ਬੱਚਿਆਂ ਨਾਲ ਨੀਵੀਂ ਢਾਰੀ ਦੀ ਛੱਤ 'ਤੇ ਸੁੱਤੀ ਹੋਈ ਸੀ। ਨਲਕਾ ਗਿੜਨ ਦੀ ਆਵਾਜ਼ ਨਾਲ ਗਿਆਨ ਦੀਆਂ ਗਾਲ਼੍ਹਾਂ ਨੇ ਲੋਕਾਂ ਦੇ ਕੰਨ ਖੜ੍ਹੇ ਕਰ ਦਿੱਤੇ। ਨਲਕੇ ਦਾ ਪਾਣੀ ਸੁੱਕ ਗਿਆ ਸੀ। ਵੀਰੋ ਨੇ ਕਾਹਲੀ ਨਾਲ ਪੌੜੀਆਂ ਉੱਤਰ ਕੇ ਪਾਣੀ ਦਾ ਭਰਿਆ ਜੱਗ ਪਾ ਕੇ ਨਲਕਾ ਗੇੜਿਆ। ਗਿਆਨ ਨੇ ਹਫਲਿਆ ਵਾਂਗ ਪਾਣੀ ਪੀਤਾ। ਫਿਰ ਪਿੱਛੇ ਮੁੜਦੀ ਵੀਰੋ ਹੱਥੋਂ ਜੱਗ ਖੋਹ ਕੇ ਸਿਰ ਵਿਚ ਮਾਰ ਦਿੱਤਾ। ਵੀਰੋ ਦੀ ਇਕ ਹੀ ਚੀਕ ਸੁਣਾਈ ਦਿੱਤੀ।


ਗਿਆਨ ਆਖ ਰਿਹਾ ਸੀ, ''ਮੈਂ ਤੇਹ ਨਾਲ ਮਰ ਰਿਹਾ ਸੀ ਤੇ ਇਹ ਕੋਠੇ 'ਤੇ ਰੰਗ-ਰਲੀਆਂ ਮਨਾਅ ਰਹੀ ਸੀ। ਮਰ ਗਈ, ਅੱਜ ਕੰਮ ਮੁੱਕ ਗਿਆ।''

ਗੁਆਂਢੀ ਪੂਰਨ ਨੇ ਕੰਧ ਉੱਤੋਂ ਦੀ ਦੇਖਿਆ ਵੀਰੋ ਜ਼ਮੀਨ 'ਤੇ ਨਿਢਾਲ ਪਈ ਸੀ। ਕੁਝ ਚਿਰ ਬਾਅਦ ਮਾਂ ਤੇ ਵੱਡੀ ਬੀਬੀ ਪਹੁੰਚ ਗਈਆਂ। ਵੀਰੋ ਦਾ ਖ਼ੂਨ ਨਾਲ ਲੱਥ-ਪੱਥ ਮੂੰਹ ਪੂੰਝਦਿਆਂ ਵੱਡੀ ਬੀਬੀ ਨੇ ਮਾਂ ਨੂੰ ਦੁੱਧ ਵਿਚ ਹਲਦੀ ਪਾ ਕੇ ਲਿਆਉਣ ਲਈ ਆਖਿਆ। ਪੂਰਨ ਦੂਸਰੇ ਪਿੰਡੋਂ ਟਾਂਗਾ ਲੈਣ ਚਲਾ ਗਿਆ।

ਹੁਣ ਚਾਚੀ ਵੀਰੋ ਪਹਿਲਾਂ ਵਰਗੀ ਨਹੀਂ ਸੀ ਰਹੀ। ਉਹ ਬਹੁਤ ਘੱਟ ਬੋਲਦੀ। ਲੋਕ ਆਖਦੇ, ਸਿਰ ਦੀ ਸੱਟ ਕਰਕੇ ਹੈ, ਪਰ ਉਸ ਦੇ ਅੰਦਰ ਤੇ ਕੋਈ ਘੋਲ ਚੱਲ ਰਿਹਾ ਸੀ।

ਇਕ ਦਿਨ ਗਿਆਨ ਉਸ ਦੇ ਸ਼ਾਮ ਨਾਲ ਸਬੰਧਾਂ ਦੀ ਗੱਲ ਕਰ ਕੇ ਮਾਰਨ ਲੱਗਾ ਤਾਂ ਉਸ ਨੇ ਹੱਥ ਫੜ ਲਿਆ। ਉਹ ਸ਼ੇਰਨੀ ਵਾਂਗ ਦਹਾੜ ਕੇ ਬੋਲੀ, ''ਹਾਂ! ਹੈ ਮੇਰੇ ਸ਼ਾਮ ਨਾਲ ਸਬੰਧ, ਜੇ ਇਹ ਮੰਨਿਆਂ ਤੇਰੇ ਤੋਂ ਛੁੱਟ ਜਾਵਾਂ ਤਾਂ ਹੋਰ ਕੀ ਚਾਹੀਦਾ ਏ।''

ਸਭ ਹੈਰਾਨ ਸਨ, ਵੀਰੋ ਵਿਚ ਇੰਨੀ ਹਿੰਮਤ ਕਿੱਥੋਂ ਆ ਗਈ? ਹੁਣ ਵੀਰੋ ਬੋਲ ਰਹੀ ਸੀ ਤੇ ਗਿਆਨ ਚੁੱਪ ਸੀ। ਫਿਰ ਉਹ ਦੋਹਾਂ ਕੁੜੀਆਂ ਤੇ ਮੁੰਡਿਆਂ ਨੂੰ ਲੈ ਕੇ ਘਰੋਂ ਤੁਰ ਗਈ। ਗਿਆਨ ਪਥਰਾਈਆਂ ਅੱਖਾਂ ਨਾਲ ਬੰਦ ਬੂਹੇ ਵੱਲ ਦੇਖਦਾ ਰਿਹਾ ਪਰ ਉਹ ਦੁਬਾਰਾ ਨਹੀਂ ਖੁੱਲ੍ਹਿਆ। ਕੁਝ ਦਿਨਾਂ ਬਾਅਦ ਗਿਆਨ



ਵੀ ਘਰੋਂ ਚਲਾ ਗਿਆ। ਗੁਆਂਢੀ ਅਮਰ ਸਿੰਘ ਨੇ ਉਸ ਨੂੰ ਮੋਢੇ 'ਤੇ ਬੋਰੀ ਚੁੱਕੀ ਜਾਂਦਾ ਦੇਖਿਆ ਸੀ। ਇਸ ਤਰ੍ਹਾਂ ਤਾਂ ਉਹ ਪਹਿਲਾਂ ਵੀ ਕਈ ਵਾਰ ਜਾਂਦਾ ਹੁੰਦਾ ਸੀ, ਪਰ ਅਗਲੇ ਹੀ ਦਿਨ ਵੇਹੜੇ ਵਿਚ ਭੰਗ ਘੋਟਦਾ ਦਿਸਦਾ। ਪਰ ਇਸ ਵਾਰ ਗਿਆ ਉਹ ਨਹੀਂ ਸੀ ਮੁੜਿਆ।

ਲਗਪਗ ਸਾਲ ਕੁ ਬਾਅਦ ਸ਼ਾਮ ਕੋਠਿਆਂ ਦੀਆਂ ਛੱਤਾਂ ਦਹੇੜ ਕੇ ਲੈ ਗਿਆ। ਕੋਠੇ ਢਾਉਂਦਿਆਂ ਜਦੋਂ ਵੱਡੇ ਅੰਦਰ ਦਾ ਕੋਕਿਆਂ ਵਾਲਾ ਬੂਹਾ ਡਿੱਗਾ ਤਾਂ ਇੰਝ ਲੱਗਾ ਜਿਵੇਂ ਸਾਰਾ ਪਿੰਡ ਢਹਿ-ਢੇਰੀ ਹੋ ਗਿਆ ਹੋਵੇ। ਇਸ ਬੂਹੇ ਦਾ ਜੰਦਰਾ ਖੋਲ੍ਹ ਕੇ ਚਾਚੀ ਵੀਰੋ ਅੰਦਰ ਆਈ ਸੀ।

ਮੈਂ ਬੜੀ ਵਾਰ ਮਾਂ ਤੋਂ ਪੁੱਛਿਆ ਕਿ ਜੰਦਰਾ ਕਿਉਂ ਮਾਰਿਆ ਸੀ? ਉਹ ਘੂਰੀ ਵੱਟ ਕੇ ਆਖਦੀ, ''ਤੂੰ ਕੀ ਲੈਣਾ ਪੁੱਛ ਕੇ? ਕੋਈ ਵਿਚਾਰ ਹੁੰਦੀ ਏ।''

ਸਾਰਾ ਕੰਮ ਨਿਬੇੜ ਕੇ ਜਦੋਂ ਸ਼ਾਮ ਜਾਣ ਲੱਗਾ ਤਾਂ ਮੇਰੇ ਪਿਤਾ ਜੀ ਨੇ ਹੌਸਲਾ ਦਿੰਦਿਆਂ ਆਖਿਆ, ''ਫਿਕਰ ਨਾ ਕਰੀਂ। ਮੈਂ ਤੇਰੀ ਥਾਂ ਵੀ ਸੰਭਾਲ ਰੱਖਾਂਗਾ। ਜਦੋਂ ਮਰਜ਼ੀ ਆ ਕੇ ਕੋਠਾ ਛੱਤ ਲਵੀਂ। ਜਿੰਨੀ ਹੋ ਸਕੀ ਮੈਂ ਵੀ ਮਦਾਦ ਕਰਾਂਗਾ।''

ਮੈਂ ਪੜ੍ਹਨ ਚਲੀ ਗਈ।

ਜਦੋਂ ਛੁੱਟੀਆਂ ਵਿਚ ਆਈ ਤਾਂ ਦੇਖਿਆ ਪਿਤਾ ਜੀ ਹੁਰਾਂ ਉਹ ਥਾਂ ਚਾਰ-ਦਿਵਾਰੀ ਕਰ ਕੇ ਆਪਣੇ ਘਰ ਵਿਚ ਮਿਲਾ ਲਈ ਸੀ। ਮੈਂ ਮਾਂ ਨੂੰ ਪੁੱਛਿਆ, ''ਇਹ ਤੇ ਚਾਚੀ ਵੀਰੋ ਦੀ ਥਾਂ ਸੀ।''

ਮਾਂ ਨੇ ਦੱਸਿਆ, ''ਤੇਰਾ ਪਿਓ ਆਖਦਾ ਏ ਰੌਲ਼ਿਆਂ ਵੇਲੇ ਇਹ ਥਾਂ ਤੇਰੇ ਬਾਬੇ ਨੇ ਗਿਆਨ ਦੇ ਪਿਓ ਨੂੰ ਰਹਿਣ ਲਈ ਦਿੱਤੀ ਸੀ।''

ਸਮਾਂ ਬੀਤਦਾ ਗਿਆ ਪਰ ਉਹ ਥਾਂ ਹਮੇਸ਼ਾ ਮੇਰੀ ਖਿੱਚ ਦਾ ਕਾਰਨ ਬਣੀ ਰਹੀ। ਘਰ ਦੇ ਬਰਾਂਡੇ 'ਚੋਂ ਉਸ ਪਾਸੇ ਛੋਟਾ ਬੂਹਾ ਕੱਢਿਆ ਹੋਇਆ ਸੀ। ਜਦੋਂ ਪਿੰਡ ਆਉਂਦੀ ਬੜੀ ਰੀਝ ਨਾਲ ਫੁੱਲ-ਬੂਟੇ ਲਾਉਂਦੀ ਪਰ ਜਾਣ ਤੋਂ ਬਾਅਦ ਸੜ-ਸੁੱਕ ਜਾਂਦੇ। ਫਿਰ ਮੈਂ ਥੋਰ੍ਹ ਦਾ ਬੂਟਾ ਲਗਾ ਦਿੱਤਾ।

ਮਾਂ ਆਖਦੀ, ''ਕੋਈ ਤੂਤ-ਧਰੇਕ ਲਾਉਂਦੀ ਤਾਂ ਬੰਦਾ ਛਾਵੇਂ ਬੈਠਦਾ, ਇਸ ਜੰਗਲੀ ਬੂਟੇ ਦਾ ਕੀ ਫਾਇਦਾ?''

''ਲੈ ਫਾਇਦਾ ਕਿਉਂ ਨਹੀਂ?'' ਤੇ ਮੈਂ ਛੋਟੀ ਜਿਹੀ ਮੰਜੀ ਡਾਹ ਕੇ 'ਲੂਣਾ' ਪੜ੍ਹਨ ਲੱਗ ਗਈ।

ਥੋਰ੍ਹ ਦੀ ਵਿਰਲੀ ਛਾਂ ਬੋਹੜ ਦੀ ਛਾਂ ਹੋ ਗਈ। ਮੇਰੀ ਅੱਖ ਲੱਗ ਗਈ।

ਚਾਚੀ ਵੀਰੋ ਪਿੰਡ ਆ ਗਈ ਹੈ। ਕੱਚੀ ਇੱਟ ਦੀਆਂ ਕੰਧਾਂ ਉੱਸਰ ਗਈਆਂ ਹਨ। ਪਿਤਾ ਜੀ ਨੇ ਸ਼ਤੀਰਾਂ-ਬਾਲਿਆਂ ਲਈ ਲੱਕੜਾਂ ਦੇ ਕੇ ਮਦਦ ਕਰਨ ਦਾ ਵਾਅਦਾ ਪੂਰਾ ਕਰ ਦਿੱਤਾ ਏ। ਕੰਧਾਂ ਉੱਪਰ ਛੱਤ ਪੈ ਗਈ ਹੈ। ਚਾਚੀ ਵੀਰੋ ਦੇ ਕੋਠੇ ਦੀ ਛੱਤ, ਜੋ ਸਾਡੇ ਘਰ ਦੀ ਛੱਤ ਨਾਲ ਸਾਂਝੀ ਸੀ।

''ਤੂੰ ਇਸ ਸੁੰਨੀ ਜਿਹੀ ਥਾਂ 'ਤੇ ਕਿਉਂ ਬੈਠੀ ਰਹਿੰਦੀ ਏਂ?'' ਮਾਂ ਨੇ ਬਰਾਂਡੇ ਦੇ ਬੂਹੇ 'ਚੋਂ ਖਲੋ ਕੇ ਆਖਿਆ ਤਾਂ ਤ੍ਰਬਕ ਕੇ ਮੇਰੀ ਅੱਖ ਖੁੱਲ੍ਹ ਗਈ। ਅੱਖ ਨਹੀਂ ਸੀ ਖੁੱਲ੍ਹੀ, ਚਾਚੀ ਵੀਰੋ ਦੇ ਘਰ ਦੀ ਛੱਤ ਪਲ ਵਿਚ ਢਹਿ-ਢੇਰੀ ਹੋ ਗਈ ਸੀ।

ਗਲੀ ਦੇ ਮੋੜ 'ਤੇ ਕਾਰ ਰੁਕੀ। ਹਵੇਲੀ ਵਿਚ ਬੈਠੇ ਆਦਮੀਆਂ ਦੀਆਂ ਨਜ਼ਰਾਂ ਉੱਧਰ ਘੁੰਮ ਗਈਆਂ। ਲਾਲ ਰੰਗ ਦੀ ਸਾੜੀ ਵਿਚ ਚਾਚੀ ਵੀਰੋ ਸਾਡੇ ਘਰ ਨੂੰ ਤੁਰੀ ਆ ਰਹੀ ਸੀ। ਮੈਂ ਅੱਖਾਂ ਬੰਦ ਕਰ ਕੇ ਖੋਲ੍ਹੀਆਂ ਪਰ ਪੁਰਾਣੀ ਚਾਚੀ ਵੀਰੋ ਨਾ ਲੱਭੀ। ਉਹ ਚਾਚੀ ਵੀਰੋ, ਜੋ ਫਟੇ-ਪੁਰਾਣੇ ਸ਼ਾਲ ਦੀ ਬੁੱਕਲ ਮਾਰੀ, ਟੁੱਟੀਆਂ ਚਪਲਾਂ ਘੜੀਸਦੀ ਆਉਂਦੀ ਹੁੰਦੀ ਸੀ। ਉਸ ਨੇ ਮਾਂ ਦੇ ਪੈਰਾਂ ਨੂੰ ਹੱਥ ਲਾ ਕੇ ਮੈਨੂੰ ਆਪਣੇ ਨਾਲ ਘੁੱਟ ਲਿਆ, ''ਤੂੰ ਚਾਚੀ ਨੂੰ ਭੁੱਲ ਤਾਂ ਨਹੀਂ ਗਈ?''

ਉਸ ਦੀ ਇਹ ਗੱਲ ਸੁਣ ਕੇ ਅੱਖਾਂ ਭਰ ਆਈਆ। ਮਾਂ ਆਖਣ ਲੱਗੀ, ''ਖ਼ੁਸ਼ੀ ਵਿਚ ਕਮਲੀ ਹੋ ਗਈ ਏ,'' ਪਰ ਮੈਨੂੰ ਲੱਗਾ ਮੇਰੇ ਅੰਦਰ ਕੁਝ ਟੁੱਟ ਕੇ ਬਿਖਰ ਗਿਆ ਏ।

ਮਾਂ ਤੇ ਚਾਚੀ ਵੀਰੋ ਬਰਾਂਡੇ ਵਿਚ ਬੈਠ ਕੇ ਲੰਮਾ ਸਮਾਂ ਗੱਲਾਂ ਕਰਦੀਆਂ ਰਹੀਆਂ। ਚਾਚੀ ਵੀਰੋ ਨੇ ਦੱਸਿਆ, ''ਕੁੜੀਆਂ ਦੇ ਵਿਆਹਾਂ ਤੋਂ ਬਾਅਦ ਗਿਆਨ ਦੀ ਭੂਆ ਉਨ੍ਹਾਂ ਨੂੰ ਅੰਮ੍ਰਿਤਸਰ ਲੈ ਗਈ ਸੀ। ਉਸ ਨੇ ਉਸ ਨੂੰ ਇਕ ਅਮੀਰ ਲਾਲੇ ਦੇ ਘਰ ਕੰਮ 'ਤੇ ਲਗਾ ਦਿੱਤਾ। ਬੱਚਿਆਂ ਨੂੰ ਸੰਭਾਲਣ ਦਾ ਕੰਮ ਸੀ। ਮਾਂ ਮਰ ਗਈ ਸੀ ਉਨ੍ਹਾਂ ਦੀ। ਲਾਲਾ ਬੜਾ ਚੰਗਾ ਆਦਮੀ ਹੈ। ਦੂਲਾ ਤੇ ਕੀਪਾ ਵੀ ਮੇਰੇ ਨਾਲ ਚਲੇ ਜਾਂਦੇ ਨੇ। ਉਸ ਦੇ ਬੱਚਿਆਂ ਨਾਲ ਖਾਂਦੇ-ਪੀਂਦੇ ਤੇ ਖੇਡਦੇ ਰਹਿੰਦੇ ਨੇ।'' ਏਨਾਂ ਆਖਦਿਆਂ ਚਾਚੀ ਵੀਰੋ ਨੇ ਡੂੰਘਾ ਸਾਹ ਲਿਆ।

''ਬੜਾ ਚੰਗਾ ਹੋਇਆ ਵੀਰੋ, ਹੁਣ ਤੂੰ ਦਿਲ ਲਾ ਕੇ ਕੰਮ ਕਰੀ ਜਾਈਂ,'' ਮਾਂ ਨੇ ਚਾਚੀ ਵੀਰੋ ਦਾ ਮੋਢਾ ਥਾਪੜਦਿਆਂ ਆਖਿਆ।

''ਪਰ ਭੈਣ...?''

''ਹਾਂ ਦੱਸ ਵੀਰੋ?''

''ਇਹ ਸਾੜੀ ਵੀ ਉਸ ਨੇ ਦਿੱਤੀ ਹੈ, ਨਾਲੇ ਆਖਦਾ ਸੀ ਮੈਂ ਚੰਗੇ ਕੱਪੜੇ ਪਾ ਕੇ ਰੱਖਿਆ ਕਰਾਂ।''

''ਠੀਕ ਆਖਦਾ ਏ ਲਾਲਾ। ਚੰਗੇ ਘਰ ਵਿਚ ਕੰਮ ਕਰਦੀ ਏਂ, ਕਮਾਈ ਵੀ ਕਰ ਰਹੀ ਏਂ। ਥੋੜ੍ਹਾ ਸੰਵਾਰ ਕੇ ਰੱਖਿਆ ਕਰ ਆਪਣੇ-ਆਪ ਨੂੰ।''

''ਭੈਣ ਬੜਾ ਖਿਆਲ ਰੱਖਦਾ ਏ ਸਾਡਾ, ਇਕ ਦਿਨ ਆਖਣ ਲੱਗਾ, 'ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਮੰਗ ਲਈ, ਝਿਜਕੀਂ ਨਾ। ਇਸ ਨੂੰ ਆਪਣਾ ਹੀ ਘਰ ਸਮਝ।' ਏਨੀ ਅਪਣੱਤ ਤੇ ਇੱਜ਼ਤ ਦੇਖ ਕੇ ਮੇਰਾ ਮਨ ਭਰ ਆਇਆ ਤੇ ਮੇਰਾ ਸਿਰ ਉਸ ਦੇ ਮੋਢੇ ਨਾਲ ਲੱਗ ਗਿਆ। ਬੱਸ ਇਹ ਹੀ ਭੁੱਲ ਸੀ ਮੇਰੀ ਕਿ ਉਹ ਭੂਆ ਕੋਲ ਆ ਕੇ ਮੇਰੇ ਨਾਲ ਵਿਆਹ ਕਰਨ ਬਾਰੇ ਆਖਣ ਲੱਗਾ।''

''ਕੋਈ ਗੱਲ ਨਹੀਂ ਵੀਰੋ, ਚਾਰ ਦਿਨ ਸੁੱਖ ਦੇ ਕੱਟ ਲਏਂਗੀ।''

''ਭੈਣ ਭੂਆ ਤੇ ਸ਼ਹਿਰਨ ਏ ਪਰ ਸਾਨੂੰ ਤੇ ਪਿੰਡ ਦੀ ਇੱਜ਼ਤ ਦਾ....?''

''ਕਿਹੜੇ ਪਿੰਡ ਦੀ ਇੱਜ਼ਤ ਵੀਰੋ? ਕਿੱਥੇ ਸੀ ਤੇਰਾ ਪਿੰਡ ਜਦੋਂ ਬੇਘਰ ਹੋ ਕੇ ਨਿਕਲੀ ਸੀ ਤੂੰ?'' ਗੱਲ ਕਰਦੀ ਮਾਂ ਦਾ ਚਿਹਰਾ ਲਾਲ ਹੋ ਗਿਆ। ਮੈਨੂੰ ਉਸ ਦਿਨ ਪਤਾ ਲੱਗਾ ਮਾਂ ਦੇ ਅੰਦਰ ਇਕ ਹੋਰ ਔਰਤ ਵੀ ਵਸਦੀ ਹੈ।

ਚਾਚੀ ਵੀਰੋ ਦੇ ਵਿਆਹ ਦਾ ਫੈਸਲਾ ਪੰਚਾਇਤ ਵਿਚ ਹੋ ਗਿਆ।

ਉਹ ਖੁਸ਼ ਹੋ ਕੇ ਆਖਣ ਲੱਗੀ, ''ਲੱਗਦਾ ਜਿਵੇਂ ਮੇਰੇ ਮਾਂ-ਬਾਪ ਨੇ ਸਿਰ 'ਤੇ ਹੱਥ ਰੱਖ ਦਿੱਤਾ ਹੋਵੇ।''

ਇਕ ਹਫ਼ਤੇ ਬਾਅਦ ਸ਼ਾਮ ਪਿੰਡ ਆਇਆ। ਸਾਰੇ ਵੀਰੋ ਦੇ ਵਿਆਹ ਦੀ ਖ਼ਬਰ ਉਡੀਕ ਰਹੇ ਸਨ। ਸ਼ਾਮ ਦਾ ਉਦਾਸ ਚਿਹਰਾ ਦੇਖ ਕੇ ਮਾਂ ਨੇ ਕਿਹਾ, ''ਸਭ ਠੀਕ ਏ ਨਾ?''

''ਭਾਬੀ, ਭਾਬੀ ਵੀਰੋ...,'' ਏਨਾ ਕਹਿ ਕੇ ਸ਼ਾਮ ਨੇ ਨੀਵੀਂ ਪਾ ਲਈ। ਮਾਂ ਨੂੰ ਕੁਝ ਸਮਝ ਨਾ ਆਈ। ਏਨੇ ਚਿਰ ਵਿਚ ਪਿਤਾ ਜੀ ਹਵੇਲੀ 'ਚੋਂ ਆ ਗਏ।

ਸ਼ਾਮ ਭੁੱਬ ਮਾਰ ਕੇ ਪਿਤਾ ਜੀ ਦੇ ਗਲ਼ ਨਾਲ ਚੰਬੜ ਗਿਆ। ਪਿਤਾ ਜੀ ਨੇ ਸ਼ਾਮ ਦਾ ਮੋਢਾ ਥਾਪੜਦਿਆਂ ਪੁੱਛਿਆ, ''ਕੀ ਹੋਇਆ ਸ਼ਾਮ ਸਿਆਂ ਹੌਸਲੇ ਨਾਲ ਦੱਸ?''

''ਭਾਅ ਭਾਬੀ ਵੀਰੋ ਤੁਰ ਗਈ...,'' ਏਨਾ ਆਖ ਕੇ ਸ਼ਾਮ ਨੇ ਦੋਹਾਂ ਹੱਥਾਂ ਨਾਲ ਸਿਰ ਘੁੱਟ ਲਿਆ।

''ਕਿੱਥੇ ਤੁਰ ਗਈ?'' ਮਾਂ ਨੇ ਮੈਨੂੰ ਬਾਹੋਂ ਫੜ ਕੇ ਪਰੇ ਕਰਦਿਆਂ ਪੁੱਛਿਆ। ਸ਼ਾਮ ਨੇ ਦੱਸਿਆ, ''ਕੱਲ੍ਹ ਗੁਰਦੁਆਰੇ ਤੋਂ ਵਿਆਹ ਦੀ ਰਸਮ ਕਰ ਕੇ ਆ ਰਹੇ ਸਾਂ। ਰਸਤੇ ਵਿਚ ਬੈਠੇ ਭਿਖਾਰੀ ਨੇ ਭੀਖ ਮੰਗੀ, ਲਾਲੇ ਨੇ ਭਾਬੀ ਨੂੰ ਦਾਨ ਕਰਨ ਲਈ ਪੈਸੇ ਫੜਾ ਦਿੱਤੇ। ਜਦੋਂ ਭਾਬੀ ਨੇ ਭਿਖਾਰੀ ਦੀ ਤਲੀ 'ਤੇ ਪੈਸੇ ਰੱਖੇ, ਉਸ ਦੇ ਮੂੰਹੋਂ ਅਸੀਸ ਸੁਣ ਕੇ ਉਹ ਚੀਕ ਮਾਰ ਕੇ ਡਿੱਗ ਪਈ। 'ਉਹ' ਭਿਖਾਰੀ 'ਭਾਅ ਗਿਆਨ' ਸੀ।''

ਦੱਸ ਕੇ ਸ਼ਾਮ ਏਨਾ ਉੱਚੀ ਰੋਇਆ ਕਿ ਉਸ ਦੇ ਹੰਝੂਆਂ ਦੇ ਹੜ੍ਹ ਅੱਗੇ ਸਭ ਪੱਥਰ ਵਾਂਗ ਅਹਿੱਲ ਹੋ ਗਏ।

# ਅੱਖੀਂ ਵੇਖਿਆ ਗੁਰੂ ਅਮਰ ਦਾਸ ਅਪਾਹਜ ਆਸ਼ਰਮ

'ਤੁਰਿਆ ਚੱਲ ਫਕੀਰਾ ਪਿੱਛਾ ਭਉਂ ਕੇ ਵੇਖੀਂ ਨਾ'......

ਅੱਜ ਇਕ ਅਜਿਹੇ ਫ਼ਕੀਰਾਨਾ ਤਬੀਅਤ ਦੇ ਮਾਲਕ ਦੀ ਗੱਲ ਕਰਨ ਲੱਗੀ ਹਾਂ, ਜੋ ਵੀਹ ਕੁ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਸਟੈਟਿਸਟਿਕਸ ਦਾ ਪ੍ਰੋਫ਼ੈਸਰ, ਉਪਰੰਤ ਇੱਕ ਸਾਲ ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਵਿਖੇ ਸਾਇੰਸਦਾਨ ਅਤੇ ਅੱਠ ਕੁ ਸਾਲ ਮੌਰੀਸਨ ਸਾਇੰਟਿਫਿਕ ਕੰਪਨੀ, ਕੈਲਗਰੀ ਵਿਚ ਸੀਨੀਅਰ ਸਾਇੰਸਦਾਨ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਅਚਾਨਕ 2005

**ਗੁਰਚਰਨ ਕੌਰ ਥਿੰਦ**

ਵਿਚ ਸਭ ਕੁੱਝ ਛੱਡ ਛੁਡਾ ਕੇ ਲੁਧਿਆਣਾ ਸ਼ਹਿਰ ਦੀਆਂ ਸੜਕਾਂ ਤੋਂ ਲਾਵਾਰਿਸ, ਬਿਮਾਰ, ਅਪਾਹਜ ਮਰੀਜ਼ਾਂ ਨੂੰ ਆਪਣੇ ਸਾਈਕਲ 'ਤੇ ਲੱਦ ਹਸਪਤਾਲ ਪੁਚਾਉਂਦਾ, ਉਨ੍ਹਾਂ ਦੀ ਹੱਥੀਂ ਸੇਵਾ ਕਰਦਾ ਫ਼ੱਕਰਾਂ ਵਾਲੀ ਜ਼ਿੰਦਗੀ ਜਿਉਣ ਲੱਗ ਪਿਆ।

ਲੁਧਿਆਣਾ ਰਹਿੰਦਿਆਂ ਇਨ੍ਹਾਂ ਦੀਆਂ ਇਹ ਕਾਰਜ ਕਰਦਿਆਂ ਦੀਆਂ ਤਸਵੀਰਾਂ ਇੱਕ ਦੋ ਵਾਰ ਅਖ਼ਬਾਰ ਵਿਚ ਵੇਖੀਆਂ ਸਨ। ਮਨ ਹੀ ਮਨ ਇਸ ਨੇਕ ਕੰਮ ਤੇ ਕੰਮ ਕਰਨ ਵਾਲੇ ਦੀ ਸ਼ਲਾਘਾ ਕੀਤੀ, ਪਰ ਨਾ ਕਦੇ ਉਨ੍ਹਾਂ ਨੂੰ ਮਿਲਣ ਬਾਰੇ ਸੋਚਿਆ ਅਤੇ ਨਾ ਹੀ ਕਦੇ ਉੱਥੇ ਮਿਲਣ ਦਾ ਸਬੱਬ ਬਣਿਆ। ਅਸੀਂ 2009 ਵਿਚ ਪੱਕੇ ਤੌਰ 'ਤੇ ਕੈਲਗਰੀ ਆ ਵੱਸੇ। ਕਦੇ ਖ਼ਾਬੋ ਖਿਆਲ ਵਿਚ ਵੀ ਨਹੀਂ ਸੀ ਕਿ ਇਸ ਨੇਕ ਸ਼ਖ਼ਸ ਨਾਲ ਇੱਥੇ ਮੁਲਾਕਾਤ ਹੋਵੇਗੀ। ਮੁਲਾਕਾਤ ਦਾ ਸਬੱਬ ਬਣਿਆ 'ਰੇਡੀਓ ਸੁਰ ਸੰਗਮ' ਰਾਹੀਂ, ਜਿੱਥੇ ਮੈਂ ਕਰੋਨਾ ਤੋਂ ਬਾਅਦ 2021 ਵਿਚ ਰੇਡੀਓ ਪ੍ਰੋਗਰਾਮ ਹੋਸਟ ਕਰਨ ਲੱਗ ਪਈ ਸਾਂ। ਇਨ੍ਹਾਂ ਨਾਲ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸੰਪਰਕ ਕੀਤਾ ਤਾਂ ਇਨ੍ਹਾਂ ਹਾਂ ਕਰ ਦਿੱਤੀ ਅਤੇ ਨਿਯਤ ਸਮੇਂ ਤੋਂ ਪਹਿਲਾਂ ਹੀ ਸਟੂਡੀਓ ਵਿਚ ਹਾਜ਼ਰ ਹੋ ਗਏ।

ਸਫ਼ੈਦ ਕੁੜਤੇ ਪਜਾਮੇ ਵਿਚ ਦੇਵਤਿਆਂ ਵਾਲੀ ਦਿੱਖ ਵਾਲਾ ਇਹ ਵਿਅਕਤੀ ਡਾ: ਨੌਰੰਗ ਸਿੰਘ ਮਾਂਗਟ ਸੀ, ਜਿਨ੍ਹਾਂ ਨੂੰ ਮੈਂ ਤਸਵੀਰਾਂ ਵਿਚ ਹੀ ਵੇਖਿਆ ਸੀ। ਗੱਲਬਾਤ ਕਰਦਿਆਂ ਇਨ੍ਹਾਂ ਨੇ ਆਪਣੇ ਨਿਸ਼ਕਾਮ ਸੇਵਾ ਕਾਰਜ ਦੀ ਸਾਂਝ ਪਾਈ ਜੋ ਲੁਧਿਆਣੇ ਦੀਆਂ ਸੜਕਾਂ ਤੋਂ ਖੁੱਲ੍ਹੇ ਅਸਮਾਨ ਹੇਠਾਂ ਸ਼ੁਰੂ ਹੋ ਕੇ ਹੁਣ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਦੇ ਰੂਪ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ-ਸਹੌਲੀ-ਅੱਬੂਵਾਲ, ਤਿੰਨ ਪਿੰਡਾਂ ਦੇ ਵਿਚਕਾਰ ਨਿਆਸਰਿਆਂ ਦਾ ਆਸਰਾ ਬਣ ਗਿਆ ਸੀ। ਉਦੋਂ ਹੀ ਮੈਂ ਪੱਕਾ ਮਨ ਬਣਾ ਲਿਆ ਸੀ ਕਿ ਜਦੋਂ ਹੁਣ ਲੁਧਿਆਣੇ ਗਈ ਤਾਂ ਇਸ ਆਸ਼ਰਮ ਵਿਚ ਜ਼ਰੂਰ ਜਾਣਾ ਹੈ। 1989 ਤੋਂ 1997 ਤੱਕ ਮੈਂ ਸਰਾਭਾ ਪਿੰਡ 'ਚ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਬਤੌਰ ਅੰਗਰੇਜ਼ੀ ਲੈਕਚਰਾਰ ਪੜ੍ਹਾਇਆ ਸੀ ਅਤੇ ਕਰਤਾਰ ਸਿੰਘ ਸਰਾਭਾ ਦਾ ਜਨਮ ਅਸਥਾਨ ਹੋਣ ਕਾਰਨ ਇਸ ਪਿੰਡ ਲਈ ਮੇਰੇ ਅੰਦਰ ਖਾਸ ਸ਼ਰਧਾ ਹੈ।

ਸੋ ਇਸ ਸਾਲ (2023 ਵਿਚ) ਜਦੋਂ ਲੁਧਿਆਣੇ ਗਏ ਤਾਂ ਡਾ. ਮਾਂਗਟ ਜੀ ਨਾਲ ਮੈਂ ਵ੍ਹਟਸਐਪ 'ਤੇ ਸੰਪਰਕ ਕੀਤਾ ਤਾਂ ਇਨ੍ਹਾਂ ਦੱਸਿਆ



ਸੜਕ ਕਿਨਾਰੇ ਪਏ ਇੱਕ ਬੇਘਰ ਮਰੀਜ਼ ਦੇ ਪੱਟੀ ਕਰਦੇ ਹੋਏ ਡਾ. ਮਾਂਗਟ

ਕਿ ਮੈਂ ਤਾਂ ਪਿਛਲੇ ਹਫਤੇ ਵਾਪਸ ਕੈਲਗਰੀ ਆ ਗਿਆ ਹਾਂ। ਪਰ ਤੁਸੀਂ ਮੀਤ ਪ੍ਰਧਾਨ ਚਰਨ ਸਿੰਘ ਹੁਰਾਂ ਨਾਲ ਰਾਬਤਾ ਕਰ ਲਓ। ਸੋ ਮਈ ਮਹੀਨੇ ਦੇ ਪਹਿਲੇ ਹਫ਼ਤੇ ਜਦੋਂ ਸਾਡੀ ਗੱਡੀ ਸਰਾਭਾ ਪਿੰਡ ਦੇ ਮੋੜ ਤੋਂ ਸਹੌਲੀ ਵਾਲੀ ਸੜਕ 'ਤੇ ਚੜ੍ਹੀ ਤਾਂ ਆਸ਼ਰਮ ਦੀ ਸਫ਼ੈਦ ਰੰਗ ਦੀ ਤਿੰਨ ਮੰਜ਼ਲੀ ਇਮਾਰਤ ਨਜ਼ਰੀਂ ਪਈ ਜਿਸ ਦੀ ਦਿੱਖ ਕਾਲਜ ਦੀ ਇਮਾਰਤ ਵਰਗੀ ਸੀ। ਗੱਡੀ ਪਾਰਕ ਕਰ ਕੇ ਦੋਵੇਂ ਪਾਸੇ ਖ਼ੂਬਸੂਰਤ ਫੁੱਲਾਂ ਬੂਟਿਆਂ ਨਾਲ ਭਰੇ ਰਸਤੇ 'ਤੇ ਤੁਰਦਿਆਂ ਸਭ ਤੋਂ ਉਪਰਲੀ ਮੰਜ਼ਿਲ 'ਤੇ ਮੋਟੇ ਅੱਖਰਾਂ ਵਿਚ ਲਿਖਿਆ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਪੜ੍ਹ ਯਕੀਨ ਹੋ ਗਿਆ ਕਿ ਅਸੀਂ ਸਹੀ ਜਗ੍ਹਾ 'ਤੇ ਪਹੁੰਚ ਗਏ ਸਾਂ।

ਸਾਨੂੰ ਆਸ਼ਰਮ ਦਾ ਸਮੁੱਚਾ ਕੰਮ-ਕਾਜ ਸੰਭਾਲਣ ਵਾਲੇ ਮੀਤ ਪ੍ਰਧਾਨ ਸ. ਚਰਨ ਸਿੰਘ ਜੀ ਬਹੁਤ ਆਦਰ ਨਾਲ ਮਿਲੇ। ਉਨ੍ਹਾਂ ਦੇ ਨਾਲ ਰਿਟਾਇਰਡ ਪ੍ਰੋਫੈਸਰ ਡਾ: ਕਮਲ ਗੁਰਮੀਤ ਸਿੰਘ ਵੀ ਬੈਠੇ ਹੋਏ ਸਨ। ਉਨ੍ਹਾਂ ਆਸ਼ਰਮ ਵਿਚ ਸੇਵਾ ਨਿਭਾ ਰਹੇ ਸਾਰੇ ਕਰਮਚਾਰੀਆਂ ਨਾਲ ਜਾਣ-ਪਛਾਣ ਕਰਵਾਈ। ਡਾ: ਹਰਸ਼ ਕੁਮਾਰ (ਮੈਡੀਕਲ ਅਫਸਰ), ਰੁਪਿੰਦਰ ਕੌਰ (ਆਫਿਸ ਸੁਪਰਡੈਂਟ), ਗੁਰਪ੍ਰੀਤ ਕੌਰ (ਸੁਪਰਡੈਂਟ ਅਕਾਊਂਟਸ), ਗੁਰਦੀਪ ਕੌਰ (ਸਟਾਫ ਨਰਸ) ਜਮਨਾ ਦੇਵੀ (ਟੇਲਰ) ਸੰਦੀਪ ਕੌਰ (ਫਾਰਮਾਸਿਸਟ) ਨੇ ਆਪੋ ਆਪਣੇ ਕੰਮ ਬਾਰੇ ਜਾਣਕਾਰੀ ਦਿੱਤੀ। ਮੈਂ ਪੰਜਾਬੀ ਨੈਸ਼ਨਲ ਟੀ.ਵੀ. ਲਈ ਇਸ ਆਸ਼ਰਮ ਵਿਚ ਬਿਤਾਏ ਪਲਾਂ ਦੀ ਵੀਡੀਓ ਬਣਾਉਣ ਲਈ ਸੁਮੀਤ ਨੂੰ ਲੈ ਕੇ ਗਈ ਸੀ। ਉਹ ਨਾਲੋ ਨਾਲ ਸਾਰੀ ਗੱਲਬਾਤ ਦੀ ਵੀਡੀਓ ਬਣਾਈ ਜਾ ਰਿਹਾ ਸੀ।

ਸਭ ਤੋਂ ਪਹਿਲਾਂ ਉਹ ਸਾਈਕਲ ਵੇਖਿਆ, ਜਿਹਦੇ 'ਤੇ ਸੁਆਰ ਹੋ ਕੇ ਪਹਿਲੇ ਚਾਰ ਸਾਲ (2005 ਤੋਂ 2009 ਤੱਕ) ਲੁਧਿਆਣੇ ਸ਼ਹਿਰ ਦੀਆਂ ਸੜਕਾਂ 'ਤੇ ਘੁੰਮ ਫਿਰ ਕੇ, ਮਾਂਗਟ ਜੀ ਨੇ ਲਾਵਾਰਸ, ਬੇਸਹਾਰਾ, ਬੇਘਰ, ਅਪਾਹਜ, ਗਰੀਬ, ਬਿਮਾਰ ਲੋਕਾਂ ਦੀ ਸੇਵਾ-ਸੰਭਾਲ ਦਾ ਕਾਰਜ ਲਗਪਗ ਅਠਾਰਾਂ ਸਾਲ ਪਹਿਲਾਂ ਅਰੰਭਿਆ ਸੀ। ਨੱਬੇ ਰੁਪਏ ਦੀ ਖਰੀਦੀ ਹੋਈ ਇੱਕ ਲਾਲਟੈਣ, ਜੋ ਕਿ ਹਨੇਰੇ ਵਿਚ ਚਾਨਣ ਕਰਨ ਲਈ ਆਪਣੇ ਸਾਈਕਲ ਨਾਲ ਲਟਕਾ ਕੇ ਰੱਖਦੇ ਸੀ, ਸੈਂਕੜੇ ਹਨੇਰਾ ਢੋਂਦੇ ਵਿਅਕਤੀਆਂ ਲਈ ਰੋਸ਼ਨੀ ਦਾ ਪ੍ਰਤੀਕ ਬਣੀ ਅੱਜ ਵੀ ਉੱਥੇ ਮੌਜੂਦ ਸੀ। ਨਾਲ ਹੀ 130 ਰੁਪਏ 'ਚ ਖਰੀਦਿਆ ਮਿੱਟੀ ਦੇ ਤੇਲ ਵਾਲਾ ਸਟੋਵ ਪਿਆ ਸੀ ਜਿਸ ਉੱਪਰ ਉਸ ਸਮੇਂ ਚਾਹ-ਪਾਣੀ, ਪ੍ਰਸ਼ਾਦਾ ਆਦਿਕ ਤਿਆਰ ਕਰਦੇ ਸੀ। ਡਾ: ਮਾਂਗਟ ਨੇ 23 ਮਾਰਚ 2009 ਨੂੰ ਇਸ ਜਗ੍ਹਾ ਤਰਪਾਲ ਦਾ ਤੰਬੂ ਲਾ ਕੇ ਇਸੇ ਹੀ ਲਾਲਟੈਣ ਤੇ ਸਟੋਵ ਨਾਲ ਆਤਮਾ ਰਾਮ ਤੇ ਨਨਕੀ ਨਾਂ ਦੇ ਦੋ ਮਜ਼ਦੂਰਾਂ ਸੰਗ ਨਿਆਸਰਿਆਂ ਦਾ ਆਸਰਾ ਬਣਾਉਣ ਦਾ ਮੁੱਢ ਬੰਨ੍ਹਿਆ ਸੀ। ਆਤਮਾ ਰਾਮ ਸ਼ੂਗਰ ਦਾ ਮਰੀਜ਼ ਸੀ ਜਿਸ ਨੂੰ ਉਨ੍ਹਾਂ ਲੁਧਿਆਣੇ ਵਾਲੀ (ਉਸ ਵੇਲੇ ਸੁੱਕੀ) ਨਹਿਰ ਵਿਚੋਂ ਚੁੱਕ ਕੇ ਹਸਪਤਾਲ ਇਲਾਜ ਕਰਵਾਇਆ ਸੀ। ਅੱਜ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਕੋਲ ਢਾਈ ਏਕੜ ਦੇ ਕਰੀਬ ਜ਼ਮੀਨ ਹੈ। ਸਾਰੀ ਜ਼ਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ ਜੋ ਕਿ ਇੱਕ ਚੈਰੀਟੇਬਲ ਸੰਸਥਾ ਹੈ। ਆਸ਼ਰਮ ਬਣਨ ਵੇਲੇ ਇਹ ਜਗ੍ਹਾ ਪਿੰਡਾਂ ਤੋਂ ਦੂਰ ਸੁੰਨਸਾਨ ਜਗ੍ਹਾ ਸੀ। ਸਹੌਲੀ ਨੂੰ ਜਾਣ ਵਾਲੀ ਇਹ ਸੜਕ ਆਸ਼ਰਮ ਬਣਨ ਵੇਲੇ ਇੱਕ ਸੁੰਨਾ ਜਿਹਾ ਕੱਚਾ ਰਸਤਾ ਸੀ। ਕਦੇ ਕਦਾਈਂ ਹੀ ਕੋਈ ਸਾਈਕਲ ਵਾਲਾ ਇਸ ਕੱਚੇ ਰਸਤੇ ਲੰਘਦਾ ਸੀ।

ਹੁਣ ਆਸ਼ਰਮ ਵਿਚ 200 ਦੇ ਕਰੀਬ ਵਿਅਕਤੀ ਰਹਿੰਦੇ ਹਨ। ਇਨ੍ਹਾਂ ਵਿਚੋਂ150 ਮਰਦ ਅਤੇ 50 ਔਰਤਾਂ ਹਨ। ਔਰਤਾਂ ਤਾਂ ਆਸ਼ਰਮ ਦੀ ਬਣੀ ਹੋਈ ਤਿੰਨ ਮੰਜ਼ਲੀ ਇਮਾਰਤ ਵਿਚ ਬਣੇ ਹਾਲ ਕਮਰਿਆਂ ਵਿਚ ਰਹਿੰਦੀਆਂ ਹਨ। ਉਨ੍ਹਾਂ ਲਈ ਬੜੇ ਸਾਫ਼-ਸੁਥਰੇ ਮੰਜੇ ਬਿਸਤਰੇ ਲੱਗੇ ਹਨ। ਮਰਦਾਂ ਦਾ ਨਿਵਾਸ ਅਸਥਾਨ ਅਜੇ ਸ਼ੈੱਡਾਂ ਵਿਚ ਹੈ। 50 ਸਾਲ ਦੀ ਉਮਰ ਤੋਂ ਵੱਧ ਵਾਲੇ ਮਰਦਾਂ ਲਈ ਸੀਨੀਅਰ ਸਿਟੀਜ਼ਨ ਦਾ ਵੱਡਾ ਹਾਲ ਹੈ। ਬਾਕੀ ਮਰੀਜ਼ਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵੱਖ ਵੱਖ ਸ਼ੈਡਾਂ ਵਿਚ ਰੱਖਿਆ ਜਾਂਦਾ ਹੈ। ਡੇਢ ਸੌ ਦੇ ਕਰੀਬ ਮਰੀਜ਼ ਰੋਜ਼ਾਨਾ ਦਵਾਈ 'ਤੇ ਨਿਰਭਰ ਕਰਦੇ ਹਨ।

ਦਿਨ ਵੇਲੇ ਲਗਪਗ ਸਾਰੇ ਮਰਦ-ਔਰਤਾਂ ਆਪੋ ਆਪਣੇ ਕਮਰਿਆਂ ਵਿਚੋਂ ਬਾਹਰ ਨਿਕਲ ਕੇ ਸਾਂਝੀ ਥਾਂ 'ਤੇ ਬੈਠ ਜਾਂਦੇ ਹਨ ਅਤੇ ਹਮ-ਉਮਰਾਂ ਨਾਲ ਸਮਾਂ ਬਿਤਾਉਂਦੇ ਤਾਜ਼ੀ ਹਵਾ ਅਤੇ ਖੁੱਲ੍ਹ-ਡੁੱਲ੍ਹ ਦਾ ਆਨੰਦ ਮਾਣਦੇ ਹਨ। ਬਹੁਤ ਹੀ ਸਾਫ਼-ਸੁਥਰੀ ਰਸੋਈ ਵਿਚ 250 ਦੇ ਕਰੀਬ ਵਿਅਕਤੀਆਂ ਦਾ



ਆਸ਼ਰਮ ਦੀ ਮੌਜੂਦਾ ਬਿਲਡਿੰਗ

ਪ੍ਰਸ਼ਾਦਾ ਤਿਆਰ ਹੁੰਦਾ ਹੈ ਅਤੇ ਮਰਦ-ਔਰਤਾਂ ਵੱਡੇ ਲੰਗਰ ਹਾਲ ਵਿਚ ਜ਼ਮੀਨ 'ਤੇ ਬੈਠ ਕੇ ਜਾਂ ਪਾਸੇ ਲੱਗੇ ਬੈਂਚਾਂ 'ਤੇ ਬੈਠ ਕੇ ਪ੍ਰਸ਼ਾਦਾ ਖਾਂਦੇ ਹਨ।

ਆਸ਼ਰਮ 'ਚ ਰਹਿਣ ਵਾਲੇ ਮਰਦ ਔਰਤਾਂ ਨਾਲ ਵੀ ਗੱਲਾਂ ਕੀਤੀਆਂ। ਸਭ ਦੀਆਂ ਦੁੱਖ ਭਰੀਆਂ ਕਹਾਣੀਆਂ ਧੁਰ ਅੰਦਰ ਕਾਂਬਾ ਛੇੜ ਰਹੀਆਂ ਸਨ। ਮਾਲਤੀ ਨੇ ਦੱਸਿਆ, 'ਪੰਜ ਸਾਲ ਪਹਿਲਾਂ ਮੈਨੂੰ ਅਧਰੰਗ ਹੋ ਗਿਆ ਸੀ ਜਿਸ ਕਰਕੇ ਮੇਰਾ ਪਤੀ, ਜੋ ਕਿ ਰਿਕਸ਼ਾ ਚਲਾਉਂਦਾ ਸੀ, ਮੈਨੂੰ ਝਾੜੀਆਂ ਵਿਚ ਸੁੱਟ ਗਿਆ ਸੀ।' ਦਿਮਾਗੀ ਸੰਤੁਲਨ ਗੁਆ ਚੁੱਕੀ ਨੀਲਮ ਨਾਂ ਦੀ ਔਰਤ ਲੁਧਿਆਣਾ ਸ਼ਹਿਰ ਦੇ ਭਾਈ ਰਣਧੀਰ ਸਿੰਘ ਨਗਰ 'ਚ ਰਾਤ ਨੂੰ ਫੁੱਟ-ਪਾਥ 'ਤੇ ਪਈ ਸੀ ਜਿਸ ਨੂੰ ਕੋਈ ਭਲਾ ਪੁਰਸ਼ ਪੁਲਿਸ ਮਦਦ ਨਾਲ ਆਸ਼ਰਮ 'ਚ ਲੈ ਆਇਆ ਸੀ। ਇੱਕ ਦਿਮਾਗੀ ਸੰਤੁਲਨ ਗੁਆ ਚੁੱਕੀ ਔਰਤ ਜੋ ਕਿ ਬੋਲਦੀ ਨਹੀਂ ਸੀ ਪਤਾ ਲੱਗਿਆ ਕਿ ਰਾਤ ਦੇ ਹਨ੍ਹੇਰੇ 'ਚ ਇਸ ਨੂੰ ਕੋਈ ਪੱਖੋਵਾਲ ਪਿੰਡ ਦੇ ਨਜ਼ਦੀਕ ਖੇਤਾਂ 'ਚ ਸੁੱਟ ਗਿਆ ਸੀ। ਕਿਸੇ ਦੀ ਬਾਂਹ ਕੱਟੀ ਹੋਈ ਸੀ, ਕਿਸੇ ਦੀ ਲੱਤ ਮੁੱਢੋਂ ਕੱਟੀ ਹੋਈ ਸੀ।

ਮਰਦਾਂ ਵਾਲੇ ਪਾਸੇ ਗਏ ਕੋਈ ਉੱਚੀ-ਉੱਚੀ ਚੀਕਾਂ ਮਾਰ ਰਿਹਾ ਸੀ। ਕੁੱਝ ਮਰੀਜ਼ ਬੋਲ ਹੀ ਨਹੀਂ ਸਕਦੇ ਸਨ। ਦਿਮਾਗੀ ਸੰਤੁਲਨ ਗੁਆ ਚੁੱਕੇ ਕਈਆਂ ਨੂੰ ਆਪਣੀ ਸੁੱਧ-ਬੁੱਧ ਹੀ ਨਹੀਂ ਸੀ ਅਤੇ ਕੋਈ ਇਤਨਾ ਖਤਰਨਾਕ ਕਿ ਉਸ ਨੂੰ ਬੰਨ੍ਹ ਕੇ ਰੱਖਣਾ ਪੈਂਦਾ ਸੀ। ਇੱਕ ਸ਼ੈਡ ਵਿਚ ਚਾਰ ਕੁ ਬੱਚੇ ਮੰਜਿਆਂ 'ਤੇ ਪਏ ਸਨ, ਜਿਨ੍ਹਾਂ ਦੀ ਸੰਭਾਲ ਕਰਨ ਵਾਲੇ ਸੇਵਾਦਾਰ ਨੇ ਦੱਸਿਆ ਕਿ ਇਹ ਬੱਚੇ ਨਹੀਂ ਸਗੋਂ 20-22 ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਇਨ੍ਹਾਂ ਦਾ ਵਿਕਾਸ ਨਹੀਂ ਹੋਇਆ ਹੈ। ਨਾ ਹੀ ਇਹ ਆਪਣੇ ਆਪ ਖਾ-ਪੀ ਸਕਦੇ ਹਨ ਜਾਂ ਉੱਠ ਬੈਠ ਸਕਦੇ ਹਨ। ਇੱਥੇ ਆ ਕੇ ਵੇਖੋ ਤਾਂ ਰੱਬ ਦੀ ਆਖੀ ਜਾਣ ਵਾਲੀ ਇਸ ਦੁਨੀਆਂ ਦਾ ਹਨ੍ਹੇਰਾ ਪੱਖ ਨਜ਼ਰੀਂ ਪੈਂਦਾ ਹੈ। ਪਰ ਆਫ਼ਰੀਨ ਹਨ! ਇੱਥੇ ਨੌਕਰੀ ਕਰ ਰਹੇ ਮੁਲਾਜ਼ਮ, ਡਾਕਟਰ, ਨਰਸਾਂ, ਫਿਜ਼ੀਓਥੈਰੇਪਿਸਟ ਅਤੇ ਸੇਵਾਦਾਰ ਜਿਨ੍ਹਾਂ ਦੇ ਮੱਥੇ 'ਤੇ ਸ਼ਿਕਨ ਵੀ ਵੇਖੀ ਹੋਵੇ। ਸਗੋਂ ਉਹ ਕਹਿੰਦੇ ਹਨ ਕਿ ਸਾਨੂੰ ਇੱਥੇ ਕੰਮ ਕਰ ਕੇ ਸਕੂਨ ਮਿਲਦਾ ਹੈ। 'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹਿ ਬੈਸਣੁ ਪਾਈਐ॥' ਗੁਰਵਾਕ ਅਜਿਹੇ ਲੋਕਾਂ 'ਤੇ ਹੀ ਪੂਰਾ ਢੁਕਦਾ ਹੈ।

ਇੱਕ ਵ੍ਹੀਲ ਚੇਅਰ 'ਤੇ ਬੈਠਾ ਦਿਮਾਗੀ ਸੰਤੁਲਨ ਗੁਆ ਚੁੱਕਾ 'ਗੁਲਾਬ' ਨਾਂ ਦਾ ਮਰੀਜ਼ ਸੀ ਜਿਸ ਨੂੰ ਡਾ. ਮਾਂਗਟ ਜੀ 2012 'ਚ ਜ਼ਖਮਾਂ ਨਾਲ ਗ਼ਲੇ ਹੋਏ ਲਗਪਗ ਮੁਰਦਾ ਹਾਲਤ ਵਿਚ ਸੜਕ ਕੰਢਿਓਂ ਚੁੱਕ ਕੇ ਲਿਆਏ ਦੱਸੇ ਗਏ। ਹੁਣ ਇਹ ਵ੍ਹੀਲ ਚੇਅਰ ਨੂੰ ਹੱਥਾਂ ਨਾਲ ਰੇੜ੍ਹ ਕੇ ਇੱਧਰ ਉੱਧਰ ਤੁਰ ਫਿਰ ਲੈਂਦਾ ਹੈ। ਜਿਹੜੇ ਆਪਣਾ ਨਾਂ ਨਹੀਂ ਦੱਸ ਸਕਦੇ ਉਨ੍ਹਾਂ ਦੇ ਨਾਮ ਆਸ਼ਰਮ 'ਚ ਆਪੇ ਰੱਖ ਲਏ ਜਾਂਦੇ ਹਨ। ਕਿਸੇ ਦਾ ਨਾਮ ਰੱਬ ਜੀ, ਕਿਸੇ ਦਾ ਮੰਡੀ, ਕਿਸੇ ਦਾ ਗੁਲਾਬ ਤੇ ਕਿਸੇ ਦਾ ਪੱਖੋਵਾਲ ਵਾਲੀ। ਸੋ ਲੰਮੀਆਂ ਕਹਾਣੀਆਂ ਹਨ ਲਗਪਗ ਹਰੇਕ ਬੇਸਹਾਰਾ ਆਖੇ ਜਾਣ ਵਾਲੇ ਇਨ੍ਹਾਂ ਰੱਬ ਦੇ ਬੰਦਿਆਂ ਦੀਆਂ ਜਿਨ੍ਹਾਂ ਨੂੰ ਇਸ ਆਸ਼ਰਮ ਨੇ ਆਪਣੇ ਨਿੱਘੇ ਕਲਾਵੇ ਵਿਚ ਲਿਆ ਹੋਇਆ ਹੈ।

ਇਮਾਰਤ ਦੀ ਤੀਸਰੀ ਮੰਜ਼ਲ ਉੱਪਰ ਗੁਰਦੁਆਰਾ ਸਾਹਿਬ ਹਨ। ਇੱਥੇ ਰੋਜ਼ਾਨਾ ਨਿਤਨੇਮ ਹੁੰਦਾ ਹੈ। ਸਾਰਾ ਦਿਨ ਗੁਰਬਾਣੀ ਚਲਦੀ ਹੈ ਜੋ ਕਿ ਆਸ਼ਰਮ ਦੇ ਹਰ ਭਾਗ ਵਿਚ ਸੁਣਾਈ ਦਿੰਦੀ ਹੈ। ਲੱਖਾਂ ਰੁਪਏ ਮਹੀਨੇ ਦਾ ਇਸ ਆਸ਼ਰਮ ਦਾ ਖਰਚਾ ਹੈ ਜੋ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚੱਲਦਾ ਹੈ। ਮਨੁੱਖਤਾ ਦੇ ਭਲੇ ਲਈ ਆਰੰਭੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਸਹਾਰੇ ਚਲਦੀ ਇਸ ਚੈਰੀਟੇਬਲ ਸੰਸਥਾ ਨੂੰ ਹਰ ਵੇਲੇ ਮੱਦਦ ਦੀ ਲੋੜ ਹੈ। ਸ਼ੈਡਾਂ 'ਚ ਰਹਿ ਰਹੇ ਮਰਦ ਮਰੀਜ਼ਾਂ ਲਈ ਬਹੁਤ ਵੱਡੀ ਤਿੰਨ ਮੰਜ਼ਲੀ ਇਮਾਰਤ ਦਾ ਕੰਮ ਚਲ ਰਿਹਾ ਹੈ, ਜਿਸ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਅਤੇ ਅਸੀਸਾਂ ਦੀ ਬੇਹੱਦ ਲੋੜ ਹੈ ਜੀ। ਮਦਦ ਲਈ ਆਸ਼ਰਮ (ਦਫਤਰ) 95018-42505; ਡਾ. ਨੌਰੰਗ ਸਿੰਘ ਮਾਂਗਟ, ਇੰਡੀਆ: 95018-42506; ਕੈਲਗਰੀ (ਕੈਨੇਡਾ) 403-401-8787; ਗੁਰਚਰਨ ਕੌਰ ਥਿੰਦ (ਲੇਖਕ), ਕੈਲਗਰੀ, ਕੈਨੇਡਾ: 403-402-9635 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਲੇਖਾ- ਜੋਖਾ

ਅੱਜ ਰਮਨ ਦਾ ਡੈਡੀ ਬਹੁਤ ਖੁਸ਼ ਸੀ ਕਿਉਂਕਿ ਉਸਦਾ ਪੁੱਤਰ ਜੋ ਕਿੰਨੇ ਵਰ੍ਹਿਆਂ ਤੋਂ ਕੈਨੇਡਾ ਰਹਿੰਦਾ ਸੀ ਵੱਲੋਂ ਭੇਜੇ ਪੇਪਰ ਜੁ ਮਿਲੇ ਸਨ। ਉਹ ਆਪਣੇ ਦੋਸਤਾਂ ਕੋਲ ਹਮੇਸ਼ਾਂ ਆਪਣੇ ਵਿਦੇਸ਼ ਰਹਿੰਦੇ ਪੁੱਤ ਦੀਆਂ ਗੱਲਾਂ ਕਰਦਾ ਰਹਿੰਦਾ ਸੀ ਤੇ ਉਨ੍ਹਾਂ ਦੀਆਂ ਫੋਟੋਆਂ ਵੀ ਦਿਖਾਉਂਦਾ ਰਹਿੰਦਾ। ਬੜਾ ਖੁਸ਼ ਹੋ ਹੋ ਕੇ ਉਧਰ ਦੀਆਂ ਖੇਤੀ ਵਿਚ ਵਰਤਦੇ ਨਵੇਂ ਢੰਗ ਦੀਆਂ ਮਸ਼ੀਨਾਂ ਦੀਆਂ ਗੱਲਾਂ ਸੱਥ ' ਚ ਸੁਣਾਉਂਦਾ ਰਹਿੰਦਾ।

ਰਮਨ ਨੇ ਆਪਣੇ ਬੱਚਿਆਂ ਦੀ ਦੇਖਭਾਲ ਲਈ ਆਪਣੇ ਮਾਪਿਆਂ ਨੂੰ ਕੋਲ ਬੁਲਾਉਣਾ ਠੀਕ ਸਮਝਿਆ। ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋਣ 'ਤੇ ਜਲਦੀ ਹੀ ਉਹ ਕੈਨੇਡਾ ਪਹੁੰਚ



**ਜਸਵਿੰਦਰ ਕੌਰ**

ਗਏ।

ਸ਼ੁਰੂ ਸ਼ੁਰੂ ਵਿਚ ਤਾਂ ਰਮਨ ਨੇ ਆਪਣੇ ਮੰਮੀ ਡੈਡੀ ਨੂੰ ਖੂਬ ਘੁਮਾਇਆ। ਕੁਝ ਦਿਨ ਬਾਅਦ ਰਮਨ ਹੋਰੇਂ ਦੋਨੇ ਜੀਅ, ਆਪਣੇ ਕੰਮਾਂ 'ਤੇ ਰੁਟੀਨ 'ਚ ਜਾਣ ਲੱਗੇ। ਬਾਹਰ ਤਾਂ ਕੰਮ ਕਾਰ ਕਰੇ ਤੋਂ ਹੀ ਰੋਟੀ ਮਿਲਣੀ ਹੈ। ਥੱਕ ਹੰਭ ਕੇ ਆਉਣਾ ਤੇ ਸਵੇਰੇ ਫਿਰ ਜਲਦੀ ਹੀ ਘਰੋ ਨਿਕਲ ਜਾਣਾ। ਰਮਨ ਹੋਰਾਂ ਕੋਲ ਵਕਤ ਹੀ ਨਹੀਂ ਸੀ ਹੁੰਦਾ ਕਿ ਉਹ ਆਪਣੇ ਮਾਪਿਆਂ ਕੋਲ ਬੈਠਣ। ਉਨ੍ਹਾਂ ਨੇ ਆਪਣੇ ਬੱਚਿਆਂ, ਜੌਬਾਂ ਵੱਲ ਵੀ ਧਿਆਨ ਦੇਣਾ ਹੁੰਦਾ ਸੀ।

ਇਕ ਦਿਨ ਰਮਨ ਦੇ ਡੈਡੀ ਢਿੱਲੇ ਹੋ ਗਏ। ਮੌਸਮ ਦੀ ਤਬਦੀਲੀ ਕਾਰਨ ਖਾਂਸੀ ਬੁਖਾਰ ਵਗੈਰਾ ਹੋ ਗਿਆ। ਖਾਂਸੀ ਵੀ ਇਹੋ ਜਿਹੀ ਭੈੜੀ ਲੱਗੀ ਸਾਰੀ ਰਾਤ ਨੀਂਦ ਨਾ ਆਉਣ ਦਿੰਦੀ। ਇਹ ਸਾਰਾ ਵੇਖ ਕੇ ਰਮਨ ਦੀ ਪਤਨੀ ਕਹਿਣ ਲੱਗੀ ,"ਸੁਣੋ ਜੀ ਆਪਾਂ ਸਾਰਾ ਦਿਨ ਡਿਊਟੀ ਤੋਂ ਥੱਕ ਹੰਭ ਕੇ ਆਈਦਾ ਆਉਂਦਿਆਂ ਨੂੰ ਇਹ ਸਿੜੀ ਸਿਆਪਾ ਜਿਹਾ, ਸਾਰਾ ਦਿਨ ਖਉਂ ਖਉਂ ਕਰੀ ਜਾਣਾ, ਆਪ ਤਾਂ ਡੈਡੀ ਦਿਨੇ ਸੌਂ ਲੈਂਦੇ।"

"ਫੇਰ ਕੀ ਹੁੰਦਾ, ਉਹ ਕੋਈ ਜਾਣ ਕੇ ਥੋੜੀ ਖੰਗਦੇ ਜੇ ਢਿੱਲੇ ਹੈਗੇ ਤਾਂ ਹੀ ਕਰਦੇ ਆ" ਰਮਨ ਨੇ ਥੋੜਾ ਝਿਜਕਦੇ ਹੋਏ ਕਿਹਾ। ਕਿਉਂਕਿ ਬਾਹਰ ਔਰਤ ਦੀ ਬਹੁਤ ਚੱਲਦੀ ਹੈ।

"ਨਹੀਂ, ਮੈਨੂੰ ਨਹੀਂ ਪਤਾ ਜਾਂ ਤਾਂ ਡੈਡੀ ਦਾ ਮੰਜਾ ਬੇਸਮੈਂਟ ਵਿਚ ਕਰ ਦੇਵੋ ਜਿੱਥੇ ਮੈਨੂੰ ਤੇ ਬੱਚਿਆਂ ਨੂੰ ਖੰਗਣ ਦੀ ਆਵਾਜ਼ ਨਾ ਸੁਣੇ ਤੇ ਨਹੀਂ ਫਿਰ.... "ਰਮਨ ਦੀ ਪਤਨੀ ਨੇ ਗੁੱਸੇ ਵਿਚ ਕਿਹਾ।

"ਨਹੀਂ , ਫਿਰ ਕੀ? ਰਮਨ ਨੇ ਥੋੜੀ ਦਲੇਰੀ ਜਿਹੀ ਵਿਖਾਉਂਦੇ ਨੇ ਕਿਹਾ। "ਡੈਡੀ ਦਾ ਤਾਂ ਸਾਨੂੰ ਕੋਈ ਫਾਇਦਾ ਨਹੀਂ ਇੱਥੇ ਰੱਖਣ ਦਾ, ਮੰਮੀ ਤਾਂ ਚਲੋ ਦੋਹਾਂ ਬੱਚਿਆਂ ਨੂੰ ਸਾਂਭਦੀ ਹੈ ਜਿਸ ਨਾਲ ਸਾਡੇ ਦੋ ਹਜ਼ਾਰ ਡਾਲਰ ਬਚਦੇ ਹਨ। ਇਹਦੀ ਤਾਂ ਐਵੇਂ ਫਾਲਤੂ ਦੀ ਟੈਨਸ਼ਨ ਹੈ। ਨਾ ਅਸੀਂ ਕਿਸੇ ਪਾਰਟੀ ਵਗੈਰਾ ਜਾਂ ਬਾਹਰ ਘੁੰਮਣ ਵੀ ਨਹੀਂ ਜਾ ਸਕਦੇ। ਜ਼ਿੰਦਗੀ ਦਾ ਸਾਰਾ ਮਜ਼ਾ ਕਿਰਕਰਾ ਹੋ ਗਿਆ।" ਤੇ ਮੇਰੀ ਸੁਣੋ ਤਾਂ, ਡੈਡੀ ਨੂੰ ਵਾਪਸ ਇੰਡੀਆ ਹੀ ਭੇਜ ਦੇਈਏ।"

ਦੋਹਾਂ ਵਿਚਕਾਰ ਚੱਲ ਰਿਹਾ ਵਾਰਤਾਲਾਪ ਜਦੋਂ ਮਾਂ ਨੇ ਸੁਣਿਆ ਤਾਂ ਕਹਿਣ ਲੱਗੀ,"ਭਾਈ ਸਾਨੂੰ ਦੋਹਾਂ ਨੂੰ ਜਹਾਜ਼ ਚੜ੍ਹਾ ਦੇਵੋ ਆਪੇ ਉੱਥੇ ਖੰਘ ਠੀਕ ਹੁੰਦੀ ਫਿਰੂਗੀ, ਤੇ ਤੁਸੀਂ ਰਾਜ਼ੀ ਖੁਸ਼ੀ ਰਹੋ।"

ਰਮਨ ਪਿੰਡ ਵਿਚ ਕਿਹੜਾ ਮੂੰਹ ਵਿਖਾਵੇਗਾ ਇਸ ਲਈ ਆਪਣੀ ਪਤਨੀ ਨੂੰ ਕਹਿਣ ਲੱਗਾ,"ਚਲ ਮੰਮੀ, ਡੈਡੀ ਨੂੰ ਬੇਸਮੈਂਟ 'ਚ ਸ਼ਿਫਟ ਕਰ ਦਿੰਦੇ ਹਾਂ।"

ਪਰੰਤੂ ਰਮਨ ਦਾ ਡੈਡੀ ਉਦਾਸ ਰਹਿਣ ਲੱਗਾ ਕਿਉਂਕਿ ਵਿਦੇਸ਼ ਵਿਚ ਜਿਸਨੂੰ ਕੋਈ ਵਹੀਕਲ ਨਹੀਂ ਆਉਂਦੀ ਉਸ ਲਈ ਤਾਂ ਘਰ ਮਿੱਠੀ ਜੇਲ੍ਹ ਹੈ। ਕੁਝ ਦਿਨ ਤਾਂ ਨਿਕਲੇ ਪਰ ਘਰ ਦਾ ਮਾਹੌਲ ਪੂਰੀ ਤਰ੍ਹਾਂ ਠੀਕ ਨਾ ਹੋਇਆ।

ਇਕ ਦਿਨ ਕੀ ਹੋਇਆ ਰਮਨ ਆਪਣੇ ਡੈਡੀ ਨਾਲ ਬੜੇ ਪਿਆਰ ਨਾਲ ਗੱਲਾਂ ਕਰਦਾ ਕਹਿਣ ਲੱਗਾ,"ਲੈ ਡੈਡੀ ਛੇ ਮਹੀਨਿਆਂ ਦੀ ਤਾਂ ਗੱਲ ਹੈ ਆਪਾਂ ਏਧਰ ਤੁਹਾਨੂੰ ਫੇਰ ਬੁਲਾ ਲਵਾਂਗੇ। ਮੈਂ ਅਗਲੇ ਸੰਡੇ ਦੀ ਟਿਕਟ ਲੈ ਲਈ ਹੈ ਤੁਹਾਨੂੰ ਮੈਂ ਜਹਾਜ਼ ਚੜ੍ਹਾ ਆਵਾਂਗਾ। "ਇਹ ਕਹਿ ਕੇ ਰਮਨ ਫੋਨ 'ਤੇ ਆਪਣੇ ਵੱਡੇ ਭਰਾ ਨਾਲ ਗੱਲ ਕਰਨ ਲੱਗਾ ਜੋ ਇੰਡੀਆ ਰਹਿੰਦਾ ਸੀ।

"ਜਿਵੇਂ ਤੇਰੀ ਮਰਜ਼ੀ, "ਇਹ ਕਹਿ ਕੇ ਰਮਨ ਦਾ ਡੈਡੀ ਉਦਾਸ ਹੋ ਕੇ ਆਪਣੇ ਘਰਵਾਲੀ ਨੂੰ ਕਹਿਣ ਲੱਗਾ ਵੇਖ ਲਾ, ਕਿਹੋ ਜਿਹਾ ਜ਼ਮਾਨਾ ਆ ਗਿਆ ਪਿਉ ਕਿਤੇ ਰਹੇ ਤੇ ਮਾਂ ਕਿਤੇ, ਅਜੇ ਉਹ ਬੋਲੀ ਜਾ ਰਿਹਾ ਸੀ ਤਦੇ ਰਮਨ ਦੀ ਮਾਂ ਅੱਗਿਓਂ ਬੋਲੀ,"ਆਪਾਂ ਵੀ ਤਾਂ ਬੇਬੇ-ਬਾਪੂ ਜੀ ਨੂੰ ਦੋਹਾਂ ਭਰਾਵਾਂ ਵਿਚ ਵੱਖ ਵੱਖ ਰੱਖਦੇ ਸੀ ਇਹ ਤਾਂ ਉਹੀਓ ਕਰਮਾਂ ਦਾ ਲੇਖਾ-ਜੋਖਾ ਹੈ, ਜੋ ਬੱਚੇ ਵੇਖਣਗੇ ਉਹੀ ਅੱਗੇ ਕਰਨਗੇ। "ਲੰਮਾ ਹੌਕਾ ਭਰ ਕੇ ਰਮਨ ਦੀ ਮਾਂ ਆਪਣੇ ਘਰਵਾਲੇ ਦੀ ਇੰਡੀਆ ਜਾਣ ਦੀ ਤਿਆਰੀ ਕਰਨ ਲੱਗੀ।

# ਔਰਤਾਂ ਲਈ ਰਾਖਵਾਂਕਰਨ: ਊਠ ਦਾ ਬੁੱਲ੍ਹ ਆਖ਼ਿਰ ਕਦੋਂ ਡਿਗੇਗਾ?

ਔਰਤਾਂ ਲਈ ਦੇਸ਼ ਦੀ ਲੋਕ ਸਭਾ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿਚ ਰਾਖਵੇਂਕਰਨ ਉਤੇ ਪਹਿਲੀ ਵੇਰ 30 ਵਰ੍ਹੇ ਪਹਿਲਾਂ ਵਿਚਾਰ ਚਰਚਾ ਸ਼ੁਰੂ ਹੋਈ, ਪਰ ਰਾਖਵੇਂਕਰਨ ਦਾ ਵਿਚਾਰ ਹਾਲੀ ਤੱਕ ਵੀ ਵਿਚਾਰ ਬਣਿਆ ਹੀ ਨਜ਼ਰ ਆਉਂਦਾ ਹੈ, ਹਾਲਾਂਕਿ ਰਾਖਵੇਂਕਰਨ ਸਬੰਧੀ ਬਿੱਲ ਲੋਕ ਸਭਾ, ਰਾਜ ਸਭਾ ਵਿਚ ਪਾਸ ਵੀ ਕਰ ਦਿੱਤਾ ਗਿਆ ਹੈ।

ਕੀ ਇਹ ਕਾਨੂੰਨ 2024 ਦੀਆਂ ਚੋਣ 'ਚ ਲਾਗੂ ਹੋ ਜਾਏਗਾ? ਸਪੱਸ਼ਟ ਉੱਤਰ ਹੈ, "ਨਹੀਂ"। ਸਿਆਸੀ ਮਾਹਿਰਾਂ ਅਨੁਸਾਰ ਸ਼ਾਇਦ ਇਹ 2029 ਦੀਆਂ ਚੋਣਾਂ ਵੇਲੇ ਵੀ ਲਾਗੂ ਨਾ ਹੋ ਸਕੇ। ਤਾਂ ਫਿਰ ਆਖ਼ਿਰ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਇਹ ਕਾਨੂੰਨ ਬਣਾਉਣ ਦੀ ਐਡੀ ਕਾਹਲੀ ਕਿਉਂ ਕੀਤੀ ਗਈ?



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਕੀ ਇਹ ਸਿਰਫ਼ ਤੇ ਸਿਰਫ਼ 2024 'ਚ ਭਾਜਪਾ ਵਲੋਂ ਚੋਣ ਜਿੱਤਣ ਲਈ ਔਰਤਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਇੱਕ ਜੁਮਲਾ ਤਾਂ ਨਹੀਂ? ਜਿਵੇਂ ਕਿ ਬਹੁਤੇ ਸਿਆਣੇ ਲੋਕਾਂ ਦਾ ਵਿਚਾਰ ਹੈ। ਤਾਂ ਉੱਤਰ ਮਿਲਣਾ ਚਾਹੀਦਾ ਹੈ, "ਹਾਂ ਇਹ ਸੱਚ ਹੈ"।

ਜੋ ਐਕਟ ਔਰਤਾਂ ਦੇ ਰਾਖਵੇਂਕਰਨ ਦਾ ਦੋਵਾਂ ਸਦਨਾਂ 'ਚ ਪਾਸ ਹੋਇਆ ਹੈ, ਉਹ ਸੰਵਿਧਾਨ ਵਿਚ 128ਵੀਂ ਸੋਧ ਹੈ ਅਤੇ ਉਸ ਵਿਚ ਇਕ ਧਾਰਾ 334 ਏ ਜੋੜੀ ਗਈ ਹੈ, ਜਿਸ ਅਨੁਸਾਰ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ ਅਤੇ ਇਸਦੇ ਛਾਪੇ ਜਾਣ ਵਾਲੇ ਅੰਕੜਿਆਂ ਤੋਂ ਬਾਅਦ ਇਹ ਐਕਟ ਲਾਗੂ ਹੋਏਗਾ।

ਮਰਦਮਸ਼ੁਮਾਰੀ 2021 ਵਿਚ ਹੋਣੀ ਸੀ, ਉਹ ਕਰੋਨਾ ਆਫ਼ਤ ਕਾਰਨ ਹੋ ਨਹੀਂ ਸਕੀ। ਹੁਣ ਇਹ 2026 'ਚ ਕਰਾਉਣ ਦੀ ਸਰਕਾਰ ਦੀ ਕੱਚੀ-ਪੱਕੀ ਯੋਜਨਾ ਹੈ। ਇਸ ਤੋਂ ਬਾਅਦ ਦੋ ਸਾਲਾਂ 'ਚ ਅੰਕੜੇ ਤਿਆਰ ਹੋਣਗੇ, ਫਿਰ ਅੰਕੜੇ ਪ੍ਰਕਾਸ਼ਤ ਹੋਣਗੇ। ਭਾਵ 2029 ਚੋਣ ਤੋਂ ਪਹਿਲਾਂ ਮਸਾਂ ਹੀ ਇਹ ਬਿੱਲ ਪ੍ਰਭਾਵੀ ਹੋਏਗਾ, ਜੇਕਰ ਇਸ ਵਿਚ ਹੋਰ ਕੋਈ ਵਿਘਨ ਨਾ ਪਿਆ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਸਰਕਾਰ ਸਚਮੁੱਚ ਇਹ ਰਾਖਵਾਂਕਰਨ ਲਾਗੂ ਕਰਨਾ ਚਾਹੁੰਦੀ ਹੈ ਤਾਂ ਹੁਣੇ ਹੀ ਇਸ ਨੂੰ ਲਾਗੂ ਕਰਨ ਵਿਚ ਦਿੱਕਤ ਕੀ ਹੈ? ਪਹਿਲਾਂ ਹੀ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੈ। ਇਸ ਸਬੰਧੀ ਵੋਟਰ ਸੂਚੀਆਂ ਤੇ ਰਾਖਵਾਂਕਰਨ ਸੂਚੀਆਂ ਬਣੀਆਂ ਹੋਈਆਂ ਹਨ, ਫਿਰ ਔਰਤਾਂ ਦੇ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33 ਫੀਸਦੀ ਰਾਖਵਾਂਕਰਨ ਲਾਗੂ ਕਰ ਕੇ ਹੁਣੇ ਤੋਂ 2024 ਲੋਕ ਸਭਾ ਚੋਣਾਂ ਇਸੇ ਅਨੁਸਾਰ ਸੀਟਾਂ ਰਾਖਵੀਆਂ ਕਰਕੇ ਚੋਣ ਕਰਾਉਣ 'ਚ ਕੀ ਰੁਕਾਵਟ ਤਾਂ ਨਹੀਂ ਆਉਣੀ ਚਾਹੀਦੀ।

ਲੋਕ ਸਭਾ, ਵਿਧਾਨ ਸਭਾਵਾਂ 'ਚ ਔਰਤਾਂ ਲਈ ਰਾਖਵੇਂਕਰਨ ਲਈ ਕੀਤੇ ਯਤਨਾਂ ਦਾ ਇਤਿਹਾਸ ਵੇਖੋ, ਜਿਹੜਾ ਸਿਆਸੀ ਲੋਕਾਂ ਦੇ ਦੋਹਰੇ ਮਾਪਦੰਡ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ।

12 ਦਸੰਬਰ 1996 ਨੂੰ ਪ੍ਰਧਾਨ ਮੰਤਰੀ ਦੇਵਗੌੜਾ ਸਰਕਾਰ ਵੇਲੇ ਸੰਸਦ 'ਚ 81ਵੀਂ ਸੋਧ ਪੇਸ਼ ਕੀਤੀ ਗਈ, ਜਿਸ 'ਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਆਂ ਕਰਨ ਲਈ ਬਿੱਲ ਪੇਸ਼ ਹੋਇਆ। ਫਿਰ 9 ਮਾਰਚ 2010 ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 108ਵੀਂ ਸੋਧ ਰਾਜ ਸਭਾ 'ਚ ਪੇਸ਼ ਕੀਤੀ, ਜਿਸਨੂੰ 108 ਹੱਕ ਵਿਚ ਅਤੇ ਇੱਕ ਵਿਰੋਧ 'ਚ ਵੋਟ ਨਾਲ ਪਾਸ ਕੀਤਾ ਗਿਆ। ਉਪਰੰਤ ਲੋਕ ਸਭਾ 'ਚ ਬਿੱਲ ਭੇਜ ਦਿੱਤਾ ਪਰ 15ਵੀਂ ਲੋਕ ਸਭਾ ਭੰਗ ਹੋ ਗਈ। ਬਿੱਲ ਲਮਕਦਾ ਪਿਆ ਰਿਹਾ ਅਤੇ ਬਾਅਦ 'ਚ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਆਪਣੇ ਰਾਜਕਾਲ ਦੇ 9 ਵਰ੍ਹੇ ਬਾਅਦ 18 ਸਤੰਬਰ, 2023 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਔਰਤਾਂ ਲਈ 33 ਫੀਸਦੀ ਸੀਟਾਂ ਦੇ ਰਾਖਵੇਂਕਰਨ ਦਾ ਬਿੱਲ ਲੋਕ ਸਭਾ ਅਤੇ ਫਿਰ ਰਾਜ ਸਭਾ 'ਚ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਇਹ ਬਿੱਲ ਪਾਸ ਹੋ ਗਿਆ। ਪਰ ਇਸ ਵਿਚ ਤਿੰਨ ਸ਼ਰਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿਚ ਮਰਦਮਸ਼ੁਮਾਰੀ ਮੁੱਖ ਹੈ, ਜਿਸ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਜਾਏਗਾ।

ਮੋਦੀ ਸਰਕਾਰ ਨੇ ਇਹ ਬਿੱਲ ਪਾਸ ਤਾਂ ਕਰਵਾ ਲਏ, ਪਰ ਇਸ ਵਿਚ ਜੋ ਰੁਕਾਵਟਾਂ ਲਾਗੂ ਕਰਨ ਲਈ ਲਾਜ਼ਮੀ ਹਨ, ਉਨ੍ਹਾਂ ਪ੍ਰਤੀ ਚੁੱਪੀ ਵੱਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਵਾਹ-ਵਾਹ ਖੱਟਣ ਲਈ ਇਸ ਬਿੱਲ ਦੀ ਵੱਡੀ ਚਰਚਾ ਕੀਤੀ, ਪਰ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਮਰਦਮਸ਼ੁਮਾਰੀ ਕਦੋਂ ਹੋਏਗੀ? ਉਪਰੰਤ ਹੋਰ ਰੁਕਾਵਟਾਂ ਕਦੋਂ ਦੂਰ ਹੋਣਗੀਆਂ। ਭਾਵ ਕੋਈ ਸਮਾਂ ਸੀਮਾਂ ਤੈਅ ਕਰਨ ਲਈ ਸਰਕਾਰ ਵਲੋਂ ਕੋਈ ਬਚਨ, ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਇਹ ਕਾਨੂੰਨ ਤੁਰੰਤ ਲਾਗੂ ਕਰਨ ਲਈ ਕੋਈ ਆਪਣੀ ਇੱਛਾ ਸ਼ਕਤੀ ਪ੍ਰਗਟ ਕੀਤੀ ਗਈ ਹੈ।

ਸਥਾਨਕ ਸਰਕਾਰ ਭਾਵ ਪੰਚਾਇਤਾਂ 'ਚ ਔਰਤਾਂ ਦੇ 33 ਫੀਸਦੀ ਰਾਖਵੇਂਕਰਨ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਬਿੱਲ ਪਾਸ ਕਰਵਾਏ, ਕਾਨੂੰਨ ਬਣਾਏ ਸਨ ਅਤੇ ਇਹ ਤੁਰੰਤ ਲਾਗੂ ਹੋ ਗਏ ਸਨ ਜਿਸਦੀ ਬਦੌਲਤ 1,30,000 ਔਰਤਾਂ ਪੰਚਾਇਤਾਂ, ਨਗਰਪਾਲਿਕਾ, ਨਗਰ ਨਿਗਮਾਂ 'ਚ ਰਾਖਵਾਂਕਰਨ ਲੈ ਰਹੀਆਂ ਹਨ।

ਜੇਕਰ ਸੱਚ-ਮੁੱਚ ਮੌਜੂਦਾ ਸਰਕਾਰ ਔਰਤਾਂ ਦੇ ਹਾਲਾਤ ਸੁਧਾਰਨ ਬਾਰੇ, ਉਨ੍ਹਾਂ ਨੂੰ ਸਿਆਸਤ ਵਿਚ ਵੱਡਾ ਭਾਈਵਾਲ ਬਣਾਉਣ ਬਾਰੇ ਚਿੰਤਤ ਹੈ, ਤਾਂ ਰਾਖਵੇਂਕਰਨ ਦੇ ਮਾਮਲੇ 'ਚ ਤੁਰੰਤ ਕਦਮ ਪੁੱਟੇ ਜਾਣ ਦੀ ਲੋੜ ਇਸ ਵੇਲੇ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ, ਜਦੋਂ ਕਿ ਉਨ੍ਹਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ ਵਿਚ ਸਿਆਸੀ ਪਾਰਟੀਆਂ ਵਲੋਂ ਸਹੀ ਸਥਾਨ ਦੇ ਕੇ ਚੋਣਾਂ ਨਹੀਂ ਲੜਾਈਆਂ ਜਾ ਰਹੀਆਂ, ਕਿਉਂਕਿ ਲਗਭਗ ਸਾਰੀਆਂ ਸਿਆਸੀ ਧਿਰਾਂ ਤਾਕਤ ਪ੍ਰਾਪਤੀ ਲਈ ਧੰਨ ਕੁਬੇਰਾਂ ਅਤੇ ਅਪਰਾਧਿਕ ਪਿਠ ਭੂਮੀ ਵਾਲੇ ਬਾਹੂਬਲੀ ਲੋਕਾਂ ਨੂੰ ਟਿਕਟਾਂ ਦੇ ਕੇ (ਇੱਕ ਰਿਪੋਰਟ ਅਨੁਸਾਰ ਇਕੱਲੀ ਭਾਰਤੀ ਲੋਕ ਸਭਾ ਵਿਚ 45 ਫੀਸਦੀ ਤੋਂ ਵੱਧ ਮੈਂਬਰ ਪਾਰਲੀਮੈਂਟ 'ਚ ਬੈਠੇ ਹਨ, ਜਿਨ੍ਹਾਂ ਵਿਰੁੱਧ ਅਪਰਾਧਕ, ਗੰਭੀਰ ਅਪਰਾਧਕ ਮਾਮਲੇ ਦਰਜ ਹਨ) ਚੋਣਾਂ ਜਿੱਤ ਦੀਆਂ ਹਨ। ਇਹ ਚੰਗੀ ਗੱਲ ਹੈ ਕਿ ਅਪਰਾਧਕ ਮਾਮਲਿਆਂ ਵਾਲੀ ਪਿੱਠਭੂਮੀ ਵਾਲੀਆਂ ਔਰਤਾਂ ਇਸ ਗਿਣਤੀ-ਮਿਣਤੀ ਵਿਚ ਸ਼ਾਮਲ ਨਹੀਂ ਹਨ।



ਔਰਤਾਂ ਲਈ ਰਾਖਵਾਂਕਰਨ ਆਖ਼ਰ ਜ਼ਰੂਰੀ ਕਿਉਂ ਹੈ? ਭਾਰਤੀ ਸਮਾਜ ਵਿਚ ਔਰਤਾਂ ਦੀ ਗਿਣਤੀ ਲਗਭਗ ਅੱਧੀ ਹੈ। 75 ਸਾਲਾਂ ਵਿਚ 7500 ਮੈਂਬਰ ਪਾਰਲੀਮੈਂਟ ਚੁਣੇ ਗਏ, ਜਿਨ੍ਹਾਂ ਵਿਚੋਂ ਮੌਜੂਦਾ 542 ਲੋਕ ਸਭਾ ਮੈਂਬਰਾਂ ਵਿਚ ਸਿਰਫ਼ 78 ਔਰਤਾਂ ਹਨ। ਰਾਜ ਸਭਾ ਵਿਚ ਤਾਂ ਸਿਰਫ਼ 24 ਹਨ। ਪਰ ਦੇਸ਼ ਦੀ ਨੀਤੀ ਨਿਰਧਾਰਨ 'ਚ ਉਨ੍ਹਾਂ ਦੀ ਭੂਮਿਕਾ ਨਾਂਹ ਦੇ ਬਰਾਬਰ ਹੈ। ਅਸਲ 'ਚ ਭਾਰਤੀ ਸਮਾਜ ਵਿਚ ਔਰਤਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਜ਼ਿੰਮੇਵਾਰੀਆਂ ਦੇ ਕੇ ਘਰਾਂ ਤੱਕ ਸੀਮਤ ਕੀਤਾ ਹੋਇਆ ਹੈ। ਇਥੇ ਹੀ ਔਰਤਾਂ ਨਾਲ ਨਾ-ਬਰਾਬਰੀ ਸ਼ੁਰੂ ਹੁੰਦੀ ਹੈ।

ਆਓ ਭਾਰਤ ਦੇ ਪਿਛੋਕੜ ਅਤੇ ਇਸ ਸਮਾਜ ਵਿਚ ਔਰਤਾਂ ਦੀ ਸਥਿਤੀ 'ਤੇ ਝਾਤ ਮਾਰੀਏ। ਆਦਮ ਯੁੱਗ ਵਿਚ ਔਰਤ ਪ੍ਰਧਾਨ ਸਮਾਜ ਸੀ, ਜਿਸ ਵਿਚ ਨਾਰੀ ਦੀ ਦਸ਼ਾ ਸੁਖਾਲੀ ਸੀ। ਵੈਦਿਕ ਯੁੱਗ ਵਿਚ ਨਾਰੀ ਨੂੰ ਸਮਾਨਤਾ ਦੇ ਅਧਿਕਾਰ ਸਨ। ਵੈਦਿਕ ਯੁੱਗ ਤੋਂ ਬਾਅਦ ਉੱਤਰ ਵੈਦਿਕ ਯੁੱਗ 'ਚ ਨਾਰੀ ਦੀ ਸਥਿਤੀ ਵਿਚ ਗਿਰਾਵਟ ਆਉਣੀ ਸ਼ੁਰੂ ਹੋਈ। ਬ੍ਰਾਹਮਣਵਾਦ ਦਾ ਜ਼ੋਰ ਵਧਿਆ। ਜਾਤ-ਪਾਤ ਦਾ ਸੰਕਲਪ ਆਇਆ, ਇਸ ਉਪਰੰਤ ਨਾਰੀ ਦੀ ਦਸ਼ਾ ਤਰਸਯੋਗ ਹੋ ਗਈ। ਮਨੂਸਮ੍ਰਿਤੀ ਅਨੁਸਾਰ ਨਾਰੀ ਸਭ ਕਸ਼ਟਾਂ ਦਾ ਕਾਰਨ ਹੈ, ਨਾਰੀ ਦਾ ਬਚਪਨ ਪਿਤਾ ਅਧੀਨ, ਜਵਾਨੀ ਪਤੀ ਅਧੀਨ ਅਤੇ ਬੁਢਾਪਾ ਪੁੱਤਰ ਅਧੀਨ ਰਹਿਣਾ ਚਾਹੀਦਾ ਹੈ। ਇਸਤਰੀ ਨੂੰ ਕਿਸੇ ਵੀ ਪੜਾਅ 'ਤੇ ਸੁਤੰਤਰ ਨਹੀਂ ਹੋਣਾ ਚਾਹੀਦਾ।

ਆਜ਼ਾਦੀ ਦੇ ਬਾਅਦ ਇਹ ਸੰਕਲਪ ਟੁੱਟਾ ਹੈ। ਪਰ ਹਾਲੇ ਵੀ ਮਰਦ ਪ੍ਰਧਾਨ ਸਮਾਜ 'ਚ ਉਹ ਤਕਲੀਫਾਂ-ਦੁੱਖਾਂ ਦੇ ਪਹਾੜ ਸਿਰ 'ਤੇ ਚੁੱਕੀ ਬੈਠੀ ਹੈ। ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਸੁਖਾਵੀਂ ਨਹੀਂ ਹੈ। ਹੇਠਲੀ ਸਮਾਜਿਕ ਸਥਿਤੀ 'ਚ ਔਰਤਾਂ ਘਰਾਂ ਵਿਚ ਬੰਨ੍ਹ ਕੇ ਹੀ ਰੱਖੀਆਂ ਹੋਈਆਂ ਹਨ। ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਪੜ੍ਹ ਲਿਖ ਕੇ ਵੀ ਘਰੇਲੂ ਜ਼ਿੰਮੇਵਾਰੀ ਤੱਕ ਸੀਮਤ ਕਰ ਦਿੱਤੀਆਂ ਜਾਂਦੀਆਂ ਹਨ, ਜੋ ਉਨ੍ਹਾਂ ਦੀ ਸਿਆਸੀ ਖੇਤਰ 'ਚ ਜਾਣ 'ਚ ਵੱਡੀ ਰੁਕਾਵਟ ਹੈ।

ਬਿਨਾਂ ਸ਼ੱਕ ਔਰਤ ਨੂੰ ਮਰਦਾਂ ਬਰਾਬਰ ਹੱਕ ਹਨ। ਪਰ ਇਨ੍ਹਾਂ ਹੱਕਾਂ ਦੇ ਮਿਲਣ ਬਾਅਦ ਵੀ ਉਨ੍ਹਾਂ ਨੂੰ ਨਾ ਜ਼ਮੀਨ ਜਾਇਦਾਦ 'ਚ ਬਰਾਬਰ ਦਾ ਹੱਕ ਹੈ ਅਤੇ ਨਾ ਹੀ ਪੜ੍ਹਾਈ ਕਰਨ ਲਈ ਭਰਾਵਾਂ ਬਰਾਬਰ ਹੱਕ।

ਪਰ ਜਿਹੜੇ ਹੱਕ ਔਰਤਾਂ ਨੂੰ ਮਿਲਣੇ ਚਾਹੀਦੇ ਹਨ, ਉਹ ਔਰਤਾਂ ਹੀ ਜਾਣ ਸਕਦੀਆਂ ਹਨ, ਔਰਤਾਂ ਲਈ ਲੋਕ ਸਭਾ, ਵਿਧਾਨ ਸਭਾਵਾਂ 'ਚ ਲਈ ਬਣਾਏ ਕਾਨੂੰਨ ਸਬੰਧੀ ਸਿਆਸੀ ਧਿਰਾਂ ਵਲੋਂ ਵੱਖੋ-ਵੱਖਰੇ ਸਵਾਲ ਵੀ ਉਠਾਏ ਜਾ ਰਹੇ ਹਨ ਭਾਵੇਂ ਕਿ ਸਿਆਸੀ ਧਿਰਾਂ ਵਲੋਂ ਇਸ ਕਾਨੂੰਨ ਨੂੰ ਵੱਡਾ ਸਮਰਥਨ ਮਿਲਿਆ ਹੈ। ਲੋਕ ਸਭਾ, ਵਿਧਾਨ ਸਭ ਸੀਟਾਂ ਵਿਚ ਐਸ.ਸੀ. ਵਰਗ ਲਈ ਰਾਖਵਾਂਕਰਨ ਹੈ ਪਰ ਸਿਆਸੀ ਧਿਰਾਂ ਓ.ਬੀ.ਸੀ. ਲਈ ਰਾਖਵਾਂਕਰਨ ਮੰਗ ਰਹੀਆਂ ਹਨ।

ਬਿਨਾਂ ਸ਼ੱਕ ਇਸ ਨਾਲ ਸਮਾਜ ਦੇ ਹੇਠਲੇ ਵਰਗ ਵਿਚੋਂ ਔਰਤਾਂ ਚੁਣੀਆਂ ਜਾਣਗੀਆਂ। ਪਰ ਜਿਸ ਢੰਗ ਨਾਲ ਦੇਸ਼ ਵਿਚ ਨੌਕਰੀਆਂ 'ਚ ਰਾਖਵੇਂਕਰਨ ਕਾਰਨ ਕੁਝ ਉਪਰਲੇ ਚੁਣਿੰਦਾ ਐਸ.ਸੀ. ਐਸ.ਟੀ ਵਰਗ ਦੇ ਲੋਕ ਫਾਇਦਾ ਚੁੱਕ ਲੈਂਦੇ ਹਨ, ਆਮ ਲੋਕਾਂ ਤੱਕ ਰਿਜ਼ਰਵੇਸ਼ਨ ਦੇ ਫਾਇਦੇ ਤੇ ਸਹੂਲਤਾਂ ਪੁੱਜਦੀਆਂ ਹੀ ਨਹੀਂ, ਇਸ ਨਾਲ ਰਿਜ਼ਰਵੇਸ਼ਨ ਵੀ ਇੱਕ ਕਾਲੀਨ ਵਰਗ ਪੈਦਾ ਨਾ ਹੋ ਜਾਏ, ਜੋ ਆਪਣੇ ਹਿੱਤਾਂ ਤੱਕ ਹੀ ਸੀਮਤ ਹੋ ਜਾਏ, ਇਸਦਾ ਵੀ ਡਰ ਹੈ।

ਸਵਾਲ ਤਾਂ ਇਹ ਹੈ ਕਿ ਇਹ ਕਾਨੂੰਨ ਲਾਗੂ ਕਦੋਂ ਹੋਏਗਾ? ਕੀ ਇਹ ਕਾਨੂੰਨੀ ਪੇਚੀਦਗੀਆਂ ਵਿਚ ਹੀ ਤਾਂ ਨਹੀਂ ਰੁਲ ਜਾਏਗਾ? ਕੀ ਇਹ ਚੋਣ ਜੁਮਲਾ ਹੀ ਤਾਂ ਨਹੀਂ ਬਣ ਕੇ ਰਹਿ ਜਾਏਗਾ? ਕੀ ਸਰਕਾਰ ਇਸਨੂੰ ਲਾਗੂ ਕਰਨ ਲਈ ਸੰਜੀਦਾ ਹੋਏਗੀ?

ਜਾਂ ਫਿਰ ਕੀ ਇਹ ਊਠ ਦਾ ਬੁੱਲ੍ਹ ਬਣ ਕੇ ਰਹਿ ਜਾਏਗਾ, ਜਿਸ ਬਾਰੇ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਜਦੋਂ ਊਠ ਜੁਗਾਲੀ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਬੁੱਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ, ਪਰ ਡਿੱਗਦਾ ਉਹ ਕਦੇ ਵੀ ਨਹੀਂ।

# ਕਾਵਿ-ਕਿਆਰੀ

## *ਸ਼ਹੀਦ ਸਰਦਾਰ ਭਗਤ ਸਿੰਘ*
## ਇੱਕ ਜੀਵਨ ਝਾਤ

****

ਧੰਨਵਾਦ ਤੇਰਾ ਦੋਆਬੇ ਦੇ ਜਾਇਆ।
ਸੁੱਤੇ ਵਤਨ ਨੂੰ ਆਣ ਕੇ ਜਗਾਇਆ।
ਖਟਕੜ ਕਲਾਂ ਨੂੰ ਚਾਰ ਚੰਨ ਲਾਏ।
ਮੋਰਾਂਵਾਲੀਏ ਸਾਰੇ ਨਾਨਕੇ ਕਹਾਏ।

ਬੰਗਾ ਸ਼ਹਿਰ ਤੇਰੀ ਜੰਮਣ ਭੋਂ ਸੀ।
ਘਰ 'ਚ ਰੌਣਕ ਖੁਸ਼ੀਆਂ ਦਾ ਰੌਂ ਸੀ।
ਅਠਾਈ ਸਤੰਬਰ ਉਨੀ ਸੌ ਸੱਤ ਸੀ।
ਘਰੇ ਅਜ਼ਾਦੀ ਲਈ ਇੱਕ ਮੱਤ ਸੀ।

ਕਿਸ਼ਨ ਸਿੰਘ ਦੇ ਘਰ ਦਾ ਚਿਰਾਗ਼।
ਵਿਦਿਆਵਤੀ ਦੀ ਗੋਦੀ ਦਾ ਭਾਗ।
ਭਾਗਾਂ ਵਾਲਾ ਜਾਣ ਨਾਂ ਸੀ ਰੱਖਿਆ।
ਭਗਤ ਸਿੰਘ ਨਾਂ ਖੂਬ ਸੀ ਜਚਿਆ।

ਅਜੀਤ ਸਿੰਘ ਸਵਰਨ ਸਿੰਘ ਚਾਚੇ।
ਗੁੜ੍ਹਤੀ ਇਨਕਲਾਬੀ ਬਾਗੀ ਜਾਚੇ।
ਭੈਣਾਂ ਨੇ ਰਲ ਕੇ ਘੋੜੀਆਂ ਗਾਈਆਂ।
ਮਿੱਤਰਾਂ ਸੰਗ ਬੰਦੂਕਾਂ ਉਗਾਈਆਂ।

ਤੇ ਹੌਲੀ ਹੌਲੀ ਜਵਾਨੀ ਸੀ ਆਈ।
ਕਾਲਜ ਦੀ ਸ਼ੁਰੂ ਹੋ ਗਈ ਪੜ੍ਹਾਈ।

ਅਜ਼ਾਦੀ ਦੀ ਤਾਂਘ ਮਨ ਨੂੰ ਸਤਾਵੇ।
ਲੱਗਾ ਜੋ ਪਲੀਤਾ ਬਰੂਦ ਬਣ ਜਾਵੇ।

ਕਿਉਂ ਗੋਰਿਆਂ ਦੇ ਗੁਲਾਮ ਬਣੀਏ।
ਜਾਗੋ ਸ਼ੇਰੋ ਜਰਾ ਹਿੱਕ ਤਾਣ ਖੜ੍ਹੀਏ।
ਗ਼ੈਰਤਹੀਣ ਜੀਣੋਂ ਮਰਨਾ ਹੈ ਚੰਗਾ।
ਕਾਲੀਆਂ ਕਰਤੂਤਾਂ ਨੂੰ ਕਰੋ ਨੰਗਾ।

ਉਨੀ ਸੌ ਉਨੀ ਦਾ ਸਾਲ ਚੜ੍ਹ ਆਵੇ।
ਰੌਲਟ ਐਕਟ ਫੇਰ ਆਫ਼ਤ ਲਿਆਵੇ।
ਜਮਹੂਰੀ ਹੱਕਾਂ ਨੂੰ ਹਕੂਮਤ ਦਬਾਵੇ।
ਲੋਕਾਂ 'ਚ ਭਾਰੀ ਰੋਸ ਵਿਰੋਧ ਜਗਾਵੇ।

ਸਾਈਮਨ ਕਮਿਸ਼ਨ ਜਾਂਚ ਨੂੰ ਆਵੇ।
ਚੜ੍ਹਦੀ ਜਵਾਨੀ ਦਾ ਖੂਨ ਖੌਲ ਜਾਵੇ।
ਲੱਗੇ ਹੋਣ ਥਾਂ ਥਾਂ ਮੁਜ਼ਾਹਰੇ ਸੱਜਣੋ।
ਵਾਪਿਸ ਜਾਓ ਲੱਗੇ ਨਾਅਰੇ ਸੱਜਣੋ।

ਵਰ੍ਹੀਆਂ ਸੀ ਡਾਂਗਾਂ ਸਾਉਣ ਦੀ ਝੜੀ।
ਲਹੂ ਦੇ ਫੁਹਾਰੇ ਪੈਂਦੇ ਜਿਉਂ ਫੁੱਲਝੜੀ।
ਲਾਲਾ ਲਾਜਪੱਤ ਦੇ ਸੱਟ ਲੱਗੀ ਬੜੀ।
ਹੋਈ ਸ਼ਹੀਦੀ ਪਰ ਸੀ ਦੁੱਖ ਦੀ ਘੜੀ।

ਤੂੰ ਸੁੱਟੇ ਫੋਕੇ ਬੰਬ ਡਰ ਗਏ ਗੋਰੇ ਕਾਲੇ।
ਨਾ ਜਾਨੀ ਨੁਕਸਾਨ ਖੋਲ੍ਹੇ ਕੰਨ ਬੋਲੇ।
ਝੂਲੇ ਫਾਂਸੀ 'ਤੇ ਤਿੰਨੇ ਭਾਰਤ ਦੇ ਸ਼ੋਅਲੇ।
ਪਰ ਪਾਇਆ ਮੁੱਲ ਨੇਤਾਵਾਂ ਨੇ ਹੌਲੇ।

ਦੇਸ਼ ਦੀ ਖਾਤਰ ਜਾਨ ਵਾਰੀਆਂ ਜਵਾਨਾਂ।
ਸਿਰਲੱਥ ਸੀ ਜੋਧੇ ਧੁੰਮ ਪਈ ਦੋ ਜਹਾਨਾਂ।
ਆਓ ਨਵਾਂ ਸਮਾਜ ਖੁਦ ਰਲ ਬਣਾਈਏ।
ਉਚ ਨੀਚ ਜਾਤ ਪਾਤ ਆਪਾਂ ਮਿਟਾਈਏ।

***-ਸੇਵਾ ਸਿੰਘ "ਨੂਰਪੁਰੀ"***

---

## ਪਿੰਡ ਦੀ ਜੂਹ

ਪ੍ਰਦੇਸੋਂ ਤੁਰਿਆ ਮੈਂ ਕਿੰਨਿਆਂ ਹੀ ਚਾਵਾਂ
ਗੱਲਾਂ ਕੀਤੀਆਂ ਫਿਰ ਮੈਂ ਨਾਲ ਹਵਾਵਾਂ।
ਪਿੰਡ ਦੱਸਿਆ ਨਾ ਕਿਸੇ ਨੂੰ ਕੁਝ ਤੇ
ਨਾ ਹੀ ਲੱਗਣ ਦਿੱਤੀ ਕੋਈ ਸੂਹ
ਜਦੋਂ ਗਿਆ ਮੈਂ ਪਿੰਡ ਦੀ ਜੂਹ,
ਦੇਖ ਪਿੰਡ ਕੰਬੀ ਮੇਰੀ ਰੂਹ।

ਸਭ ਗਲੀਆਂ ਸੀ ਸੁੰਨ-ਸਾਨ,
ਜਿੱਥੇ ਖੇਡ ਹੋਇਆ ਮੈਂ ਜਵਾਨ
ਸਭ ਸੁੰਨੇ ਪਏ ਸੀ ਬਨੇਰੇ ਤੇ
ਕੋਈ ਦਿਸਿਆ ਨਾ ਚਾਰ-ਚੁਫੇਰੇ
ਸੁੰਨੀ ਪਈ ਸੀ ਹਵੇਲੀ ਤੇ
ਨਾ ਹੀ ਮਿਲਿਆ ਕੋਈ ਯਾਰ ਬੇਲੀ
ਨਾ ਹੀ ਮਿਲਿਆ ਕੋਈ ਮੈਨੂੰ ਉੱਥੇ,
ਜਦੋਂ ਗਿਆ ਮੈਂ ਖੇਤਾਂ ਵਾਲੇ ਖੂਹ
ਜਦੋਂ ਗਿਆ ਮੈਂ ਪਿੰਡ ਦੀ ਜੂਹ,
ਦੇਖ ਪਿੰਡ ਕੰਬੀ ਮੇਰੀ ਰੂਹ।

ਘਰ ਬੰਦ ਸੀ ਸਭ ਸੱਜੇ ਖੱਬੇ,
ਤੇ ਨਾ ਹੀ ਚਾਚੇ ਤਾਏ ਲੱਭੇ
ਆਂਢ ਗੁਆਂਢ ਨਾ ਲੱਭਾ ਕੋਈ,
ਇਹ ਦੇਖ ਅੱਖ ਮੇਰੀ ਰੋਈ।
ਮੈਂ ਕਿਹੜੇ ਪਾਸੇ ਜਾਵਾਂ ਹੁਣ,
ਕਿਤੇ ਮਿਲਦੀ ਨਾ ਮੈਨੂੰ ਢੋਈ
ਨਾ ਹੀ ਮਿਲਿਆ ਮੈਨੂੰ ਉੱਥੇ ਬਾਪੂ,
ਤੇ ਨਾ ਹੀ ਲੱਭੀ ਮਾਂ ਤੂੰ
ਜਦੋਂ ਗਿਆ ਮੈਂ ਪਿੰਡ ਦੀ ਜੂਹ,
ਦੇਖ ਪਿੰਡ ਕੰਬੀ ਮੇਰੀ ਰੂਹ।

ਮੂੰਹ ਤੋਂ ਉਡ ਗਏ ਮੇਰੇ ਹਾਸੇ
ਤੇ ਹੁਣ ਕੋਈ ਦੇਵੇ ਨਾ ਦਿਲਾਸੇ
ਕਲਿਆਣਪੁਰੀ ਸੋਨੇ ਅਸੀਂ ਉੱਜੜ ਗਏ,
ਹੁੰਦੇ ਵੱਸਦੇ ਸੀ ਚੰਗੇ ਖ਼ਾਸੇ
ਇਹ ਸਭ ਦੇਖ
ਮੇਰੇ ਦਿਲ ਵਿਚ ਪੈ ਗਈ ਧਰੂ
ਜਦੋਂ ਗਿਆ ਮੈਂ ਪਿੰਡ ਦੀ ਜੂਹ,
ਦੇਖ ਪਿੰਡ ਕੰਬੀ ਮੇਰੀ ਰੂਹ।

***-ਸੋਨਾ ਕਲਿਆਣਪੁਰੀ***

# ਏਸ਼ਿਆਈ ਖੇਡਾਂ 'ਚ ਪੰਜਾਬੀਆਂ ਦੀ ਸਰਦਾਰੀ

## ਏਸ਼ਿਆਈ ਖੇਡਾਂ ਦਾ ਪਿਛੋਕੜ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਪਹਿਲੀਆਂ ਏਸ਼ਿਆਈ ਖੇਡਾਂ 1951 ਵਿਚ ਨਵੀਂ ਦਿੱਲੀ 'ਚ ਹੋਈਆਂ ਸਨ। ਉਨ੍ਹਾਂ ਖੇਡਾਂ ਵਿਚ ਪੰਜਾਬੀਆਂ ਦੀ ਸਰਦਾਰੀ ਸੀ। ਸਭ ਤੋਂ ਪਹਿਲਾਂ 1913 ਵਿਚ ਤਿੰਨ ਏਸ਼ਿਆਈ ਮੁਲਕਾਂ ਦੇ ਖੇਡ ਮੁਕਾਬਲੇ 'ਓਰੀਐਂਟਲ ਓਲੰਪਿਕ ਖੇਡਾਂ' ਦੇ ਨਾਂ 'ਤੇ ਮਨੀਲਾ 'ਚ ਹੋਏ ਸਨ। ਉਨ੍ਹਾਂ 'ਚ ਫਿਲਪਾਈਨ 141 ਅੰਕ ਲੈ ਕੇ ਪ੍ਰਥਮ, ਚੀਨ 42 ਅੰਕਾਂ ਨਾਲ ਦੋਇਮ ਤੇ ਜਪਾਨ 16 ਅੰਕਾਂ ਨਾਲ ਫਾਡੀ ਰਿਹਾ ਸੀ। 1915 ਵਿਚ 'ਫਾਰ ਈਸਟਰਨ ਏਸ਼ੀਆਟਕ ਖੇਡਾਂ' ਦੇ ਨਾਂ ਹੇਠ ਮੁਕਾਬਲੇ ਸ਼ਿੰਘਾਈ ਵਿਚ ਹੋਏ। ਉਥੇ ਚੀਨ ਨੇ 152 ਅੰਕ, ਫਿਲਪਾਈਨ ਨੇ 72 ਤੇ ਜਪਾਨ ਨੇ 32 ਅੰਕ ਪ੍ਰਾਪਤ ਕੀਤੇ ਸਨ। 1917 ਵਿਚ ਖੇਡਾਂ ਟੋਕੀਓ 'ਚ ਹੋਈਆਂ। ਉਥੇ ਜਪਾਨ ਦੇ 120, ਫਿਲਪਾਈਨ ਦੇ 80 ਤੇ ਚੀਨ ਦੇ 49 ਅੰਕ ਸਨ। 'ਫਾਰ ਈਸਟਰਨ ਏਸ਼ੀਆਟਕ ਖੇਡਾਂ' 1913 ਤੋਂ 1927 ਤਕ ਹਰ ਦੋ ਸਾਲ ਪਿਛੋਂ ਮਨੀਲਾ, ਟੋਕੀਓ ਤੇ ਸ਼ਿੰਘਾਈ ਵਿਚ ਹੁੰਦੀਆਂ ਰਹੀਆਂ। 1927 'ਚ ਸ਼ਿੰਘਾਈ ਦੀਆਂ ਖੇਡਾਂ ਸਮੇਂ ਫੈਸਲਾ ਹੋਇਆ ਕਿ ਇਹ ਖੇਡਾਂ ਓਲੰਪਿਕ ਖੇਡਾਂ ਵਿਚਾਲੇ ਚਹੁੰ ਸਾਲਾਂ ਪਿਛੋਂ ਕਰਾਈਆਂ ਜਾਣਗੀਆਂ। ਨੌਵੀਆਂ ਖੇਡਾਂ 1930 ਵਿਚ ਟੋਕੀਓ ਵਿਖੇ ਹੋਈਆਂ ਜਿੱਥੇ ਪਹਿਲੀ ਵਾਰ ਇੰਡੀਆ ਨੇ ਭਾਗ ਲਿਆ। ਇਸ ਪਿਛੋਂ ਫਾਰ ਈਸਟਰਨ ਖੇਡਾਂ ਦਾ ਭੋਗ ਪੈ ਗਿਆ।

1934 ਵਿਚ ਪੰਜਾਬੀ ਖੇਡ ਪ੍ਰਮੋਟਰ ਪ੍ਰੋ. ਗੁਰੂ ਦੱਤ ਸੋਂਧੀ ਦੇ ਯਤਨਾਂ ਨਾਲ 'ਪੱਛਮੀ ਏਸ਼ੀਆਟਕ ਖੇਡਾਂ' ਦੇ ਨਾਂ ਥੱਲੇ ਇਨ੍ਹਾਂ ਖੇਡਾਂ ਦਾ ਪੁਨਰ ਜਨਮ ਹੋਇਆ। ਖੇਡਾਂ ਨਵੀਂ ਦਿੱਲੀ ਤੇ ਪਟਿਆਲੇ 'ਚ 2-4 ਮਾਰਚ 1934 ਨੂੰ ਹੋਈਆਂ। ਪੱਛਮੀ ਏਸ਼ੀਆਟਕ ਕਮੇਟੀ ਦੇ ਚੇਅਰਮੈਨ ਯਾਦਵਿੰਦਰ ਸਿੰਘ ਤੇ ਆਨਰੇਰੀ ਸੈਕਟਰੀ ਗੁਰੂ ਦੱਤ ਸੋਂਧੀ ਬਣੇ। ਮਹਾਰਾਜਾ ਭੁਪਿੰਦਰ ਸਿੰਘ ਉਦੋਂ ਭਾਰਤੀ ਓਲੰਪਿਕ ਕਮੇਟੀ ਦੇ ਪ੍ਰਧਾਨ ਸਨ। ਇਨ੍ਹਾਂ ਖੇਡਾਂ ਵਿਚ ਚਾਰ ਮੁਲਕਾਂ, ਲੰਕਾ, ਅਫ਼ਗਾਨਿਸਤਾਨ, ਫਲਸਤੀਨ ਤੇ ਇੰਡੀਆ ਨੇ ਭਾਗ ਲਿਆ। ਇੰਡੀਆ ਦੇ ਖਿਡਾਰੀ ਸਹਿਜੇ ਹੀ ਸਾਰੀਆਂ ਖੇਡਾਂ ਵਿਚ ਜਿੱਤਾਂ ਹਾਸਲ ਕਰ ਗਏ। 1938 ਦੀਆਂ ਖੇਡਾਂ ਕਰਾਉਣ ਦੀ ਜ਼ਿੰਮੇਵਾਰੀ ਤਲਅਵੀਵ ਨੇ ਚੁੱਕੀ ਜੋ ਹੁਣ ਇਸਰਾਈਲ ਦੀ ਰਾਜਧਾਨੀ ਹੈ। ਪਰ ਦੂਜੇ ਵਿਸ਼ਵ ਯੁੱਧ ਦੇ ਖ਼ਤਰੇ ਕਾਰਨ ਖੇਡਾਂ ਹੋ ਨਾ ਸਕੀਆਂ। 1942 ਤੇ 44 ਦੀਆਂ ਖੇਡਾਂ ਵਿਸ਼ਵ ਜੰਗ ਦੀ ਭੇਟ ਹੋ ਗਈਆਂ।

1947 'ਚ ਏਸ਼ਿਆਈ ਦੇਸ਼ਾਂ ਦੇ ਆਪਸੀ ਸੰਬੰਧਾਂ ਬਾਰੇ ਇਕ ਕਾਨਫਰੰਸ ਦਿੱਲੀ ਵਿਚ ਹੋਈ। ਉਥੇ ਖੇਡਾਂ ਰਾਹੀਂ ਏਸ਼ਿਆਈ ਮੁਲਕਾਂ ਵਿਚਕਾਰ ਸਾਂਝ ਵਧਾਉਣ ਦੇ ਵਿਚਾਰ ਨੂੰ ਭਰਵਾਂ ਹੁੰਗਾਰਾ ਮਿਲਿਆ। 1948 ਦੀਆਂ ਓਲੰਪਿਕ ਖੇਡਾਂ ਸਮੇਂ ਲੰਡਨ ਵਿਚ ਫਿਲਪਾਈਨ ਦੇ ਖੇਡ ਪ੍ਰੋਮੋਟਰ ਜਾਰਜ ਬੀ ਵਾਰਗਸ ਨੇ ਭਾਰਤ ਦੇ ਪ੍ਰੋ. ਗੁਰੂ ਦੱਤ ਸੋਂਧੀ ਨਾਲ ਏਸ਼ਿਆਈ ਖੇਡਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਿਸ ਦੇ ਫਲਸਰੂਪ ਏਸ਼ੀਅਨ ਐਮੇਚਿਓਰ ਅਥਲੈਟਿਕ ਫੈਡਰੇਸ਼ਨ ਬਣਾਈ ਗਈ। ਫੈਡਰੇਸ਼ਨ ਦੀ ਪਹਿਲੀ ਮੀਟਿੰਗ 12-13 ਫਰਵਰੀ 1949 ਨੂੰ ਨਵੀਂ ਦਿੱਲੀ ਦੇ ਪਟਿਆਲਾ ਹਾਊਸ ਵਿਚ ਹੋਈ। ਫਿਲਪਾਈਨ, ਸਿਆਮ, ਇੰਡੋਨੇਸ਼ੀਆ, ਬਰਮਾ, ਸੀਲੋਨ, ਨਿਪਾਲ, ਅਫ਼ਗਾਨਿਸਤਾਨ, ਪਾਕਿਸਤਾਨ ਤੇ ਭਾਰਤ ਦੇ ਨੁਮਾਇੰਦੇ ਉਸ ਵਿਚ ਸ਼ਾਮਲ ਹੋਏ। ਉਥੇ ਏਸ਼ੀਅਨ ਅਥਲੈਟਿਕ ਫੈਡਰੇਸ਼ਨ ਦਾ ਨਾਂ ਬਦਲ ਕੇ 'ਏਸ਼ੀਅਨ ਖੇਡ ਫੈਡਰੇਸ਼ਨ' ਰੱਖ ਦਿੱਤਾ ਗਿਆ ਤੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਫੈਡਰੇਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ। ਫਿਲਪਾਈਨ ਦੇ ਜਾਰਜ ਬੀ ਵਾਰਗਸ ਮੀਤ ਪ੍ਰਧਾਨ ਅਤੇ ਭਾਰਤ ਦੇ ਗੁਰੂ ਦੱਤ ਸੋਂਧੀ ਸਕੱਤਰ ਥਾਪੇ ਗਏ। ਮੀਟਿੰਗ ਵਿਚ ਏਸ਼ੀਅਨ ਖੇਡ ਫੈਡਰੇਸ਼ਨ ਦਾ ਸੰਵਿਧਾਨ ਪਾਸ ਕੀਤਾ ਗਿਆ ਜਿਸ ਅਨੁਸਾਰ ਏਸ਼ਿਆਈ ਖੇਡਾਂ ਓਲੰਪਿਕ ਖੇਡਾਂ ਵਿਚਾਲੇ ਚਹੁੰ ਸਾਲਾਂ ਪਿਛੋਂ ਕਰਾਉਣੀਆਂ ਤੈਅ ਹੋਈਆਂ। ਪਹਿਲੀਆਂ ਏਸ਼ਿਆਈ ਖੇਡਾਂ ਕਰਾਉਣ ਦੀ ਜ਼ਿੰਮੇਵਾਰੀ ਨਵੀਂ ਦਿੱਲੀ ਨੇ ਚੁੱਕੀ ਤੇ ਦੂਜੀਆਂ ਮਨੀਲਾ ਨੂੰ ਸੌਂਪੀਆਂ ਗਈਆਂ। ਪਹਿਲੀਆਂ ਏਸ਼ਿਆਈ ਖੇਡਾਂ 1950 ਵਿਚ ਕਰਾਈਆਂ ਜਾਣੀਆਂ ਸਨ ਜਿਨ੍ਹਾਂ 'ਚ ਅਥਲੈਟਿਕਸ, ਤੈਰਾਕੀ,



ਟੈਨਿਸ, ਹਾਕੀ, ਬੇਸਬਾਲ, ਬਾਸਕਟਬਾਲ, ਵਾਲੀਬਾਲ, ਫੁੱਟਬਾਲ, ਮੁੱਕੇਬਾਜ਼ੀ ਤੇ ਕੁਸ਼ਤੀਆਂ ਦੇ ਮੁਕਾਬਲੇ ਹੋਣੇ ਸਨ। ਪਰ ਇਹ ਖੇਡਾਂ ਮਿਥੇ ਸਮੇਂ ਕਰਾਉਣੀਆਂ ਸੰਭਵ ਨਾ ਹੋ ਸਕੀਆਂ।

ਏਸ਼ੀਅਨ ਖੇਡ ਫੈਡਰੇਸ਼ਨ ਦੀ ਦੂਜੀ ਮੀਟਿੰਗ 31 ਜੁਲਾਈ 1950 ਨੂੰ ਫਿਰ ਨਵੀਂ ਦਿੱਲੀ 'ਚ ਹੋਈ। ਉਸ ਮੀਟਿੰਗ 'ਚ ਖੇਡਾਂ ਦੀ ਗਿਣਤੀ ਘਟ ਕੀਤੀ ਗਈ ਤੇ ਫੈਸਲਾ ਹੋਇਆ ਕਿ ਖੇਡਾਂ 15 ਫਰਵਰੀ ਤੋਂ 15 ਮਾਰਚ 1951 ਵਿਚਕਾਰ ਕਰਾਈਆਂ ਜਾਣ ਪਰ ਦੂਜੀਆਂ ਖੇਡਾਂ 1954 ਵਿਚ ਹੀ ਹੋਣ। ਖੇਡਾਂ ਦੀ ਸੰਚਾਲਨ ਕਮੇਟੀ ਦੇ ਚੇਅਰਮੈਨ ਮਹਾਰਾਜਾ ਯਾਦਵਿੰਦਰ ਸਿੰਘ, ਸਕੱਤਰ ਪ੍ਰੋ. ਗੁਰੂ ਦੱਤ ਸੋਂਧੀ, ਖ਼ਜ਼ਾਨਚੀ ਐਸ.ਪੀ. ਚੋਪੜਾ ਤੇ ਪਬਲਿਕ ਰਿਲੇਸ਼ਨ ਅਫਸਰ ਐਮ.ਐਲ. ਕਪੂਰ ਨੂੰ ਬਣਾਇਆ ਗਿਆ। ਰਾਜਾ ਭਲਿੰਦਰ ਸਿੰਘ, ਸਰ ਸੋਭਾ ਸਿੰਘ ਤੇ ਡਾ. ਤਾਰਾ ਚੰਦ ਹੋਰੀਂ ਕਾਰਜਕਾਰੀ ਮੈਂਬਰ ਸਨ। ਇੰਜ ਸਮਝ ਲਓ ਕਿ ਏਸ਼ਿਆਈ ਖੇਡਾਂ ਕਰਨ ਕਰਾਉਣ ਵਿਚ ਪੰਜਾਬੀਆਂ ਦਾ ਹੀ ਬੋਲਬਾਲਾ ਸੀ। ਖੇਡਾਂ ਦੇ ਮੈਡਲ ਜਿੱਤਣ ਵਿਚ ਵੀ ਪੰਜਾਬੀ ਖਿਡਾਰੀਆਂ ਦੀ ਝੰਡੀ ਰਹੀ।


ਖੇਡਾਂ ਕਰਾਉਣ ਦੀ ਤਿਆਰੀ ਜੰਗੀ ਪੱਧਰ 'ਤੇ ਕੀਤੀ ਗਈ। ਇੰਡੀਆ ਗੇਟ ਦੇ ਸਾਹਮਣੇ ਨੈਸ਼ਨਲ ਸਟੇਡੀਅਮ ਉਸਾਰਿਆ ਗਿਆ ਜਿਸ ਦੇ ਟਰੈਕ ਦੁਆਲੇ ਸਾਈਕਲ ਪੱਟੀ ਵਿਛਾਈ ਗਈ। ਤੈਰਨ ਤਲਾਅ ਤੇ ਹੋਰ ਖੇਡ ਭਵਨ ਤਿਆਰ ਕਰਨ ਦੇ ਨਾਲ ਨੇੜੇ ਲੱਗਦੀਆਂ ਫੌਜੀ ਬੈਰਕਾਂ 'ਓਲੰਪਿਕ ਪਿੰਡ' ਬਣਾ ਦਿੱਤੀਆਂ ਗਈਆਂ। ਮਿੱਥੇ ਦਿਨ ਏਸ਼ਿਆਈ ਮੁਲਕਾਂ ਦੇ ਰੰਗ ਬਰੰਗੇ ਝੰਡੇ ਨੈਸ਼ਨਲ ਸਟੇਡੀਅਮ ਦੀਆਂ ਬਾਹੀਆਂ 'ਤੇ ਲਹਿਰਾਉਣ ਲੱਗੇ। ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਏਸ਼ੀਆ ਦੇ ਖਿਡਾਰੀਆਂ ਨੂੰ ਨਾਹਰਾ ਦਿੱਤਾ: ਖੇਡ ਨੂੰ ਖੇਡ ਭਾਵਨਾ ਨਾਲ ਖੇਡੋ। ਖੇਡਾਂ ਦੇ ਮਾਟੋ 'ਐਵਰ ਆਨਵਰਡ' ਉਤੇ ਅਮਲ ਕਰਨ ਲਈ ਏਸ਼ੀਆ ਦੇ ਖਿਡਾਰੀ ਮੈਦਾਨ ਵਿਚ ਜੁਝਣ ਲੱਗੇ।

ਖੇਡਾਂ 4 ਮਾਰਚ 1951 ਨੂੰ ਆਰੰਭ ਹੋਈਆਂ। ਦਿੱਲੀ ਦੇ ਲਾਲ ਕਿਲੇ 'ਚ ਕਿਰਨਾਂ ਤੋਂ ਅਗਨੀ ਪੈਦਾ ਕਰ ਕੇ ਖੇਡਾਂ ਦੀ ਮਸ਼ਾਲ ਜਗਾਈ ਗਈ। ਲਾਲ ਕਿਲੇ ਤੋਂ ਨੈਸ਼ਨਲ ਸਟੇਡੀਅਮ ਦਾ ਪੰਧ 50 ਖਿਡਾਰੀਆਂ ਨੇ ਮਸ਼ਾਲ ਲੈ ਕੇ ਦੌੜਦਿਆਂ ਪੂਰਾ ਕੀਤਾ। ਓਲੰਪੀਅਨ ਬ੍ਰਿਗੇਡੀਅਰ ਦਲੀਪ ਸਿੰਘ ਨੇ ਆਖ਼ਰੀ ਦੌੜਾਕ ਵਜੋਂ ਮਸ਼ਾਲ ਫੜ ਕੇ ਸਟੇਡੀਅਮ ਦਾ ਚੱਕਰ ਲਾਇਆ। ਉਸ ਨੇ ਜੋਤ ਜਗਾਈ ਤਾਂ ਸਟੇਡੀਅਮ ਤਾੜੀਆਂ ਨਾਲ ਗੂੰਜ ਉਠਿਆ। ਸਟੇਡੀਅਮ 'ਚ 11 ਦੇਸ਼ਾਂ ਦੇ 489 ਖਿਡਾਰੀ ਸਾਵਧਾਨ ਖੜ੍ਹੇ ਸਨ। ਭਾਰਤੀ ਦਲ ਦੇ ਝੰਡਾਬਰਦਾਰ ਬਲਦੇਵ ਸਿੰਘ ਨੇ ਸਮੂਹ ਖਿਡਾਰੀਆਂ ਵੱਲੋਂ ਸਹੁੰ ਚੁੱਕੀ। ਉਦੋਂ ਦਿੱਲੀ ਪੰਜਾਬੀ ਸ਼ਰਨਾਰਥੀਆਂ ਨਾਲ ਭਰੀ ਹੋਈ ਸੀ।

ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਅਮਨ ਦਾ ਪੈਗ਼ਾਮ ਦੇਣ ਲਈ ਘੁੱਗੀਆਂ ਕਬੂਤਰ ਆਕਾਸ਼ ਵਿਚ ਛੱਡੇ ਗਏ। ਖੇਡਾਂ 'ਚ ਭਾਗ ਲੈਣ ਵਾਲੇ ਮੁਲਕ ਅਫ਼ਗਾਨਿਸਤਾਨ, ਬਰਮਾ, ਸੀਲੋਨ, ਇੰਡੋਨੇਸ਼ੀਆ, ਇਰਾਨ, ਜਪਾਨ, ਨੇਪਾਲ, ਫਿਲਪਾਈਨ, ਮਲਾਇਆ, ਥਾਈਲੈਂਡ ਤੇ ਭਾਰਤ ਸਨ। ਚੀਨ ਤੇ ਪਾਕਿਸਤਾਨ ਪਹਿਲੀਆਂ ਏਸ਼ਿਆਈ ਖੇਡਾਂ 'ਚ ਭਾਗ ਨਾ ਲੈ ਸਕੇ। ਭਾਰਤੀ ਦਲ 'ਚ 151 ਤੇ ਜਪਾਨੀ ਦਲ ਵਿਚ 72 ਖਿਡਾਰੀ ਸਨ। ਖੇਡਾਂ 11 ਮਾਰਚ ਤਕ ਚੱਲੀਆਂ। ਇਨ੍ਹਾਂ ਵਿਚ ਅਥਲੈਟਿਕਸ, ਬਾਸਕਟਬਾਲ, ਫੁੱਟਬਾਲ, ਸਾਈਕਲ ਦੌੜਾਂ, ਭਾਰ ਚੁੱਕਣ ਤੇ ਤੈਰਨ ਦੇ ਮੁਕਾਬਲੇ ਹੋਏ। ਭਾਰਤ ਦੇ ਸਚਿਨ ਨਾਗ ਨੇ ਤੈਰਨ ਵਿਚ ਏਸ਼ਿਆਈ ਖੇਡਾਂ ਦਾ ਪਹਿਲਾ ਸੋਨ ਤਗ਼ਮਾ ਜਿੱਤਿਆ। ਭਾਰਤੀ ਟੀਮ ਵਾਟਰ ਪੋਲੋ ਦਾ ਗੋਲਡ ਮੈਡਲ ਵੀ ਜਿੱਤ ਗਈ। ਫੁੱਟਬਾਲ ਦੀ ਖੇਡ 'ਚ ਵੀ ਭਾਰਤ ਨੂੰ ਗੋਲਡ ਮੈਡਲ ਮਿਲਿਆ। ਬਾਸਕਟਬਾਲ ਵਿਚ ਫਿਲਪਾਈਨ ਪ੍ਰਥਮ ਰਿਹਾ ਤੇ ਜਪਾਨ ਦੋਇਮ। ਅਥਲੈਟਿਕਸ ਵਿਚ ਭਾਰਤ ਲਈ ਵਧੇਰੇ ਮੈਡਲ ਪੰਜਾਬੀ ਅਥਲੀਟਾਂ ਨੇ ਜਿੱਤੇ ਜਿਨ੍ਹਾਂ ਦੇ ਨਾਂ ਹਨ: ਰਣਜੀਤ ਸਿੰਘ, ਨਿੱਕਾ ਸਿੰਘ, ਛੋਟਾ ਸਿੰਘ, ਮਹਾਵੀਰ ਪ੍ਰਸ਼ਾਦ, ਬਖਤਾਵਰ ਸਿੰਘ, ਮਦਨ ਲਾਲ, ਮੱਖਣ ਸਿੰਘ, ਏ. ਐਸ. ਬਖ਼ਸ਼ੀ, ਬਲਦੇਵ ਸਿੰਘ, ਗੋਵਿੰਦ ਸਿੰਘ, ਕੁਲਵੰਤ ਸਿੰਘ, ਪ੍ਰੀਤਮ ਸਿੰਘ, ਗੁਰਬਚਨ ਸਿੰਘ, ਸੋਮਨਾਥ, ਤੇਜਾ ਸਿੰਘ, ਅਜੀਤ ਸਿੰਘ, ਬਲਵੰਤ ਸਿੰਘ, ਕਰਨ ਸਿੰਘ, ਕੇਸਰ ਸਿੰਘ ਤੇ ਪਰਸਾ ਸਿੰਘ। ਇਨ੍ਹਾਂ 'ਚੋਂ ਵਧੇਰੇ ਖਿਡਾਰੀ ਪਟਿਆਲਾ ਪੁਲੀਸ ਤੇ ਫੌਜ ਦੇ ਸਨ। ਜਪਾਨ 23 ਸੋਨੇ, 20 ਚਾਂਦੀ, 15 ਤਾਂਬੇ ਦੇ ਤਗ਼ਮਿਆਂ ਨਾਲ ਮੀਰੀ ਰਿਹਾ। ਭਾਰਤ ਨੇ 15 ਸੋਨੇ, 16 ਚਾਂਦੀ, 19 ਤਾਂਬੇ ਦੇ ਤਗ਼ਮੇ ਜਿੱਤ ਕੇ ਦੂਜਾ ਸਥਾਨ ਹਾਸਲ ਕੀਤਾ। ਇਰਾਨ 8 ਸੋਨੇ, 6 ਚਾਂਦੀ, 2 ਤਾਂਬੇ ਦੇ ਤਗ਼ਮਿਆਂ ਨਾਲ ਤੀਜੇ ਨੰਬਰ 'ਤੇ ਆਇਆ। ਸੋਚੋ, ਭਾਰਤ ਵਿਚ ਪੰਜਾਬੀ ਉਦੋਂ ਕਿਸ ਮੁਕਾਮ 'ਤੇ ਸਨ, ਹੁਣ ਕਿੱਥੇ ਹਨ? ਸੁਆਲ ਹੈ, ਪੰਜਾਬੀਆਂ ਨੇ ਹੋਰ ਕਿੰਨਾ ਕੁ ਹੇਠਾਂ ਆਉਣਾ ਹੈ?

# ਸਮਾਜਿਕ ਰਿਸ਼ਤਿਆਂ ਤੋਂ ਏਨੇ ਨਿਰਾਸ਼ ਕਿਉਂ ਹਨ ਪੰਜਾਬੀ ਲੇਖਕ?

ਵਿਚਾਰ ਚਰਚਾ



ਨਿਰੰਜਣ ਬੋਹਾ
ਫੋਨ: 89682-82700

ਹਰਿਆਣਾ ਪੰਜਾਬੀ ਸਾਹਿਤ ਤੇ ਸਭਿਆਚਾਰਕ ਮੰਚ ਰਤੀਆ (ਹਰਿਆਣਾ) ਵੱਲੋਂ ਕਰਵਾਈ ਇਕ ਗੋਸ਼ਟੀ ਵਿਚ 'ਪੰਜਾਬੀ ਮਿੰਨੀ ਕਹਾਣੀ ਵਿਚ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦਾ ਬੋਧ' ਵਿਸ਼ੇ 'ਤੇ ਬੋਲ ਰਿਹਾ ਸਾਂ ਕਿ ਇਕ ਗੰਭੀਰ ਕਿਸਮ ਦੇ ਪਾਠਕ ਨੇ ਵਿਚਾਲਿਓਂ ਹੀ ਸਵਾਲ ਕਰ ਦਿੱਤਾ ਕਿ ਪੰਜਾਬੀ ਲੇਖਕ ਕੇਵਲ ਸਮਾਜ ਦੀ ਡਰਾਉਣੀ ਤਸਵੀਰ ਹੀ ਕਿਉਂ ਪੇਸ਼ ਕਰ ਰਹੇ ਹਨ ਹਨ ਤੇ ਇਹ ਲੇਖਕ ਸਮਾਜਿਕ ਰਿਸ਼ਤਿਆਂ ਪ੍ਰਤੀ ਨਿਰਾਸ਼ ਕਿਉਂ ਹਨ? ਉਸ ਪਾਠਕ ਦਾ ਤਰਕ ਸੀ ਕਿ ਸਾਡੇ ਸਮਾਜਿਕ ਤੇ ਪਰਿਵਾਰਕ ਰਿਸ਼ਤੇ ਅਜੇ ਐਨੇ ਵੀ ਸਵਾਰਥੀ ਨਹੀਂ ਬਣੇ ਜਿੰਨੇ ਵਧਾ-ਚੜ੍ਹਾ ਕੇ ਪੰਜਾਬੀ ਲੇਖਕਾਂ ਵੱਲੋਂ ਇਨ੍ਹਾਂ ਦੀ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਪਾਠਕ ਦਾ ਸਵਾਲ ਇਕ ਦੋ ਨਹੀਂ ਸਗੋਂ ਪੰਜਾਬੀ ਦੇ ਸਾਰੇ ਹੀ ਲੇਖਕਾਂ ਨੂੰ ਜਵਾਬਦੇਹ ਬਣਾਉਂਦਾ ਸੀ। ਆਪਣੀ ਸੂਝ ਦੀ ਸਮਰੱਥਾ ਮੁਤਾਬਿਕ ਉਸ ਵੇਲੇ ਤਾਂ ਮੈਂ ਅਜੋਕੇ ਪੂੰਜੀਵਾਦੀ ਪ੍ਰਬੰਧ ਦੇ ਮਨੁੱਖਤਾ ਵਿਰੋਧੀ ਖਾਸੇ ਨੂੰ ਇਸ ਤਰ੍ਹਾਂ ਦੇ ਵਰਤਾਰੇ ਲਈ ਦੋਸ਼ੀ ਠਹਿਰਾ ਕੇ ਉਠਾਏ ਸਵਾਲ ਦਾ ਜਵਾਬ ਦੇ ਦਿੱਤਾ ਪਰ ਸਵਾਲ ਵਿਚਲੀ ਗੰਭੀਰਤਾ ਤੇ ਸੰਜੀਦਗੀ ਕਾਰਨ ਮੈਂ ਆਪਣੇ ਵੱਲੋਂ ਦਿੱਤੇ ਜਵਾਬ ਤੋਂ ਆਪ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸਾਂ। ਉਸ ਪਾਠਕ ਦੇ ਸਵਾਲ ਨੇ ਮੇਰੇ ਅੰਦਰ ਕਈ ਹੋਰ ਵੀ ਸਵਾਲ ਪੈਦਾ ਕਰ ਦਿੱਤੇ। ਮੈਂ ਬਹੁਤ ਸਮੇਂ ਤੋਂ ਖ਼ੁਦ ਵੀ ਇਹ ਮਹਿਸੂਸ ਕਰ ਰਿਹਾ ਸਾਂ ਕਿ ਅਜੋਕਾ ਪੰਜਾਬੀ ਲੇਖਕ ਖਾਸ ਕਰਕੇ ਮਿੰਨੀ ਕਹਾਣੀਕਾਰ ਮਨੁੱਖ ਵਿਚੋਂ ਮਨੁੱਖੀ ਸੰਵੇਦਨਾ ਦੇ ਮਰ ਜਾਣ ਦੀ ਗੱਲ ਤਾਂ ਬਹੁਤ ਉੱਚੀ ਸੁਰ ਵਿਚ ਕਰ ਰਿਹਾ ਹੈ ਪਰ ਪ੍ਰਤੀਕੂਲ ਹਾਲਾਤ ਵਿਚ ਮਨੁੱਖਤਾ ਦੇ ਵੀ ਜਿਉਂਦੇ ਹੋਣ ਦੀ ਗਵਾਹੀ ਦੇਣ ਵਾਲੀ ਸੋਚ ਨੂੰ ਉਸ ਤਰ੍ਹਾਂ ਨਾਲ ਉਤਸ਼ਾਹਿਤ ਨਹੀਂ ਕਰ ਰਿਹਾ ਜਿਸ ਤੋਂ ਪਾਠਕ ਵੀ ਉਸ ਵਰਗੀ ਮਨੁੱਖਤਾਵਾਦੀ ਸੋਚ ਅਪਨਾਉਣ ਦੀ ਪ੍ਰੇਰਣਾ ਲੈ ਸਕੇ। ਪੰਜਾਬੀ ਲੇਖਕਾਂ ਦਾ ਸਮਾਜਿਕ ਨਜ਼ਰੀਆ ਲਗਾਤਾਰ ਇਕ ਪਾਸੜ ਬਣਦਾ ਜਾ ਰਿਹਾ ਹੈ ਤੇ ਉਸ ਨੂੰ ਸਮਾਜ ਤੇ ਸਮਾਜਿਕ ਰਿਸ਼ਤਿਆਂ ਵਿਚ ਕੇਵਲ ਕਮੀਆਂ ਹੀ ਕਮੀਆਂ ਵਿਖਾਈ ਦੇਂਦੀਆਂ ਹਨ। ਅੱਜ ਦਾ ਲੇਖਕ ਗੈਰ-ਮਨੁੱਖੀ ਸਮਾਜਿਕ ਵਰਤਾਰੇ ਤੇ ਸਮਾਜਿਕ ਰਿਸ਼ਤਿਆਂ ਵਿਚ ਵਧ ਰਹੀ ਬਿਗਾਨਗੀ ਦੀ ਭਾਵਨਾ ਨੂੰ ਇਸ ਤਰ੍ਹਾਂ ਉਭਾਰ ਕੇ ਪੇਸ਼ ਕਰ ਰਿਹਾ ਹੈ ਜਿਵੇਂ ਇਨ੍ਹਾਂ ਰਿਸ਼ਤਿਆਂ ਵਿਚੋਂ ਆਪਣੇਪਣ ਦੀ ਭਾਵਨਾ ਬਿਲਕੁਲ ਹੀ ਖਤਮ ਹੋ ਗਈ ਹੋਵੇ ਤੇ ਕੋਈ ਵੀ ਸਮਾਜਿਕ ਰਿਸ਼ਤਾ ਭਰੋਸੇਯੋਗ ਨਾ ਰਿਹਾ ਹੋਵੇ।

ਇਹ ਤਰਕ 'ਤੇ ਆਧਾਰਿਤ ਸਚਾਈ ਹੈ ਕਿ ਸਮਾਜਿਕ ਸਥਿਤੀਆਂ ਵਿਚ ਆਉਣ ਵਾਲੇ ਬਦਲਾਵ ਨਾਲ ਮਨੁੱਖੀ ਚਿੰਤਨ ਤੇ ਵਿਚਾਰਧਾਰਾ ਵਿਚ ਵੀ ਬਦਲਾਵ ਆਉਂਦਾ ਰਹਿੰਦਾ ਹੈ। ਹਰ ਮਨੁੱਖ ਅੰਦਰ ਚੰਗੇ ਤੇ ਬੁਰੇ ਵਿਚਾਰ ਇਕੋ ਸਮੇਂ ਮੌਜੂਦ ਰਹਿੰਦੇ ਹਨ ਤੇ ਅਜਿਹੇ ਪਰਸਪਰ ਵਿਰੋਧੀ ਵਿਚਾਰਾਂ ਦਾ ਦੰਵਦਾਤਮਕ ਯੁੱਧ ਵੀ ਉਸ ਅੰਦਰ ਹਮੇਸ਼ਾ ਚਲਦਾ ਰਹਿੰਦਾ ਹੈ। ਭਾਵੇਂ ਅਜੋਕੇ ਪੂੰਜੀਵਾਦੀ ਯੁੱਗ ਨੇ ਮਨੁੱਖ ਨੂੰ ਇਸ ਹੱਦ ਤਕ ਵਿਅਕਤੀਵਾਦੀ ਬਣਾ ਦਿੱਤਾ ਹੈ ਕਿ ਸਵਾਰਥੀ ਸਿੱਧੀ ਹੀ ਉਸਦੇ ਜੀਵਨ ਦਾ ਉਦੇਸ਼ ਬਣ ਗਈ ਹੈ, ਪਰ ਮੈਂ ਸੋਚਦਾ ਹਾਂ ਕਿ ਲੇਖਕ ਨੂੰ ਪੂੰਜੀਵਾਦੀ ਕੀਮਤਾਂ ਦਾ ਵਿਰੋਧ ਜਾਰੀ ਰੱਖਦਿਆਂ ਵੀ ਮਨੁੱਖ ਅੰਦਰ ਸੁੱਤੀ ਪਈ ਇਨਸਾਨੀਅਤ ਨੂੰ ਜਗਾਉਣ ਦੇ ਯਤਨ ਕਰਦੇ ਰਹਿਣੇ ਚਾਹੀਦੇ ਹਨ। ਕਿਸੇ ਵੀ ਮਨੁੱਖ ਅੰਦਰ ਮਨੁੱਖਤਾ ਤੇ ਚੰਗਿਆਈ ਕਦੇ ਵੀ ਪੂਰਨ ਤੌਰ 'ਤੇ ਨਹੀਂ ਮਰਦੀ ਸਗੋਂ ਕੁਝ ਸਮੇਂ ਲਈ ਹੈਵਾਨੀਅਤ ਤੇ ਬੁਰਾਈ ਦੇ ਭਾਰ ਹੇਠ ਦੱਬ ਜ਼ਰੂਰ ਜਾਂਦੀ ਹੈ। ਇਸ ਲਈ ਮੈਂ ਜ਼ਰੂਰੀ ਸਮਝਦਾ ਹਾਂ ਕਿ ਪੰਜਾਬੀ ਲੇਖਕ ਸਮਾਜਿਕ ਬੁਰਾਈਆਂ ਤੇ ਸਮਾਜਿਕ ਰਿਸ਼ਤਿਆਂ ਵਿਚ ਆ ਰਹੇ ਨਿਘਾਰ 'ਤੇ ਉਂਗਲ ਰੱਖਣ ਦੇ ਨਾਲ ਨਾਲ ਮਨੁੱਖ ਅੰਦਰਲੀਆਂ ਚੰਗਿਆਈਆਂ ਦੀ ਅਭਿਵਿਅਕਤੀ ਵੀ ਬਰਾਬਰ ਦੀ ਸ਼ਿੱਦਤ ਨਾਲ ਕਰੇ। ਮੇਰਾ ਇਹ ਮੰਨਣਾ ਹੈ ਕਿ ਮਨੁੱਖਤਾ ਤੇ ਚੰਗਿਆਈ ਘੱਟ ਜਾਂ ਵੱਧ ਰੂਪ ਵਿਚ ਹਰ ਹਾਲ ਤੇ ਹਰ ਕਾਲ ਵਿਚ ਆਪਣੀ ਹੋਂਦ ਬਣਾਈ ਰੱਖਦੀ ਹੈ। ਇਸ ਲਈ ਇਹ ਵੀ ਪੰਜਾਬੀ ਲੇਖਕ ਦਾ ਫਰਜ਼ ਹੈ ਕਿ ਸਰਬਤ ਦਾ ਭਲਾ ਮੰਗਣ ਵਾਲੀ ਸੋਚ ਨੂੰ ਥਾਪੜਾ ਦੇ ਕੇ ਇਸ ਸੋਚ ਦੇ ਫੈਲਾਅ ਵਿਚ ਆਪਣਾ ਯੋਗਦਾਨ ਜ਼ਰੂਰ ਪਾਵੇ।

ਪਿਛਲੇ ਦਿਨੀਂ ਮੈਂ ਛਿੰਦਰ ਕੌਰ ਸਿਰਸਾ ਦੀ ਪੁਸਤਕ 'ਕਨੇਡਾ ਦੇ ਸੁਪਨਮਈ ਦਿਨ' ਪੜ੍ਹ ਰਿਹਾ ਸਾਂ। ਇਸ ਪੁਸਤਕ ਵਿਚ ਲੇਖਕਾ ਵੱਲੋਂ ਹੰਢਾਏ ਗਏ ਅਨੇਕਾਂ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦਾ ਵਿਸਥਾਰਤ ਵਰਣਨ ਹੈ। ਲੇਖਿਕਾ ਦਾ ਮਾਨਵੀ ਭਾਵਨਾਵਾਂ ਨਾਲ ਲਬਰੇਜ਼ ਸੁਭਾਅ ਜਿਥੇ ਪਹਿਲਾਂ ਦੇ ਪਰਿਵਾਰਕ ਰਿਸ਼ਤਿਆਂ ਵਿਚਲੇ ਨਿੱਘ ਨੂੰ ਬਰਕਰਾਰ ਰੱਖਦਾ ਹੈ ਉਥੇ ਉਹ ਪੂੰਜੀਵਾਦੀ ਚੇਤਨਾ ਦਾ ਸਿਖਰ ਸਮਝੇ ਜਾਣ ਵਾਲੇ ਦੇਸ਼ ਕੈਨੇਡਾ ਵਿਚ ਜਾ ਕੇ ਵੀ ਪਰਿਵਾਰਕ ਰਿਸ਼ਤਿਆਂ ਦਾ ਨਿੱਘ ਵੀ ਮਾਣਦੀ ਹੈ ਭਾਰਤ ਤੇ ਪਾਕਿਸਤਾਨ ਦੇ ਅਦੀਬਾਂ ਨਾਲ ਨਵੇਂ ਮਨੁੱਖੀ ਰਿਸ਼ਤੇ ਵੀ ਪੈਦਾ ਕਰਦੀ ਹੈ। ਛਿੰਦਰ ਕੌਰ ਵੱਲੋਂ ਹੰਢਾਏ ਤੇ ਨਵੇਂ ਬਣਾਏ ਜਾ ਰਹੇ ਕਿਸੇ ਵੀ ਰਿਸ਼ਤੇ ਵਿਚ ਨਿੱਘ ਹੀ ਨਿੱਘ ਤੇ ਮਿਠਾਸ ਹੀ ਮਿਠਾਸ ਵਿਖਾਈ ਦੇਂਦੀ ਹੈ। ਪੇਕੇ ਸਹੁਰੇ ਤੇ ਆਲੇ-ਦੁਆਲੇ ਦੇ ਸਮਾਜ ਦਾ ਹਰ ਰਿਸ਼ਤਾ ਉਸਨੂੰ ਰਾਹਤ ਤੇ ਮਾਨਸਿਕ ਸਕੂਨ ਦੇਣ ਵੱਲ ਹੀ ਸੇਧਤ ਵਿਖਾਈ ਦੇਂਦਾ ਹੈ। ਪੁਸਤਕ ਪੜ੍ਹਦਿਆਂ ਮੈਨੂੰ ਲੱਗਿਆ ਕਿ ਜਿਹੜੇ ਪੰਜਾਬੀ ਲੇਖਕ ਰਿਸ਼ਤਿਆਂ ਦੇ ਟੁੱਟਣ, ਤਿੜਕਣ ਤੇ ਸਵਾਰਥੀ ਹੋਣ ਦੇ ਦੋਸ਼ ਵਧੇਰੇ ਹੀ ਤਲਖ਼ ਸੁਰ ਵਿਚ ਲਾਉਂਦੇ ਹਨ ਕਿਤੇ ਨਾ ਕਿਤੇ ਉਨ੍ਹਾਂ ਦੀ ਆਪਣੀ ਸੋਚ ਵੀ ਤਿੜਕੀ ਹੁੰਦੀ ਹੈ। ਜੇ ਛਿੰਦਰ ਕੌਰ ਵਾਂਗ ਸਾਡੇ ਅੰਦਰ ਰਿਸ਼ਤੇ ਨਿਭਾਉਣ ਦਾ ਤੀਬਰ ਜਜ਼ਬਾ ਤੇ ਕੁਰਬਾਨੀ ਦਾ ਭਾਵ ਹੋਵੇ ਹੋਵੇ ਤਾਂ ਰਿਸ਼ਤਿਆਂ ਦੇ ਸਵਾਰਥੀ ਹੋਣ ਸੰਬੰਧੀ ਸਾਡੀਆਂ ਸ਼ਿਕਾਇਤਾਂ ਬਹੁਤ ਹੱਦ ਤੱਕ ਘੱਟ ਸਕਦੀਆਂ ਹਨ। ਅਸਲ ਵਿਚ ਜਦੋਂ ਅਸੀਂ ਸਮਾਜਿਕ ਰਿਸ਼ਤਿਆਂ ਦੇ ਟੁੱਟਣ ਤੇ ਤਿੜਕਣ ਦੀ ਸ਼ਿਕਾਇਤ ਕਰਦੇ ਹਾਂ ਤਾਂ ਸਾਰਾ ਦੋਸ਼ ਦੂਸਰਿਆਂ 'ਤੇ ਮੜ੍ਹ ਕੇ ਆਪ ਸਾਰੇ ਦੋਸ਼ਾਂ ਤੋਂ ਸੁਰਖਰੂ ਹੋ ਜਾਂਦੇ ਹਾਂ।

ਮੈਂ ਇਸ ਦਲੀਲ ਨਾਲ ਵੀ ਸਹਿਮਤ ਹਾਂ ਕਿ ਸਮਾਜ ਦੇ ਨਕਾਰਾਤਮਕ ਪਹਿਲੂਆਂ 'ਤੇ ਲਿਖੀਆਂ ਜਾ ਰਹੀਆਂ ਸਾਹਿਤਕ ਰਚਨਾਵਾਂ ਦਾ ਉਦੇਸ਼ ਗੈਰ-ਮਨੁੱਖੀ ਸਮਾਜਿਕ ਵਾਤਾਵਰਨ ਵਿਰੁੱਧ ਨਫਰਤ ਦੇ ਭਾਵ ਪੈਦਾ ਕਰ ਕੇ ਪਾਠਕਾਂ ਅੰਦਰ ਇਸਦੇ ਬਦਲਾਵ ਲਈ ਸੋਚ ਪੈਦਾ ਕਰਨਾ ਹੈ ਪਰ ਮੇਰੀ ਸਮਝ ਹੈ ਕਿ ਸਮਾਜਿਕ ਯਥਾਰਥ ਨੂੰ ਮਨੁੱਖੀ ਹਿੱਤਾਂ ਅਨੁਸਾਰ ਢਾਲਣ ਲਈ ਕਾਰਜਸ਼ੀਲ ਵਿਅਕਤੀਆਂ ਦੇ ਜੀਵਨ ਦੇ ਸਕਾਰਾਤਮਕ ਸਭਿਅਕ ਤੇ ਲੋਕ ਹਿਤੈਸ਼ੀ ਪੱਖ ਵੀ ਸਾਡੀਆਂ ਸਾਹਿਤਕ ਰਚਨਾਵਾਂ ਰਾਹੀਂ ਪਾਠਕਾਂ ਲਈ ਪ੍ਰੇਰਕ ਸ਼ਕਤੀ ਬਣ ਸਕਦੇ ਹਨ। ਜੇ ਸਮਾਜ ਵਿਚ ਬਹੁਤ ਕੁਝ ਮਾੜਾ ਵਾਪਰ ਰਿਹਾ ਹੈ ਤਾਂ ਉਸਦਾ ਬਦਲ ਪੇਸ਼ ਕਰਨ ਦਾ ਕਾਰਜ ਵੀ ਲੇਖਕ ਵਰਗ ਦੇ ਹੀ ਹਿੱਸੇ ਆਉਂਦਾ ਹੈ। ਮਨੁੱਖ ਅੰਦਰਲੀ ਮਾਨਵੀ ਸੰਵੇਦਨਾ ਨੂੰ ਉਭਾਰਨ ਵਾਲੀਆਂ ਸਾਹਿਤਕ ਰਚਨਾਵਾਂ ਨੂੰ ਭਾਵੇਂ ਕਈ ਵਾਰ ਸਾਡੇ ਆਲੋਚਕਾਂ ਵੱਲੋਂ ਆਦਰਸ਼ਵਾਦੀ ਵੀ ਐਲਾਨ ਦਿੱਤਾ ਜਾਂਦਾ ਹੈ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਕੋਈ ਆਦਰਸ਼ ਸਿਰਜੇ ਬਿਨਾਂ ਮਾਨਵਤਾ ਅੱਗੇ ਨਹੀਂ ਵਧ ਸਕਦੀ। ਸਮਾਜ ਵਿਚ ਵਾਪਰਦੇ ਸਕਾਰਾਤਮਕ ਵਰਤਾਰਿਆਂ ਤੇ ਕੁਝ ਨਿੱਘੇ ਮਿੱਠੇ ਰਿਸ਼ਤਿਆਂ ਦਾ ਜ਼ਿਕਰ ਕਰਨ ਵਾਲੀਆਂ ਸਾਹਿਤਕ ਰਚਨਾਵਾਂ ਪਾਠਕਾਂ ਦੀ ਸੰਵੇਦਨਸ਼ੀਲਤਾ 'ਤੇ ਅਸਰ ਅੰਦਾਜ਼ ਹੋ ਕੇ ਉਨ੍ਹਾਂ ਦੀ ਸੋਚਣ ਪ੍ਰਕਿਰਿਆ ਨੂੰ ਗਹਿਰ ਗੰਭੀਰ ਬਣਾਉਣ ਵਿਚ ਵਧੇਰੇ ਸਮਰੱਥ ਹਨ। ਜੇ ਸਾਡੇ ਸਮਾਜਿਕ ਰਿਸ਼ਤੇ ਕੁਝ ਹੱਦ ਤਕ ਵਿਅਕਤੀਵਾਦੀ ਹਨ ਤਾਂ ਇਸ ਦਾ ਅਰਥ ਇਹ ਨਹੀਂ ਹੈ ਕਿ ਇਨ੍ਹਾਂ ਵਿਚ ਮੋਹ-ਪਿਆਰ, ਅਪਣੱਤ, ਤੇ ਕੁਰਬਾਨੀ ਦੇ ਭਾਵ ਬਿਲਕੁਲ ਹੀ ਮਨਫ਼ੀ ਹੋ ਗਏ ਹਨ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤਕ ਕੇਵਲ ਰਿਸ਼ਤਿਆਂ ਦੇ ਟੁੱਟਣ ਤਿੜਕਣ ਤੇ ਨਿੱਘਰਣ ਦਾ ਪੱਖ ਹੀ ਪਹੁੰਚਾਉਣਾ ਨਾ ਤਾਂ ਨਿਆਂਪੂਰਨ ਹੈ ਤੇ ਨਾ ਹੀ ਤਰਕਸੰਗਤ। ਮਨੁੱਖ ਅੰਦਰਲੀ ਮਾਨਵੀ ਸੋਚ ਨਾ ਤਾਂ ਕਦੇ ਪੂਰਨ ਤੌਰ 'ਤੇ ਮਰੀ ਹੈ ਤੇ ਨਾ ਹੀ ਕਦੇ ਮਰੇਗੀ। ਕਈ ਵਾਰ ਤਾਂ ਲੱਗਦਾ ਹੈ ਕਿ ਆਪਣੇ ਮਨੁੱਖੀ ਖਾਸੇ ਨੂੰ ਤਿਆਗ ਕੇ ਆਪਣੇ ਵਿਅਕਤੀਗਤ ਹਿੱਤਾਂ ਲਈ ਜਿਉਣ ਵਾਲੇ ਵਿਅਕਤੀ ਹੀ ਆਪਣੇ ਵਿਅਕਤੀਗਤ ਤੇ ਸਵਾਰਥੀ ਕਾਰਵਾਈਆਂ ਦਾ ਪੱਖ ਪੂਰਨ ਲਈ ਮਾਨਵਤਾ ਦੇ ਮਰ ਜਾਣ ਦਾ ਪ੍ਰਚਾਰ ਵਧ ਚੜ੍ਹ ਕੇ ਕਰ ਰਹੇ ਹਨ।

# ਸੰਵਿਧਾਨ ਬਦਲਣ ਦੀ ਕਵਾਇਦ ਦੇ ਅਸਲੀ ਅਰਥ

ਹਰਚਰਨ ਸਿੰਘ ਚਹਿਲ

ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕਮੇਟੀ ਦੇ ਚੇਅਰਮੈਨ ਬਿਬੇਕ ਦੇਬਰੌਏ ਨੇ 14 ਅਗਸਤ 2023 ਨੂੰ ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪੇ ਆਪਣੇ ਲੇਖ ਰਾਹੀਂ ਸੰਵਿਧਾਨ ਨੂੰ ਮੁੱਢੋਂ-ਸੁੱਢੋਂ ਬਦਲਣ ਦੀ ਜ਼ੋਰਦਾਰ ਵਕਾਲਤ ਕਰ ਕੇ ਇਕ ਵਾਰ ਫਿਰ ਇਸ ਮੁੱਦੇ ਨੂੰ ਚਰਚਾ ਅਧੀਨ ਲੈ ਆਂਦਾ। ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਸਿਧਾਂਤ ਦਾ ਮਖੌਲ ਉਡਾਉਂਦਿਆਂ ਉਹ ਕਟਾਖਸ਼ੀ ਲਹਿਜ਼ੇ ਵਿਚ ਕੁਝ ਇਸ ਤਰ੍ਹਾਂ ਦੇ ਭਾਵ ਪ੍ਰਗਟਾਉਂਦਾ ਜਾਪਦਾ ਹੈ ਕਿ ਕੀ ਹੋਇਆ ਜੇਕਰ ਸੁਪਰੀਮ ਕੋਰਟ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਦੀ ਇਜਾਜ਼ਤ ਨਹੀਂ ਦਿੰਦੀ, ਸਰਕਾਰ ਸਮੁੱਚੇ ਸੰਵਿਧਾਨ ਨੂੰ ਤਾਂ ਬਦਲ ਹੀ ਸਕਦੀ ਹੈ! ਸੁਪਰੀਮ ਕੋਰਟ ਦੇ 13 ਮੈਂਬਰੀ ਬੈਂਚ ਨੇ 1973 ਵਿਚ 'ਕੇਸ਼ਵਾਨੰਦ ਭਾਰਤੀ ਕੇਸ' ਦੇ ਫ਼ੈਸਲੇ ਵਿਚ 'ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਸਿਧਾਂਤ' ਪੇਸ਼ ਕੀਤਾ ਸੀ। ਇਸ ਸਿਧਾਂਤ ਅਨੁਸਾਰ ਸੰਸਦ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਿਚ ਕੋਈ ਸੋਧ ਨਹੀਂ ਕਰ ਸਕਦੀ।

ਸੰਵਿਧਾਨਕ ਅਦਾਲਤਾਂ ਅਰਥਾਤ ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਜੱਜਾਂ ਦੀ ਨਿਯੁਕਤੀ ਕਰਨ ਵਾਲਾ ਕੌਲਿਜੀਅਮ ਸਿਸਟਮ ਵੀ ਇਸ ਸਿਧਾਂਤ ਦੀ ਦੇਣ ਹੈ। ਭਾਰਤੀ ਜਨਤਾ ਪਾਰਟੀ ਸੰਵਿਧਾਨ ਵਿਚ ਮਨਚਾਹੀਆਂ ਸੋਧਾਂ ਕਰਨ ਲਈ 'ਬੁਨਿਆਦੀ ਢਾਂਚਾ ਸਿਧਾਂਤ' ਨੂੰ ਆਪਣੇ ਰਾਹ ਦਾ ਸਭ ਤੋਂ ਵੱਡਾ ਰੋੜਾ ਸਮਝਦੀ ਹੈ।

ਆਪਣੇ ਇਸ ਲੇਖ ਵਿਚ ਯੂਨੀਵਰਸਿਟੀ ਆਫ ਸ਼ਿਕਾਗੋ ਦੇ ਲਾਅ ਸਕੂਲ ਦੇ 2006 ਦੇ ਇਕ ਅਧਿਐਨ ਦਾ ਹਵਾਲਾ ਦਿੰਦਾ ਹੋਇਆ ਬਿਬੇਕ ਦੇਬਰੌਏ ਲਿਖਦਾ ਹੈ ਕਿ ਵੈਸੇ ਵੀ ਦੁਨੀਆ ਦੇ ਵੱਖ ਵੱਖ ਦੇਸ਼ਾਂ ਦੇ 1789 ਤੋਂ ਬਾਅਦ ਬਣੇ ਲਿਖਤ ਸੰਵਿਧਾਨਾਂ ਦੀ ਔਸਤ ਉਮਰ 17 ਸਾਲ ਹੀ ਬਣਦੀ ਹੈ, ਸਾਡਾ ਸੰਵਿਧਾਨ ਤਾਂ ਸੁੱਖ ਨਾਲ 73 ਸਾਲਾਂ ਦਾ ਹੋ ਗਿਆ ਹੈ। ਉਸ ਨੇ ਇਸ ਅਧਿਐਨ ਦੇ ਸਿੱਟਿਆਂ ਨੂੰ ਵੀ ਆਪਣੇ ਮਨਇੱਛਤ ਮੰਤਵ ਅਨੁਸਾਰ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਉਸ ਨੇ ਅਮਰੀਕਾ ਤੇ ਫਰਾਂਸ ਦੇ ਲਿਖਤ ਅਤੇ ਯੂ.ਕੇ. ਦੇ ਅਣਲਿਖਤ ਸੰਵਿਧਾਨ ਦੀ ਗੱਲ ਨਹੀਂ ਕੀਤੀ ਜਿਹੜੇ ਬਹੁਤ ਲੰਮੇ ਸਮਿਆਂ ਤੋਂ ਲਾਗੂ ਹਨ।

ਬਿਬੇਕ ਦੇਬਰੌਏ ਦੀ ਦਲੀਲ ਹੈ ਕਿ ਭਾਰਤੀ ਸੰਵਿਧਾਨ 1934 ਦੇ ਗਵਰਨਮੈਂਟ ਆਫ ਇੰਡੀਆ ਐਕਟ ਉੱਪਰ ਆਧਾਰਿਤ ਹੋਣ ਕਾਰਨ ਬਸਤੀਵਾਦੀ ਗੁਲਾਮੀ ਦਾ ਪ੍ਰਤੀਕ ਹੈ ਅਤੇ ਸਾਡੀ ਵਿਰਾਸਤ ਦੇ ਅਨੁਸਾਰੀ ਨਹੀਂ। ਉਹ ਸੰਸਦ ਦੀ ਨਵੀਂ ਇਮਾਰਤ ਵਿਚ ਸਜਾਈ ਗਈ ਸੰਗੋਲ () ਨੂੰ ਭਾਰਤੀ ਵਿਰਾਸਤ ਦਾ ਪ੍ਰਤੀਕ ਕਹਿੰਦਾ ਹੈ ਜਦੋਂਕਿ ਇਹ ਸੰਗੋਲ ਸਾਡੀਆਂ ਮੌਜੂਦਾ ਲੋਕਤੰਤਰੀ ਕਦਰਾਂ ਦੀ ਬਜਾਇ ਰਾਜਾਸ਼ਾਹੀ ਦਾ ਚਿੰਨ੍ਹ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਅਸੀਂ ਦੇਸ਼ ਨੂੰ 'ਖੁੱਲ੍ਹੀ ਮੰਡੀ' ਦੇ ਸਿਧਾਂਤਾਂ ਦੇ ਅਨੁਸਾਰ ਹੀ ਚਲਾਉਣਾ ਹੈ ਤਾਂ 'ਸਟੇਟ ਪਾਲਿਸੀ ਦੇ ਉਨ੍ਹਾਂ ਨਿਰਦੇਸ਼ਕ ਸਿਧਾਂਤਾਂ' ਨੂੰ ਸੰਵਿਧਾਨ ਵਿਚ ਕਾਇਮ ਰੱਖਣ ਦੀ ਕੀ ਤੁਕ ਬਣਦੀ ਹੈ ਜਿਹੜੇ ਸਰਕਾਰ/ਸਟੇਟ ਨੂੰ ਸੇਧ ਦੇਣ ਦੀ ਗੱਲ ਕਰਦੇ ਹਨ।



ਕਿਸੇ ਚੁਸਤੀ/ਚਲਾਕੀ ਜਾਂ ਗੁੱਝੇ ਮੰਤਵ ਅਧੀਨ ਸਰਕਾਰ ਨੇ ਭਾਵੇਂ ਅਗਲੇ ਦਿਨ ਇਹ ਸਪੱਸ਼ਟੀਕਰਨ ਦੇ ਦਿੱਤਾ ਕਿ ਇਹ ਲੇਖ ਬਿਬੇਕ ਦੇਬਰੌਏ ਦੀ ਨਿੱਜੀ ਰਾਏ ਹੈ, ਆਰਥਿਕ ਸਲਾਹਕਾਰ ਕਮੇਟੀ ਦੀ ਨਹੀਂ ਪਰ ਜੇਕਰ ਅਸੀਂ ਸੰਵਿਧਾਨ ਪ੍ਰਤੀ ਆਰਐੱਸਐੱਸ ਤੇ ਭਾਜਪਾ ਦੇ ਪਿਛਲੇ ਰਵੱਈਏ ਉੱਪਰ ਝਾਤ ਮਾਰੀਏ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਲੇਖ ਭਾਜਪਾ ਦੀ ਸੰਵਿਧਾਨ ਪ੍ਰਤੀ ਸਮੁੱਚੀ ਸਮਝ ਦੀ ਨੁਮਾਇੰਦਗੀ ਕਰਦਾ ਹੈ।

ਭਾਜਪਾ ਅਤੇ ਇਸ ਦੀ ਵਿਚਾਰਧਾਰਕ ਸਰਪ੍ਰਸਤ ਸੰਸਥਾ ਆਰਐੱਸਐੱਸ ਭਾਰਤੀ ਸੰਵਿਧਾਨ ਨੂੰ ਬਦਲਣ ਦੀ ਗੱਲ ਅਕਸਰ ਕਰਦੀ ਰਹੀ ਹੈ। ਆਰਐੱਸਐੱਸ ਸੰਵਿਧਾਨ ਨੂੰ ਮਨੂ ਸਿਮਰਿਤੀ ਦੀਆਂ ਧਾਰਨਾਵਾਂ ਅਨੁਸਾਰ ਬਣਾਉਣ ਦੀ ਮੰਗ ਕਰਦੀ ਰਹੀ ਹੈ। ਇਸ ਸੰਸਥਾ ਦੇ ਬੁਲਾਰੇ 'ਆਰਗੇਨਾਈਜ਼ਰ' ਨੇ 30 ਨਵੰਬਰ 1949 ਦੀ ਆਪਣੀ ਸੰਪਾਦਕੀ ਵਿਚ ਲਿਖਿਆ ਸੀ: "ਪਰ ਸਾਡੇ ਸੰਵਿਧਾਨ ਵਿਚ ਪ੍ਰਾਚੀਨ ਭਾਰਤ ਦੀ ਵਿਲੱਖਣ ਸੰਵਿਧਾਨਕ ਘਟਨਾ ਦਾ ਕੋਈ ਜ਼ਿਕਰ ਨਹੀਂ। ਮਨੂ ਦੇ ਵਿਧਾਨ ਸਪਾਟਰਾ ਦੇ ਲਾਈਕੁਰਗੂਜ਼ ਜਾਂ ਪਰੱਸ਼ੀਆ ਦੇ ਸੋਲੋਨ ਤੋਂ ਬਹੁਤ ਪਹਿਲਾਂ ਲਿਖੇ ਗਏ ਸਨ। ਮਨੂ ਸਿਮਰਿਤੀ ਵਿਚ ਦਰਜ ਇਨ੍ਹਾਂ ਵਿਧਾਨਾਂ ਨੂੰ ਅੱਜ ਤੱਕ ਦੁਨੀਆ ਭਰ ਵਿਚ ਸਲਾਹਿਆ ਜਾਂਦਾ ਹੈ ਅਤੇ ਇਹ ਵਿਧਾਨ ਆਪ-ਮੁਹਾਰੀ ਤਾਬੇਦਾਰੀ ਤੇ ਤਾਮੀਲ ਹਾਸਲ ਕਰਦੇ ਹਨ ਪਰ ਸਾਡੇ ਸੰਵਿਧਾਨਕ ਮਾਹਿਰਾਂ ਲਈ ਇਸ ਸਭ ਦਾ ਕੋਈ ਮਹੱਤਵ ਨਹੀਂ।" (ਵੈਸੇ ਮੰਨਿਆ ਇਹ ਜਾਂਦਾ ਹੈ ਕਿ ਪਰੱਸ਼ੀਆ ਦਾ ਵਿਧਾਨ-ਘਾੜਾ ਸੋਲੋਨ ਛੇਵੀਂ ਸਦੀ ਈਸਾ ਪੂਰਵ ਅਤੇ ਸਪਾਟਰਾ ਦਾ ਕਾਨੂੰਨ-ਘਾੜਾ ਲਾਈਕੁਰਗੂਜ਼ ਸੱਤਵੀਂ ਸਦੀ ਈਸਾ ਪੂਰਵ ਵਿਚ ਹੋਇਆ ਸੀ ਜਦੋਂ ਕਿ ਮਨੂ ਸਿਮਰਿਤੀ ਦਾ ਰਚਨਾ ਕਾਲ ਦੂਸਰੀ ਸਦੀ ਈਸਾ ਪੂਰਵ ਤੋਂ ਦੂਸਰੀ ਸਦੀ ਈਸਵੀ ਦੇ ਦਰਮਿਆਨ ਦਾ ਮੰਨਿਆ ਜਾਂਦਾ ਹੈ।)

ਅਟਲ ਬਿਹਾਰੀ ਵਾਜਪਾਈ ਨੇ ਸੰਨ 2000 ਵਿਚ ਸੰਵਿਧਾਨ ਬਦਲਣ ਦੇ ਸਰਕਾਰੀ ਇਰਾਦੇ ਦੀ ਗੱਲ ਰਾਸ਼ਟਰਪਤੀ ਦੇ ਸੰਸਦੀ ਭਾਸ਼ਣ ਵਿਚ ਦਰਜ ਕਰਵਾਈ ਸੀ। ਸੰਵਿਧਾਨਕ ਮਜਬੂਰੀ ਕਾਰਨ ਤਤਕਾਲੀਨ ਰਾਸ਼ਟਰਪਤੀ ਕੇਆਰ ਨਰਾਇਣਨ ਨੂੰ ਭਾਸ਼ਣ ਦਾ ਇਹ ਟੁਕੜਾ ਸੰਸਦ ਵਿਚ ਤਾਂ ਭਾਵੇਂ ਪੜ੍ਹਨਾ ਪਿਆ ਪਰ ਕੁਝ ਦਿਨਾਂ ਬਾਅਦ, 26 ਜਨਵਰੀ 2000 ਨੂੰ ਗਣਤੰਤਰ ਦੀ ਗੋਲਡਨ ਜੁਬਲੀ ਮੌਕੇ ਦਿੱਤੇ ਆਪਣੇ ਭਾਸ਼ਣ ਵਿਚ ਰਾਸ਼ਟਰਪਤੀ ਨੇ ਸਰਕਾਰ ਦੀ ਇਸ ਸਮਝ ਪ੍ਰਤੀ ਆਪਣੀ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ। ਸੰਨ 2000 ਵਿਚ ਵਾਜਪਾਈ ਸਰਕਾਰ ਨੇ ਸਾਬਕਾ ਚੀਫ ਜਸਟਿਸ ਵੈਂਕਟਾਚੱਲੀਆ ਦੀ ਅਗਵਾਈ ਹੇਠ ਸੰਵਿਧਾਨ ਸਮੀਖਿਆ ਕਮਿਸ਼ਨ ਬਣਾਇਆ ਸੀ। ਇਸ ਕਮਿਸ਼ਨ ਨੇ 2002 ਵਿਚ ਲੰਮੀ ਚੌੜੀ ਰਿਪੋਰਟ ਦਿੱਤੀ ਪਰ ਭਾਰੀ ਵਿਰੋਧ ਕਾਰਨ ਇਸ ਰਿਪੋਰਟ ਨੂੰ ਠੰਢੇ ਬਸਤੇ ਪਾ ਦਿੱਤਾ ਗਿਆ।

2007 ਵਿਚ ਆਰਐੱਸਐੱਸ ਦੇ ਤਤਕਾਲੀਨ ਸਰਸੰਘਚਾਲਕ ਕੇ ਸੁਦਰਸ਼ਨ ਨੇ ਆਪਣੇ ਇਕ ਬਿਆਨ ਵਿਚ ਕਿਹਾ ਕਿ ਵਿਦੇਸ਼ੀ ਕਦਰਾਂ-ਕੀਮਤਾਂ ਉੱਪਰ ਆਧਾਰਿਤ ਹੋਣ ਕਾਰਨ ਭਾਰਤੀ ਸੰਵਿਧਾਨ ਨੂੰ ਪਵਿੱਤਰ ਭਾਰਤੀ ਕਿਤਾਬਾਂ ਰਾਹੀਂ ਬਦਲ ਦਿੱਤਾ ਜਾਣਾ ਚਾਹੀਦਾ ਹੈ। ਉਸ ਦਾ ਸਪੱਸ਼ਟ ਇਸ਼ਾਰਾ ਮਨੂ ਸਿਮਰਿਤੀ ਵੱਲ ਸੀ। ਉਸ ਨੇ ਦਾਅਵਾ ਕੀਤਾ ਕਿ "ਜਿਸ ਸੰਵਿਧਾਨ ਨੂੰ ਅਸੀਂ ਪਹਿਲਾਂ ਹੀ 100 ਵਾਰ ਸੋਧ ਚੁੱਕੇ ਹਾਂ, ਸਾਨੂੰ ਉਸ ਨੂੰ ਪੂਰੀ ਤਰ੍ਹਾਂ ਬਦਲ ਦੇਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਸ ਗੱਲ ਨਾਲ ਕੋਈ ਪਵਿੱਤਰਤਾ ਨਹੀਂ ਜੁੜੀ ਹੋਈ। ਦਰਅਸਲ ਸਾਡੇ ਮੁਲਕ ਦੀਆਂ ਬਹੁਤ ਸਾਰੀਆਂ ਅਲਾਮਤਾਂ ਦੀ ਜੜ੍ਹ ਇਹ ਸੰਵਿਧਾਨ ਹੀ ਹੈ।" ਦਸੰਬਰ 2017 ਵਿਚ ਤਤਕਾਲੀਨ ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ ਭਾਜਪਾ ਦੀ ਸੰਵਿਧਾਨ ਬਦਲਣ ਦੀ ਮਨਸ਼ਾ ਬਾਰੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਭਾਰਤੀ ਲੋਕਾਂ ਨੂੰ ਆਪਣੇ ਆਪ ਨੂੰ ਧਰਮ ਨਿਰਪੱਖ (ਸੈਕੂਲਰ) ਨਹੀਂ ਕਹਿਣਾ ਚਾਹੀਦਾ ਸਗੋਂ ਆਪਣੀ ਸ਼ਨਾਖਤ ਕਿਸੇ ਧਰਮ ਦੇ ਪੈਰੋਕਾਰ ਹੋਣ ਵਜੋਂ ਕਰਾਉਣੀ ਚਾਹੀਦੀ ਹੈ। ਆਰਐੱਸਐੱਸ ਮੁਖੀ ਮੋਹਨ ਭਾਗਵਤ ਤਾਂ ਹਰ ਆਏ ਦਿਨ ਕਹਿੰਦੇ ਹਨ, "ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ।" ਇਹ ਸੰਵਿਧਾਨ ਦੀ ਧਰਮ ਨਿਰਪੱਖਤਾ ਦੀ ਭਾਵਨਾ ਦੇ ਵਿਰੁੱਧ ਹੈ।

ਬਿਬੇਕ ਦੇਬਰੌਏ ਦੀ ਅਸਲੀ ਮਨਸ਼ਾ ਦੀ ਬਿੱਲੀ ਪੂਰੀ ਤਰ੍ਹਾਂ ਥੈਲਿਉਂ ਬਾਹਰ ਉਸ ਵਕਤ ਨਿਕਲਦੀ ਹੈ ਜਦੋਂ ਉਹ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਸਮਾਜਵਾਦ, ਧਰਮ ਨਿਰਪੱਖਤਾ, ਆਜ਼ਾਦੀ, ਬਰਾਬਰੀ ਆਦਿ ਦੀਆਂ ਧਾਰਨਾਵਾਂ ਨੂੰ ਆਪਣੇ ਨਿਸ਼ਾਨੇ 'ਤੇ ਲੈਂਦਾ ਹੈ। ਇਨ੍ਹਾਂ ਸੰਵਿਧਾਨਕ ਤੇ ਲੋਕਤੰਤਰੀ ਕਦਰਾਂ ਵਿਰੁੱਧ ਕੱਟੜਪੰਥੀ ਤਾਕਤਾਂ ਵੀ ਅਕਸਰ ਆਪਣੀ ਭੜਾਸ ਕੱਢਦੀਆਂ ਰਹਿੰਦੀਆਂ ਹਨ। ਸੈਕੂਲਰ (ਧਰਮ ਨਿਰਪੱਖ) ਸ਼ਬਦ ਨੂੰ ਸਿਕੂਲਰ (ਬਿਮਾਰ ਮਾਨਸਿਕਤਾ) ਆਦਿ ਜਿਹੇ ਲਕਬਾਂ ਨਾਲ ਭੰਡਦੇ ਰਹਿੰਦੇ ਹਨ। ਵੱਖ ਵੱਖ ਧਰਮਾਂ, ਜਾਤਾਂ ਤੇ ਲਿੰਗਾਂ ਦੇ ਲੋਕਾਂ ਦਰਮਿਆਨ ਬਰਾਬਰੀ ਦਾ ਸੰਕਲਪ ਉਨ੍ਹਾਂ ਨੂੰ ਪਸੰਦ ਨਹੀਂ। ਸਾਰ-ਤੱਤ ਇਹ ਕਿ ਉਸ ਅਨੁਸਾਰ ਸੰਵਿਧਾਨ ਨੂੰ ਮੁਕੰਮਲ ਤੌਰ 'ਤੇ ਬਦਲ ਦੇਣਾ ਹੀ ਇਨ੍ਹਾਂ 'ਸਭ ਅਲਾਮਤਾਂ' ਦਾ ਇਕੋ-ਇਕ ਹੱਲ ਹੈ।

ਸੋਸ਼ਲ, ਡਿਜੀਟਲ ਤੇ ਮੁੱਖ ਧਾਰਾਈ ਮੀਡੀਆ ਵਿਚ ਬਿਬੇਕ ਦੇਬਰੌਏ ਦੇ ਲੇਖ ਬਾਰੇ ਬਹੁਤ ਪ੍ਰਤੀਕਰਮ ਹੋਇਆ। ਇਕ ਵਿਚਾਰ ਇਹ ਵੀ ਉੱਭਰ ਕੇ ਸਾਹਮਣੇ ਆਇਆ ਕਿ ਜਦੋਂ ਇਸ ਸੰਵਿਧਾਨ ਦੇ ਹੁੰਦਿਆਂ ਵੀ ਭਾਜਪਾ ਆਪਣੇ ਏਜੰਡੇ ਨੂੰ ਪੂਰੇ ਜ਼ੋਰ ਨਾਲ ਅਤੇ ਬਗੈਰ ਕਿਸੇ ਰੋਕ-ਟੋਕ ਦੇ ਅੱਗੇ ਵਧਾ ਰਹੀ ਹੈ ਕਿ ਆਖ਼ਰਕਾਰ ਉਸ ਨੂੰ ਇਹ ਸੰਵਿਧਾਨ ਬਦਲਣ ਦੀ ਕੀ ਲੋੜ ਹੈ। ਇਕ ਹੋਰ ਤਰ੍ਹਾਂ ਦਾ ਪ੍ਰਤੀਕਰਮ ਵੀ ਸਾਹਮਣੇ ਆ ਰਿਹਾ ਹੈ। ਇਸ ਵਿਚਾਰ ਅਨੁਸਾਰ ਮੌਜੂਦਾ ਭਾਰਤੀ ਸੰਵਿਧਾਨ ਕਦੇ ਵੀ ਆਮ ਲੋਕਾਂ ਦੇ ਹਿੱਤਾਂ ਤੇ ਭਾਵਨਾਵਾਂ ਦੇ ਅਨੁਸਾਰੀ ਨਹੀਂ ਸੀ। ਆਮ ਲੋਕਾਈ ਨੂੰ ਜਿਹੜੇ ਅਧਿਕਾਰ ਦੇਣ ਦੀ ਗੱਲ ਦਰਜ ਕੀਤੀ ਗਈ, ਉਹ ਅਧਿਕਾਰ ਕਿਸੇ ਹੋਰ ਚੋਰ-ਮੋਰੀ ਜਾਂ ਸੋਧ ਰਾਹੀਂ ਗੈਰ-ਪ੍ਰਭਾਵੀ ਬਣਾ ਦਿੱਤੇ ਗਏ। ਇਸੇ ਸੰਵਿਧਾਨ ਦੇ ਜਾਰੀ ਰਹਿੰਦਿਆਂ ਲੋਕਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਦਾ ਘਾਣ ਹੋ ਰਿਹਾ ਹੈ। ਆਰਥਿਕ ਪਾੜਾ ਦਿਨ-ਬਦਿਨ ਵਧ ਰਿਹਾ ਹੈ। ਗ਼ਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਰੱਖਿਆ ਹੈ। ਇਸ ਦਲੀਲ ਅਨੁਸਾਰ ਜੇਕਰ ਅਜਿਹਾ ਸੰਵਿਧਾਨ ਬਦਲ ਵੀ ਜਾਵੇ ਤਾਂ ਕੀ ਫ਼ਰਕ ਪੈਂਦਾ ਹੈ।

ਅਜਿਹੀ ਦਲੀਲ ਦੇਣ ਵਾਲੇ ਇਹ ਗੱਲ ਭੁੱਲ ਜਾਂਦੇ ਹਨ ਕਿ ਸੰਵਿਧਾਨ ਬਦਲਣ ਦੀਆਂ ਗੱਲਾਂ ਲੋਕਾਂ ਦੀਆਂ ਉਪਰੋਕਤ ਸਮੱਸਿਆਵਾਂ ਦੇ ਹੱਲ ਦੀ ਮਨਸ਼ਾ ਨਾਲ ਨਹੀਂ ਹੋ ਰਹੀਆਂ। ਦਰਅਸਲ ਧਰਮ ਨਿਰਪੱਖਤਾ, ਬਰਾਬਰੀ, ਭਾਈਚਾਰਾ, ਸਮਾਜਵਾਦ ਆਦਿ ਜਿਹੀਆਂ ਧਾਰਨਾਵਾਂ ਦਾ ਸੰਵਿਧਾਨ ਵਿਚ ਦਰਜ ਹੋਣਾ ਵੀ ਕੱਟੜਪੰਥੀ ਤਾਕਤਾਂ ਤੋਂ ਜਰਿਆ ਨਹੀਂ ਜਾਂਦਾ। ਜਮਹੂਰੀ, ਚੇਤਨ, ਅਗਾਂਹਵਧੂ ਤੇ ਉਦਾਰ ਤਬਕਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸੰਵਿਧਾਨ ਬਦਲਣ ਦੀ ਤਜਵੀਜ਼ ਦਾ ਵਿਰੋਧ ਕਰਨ, ਸੰਵਿਧਾਨ ਵਿਚ ਦਰਜ ਜਮਹੂਰੀ ਤੇ ਲੋਕਤੰਤਰੀ ਕਦਰਾਂ ਨੂੰ ਸਹੀ ਮਾਇਨਿਆਂ ਵਿਚ ਲਾਗੂ ਕਰਵਾਉਣ ਅਤੇ ਆਪਣੇ ਅਧਿਕਾਰਾਂ ਦਾ ਘੇਰਾ ਹੋਰ ਵਸੀਹ ਕਰਵਾਉਣ ਲਈ ਵਿਸ਼ਾਲ ਜਥੇਬੰਦਕ ਏਕਤਾ 'ਤੇ ਟੇਕ ਰੱਖਣ।

---

# ਤਕੜੀਆਂ ਪੰਚਾਇਤਾਂ ਦਾ ਮਤਲਬ

ਰਾਜਨ ਕਸ਼ਿਅਪ

ਪੰਜਾਬ ਸਰਕਾਰ ਨੇ ਪਿੱਛੇ ਜਿਹੇ ਗ੍ਰਾਮ ਪੰਚਾਇਤਾਂ (13 ਹਜ਼ਾਰ ਦੇ ਕਰੀਬ) ਭੰਗ ਕਰ ਕੇ ਅਗਲੇ ਕੁਝ ਮਹੀਨਿਆਂ ਵਿਚ ਨਵੀਆਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਸੀ। ਜਦੋਂ ਇਸ ਫ਼ੈਸਲੇ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਤਾਂ ਸਰਕਾਰ ਨੇ ਇਹ ਵਿਵਾਦਗ੍ਰਸਤ ਹੁਕਮ ਵਾਪਸ ਲੈ ਲਿਆ। ਨਾਲ ਹੀ ਸਰਕਾਰ ਨੇ ਪੰਚਾਇਤਾਂ ਅਤੇ ਦਿਹਾਤੀ ਵਿਕਾਸ ਵਿਭਾਗ ਦੇ ਦੋ ਸੀਨੀਅਰ ਅਫਸਰਾਂ ਨੂੰ ਇਸ ਬਿਨਾਅ 'ਤੇ ਮੁਅੱਤਲ ਕਰ ਦਿੱਤਾ ਕਿ ਉਹ ਇਹ ਮਾਮਲਾ ਸਬੰਧਿਤ ਮੰਤਰੀ ਅਤੇ ਫਿਰ ਮੁੱਖ ਮੰਤਰੀ ਸਾਹਮਣੇ ਲਿਆਉਣ ਤੋਂ ਪਹਿਲਾਂ ਕੁਝ ਕਾਨੂੰਨੀ ਪੱਖਾਂ ਨੂੰ ਮੁਖ਼ਾਤਬ ਹੋਣ ਵਿਚ ਨਾਕਾਮ ਰਹੇ ਸਨ। ਵਿਰੋਧੀ ਧਿਰ ਅਤੇ ਹੋਰਨਾਂ ਨੇ ਸਰਕਾਰ ਦੀ ਖਿਚਾਈ ਕਰਦਿਆਂ ਦੋਸ਼ ਲਾਇਆ ਕਿ ਅਫਸਰਾਂ ਨੂੰ ਸੂਬਾ ਸਰਕਾਰ ਦੇ ਨੁਕਸਦਾਰ ਫ਼ੈਸਲਿਆਂ ਕਰ ਕੇ ਬਲੀ ਦਾ ਬੱਕਰਾ ਬਣਾਇਆ ਗਿਆ ਹੈ।

ਅਦਾਲਤ ਇਸ ਹੁਕਮ ਦੀ ਕਾਨੂੰਨੀ ਵਾਜਬੀਅਤ ਬਾਰੇ ਆਪਣਾ ਫ਼ਤਵਾ ਸੁਣਾਏਗੀ। ਜਿੱਥੋਂ ਤੱਕ ਸਬੰਧਿਤ ਅਫਸਰਾਂ ਦੀ ਜ਼ਿੰਮੇਵਾਰੀ ਦਾ ਸਵਾਲ ਹੈ ਤਾਂ ਇਸ ਝਮੇਲੇ ਨਾਲ ਸਰਕਾਰੀ ਕੰਮਕਾਜ ਦੇ ਨੇਮਾਂ ਮੁਤਾਬਕ ਨਜਿੱਠ ਲਿਆ ਜਾਵੇਗਾ। ਤਾਕਤਾਂ ਦੀ ਵੰਡ ਬਾਰੇ ਕੁਝ ਸਥਾਈ ਹੁਕਮ ਹਨ ਜਿਨ੍ਹਾਂ ਤਹਿਤ ਇਹ ਅਖ਼ਤਿਆਰ ਦਿੱਤਾ ਜਾਂਦਾ ਹੈ ਕਿ ਕੀ ਮੰਤਰੀ ਮੰਡਲ, ਮੁੱਖ ਮੰਤਰੀ, ਮੰਤਰੀ, ਪ੍ਰਸ਼ਾਸਨਿਕ ਸਕੱਤਰ ਜਾਂ ਸਬੰਧਿਤ ਵਿਭਾਗ ਦੇ ਮੁਖੀ ਵਿਭਾਗ ਦੇ ਮਾਮਲਿਆਂ ਸਬੰਧੀ ਵੱਖ ਵੱਖ ਫ਼ੈਸਲੇ ਕਰਨ ਦੇ ਯੋਗ ਹਨ। ਫਾਈਲ 'ਤੇ ਦਿੱਤੇ ਜਾਣ ਵਾਲੇ ਨੋਟ ਸਣੇ ਸਰਕਾਰ ਦਾ ਸਮੁੱਚਾ ਰਿਕਾਰਡ ਜਾਣਕਾਰੀ ਦੇ ਅਧਿਕਾਰ ਕਾਨੂੰਨ-2005 ਤਹਿਤ ਜਨਤਕ ਪੁਣ-ਛਾਣ ਅਧੀਨ ਆਉਂਦਾ ਹੈ ਜਿਸ ਕਰ ਕੇ ਕਾਨੂੰਨੀ ਅਤੇ ਪ੍ਰਸ਼ਾਸਨਿਕ ਮੁੱਦਿਆਂ ਨੂੰ ਢੁਕਵੀਂ ਨਿਰਖ ਪਰਖ ਅਤੇ ਸੁਣਵਾਈ ਕੀਤੇ ਬਗ਼ੈਰ ਨਹੀਂ ਸੁਲਝਾਇਆ ਜਾ ਸਕਦਾ।

ਮਾਹਿਰਾਂ ਅਤੇ ਆਮ ਨਾਗਰਿਕਾਂ ਨੂੰ ਜਿਸ ਗੱਲ ਵੱਲ ਹੋਰ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ, ਉਹ ਇਹ ਹੈ ਕਿ ਪੰਚਾਇਤੀ ਸੰਸਥਾਵਾਂ ਦੇ ਕੰਮਕਾਜ ਵਿਚ ਕਈ ਨੁਕਸਦਾਰ ਵਿਵਸਥਾਵਾਂ ਮੌਜੂਦ ਹਨ। ਸਾਡਾ ਲੋਕਤੰਤਰ ਤਿੰਨ ਪੱਧਰਾਂ 'ਤੇ ਚੁਣੀਆਂ ਹੋਈ ਸੰਸਥਾਵਾਂ ਦੇ ਕਾਰਗਰ ਸ਼ਾਸਨ 'ਤੇ ਟਿਕਿਆ ਹੋਇਆ ਹੈ; ਭਾਵ, ਕੇਂਦਰ ਵਿਚ ਪਾਰਲੀਮੈਂਟ, ਸੂਬਿਆਂ ਵਿਚ ਵਿਧਾਨ ਸਭਾਵਾਂ ਅਤੇ ਪਿੰਡਾਂ ਤੇ ਸ਼ਹਿਰਾਂ ਵਿਚ ਪੰਚਾਇਤਾਂ ਅਤੇ ਨਗਰ ਨਿਗਮ/ਕੌਂਸਲਾਂ। ਪਿੰਡਾਂ ਦੇ ਵਸਨੀਕਾਂ ਲਈ ਤੀਜੇ ਪੱਧਰ ਦੀ ਇਹ ਸੰਸਥਾ ਸਭ ਤੋਂ ਵੱਧ ਅਹਿਮੀਅਤ ਰੱਖਦੀ ਹੈ। ਭਾਰਤ ਵਿਚ ਸਦੀਆਂ ਤੋਂ ਗ੍ਰਾਮ ਪੰਚਾਇਤ ਸਵੈ-ਸ਼ਾਸਨ ਦਾ ਮਾਡਲ ਬਣੀ ਹੋਈ ਹੈ। ਮਹਾਤਮਾ ਗਾਂਧੀ ਲਈ ਇਹ ਆਦਰਸ਼ ਰਿਹਾ ਹੈ ਕਿ ਹਰ ਪਿੰਡ ਨੂੰ ਵਿਕੇਂਦਰਤ ਗਣਰਾਜ ਦੇ ਰੂਪ ਵਿਚ ਕੰਮ ਕਰਨਾ ਚਾਹੀਦਾ ਹੈ। 1992 ਵਿਚ ਕੀਤੀ ਸੰਵਿਧਾਨ ਦੀ 73ਵੀਂ ਸੋਧ ਤਹਿਤ ਪੰਚਾਇਤੀ ਸੰਸਥਾਵਾਂ ਦੇ ਹੱਥਾਂ ਵਿਚ ਤਾਕਤ ਦਿੱਤੀ ਗਈ ਸੀ; ਉਸ ਵੇਲੇ 496 ਜ਼ਿਲਾ ਪਰਿਸ਼ਦਾਂ (ਜ਼ਿਲਾ ਪੱਧਰ 'ਤੇ), 5905 ਬਲਾਕ ਸਮਿਤੀਆਂ, 230762 ਗ੍ਰਾਮ ਪੰਚਾਇਤਾਂ ਸਨ। ਇਸ ਪ੍ਰਕਿਰਿਆ ਨੂੰ ਕਾਰਗਰ ਬਣਾਉਣ ਲਈ ਰਾਜਾਂ ਨੂੰ ਢੁਕਵੇਂ ਸੂਬਾਈ ਕਾਨੂੰਨ ਪਾਸ ਕਰ ਕੇ ਇਨ੍ਹਾਂ ਨੂੰ ਲਾਗੂ ਕਰਨਾ ਚਾਹੀਦਾ ਸੀ।

ਬਹੁਤੇ ਰਾਜਾਂ ਨੇ ਪੰਚਾਇਤਾਂ ਨੂੰ ਪ੍ਰਸ਼ਾਸਨਿਕ ਅਤੇ ਵਿੱਤੀ ਤਾਕਤਾਂ ਦੇਣ ਵਿਚ ਕੋਈ ਰੁਚੀ ਨਹੀਂ ਦਿਖਾਈ। ਪੰਜਾਬ ਵਰਗੇ ਕਈ ਸੂਬਿਆਂ ਵਿਚ ਗ੍ਰਾਮ ਪੰਚਾਇਤਾਂ ਅਜੇ ਵੀ ਸੂਬਾਈ ਸਿਆਸੀ ਆਗੂਆਂ ਦੇ ਰਹਿਮੋ-ਕਰਮ 'ਤੇ ਚਲਦੀਆਂ ਹਨ ਜਿਨ੍ਹਾਂ ਨੂੰ ਉਹ ਆਪਣਾ ਵੋਟ ਬੈਂਕ ਦੀ ਨਜ਼ਰ ਨਾਲ ਦੇਖਦੇ ਹਨ। ਪਿੰਡ ਗਲੀਆਂ ਨਾਲੀਆਂ ਬਣਾਉਣ ਸਮੇਤ ਹਰ ਛੋਟੇ ਵੱਡੇ ਕੰਮ ਲਈ ਫੰਡਾਂ ਦੀ ਵੰਡ 'ਤੇ ਸੂਬਾ ਸਰਕਾਰ ਦਾ ਕੰਟਰੋਲ ਹੁੰਦਾ ਹੈ। ਇਸ ਤਰ੍ਹਾਂ ਪੰਚਾਇਤਾਂ ਸਵੈ-ਸ਼ਾਸਨ ਦੀ ਥਾਂ ਆਪਣੇ ਵਿਭਾਗ ਦੇ ਮੰਤਰੀਆਂ ਦਾ ਹਰ ਹੁਕਮ ਮੰਨਣ ਵਾਲੇ ਸਰਕਾਰੀ ਅਫਸਰਾਂ ਦੇ ਚੱਕਰ ਕੱਟਦੀਆਂ ਰਹਿੰਦੀਆਂ ਹਨ।

ਹਾਲਾਤ ਦੀ ਸਿਤਮਜ਼ਰੀਫ਼ੀ ਇਹ ਹੈ ਕਿ ਸੂਬੇ ਅਕਸਰ ਕੇਂਦਰ ਸਰਕਾਰ ਤੋਂ ਵਧੇਰੇ ਵਿੱਤੀ ਅਤੇ ਪ੍ਰਸ਼ਾਸਕੀ ਤਾਕਤਾਂ ਮੰਗਦੇ ਰਹਿੰਦੇ ਹਨ ਪਰ ਉਹ ਪੰਚਾਇਤਾਂ ਜਾਂ ਹੋਰਨਾਂ ਮੁਕਾਮੀ ਸੰਸਥਾਵਾਂ ਨੂੰ ਤਾਕਤਾਂ ਦੇਣ ਤੋਂ ਟਾਲਾ ਵੱਟ ਲੈਂਦੇ ਹਨ। ਜਿਨ੍ਹਾਂ ਸੂਬਿਆਂ ਅੰਦਰ ਕੇਂਦਰ ਦੀ ਸੱਤਾਧਾਰੀ ਪਾਰਟੀ ਦੀ ਵਿਰੋਧੀ ਪਾਰਟੀ ਦੀ ਸੱਤਾ ਹੁੰਦੀ ਹੈ, ਉਨ੍ਹਾਂ ਨੂੰ ਰਾਜਪਾਲਾਂ ਦੇ ਧੱਕੜ ਦਖ਼ਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਤੋਂ ਇਲਾਵਾ ਸੂਬਾਈ ਸਰਕਾਰਾਂ ਆਪ ਵੀ ਅਕਸਰ ਪੰਚਾਇਤਾਂ ਦੀ ਹੈਸੀਅਤ ਨੂੰ ਘਟਾਉਂਦੀਆਂ ਰਹਿੰਦੀਆਂ ਹਨ। ਜਦੋਂ ਕਿਸੇ ਵੀ ਗ੍ਰਾਮ ਪੰਚਾਇਤ ਨੂੰ ਭੰਗ ਕੀਤਾ ਜਾਂਦਾ ਹੈ ਤਾਂ ਇਹ ਉਵੇਂ ਹੀ ਹੁੰਦਾ ਹੈ ਜਿਵੇਂ ਕੇਂਦਰ ਸਰਕਾਰ ਵਲੋਂ ਕਿਸੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਂਦਾ ਹੈ। ਚੁਣੀਆਂ ਹੋਈਆਂ ਸੰਸਥਾਵਾਂ ਬਾਬਤ ਕੋਈ ਵੀ ਫ਼ੈਸਲਾ ਕਰਨ ਲੱਗਿਆਂ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ।

ਅਮਰੀਕਾ ਅਤੇ ਪੱਛਮੀ ਯੂਰਪ ਦੇ ਪ੍ਰੌਢ ਜਮਹੂਰੀ ਦੇਸ਼ ਆਪਣੀ ਸ਼ਕਤੀ ਜ਼ਮੀਨੀ ਪੱਧਰ 'ਤੇ ਸਥਿਤ ਸੰਸਥਾਵਾਂ ਤੋਂ ਲੈਂਦੇ ਹਨ ਜਿਨ੍ਹਾਂ ਨੂੰ ਕਾਊਂਟੀ, ਕੌਂਸਲ ਜਾਂ ਬੌਰੋ ਆਖਿਆ ਜਾਂਦਾ ਹੈ। ਇਨ੍ਹਾਂ ਚੁਣੀਆਂ ਹੋਈਆਂ ਸੰਸਥਾਵਾਂ ਕੋਲ ਟੈਕਸ ਲਾਉਣ, ਵਿਕਾਸ ਕਾਰਜ ਅਤੇ ਨੇਮਬੰਦੀ ਕਰਨ, ਪੁਲੀਸ ਪ੍ਰਸ਼ਾਸਨ ਅਤੇ ਮੁਕਾਮੀ ਕਾਨੂੰਨਾਂ ਵਿਚ ਸਾਲਸੀ ਜਿਹੇ ਬਹੁਤ ਸਾਰੇ ਅਖਤਿਆਰ ਹੁੰਦੇ ਹਨ। ਭਾਰਤ ਵਿਚ ਇੱਦਾਂ ਦਾ ਕੁਝ ਵੀ ਨਹੀਂ ਹੈ ਹਾਲਾਂਕਿ ਪੰਚਾਇਤੀ ਰਾਜ ਦਾ ਬਹੁਤ ਗੁਣਗਾਨ ਕੀਤਾ ਜਾਂਦਾ ਹੈ।

ਦੂਜੇ ਦੇਸ਼ਾਂ ਅਤੇ ਭਾਰਤ ਵਿਚ ਜ਼ਮੀਨੀ ਪੱਧਰ 'ਤੇ ਮੁਕਾਮੀ ਸੰਸਥਾਵਾਂ ਦੇ ਕੰਮ ਕਾਜ ਦੀਆਂ ਕੁਝ ਸ਼ਾਨਦਾਰ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਅਮਰੀਕਾ ਵਿਚ 11 ਸਤੰਬਰ 2001 ਦੀਆਂ ਤ੍ਰਾਸਦਿਕ ਘਟਨਾਵਾਂ ਤੋਂ ਬਾਅਦ ਦੁਨੀਆ ਨੇ ਦੇਖਿਆ ਸੀ ਕਿ ਨਿਊ ਯਾਰਕ ਦੇ ਮੇਅਰ ਰੂਡੀ ਜੂਲਿਆਨੀ ਨੇ ਜਿਵੇਂ ਹੰਗਾਮੀ ਰਾਹਤ ਕਾਰਜਾਂ ਦਾ ਜ਼ਿੰਮਾ ਚੁੱਕਿਆ ਸੀ ਕਿ ਉਨ੍ਹਾਂ ਉਸ ਵੇਲੇ ਦੇ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਨੂੰ ਵੀ ਮਾਤ ਪਾ ਦਿੱਤੀ ਸੀ। ਇਸ ਤੋਂ ਉਲਟ ਦੋ ਕੁ ਹਫ਼ਤੇ ਪਹਿਲਾਂ ਮੀਡੀਆ ਨੇ ਰਿਪੋਰਟ ਕੀਤਾ ਸੀ ਕਿ ਭਾਰਤ ਵਿਚ 1500 ਦੀ ਆਬਾਦੀ ਵਾਲੇ ਪੂਰਬੀ ਉੱਤਰ ਪ੍ਰਦੇਸ਼ ਦੇ ਪਿੰਡ ਲਹੂਰੀਆ ਦਾਹ ਦੇ ਲੋਕਾਂ ਨੂੰ ਟੂਟੀ ਦੇ ਪਾਣੀ ਦੀ ਵਰਤੋਂ ਕਰਨ ਦਾ 'ਜੇਰਾ' ਦਿਖਾਉਣ ਬਦਲੇ ਇਕ ਮੁਕਾਮੀ ਸਿਆਸਤਦਾਨ ਨੇ 'ਸਜ਼ਾ' ਦਿੱਤੀ। ਸਦੀਆਂ ਬਾਅਦ ਵੀ ਇਸ ਪਿੰਡ ਨੂੰ ਇਹ ਮੂਲ ਸਹੂਲਤ ਨਹੀਂ ਮਿਲ ਸਕੀ ਸੀ। ਗ੍ਰਾਮ ਪੰਚਾਇਤ ਨੇ ਜ਼ਿਲਾ ਪ੍ਰਸ਼ਾਸਨ ਨੂੰ ਕਈ ਕਿਲੋਮੀਟਰ ਦੂਰ ਪੈਂਦੇ ਸਰੋਤ ਤੋਂ ਪਾਈਪਲਾਈਨ ਵਿਛਾਉਣ ਲਈ ਰਾਜ਼ੀ ਕਰ ਲਿਆ ਸੀ ਤੇ ਪੰਚਾਇਤ ਨੇ 'ਜਲ ਪੂਜਾ' ਦੀ ਰਸਮ ਵੀ ਕਰ ਲਈ।

ਪਿੰਡ ਵਿਚ ਹੋਏ ਸਮਾਗਮ ਦੀ ਜ਼ਿਲਾ ਮੈਜਿਸਟਰੇਟ (ਡੀਐੱਮ) ਵਲੋਂ ਪ੍ਰਧਾਨਗੀ ਕੀਤੀ ਗਈ ਜਿਨ੍ਹਾਂ ਨੇ ਇਹ ਪ੍ਰੋਜੈਕਟ ਸਿਰੇ ਚਾੜ੍ਹਨ ਵਿਚ ਮਦਦ ਕੀਤੀ ਸੀ। ਸੱਤਾਧਾਰੀ ਪਾਰਟੀ ਦੇ ਇਕ ਆਗੂ ਨੇ ਸ਼ਿਕਾਇਤ ਕੀਤੀ ਕਿ ਇਹ ਕੰਮ ਉਸ ਤੋਂ ਪੁੱਛੇ ਬਗ਼ੈਰ ਕੀਤਾ ਗਿਆ ਹੈ ਜਿਸ ਕਰ ਕੇ ਉਸ ਦੇ 'ਅਕਸ' ਨੂੰ ਢਾਹ ਲੱਗੀ ਹੈ। ਰਾਜ ਸਰਕਾਰ ਨੇ ਪਿੰਡ ਵਿਚ ਸਮਾਗਮ ਹੋਣ ਤੋਂ ਤੁਰੰਤ ਬਾਅਦ ਡੀ.ਐੱਮ. ਦਾ ਤਬਾਦਲਾ ਕਰ ਦਿੱਤਾ। ਉਸ ਅਫਸਰ ਦੇ ਜਾਣ ਦੀ ਦੇਰ ਸੀ ਕਿ ਕੁਝ ਸ਼ਰਾਰਤੀਆਂ ਨੇ ਪਾਈਪਲਾਈਨ ਭੰਨ੍ਹ ਦਿੱਤੀ ਜਿਸ ਨੂੰ ਵਿਛਾਉਣ ਲਈ ਨੌਂ ਮਹੀਨੇ ਲੱਗੇ ਸਨ।


ਪੰਜਾਬ ਵਿਚ 13000 ਗ੍ਰਾਮ ਪੰਚਾਇਤਾਂ ਭੰਗ ਕਰਨ ਦੇ ਫ਼ੈਸਲੇ ਤੋਂ ਭਾਰਤ ਦੀ ਸ਼ਾਸਨ ਵਿਵਸਥਾ ਦੇ ਦੂਜੇ (ਰਾਜ ਸਰਕਾਰ) ਅਤੇ ਤੀਜੇ (ਗ੍ਰਾਮ ਪੰਚਾਇਤਾਂ) ਵਿਚਕਾਰ ਰਿਸ਼ਤੇ ਦੀ ਦੁਰਦਸ਼ਾ ਦਾ ਪਤਾ ਲਗਦਾ ਹੈ। ਜੇ ਕਿਸੇ ਵੀ ਨਾਗਰਿਕ ਸੰਸਥਾ ਦੀ ਚੋਣ ਹੋਣੀ ਜ਼ਰੂਰੀ ਹੋਵੇ ਤਾਂ ਮੌਜੂਦਾ ਸੰਸਥਾ ਉਦੋਂ ਤੱਕ ਕੰਮਕਾਜ ਜਾਰੀ ਰੱਖਦੀ ਹੈ ਜਦੋਂ ਤੱਕ ਨਵੀਂ ਚੁਣੀ ਹੋਈ ਸੰਸਥਾ ਆਪਣਾ ਕੰਮ ਨਹੀਂ ਸੰਭਾਲ ਲੈਂਦੀ ਜਿਵੇਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਦੇ ਮਾਮਲਿਆਂ ਵਿਚ ਹੁੰਦਾ ਹੈ। ਦੂਜੇ ਪਾਸੇ, ਪਿੰਡਾਂ ਦੀਆਂ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਆਪਣੀ ਮਿਆਦ ਪੁੱਗਣ ਤੋਂ ਕਰੀਬ ਛੇ ਮਹੀਨੇ ਪਹਿਲਾਂ ਹੀ ਭੰਗ ਕਰ ਦਿੱਤਾ ਗਿਆ।

ਸ਼ਾਸਨ ਪ੍ਰਣਾਲੀ ਵਿਚ ਵਰਤਮਾਨ ਸੰਸਥਾਈ ਰਿਸ਼ਤੇ ਵਿਚ ਕਾਫ਼ੀ ਮੋੜ ਘੋੜ ਹਨ। ਇਸੇ ਕਰ ਕੇ ਪੰਜਾਬ ਵਿਚ ਇਹ ਰੇੜਕਾ ਪੈਦਾ ਹੋਇਆ ਹੈ। ਆਦਰਸ਼ ਲੋਕਤੰਤਰ ਵਿਚ ਤਾਕਤ ਦਾ ਵਿਕੇਂਦਰੀਕਰਨ ਵੀ ਹੁੰਦਾ ਹੈ। ਪਿੰਡਾਂ ਦੀਆਂ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਢੁਕਵੀਂ ਥਾਂ ਦਿੱਤੀ ਜਾਣੀ ਚਾਹੀਦੀ ਹੈ। ਪਿੰਡਾਂ ਵਿਚ ਮਜ਼ਬੂਤ ਸੰਸਥਾਵਾਂ ਕਾਇਮ ਹੋਣ ਨਾਲ ਸੂਬੇ ਵਧੇਰੇ ਮਜ਼ਬੂਤ ਹੀ ਹੋਣਗੇ।

# ਸਦਾ ਬਹਾਰ

# ਦੇਵ ਆਨੰਦ

***ਅਦਾਕਾਰ ਦੇਵ ਆਨੰਦ ਦਾ ਫਿਲਮੀ ਦੁਨੀਆ ਅੰਦਰ ਆਪਣਾ ਮੁਕਾਮ ਹੈ। ਉਸ ਦੀ ਦੇਣ ਨੂੰ ਕਦੀ ਭੁਲਾਇਆ ਨਹੀਂ ਜਾ ਸਕੇਗਾ। ਸਾਲ 2023 ਉਸ ਦਾ ਸ਼ਤਾਬਦੀ ਵਰ੍ਹਾ ਹੈ। ਉਸ ਦਾ ਜਨਮ 26 ਸਤੰਬਰ 1923 ਨੂੰ ਹੋਇਆ ਸੀ।***



**ਕੁਦਰਤ ਕੌਰ**

ਅਦਾਕਾਰ ਦੇਵ ਆਨੰਦ ਦਾ ਫਿਲਮੀ ਦੁਨੀਆ ਅੰਦਰ ਆਪਣਾ ਮੁਕਾਮ ਹੈ। ਸਾਲ 2023 ਉਸ ਦਾ ਸ਼ਤਾਬਦੀ ਵਰ੍ਹਾ ਹੈ। ਉਸ ਦਾ ਜਨਮ 26 ਸਤੰਬਰ 1923 ਨੂੰ ਕਸਬਾ ਸ਼ਕਰਗੜ੍ਹ (ਜ਼ਿਲ੍ਹਾ ਗੁਰਦਾਸਪੁਰ) ਵਿਚ ਹੋਇਆ। 1947 ਦੀ ਵੰਡ ਵੇਲੇ ਸ਼ਕਰਗੜ੍ਹ ਗੁਰਦਾਸਪੁਰ ਜ਼ਿਲ੍ਹੇ ਦੀ ਅਜਿਹੀ ਇਕੋ-ਇਕ ਤਹਿਸੀਲ ਸੀ ਜਿਹੜੀ ਪਾਕਿਸਤਾਨ ਵਾਲੇ ਪਾਸੇ ਰਹਿ ਗਈ।


ਦੇਵ ਆਨੰਦ ਦੇ ਪਿਤਾ ਪਿਸ਼ੌਰੀ ਲਾਲ ਆਨੰਦ ਮੰਨੇ-ਪ੍ਰਮੰਨੇ ਵਕੀਲ ਸਨ ਅਤੇ ਗੁਰਦਾਸਪੁਰ ਜ਼ਿਲ੍ਹਾ ਅਦਾਲਤ ਵਿਚ ਕੰਮ ਕਰਦੇ ਸਨ। ਦੇਵ ਆਨੰਦ ਉਨ੍ਹਾਂ ਦੇ ਚਾਰ ਪੁੱਤਰਾਂ ਵਿਚੋਂ ਤੀਜਾ ਸੀ। ਦੇਵ ਆਨੰਦ ਦੀ ਇਕ ਭੈਣ ਸ਼ੀਲ ਕਾਂਤਾ ਕਪੂਰ, ਫਿਲਮਸਾਜ਼ ਸ਼ੇਖਰ ਕਪੂਰ ਦੀ ਮਾਂ ਹੈ। ਉਸ ਦਾ ਵੱਡਾ ਭਰਾ ਮਨਮੋਹਨ ਆਨੰਦ ਗੁਰਦਾਸਪੁਰ ਦੀਆ ਜ਼ਿਲ੍ਹਾ ਕਚਿਹਰੀਆਂ ਵਿਚ ਹੀ ਪ੍ਰੈਕਟਿਸ ਕਰਦਾ ਸੀ। ਉਸ ਦੇ ਦੂਜੇ ਭਰਾ ਚੇਤਨ ਆਨੰਦ ਅਤੇ ਵਿਜੈ ਆਨੰਦ ਦਾ ਫਿਲਮੀ ਦੁਨੀਆ ਵਿਚ ਆਪੋ-ਆਪਣਾ ਮੁਕਾਮ ਹੈ।

ਦੇਵ ਆਨੰਦ ਨੇ ਦਸਵੀਂ ਦੀ ਪੜ੍ਹਾਈ ਡਲਹੌਜ਼ੀ ਦੇ ਸੇਕਰਡ ਹਰਟ ਸਕੂਲ ਤੋਂ ਕੀਤੀ ਅਤੇ ਫਿਰ ਸਰਕਾਰੀ ਕਾਲਜ ਧਰਮਸ਼ਾਲਾ ਵਿਚ ਪੜ੍ਹਾਈ ਕੀਤੀ। ਇਸ ਤੋਂ ਬਾਅਦ ਉਹ ਲਾਹੌਰ ਚਲੇ ਗਏ। ਸਰਕਾਰੀ ਕਾਲਜ ਲਾਹੌਰ ਤੋਂ ਬੀ.ਏ. ਦੀ ਡਿਗਰੀ ਕੀਤੀ। ਉਹਨੇ ਅਜੇ ਆਪਣੀ ਬੀ.ਏ. ਮੁਕੰਮਲ ਕੀਤੀ ਹੀ ਸੀ ਕਿ ਬੰਬੇ (ਮੁੰਬਈ) ਲਈ ਚਾਲੇ ਪਾ ਦਿੱਤੇ। ਪਹਿਲਾਂ-ਪਹਿਲ ਉਸ ਨੂੰ ਚਰਚਗੇਟ ਵਿਚ 65 ਰੁਪਏ ਮਹੀਨਾ ਦੀ ਨੌਕਰੀ ਮਿਲੀ। ਫਿਰ 85 ਰੁਪਏ ਮਹੀਨੇ 'ਤੇ ਕਲਰਕੀ ਕੀਤੀ। ਉਸ ਦਾ ਵੱਡਾ ਭਰਾ ਚੇਤਨ ਆਨੰਦ 'ਇਪਟਾ' (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਦਾ ਮੈਂਬਰ ਸੀ, ਦੇਵ ਵੀ ਉਸ ਦੇ ਨਾਲ ਹੋ ਤੁਰਿਆ। ਫਿਲਮ 'ਅਛੂਤ ਕੰਨਿਆ' ਅਤੇ 'ਕਿਸਮਤ' ਵਿਚ ਅਸ਼ੋਕ ਕੁਮਾਰ ਦੀ ਅਦਾਕਾਰੀ ਦੇਖ ਕੇ ਦੇਵ ਆਨੰਦ ਨੂੰ ਅਦਾਕਾਰ ਬਣਨ ਦਾ ਸ਼ੌਕ ਜਾਗਿਆ ਅਤੇ ਉਹ ਪ੍ਰਭਾਤ ਫਿਲਮ ਸਟੂਡੀਓ ਨਾਲ ਜੁੜ ਗਿਆ। ਫਿਰ ਪ੍ਰਭਾਤ ਫਿਲਮਜ਼ ਦੀ 1946 ਵਿਚ ਬਣੀ ਫਿਲਮ 'ਹਮ ਏਕ ਸਾਥ' ਲਈ ਉਸ ਨੂੰ ਲੀਡ ਰੋਲ ਮਿਲਿਆ। ਇਹ ਫਿਲਮ ਹਿੰਦੂ-ਮੁਸਲਮਾਨ ਏਕਤਾ ਦੀ ਗੱਲ ਕਰਦੀ ਸੀ।

ਇਸ ਤੋਂ ਬਾਅਦ ਦੇਵ ਆਨੰਦ ਨੇ ਉਘੀ ਅਦਾਕਾਰਾ ਸੁਰੱਈਆ ਨਾਲ ਕਈ ਫਿਲਮਾਂ ਕੀਤੀ ਜਿਨ੍ਹਾਂ ਵਿਚ 'ਵਿਦਿਆ' (1948), 'ਜੀਤ' (1949), 'ਸ਼ਾਇਰ' (1949), 'ਅਫਸਰ' (1950), 'ਨੀਲੀ' (1950), 'ਸਨਮ' ਤੇ 'ਦੋ ਸਿਤਾਰੇ' (1951) ਸ਼ਾਮਿਲ ਹਨ। ਫਿਲਮ ਵਿਦਿਆ ਦੀ ਸ਼ੂਟਿੰਗ ਦੌਰਾਨ ਦੇਵ ਆਨੰਦ ਨੂੰ ਸੁਰੱਈਆ ਨਾਲ ਮੁਹੱਬਤ ਹੋ ਗਈ ਪਰ ਇੱਥੇ ਮਸਲਾ ਹਿੰਦੂ ਮੁਸਲਮਾਨ ਦਾ ਖੜ੍ਹਾ ਹੋ ਗਿਆ ਅਤੇ ਸੁਰੱਈਆ ਦੇ ਘਰਦਿਆਂ ਨੇ ਇਸ ਰਿਸ਼ਤੇ ਲਈ ਹਾਂ ਨਹੀਂ ਕੀਤੀ। ਦੇਵ ਨਾਲੋਂ ਵਿਛੜ ਕੇ ਸੁਰੱਈਆ ਨੇ ਸਾਰੀ ਉਮਰ ਕਿਸੇ ਨਾਲ ਵਿਆਹ ਨਹੀਂ ਕਰਵਾਇਆ।

ਦੇਵ ਆਨੰਦ ਦੀ ਤੁਲਨਾ ਹੌਲੀਵੁੱਡ ਸਟਾਰ ਗ੍ਰੈਗਰੀ ਪੈੱਕ ਨਾਲ ਕੀਤੀ ਜਾਂਦੀ ਸੀ। ਆਪਣੇ ਵੇਲਿਆਂ ਵਿਚ ਦੇਵ ਦੀ ਚੜ੍ਹਤ ਦੇਖਣ ਹੀ ਵਾਲੀ ਸੀ। ਉਸ ਨੇ ਫਿਲਮੀ ਦੁਨੀਆ ਨੂੰ ਕਈ ਅਮਰ ਫਿਲਮਾਂ ਦਿੱਤੀਆਂ ਜਿਹੜੀਆਂ ਅੱਜ ਵੀ ਓਨੇ ਹੀ ਚਾਅ ਨਾਲ ਦੇਖੀਆਂ ਜਾਂਦੀਆਂ ਹਨ। ਉਹ ਸਦਾ ਬਹਾਰ ਹੀਰੋ ਹੈ। ਫਿਲਮ 'ਗਾਈਡ' (1965) ਦੇਵ ਆਨੰਦ ਦੇ ਕਰੀਅਰ ਦੀ ਮੀਲ ਪੱਥਰ ਹੋ ਨਿੱਬੜੀ। ਉਸ ਦੀਆਂ ਅਹਿਮ ਫਿਲਮਾਂ ਵਿਚ 'ਜਿਊਲ ਥੀਫ', 'ਪ੍ਰੇਮ ਪੁਜਾਰੀ', 'ਜੌਹਨੀ ਮੇਰਾ ਨਾਮ', 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਬਨਾਰਸੀ ਬਾਬੂ', 'ਹੀਰਾ ਪੰਨਾ', 'ਅਮੀਰ ਗਰੀਬ' ਆਦਿ ਸ਼ਾਮਿਲ ਹਨ। ਉਸ ਨੇ ਫਿਲਮਾਂ ਵਿਚ ਅਜਿਹੇ ਸਟਾਈਲ ਚਾਲੂ ਕੀਤੇ ਜਿਸ ਦੀ ਰੀਸ ਸਮਝੋ ਕੁਲ ਦੁਨੀਆ ਕਰਦੀ ਸੀ।







*ਫਿਲਮ ਅਦਾਕਾਰ ਦੇਵ ਆਨੰਦ ਦੀਆਂ ਵੱਖ-ਵੱਖ ਸਮਿਆਂ ਦੀਆਂ ਵੱਖ-ਵੱਖ ਤਸਵੀਰਾਂ।*

# ਨਾਨਾ ਪਾਟੇਕਰ ਦਾ ਇਨਕਾਰ

ਅਦਾਕਾਰ ਨਾਨਾ ਪਾਟੇਕਰ ਨੇ ਕਿਹਾ ਹੈ ਕਿ ਉਸ ਨੇ ਹੌਲੀਵੁੱਡ ਫਿਲਮ 'ਬੌਡੀ ਆਫ ਲਾਈਜ਼' ਇਸ ਕਰ ਕੇ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਇਕ ਤਾਂ ਉਸ ਨੂੰ ਸਪੀਡ ਨਾਲ ਅੰਗਰੇਜ਼ੀ ਬੋਲਣ ਦਾ ਅਭਿਆਸ ਨਹੀਂ ਸੀ ਅਤੇ ਦੂਜਾ, ਇਸ ਫਿਲਮ ਵਿਚ ਉਸ ਦਾ ਕਿਰਦਾਰ ਅਤਿਵਾਦੀ ਵਾਲਾ ਸੀ। ਉਸ ਮੁਤਾਬਿਕ, "ਮੈਂ ਦਰਅਸਲ ਅਤਿਵਾਦੀ ਨਹੀਂ ਸੀ ਬਣਨਾ ਚਾਹੁੰਦਾ।"

ਹੁਣ ਉਹ ਫਿਲਮ 'ਦਿ ਵੈਕਸੀਨ ਵਾਰ' ਵਿਚ ਨਜ਼ਰ ਆ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਅਦਾਕਾਰ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਕੈਮਰੇ ਅੱਗੇ ਗੱਲਬਾਤ ਕਰ ਕੇ ਆਪਣੀ ਨਿਰਾਸ਼ਾ ਬਾਹਰ ਨਿਕਲ ਜਾਂਦੀ ਹੈ। ਨਵੀਂ ਦਿੱਲੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ, "ਅਭਿਨੇਤਾ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਸਾਡੇ ਕੋਲ ਕੈਮਰੇ ਦੀ ਮਦਦ ਨਾਲ ਆਪਣੀ ਨਿਰਾਸ਼ਾ ਨੂੰ ਬਾਹਰ ਕੱਢਣ ਦਾ ਸਭ ਤੋਂ ਵਧੀਆ ਸਾਧਨ ਹੈ। ਜੇ ਮੇਰੇ ਕੋਲ ਇਹ ਮਾਧਿਅਮ ਨਾ ਹੁੰਦਾ ਤਾਂ ਮੈਂ ਪਾਗਲ ਹੋ ਜਾਂਦਾ। ਵੈਸੇ ਵੀ ਮੈਨੂੰ ਪਾਗਲ ਕਿਹਾ ਜਾਂਦਾ ਹੈ ਪਰ ਇਹ ਸਾਡੇ ਲਈ ਬਹੁਤ ਵੱਡਾ ਸਾਧਨ ਹੈ।" ਇਸ ਮੌਕੇ ਅਦਾਕਾਰ ਨਾਲ ਦੱਖਣ ਦੀਆਂ ਫਿਲਮਾਂ ਵਿਚ ਕੰਮ ਕਰਨ ਬਾਰੇ ਵੀ ਗੱਲਬਾਤ ਕੀਤੀ ਗਈ। ਨਿਰਮਾਤਾ ਵਿਵੇਕ ਅਗਨੀਹੋਤਰੀ ਦੀ ਫਿਲਮ 'ਦਿ ਵੈਕਸੀਨ ਵਾਰ' ਨੂੰ ਭਾਰਤ ਦੀ ਪਹਿਲੀ ਬਾਇਓ-ਸਾਇੰਸ ਫਿਲਮ ਵਜੋਂ ਪ੍ਰਚਾਰਿਆ ਗਿਆ ਹੈ। ਇਹ ਫਿਲਮ ਉਨ੍ਹਾਂ ਮਾਹਿਰ ਵਿਗਿਆਨੀਆਂ ਬਾਰੇ ਗੱਲ ਕਰਦੀ ਹੈ ਜਿਨ੍ਹਾਂ ਨੇ ਸਵਦੇਸ਼ੀ ਬੀ.ਬੀ.ਵੀ.152 ਵੈਕਸੀਨ ਜਿਸ ਨੂੰ ਆਮ ਤੌਰ 'ਤੇ ਕੋਵੈਕਸਿਨ ਕਿਹਾ ਜਾਂਦਾ ਹੈ, ਵਿਕਸਤ ਕੀਤੀ ਸੀ। ਫਿਲਮ ਵਿਚ ਪੱਲਵੀ ਜੋਸ਼ੀ, ਅਨੁਪਮ ਖੇਰ, ਰਾਇਮਾ ਸੇਨ ਅਤੇ ਸਪਤਾਮੀ ਗੌੜਾ ਵੀ ਹਨ। ਇਹ ਫਿਲਮ 28 ਸਤੰਬਰ ਨੂੰ 10 ਵੱਖ-ਵੱਖ ਭਾਸ਼ਾਵਾਂ ਵਿਚ ਰਿਲੀਜ਼ ਕੀਤੀ ਗਈ ਹੈ।



ਯਾਦ ਰਹੇ ਕਿ ਨਾਨਾ ਪਾਟੇਕਰ ਆਪਣੀ ਸੁਭਾਵਿਕ ਅਦਾਕਾਰੀ ਕਰ ਕੇ ਜਾਣਿਆ ਜਾਂਦਾ ਹੈ। ਉਸ ਦੀ ਗਿਣਤੀ ਉਨ੍ਹਾਂ ਅਦਾਕਾਰਾਂ ਵਿਚ ਹੁੰਦੀ ਹੈ ਜੋ ਆਪਣੀ ਫਿਲਮ ਦੀ ਤਿਆਰੀ ਲਈ ਜਾਨ ਤੱਕ ਦਾਅ ਉਤੇ ਲਾ ਦਿੰਦੇ ਹਨ। ਉਸ ਅਨੁਸਾਰ, ਇਹ ਉਸ ਦੇ ਸੁਭਾਅ ਦਾ ਹਿੱਸਾ ਹੈ। ਉਹ ਆਪਣੇ ਕੰਮ ਵਿਚ ਕੋਈ ਕਸਰ ਨਹੀਂ ਛੱਡਣਾ ਚਾਹੁੰਦਾ। ਉਸ ਦੀ ਕੋਸ਼ਿਸ਼ ਇਹੀ ਹੁੰਦੀ ਹੈ ਕਿ ਉਹ ਆਪਣੇ ਕਿਰਦਾਰ ਅੰਦਰ ਵੜ ਕੇ ਕੰਮ ਕਰੇ ਅਤੇ ਉਹ ਅਕਸਰ ਸਫਲ ਹੁੰਦਾ ਹੈ।


HALF MILE
TRUCK & TRAILER REPAIR
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ
3039 W 6 1/2 MILE RD, CALEDONIA, WI 53108
Sammy-559-290-0807
Swaran-414-850-1397
Shop-833-272-6244
PM Service $459.99
Mobil Delvac 1300 Heavy Duty - All Oil & Fuel Filter Replace - Fifth Wheel Grease
MACK
VOLVO
Peterbilt
FREIGHTLINER
KENWORTH
WESTERN STAR
✓ All New & Used Tires Wheel Balancing also
✓ All drum & Disc Brakes Work
✓ Full AC Work
✓ AIR COMPRESSOR & DRYER WORK
✓ DOT Inspection Both Truck & Trailer
✓ All Accidental, Damaged Trailer, Roof, Floor, Side Panel, Door, Axle Bhushing, Trailer Alginment Also
✓ Sell New Battery, Coolant, Washer Fluid
Labor Per Hour $75, After Hour $125, Time 8AM-8PM